# ਓਸਾਮਾ ਜਾਂ ਓਬਾਮਾ ਅੱਤਵਾਦੀ ਕੌਣ?

(ਭਖਦੇ ਕੌਮਾਂਤਰੀ ਮੁੱਦੇ)

ਡਾ. ਅਜੀਤਪਾਲ ਸਿੰਘ ਐਮ. ਡੀ.

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

**ਓਸਾਮਾ ਜਾਂ ਓਬਾਮਾ ਅੱਤਵਾਦੀ ਕੌਣ?**
(ਭਖਦੇ ਕੌਮਾਂਤਰੀ ਮੁੱਦੇ)

**ਡਾ. ਅਜੀਤਪਾਲ ਸਿੰਘ ਐਮ. ਡੀ**
ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।
ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2013

© ਲੇਖਕ

**ਪ੍ਰਕਾਸ਼ਕ :**
*ਤਰਕਭਾਰਤੀ ਪ੍ਰਕਾਸ਼ਨ,*
ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲੇਜ ਰੋਡ, ਬਰਨਾਲਾ-148101
ਫ਼ੋਨ : 01679-241744, 233244 ਫ਼ੈਕਸ : 241744
Email : tarksheel@gmail.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **100/-**

*© 2013 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
   ਭਾਗ-1 ਭਾਗ-2
   ਭਾਗ-3 ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ
15. ਮੌਜੂਦਾ ਵਿਕਾਸ ਬਨਾਮ ਮੇਹਨਤਕਸ਼
16. ਪੂੰਜੀਵਾਦ ਦਾ ਵਿਨਾਸ਼ ਜਰੂਰੀ
17. ਕਟਹਿਰੇ ’ਚ ਰਾਜਨੀਤੀ
18. ਦਾਗੀ ਰਾਜਨੀਤੀ ਦੇ ਨਾਇਕ
19. ਆਲਮੀ ਤਪਸ਼ ਤੇ ਮਹਿੰਗਾਈ
20. ਸ਼ੀਸ਼ਾ ਬੋਲਦਾ ਹੈ
21. ਸ਼ਬਦ ਬੂੰਦ
22. ਨੰਗੇ ਹਰਫ਼
23. ਭ੍ਰਿਸ਼ਟਾਚਾਰ ਦਾ ਖਾਤਮਾ ਕਿਵੇਂ?
24. ਪਛੜੇ ਵਰਗ ਦੀ ਮੁਕਤੀ ਕਿਵੇਂ?
25. ਕੌਮਾਂਤਰੀ ਸਮੱਸਿਆਵਾਂ
26. ਔਰਤਾਂ ਦੀ ਦਸ਼ਾ ਤੇ ਦਿਸ਼ਾ
27. ਮਾਓਵਾਦੀ ਵਿਚਾਰਧਾਰਾ ਤੇ ਆਦਿਵਾਸੀ
28. ਭ੍ਰਿਸ਼ਟਾਚਾਰ ਤੇ ਹੋਰ ਭਖਦੇ ਮਸਲੇ
29. ਫਾਂਸੀ, ਦੰਗੇ ਤੇ ਹੋਰ ਕੌਮੀ ਮਸਲੇ
30. ਬਿਮਾਰੀਆਂ ਤੋਂ ਬਚਾਅ ਕਿਵੇਂ?
31. ਗਰੀਬ ਬਨਾਮ ਭਾਰਤੀ ਅਰਥਚਾਰਾ
32. ਓਸਾਮਾ ਜਾਂ ਓਬਾਮਾ ਅੱਤਵਾਦੀ ਕੌਣ?

# ਤਤਕਰਾ


ਅਮਰੀਕੀ ਸਾਮਰਾਜੀ ਤੇ ਕੋਰੀਆਈ ਪ੍ਰਾਦੀਪ 5
ਕਿਰਗਿਸਤਾਨ: ਸਾਮਰਾਜੀਆਂ ਦੀ ਖਿਚੋਤਾਣ ਦਾ ਸ਼ਿਕਾਰ ਕਿਵੇਂ? 7
ਭਾਰਤ-ਪਾਕਿਸਤਾਨ ਦੀ ਵੰਡ ਲਈ ਜ਼ਿੰਮੇਵਾਰ ਕੌਣ? 11
ਸ਼ਿਵਾ ਜੀ ਮਹਾਰਾਜ ਬਨਾਮ ਇਤਿਹਾਸਕ ਪੱਖ 15
ਕੀ ਹਨ ਮੌਜੂਦਾ ਬਗਾਵਤਾਂ ਅਤੇ ਆਰਥਿਕ ਮੰਦਵਾੜਾ 18
ਨਿਊਕਲੀਅਰ ਊਰਜਾ ਦੀ ਸ਼ਰਣ ਸਹੀ ਜਾਂ ਗਲਤ 24
ਕਿਉਂ ਹੋਵੇ ਪਾਣੀ ਦਾ ਨਿੱਜੀਕਰਣ? 29
ਡੂੰਘੇ ਹੁੰਦੇ ਵਿਸ਼ਵੀ ਆਰਥਿਕ ਸੰਕਟ ਦਾ ਬਦਲ ਹੋਵੇ ਕੀ? 37
ਓਸਾਮਾ ਜਾਂ ਓਬਾਮਾ ਅੱਤਵਾਦੀ ਕੌਣ? 39
ਕੀ ਯੂਰਪ ਦੇ ਨੌਜਵਾਨ 'ਚ ਵੀ ਹੈ ਬੇਰੁਜਗਾਰੀ? 42
ਕੀ ਹਨ ਜਾਪਾਨ ਦੇ ਹਾਦਸੇ ਦੇ ਸਬਕ ਭਾਰਤ ਲਈ? 44
ਕੀ ਵਧਦੇ ਖਾਨਾ ਬਦੋਸ਼ਾਂ ਦਾ ਮੁਲਕ ਹੈ ਅਫ਼ਗਾਨਿਸਤਾਨ? 49
ਸੀਰੀਆ 'ਚ ਵਧਦਾ ਸਾਮਰਾਜੀ ਦਖਲ ਤੇ ਸਾਜਿਸ਼ ਹੈ ਕੀ? 51
ਵਾਤਾਵਰਣ ਵਿਰੋਧੀ ਲਾਬੀ ਦਾ ਭਾਂਡਾ ਫੁਟਿਆ ਕਿਵੇਂ? 54
ਕੀ ਬੀ.ਓ.ਟੀ ਕਾਰਪੋਰੇਟ ਲੁਟ ਦਾ ਇਕ ਰਾਹ ਹੈ? 57
ਰਾਖਵਾਂ ਕਰਨ ਆਖਰ ਹੈ ਕੀਹਦੇ ਲਈ? 62
ਕੀ ਦਰਸਾਉਂਦੀ ਹੈ- ਫਰਾਂਸ 'ਚ ਹੋਲਾਂਦੇ ਦੀ ਜਿੱਤ? 64
ਰੂਸੀ ਸਾਮਰਾਜੀ, ਪੁਤਿਨ ਤੇ ਹੋਰ ਸਾਮਰਾਜੀ 68
ਵਿਸ਼ਵ-ਵਿਆਪੀ ਆਰਥਕ ਸੰਕਟ, ਗ੍ਰੀਸ ਤੇ ਸਾਮਰਾਜਵਾਦੀ 73
ਸਾਮਰਾਜ, ਬਸਤੀਵਾਦ ਤੇ ਨਵ-ਬਸਤੀਵਾਦ 78
ਨਵ-ਬਸਤੀਵਾਦੀ ਪ੍ਰਤੀ ਮਾਰਕਸੀ ਲੈਨਿਜੀ ਨਜ਼ਰੀਆ 89
ਤੋਮਰੀ 'ਤੇ ਤਾਲਾ ਕਿਉਂ ਲੱਗਿਆ? 90
ਮਾਰਕਸਵਾਦ ਇਕ ਵਿਗਿਆਨਕ ਵਿਚਾਰਧਾਰਾ ਹੈ 92
ਵਪਾਰੀ ਸਵੀਵ ਜਾਬਸ ਸਾਡਾ ਕੀ ਲੱਗਦਾ ਸੀ? 96
ਅਰਬ ਲੋਕ ਉਭਾਰ ਕਿਧਰ ਨੂੰ ? 99
ਡਾਵਾਂਡੋਲ ਅਰਥਚਾਰੇ ਨਾਲ ਵਧਦੀ ਬੇਰੁਜ਼ਗਾਰੀ 103
ਯੂਰੋਜੋਨ ਦਾ ਕਰਜਾ ਸੰਕਟ ਹੈ ਕੀ? 105
ਵਾਤਾਵਰਣ ਦੀ ਵਿਨਾਸ਼ਕਾਰੀ ਪ੍ਰਣਾਲੀ ਦਾ ਬਦਲ ਕੀ ਹੈ? 113
ਕੀ ਹੈ ਜਲਵਾਯੂ ਤਬਦੀਲੀ ਤੇ ਧਰਤੀ ਦੇ ਹੱਕਾਂ ਬਾਰੇ ਲੋਕਾਂ ਦਾ ਰਾਜੀਨਾਮਾਂ? 117
ਜਲਵਾਯੂ ਸੰਕਟ ਸਬੰਧੀ ਕੀ ਹੈ ਕੌਮਾਂਤਰੀ ਬਹਿਸਾਂ ਦੀ ਅਸਲੀਅਤ? 129
ਮੌਸਮੀ ਤਬਦੀਲੀ ਬਨਾਮ ਬੀਮਾਰੀਆਂ ਤੇ ਜੀਵ-ਜੰਤੂਆਂ ਦੀ ਹੋਂਦ 132
ਕੀ ਪੂੰਜੀਵਾਦ ਵਾਤਾਵਰਣ ਸੰਕਟ ਨੂੰ ਹੱਲ ਕਰ ਸਕਦਾ ਹੈ? 136
ਜਲਵਾਯੂ ਸੰਕਟ ਸਬੰਧੀ ਕੌਮਾਂਤਰੀ ਬਹਿਸਾਂ ਕੀ ਸਨ? 141
ਵਾਤਾਵਰਣ ਵਿਨਾਸ਼ ਦੀਆਂ ਜੜ੍ਹਾਂ ਹਨ ਕਿੱਥੇ? 144
ਜਲਵਾਯੂ ਸੰਕਟ ਬਾਰੇ ਕਾਨਕੁੰਨ ਸੰਮੇਲਨ ਦੀ ਕੀ ਸੀ ਅਸਲੀਅਤ? 148
ਗਾਇਬ ਹੁੰਦੇ ਗਲੇਸ਼ੀਅਰ ਤੇ ਮਰਦੀਆਂ ਨਦੀਆਂ 151
ਖੇਤੀ ਤੇ ਜਲਵਾਯੂ ਤਬਦੀਲੀ ਦਾ ਆਪਸੀ ਰਿਸ਼ਤਾ 154
ਨਵੇਂ ਸਿਰੇ ਤੋਂ ਆਈ ਮੰਦੀ ਤੇ ਅਸੀਂ 157

# ਅਮਰੀਕੀ ਸਾਮਰਾਜੀ ਤੇ ਕੋਰੀਆਈ ਪ੍ਰਾਦੀਪ

ਕੋਰੀਆਈ, ਪ੍ਰਾਦੀਪ ਇਕ ਵਾਰੀ ਫਿਰ ਤੋਂ ਯੁੱਧ ਵਰਗ ਮਾਹੌਲ 'ਚ ਪੁੱਜ ਚੁੱਕਿਆ ਹੈ। ਜਿੱਥੇ ਇਕ ਪਾਸੇ ਅਮਰੀਕੀ ਸਾਮਰਾਜਵਾਦੀ ਦੱਖਣੀ ਕੋਰੀਆ ਦੇ ਨਾਲ ਮਿਲ ਕੇ ਉਤਰੀ ਕੋਰੀਆ ਦਾ ਸੀਮਾ 'ਤੇ 'ਯੁੱਧ ਅਭਿਆਸ' ਕਰ ਰਹੇ ਹਨ। ਉਥੇ ਦੂਜੇ ਪਾਸੇ ਉਤਰੀ ਕੋਰੀਆ ਇਸ ਦੇ ਜੁਆਬ ਵਜੋਂ 'ਕਿਸੇ ਵੀ ਸਮੇਂ ਸ਼ੁਰੂ ਹੋਣ ਵਾਲੇ ਇਸ 'ਯੁੱਧ ਅਭਿਆਸ' ਦੌਰਾਨ ਅਮਰੀਕੀ ਸਾਮਰਾਜੀ ਨਿਊਕਲੀਅਰ ਊਰਜਾ ਨਾਲ ਸੰਚਾਲਿਤ ਤੇ ਅਧੁਨਿਕ ਹਥਿਆਰਾਂ ਨਾਲ ਲੈਸ ਵਿਸ਼ਾਸ ਜਹਾਜ ਜਿਸ ਦਾ ਨਾਂ ਅਮਰੀਕਾ ਦੇ ਪਹਿਲੇ ਰਾਜਸ਼ਟਰਪਤੀ ਜਾਰਜ ਵਸ਼ਿੰਗਟਨ ਦੇ ਨਾਂ 'ਤੇ ਰੱਖਿਆ ਗਿਆ ਹੈ, ਦੀ ਖੁੱਲੇਆਮ ਨੁਮਾਇਸ਼ ਕਰ ਰਹੇ ਹਨ ਤਾਂ ਉਤਰੀ ਕੋਰੀਆ ਵੀ ਇਸ ਦੇ ਜੁਆਬ 'ਚ ਨਿਊਕਲੀਅਰ ਹਥਿਆਰਾਂ ਦੀ ਵਰਤੋਂ ਦਾ ਐਲਾਨ ਕਰ ਰਿਹਾ ਹੈ। ਕੋਰੀਆਈ ਪ੍ਰਾਦੀਪ 'ਚ ਇਸ ਸਮੇਂ ਯੁੱਧ ਦਾ ਜਨੂੰਨ ਸਿਖਰ 'ਤੇ ਪਹੁੰਚ ਗਿਆ ਹੈ। ਅਮਰੀਕੀ ਸਾਮਰਾਜੀ ਆਪਣੀ ਤਾਕਤ ਦੀ ਵਰਤੋਂ ਕਰਕੇ ਉਤਰੀ ਕੋਰੀਆ 'ਤੇ ਦਬਾਅ ਬਣਾਉਣਾ ਚਾਹੁੰਦੇ ਹਨ ਪਰ ਉਤਰੀ ਕੋਰੀਆ ਪ੍ਰਮਾਣ ਯੁੱਧ ਦੀ ਧਮਕੀ ਦੇ ਕੇ ਦੁਸ਼ਟਾਂ ਦੇ ਨਾਲ ਦੁਸ਼ਟਤਾ ਦਾ ਵਰਤਾਅ ਕਰ ਰਿਹਾ ਹੈ। ਕੋਰੀਆਈ ਪ੍ਰਾਦੀਪ 'ਚ ਹਾਲੀਆ ਤਣਾਅ ਦੀ ਸ਼ੁਰੂਆਤ ਇਸ ਸਾਲ ਦੇ ਮਾਰਚ ਮਹੀਨੇ 'ਚ ਤਾਂ ਹੋਈ ਜਦ ਦੱਖਣੀ ਕੋਰੀਆਂ ਦੀ ਸਮੁੰਦਰੀ ਫ਼ੌਜ ਦਾ ਲੜਾਕੂ ਜਹਾਜ਼ ਡੁੱਬ ਗਿਆ ਸੀ ਜਿਸ 'ਚ 46 ਸਮੁੰਦਰੀ ਫ਼ੌਜੀ ਮਾਰੇ ਗਏ ਸਨ। ਦੱਖਣੀ ਕੋਰੀਆ ਦਾ ਕਹਿਣਾ ਹੈ ਕਿ ਇਸ ਨੇ ਉਤਰੀ ਕੋਰੀਆ ਦੀ ਇਕ ਪਣਡੁੱਬੀ ਨੇ ਹਮਲਾ ਕਰਕੇ ਡਬੋਇਆ ਸੀ ਜਦ ਕਿ ਉਤਰੀ ਕੋਰੀਆ ਇਸ ਗੱਲ ਤੋਂ ਇਨਕਾਰ ਕਰ ਰਿਹਾ ਹੈ। ਉਦੋਂ ਤੋਂ ਕੋਰੀਆਈ ਪ੍ਰਾਦੀਪ ਦੇ ਇਹ ਦੋਨੋਂ ਦੇਸ਼ ਆਪਸ 'ਚ ਤਿੱਖੇ ਸ਼ਬਦੀ ਯੁੱਧ ਤੋਂ ਲੈ ਕੇ ਅਸਲੀ ਯੁੱਧ ਦੀਆਂ ਤਿਆਰੀਆਂ 'ਚ ਲੱਗ ਗਏ ਹਨ।

ਅਮਰੀਕੀ ਸਾਮਰਾਜੀ ਜੋ ਕਿ ਕਿਸੇ ਵੀ ਹਾਲਤ 'ਚ ਕੋਰੀਆਈ ਪ੍ਰਾਦੀਪ 'ਚ ਜਮੇ ਰਹਿਣਾ ਚਾਹੁੰਦੇ ਹਨ, ਨੂੰ ਇਸ ਨਾਲ ਮਨਵਾਂਛਿਤ ਚੀਜ਼ ਮਿਲ ਗਈ ਹੈ। ਧਿਆਨ ਰਹੇ ਕਿ ਦੱਖਣੀ ਕੋਰੀਆ ਦੀ ਫ਼ੌਜ ਦੀ ਕਮਾਂਡ ਅਮਰੀਕੀ ਫ਼ੌਜ ਦੇ ਹੱਥ 'ਚ 1950-53 ਦੀ ਜੰਗ ਦੇ ਕੋਰੀਆਈ ਜੰਗ ਦੇ ਸਮੇਂ ਤੋਂ ਹੀ ਹੈ। ਅਮਰੀਕੀ ਫ਼ੌਜ ਦੇ ਅਤੀ ਅਧੁਨਿਕ ਹਥਿਆਰਾਂ ਨਾਲ ਲੇਸ 28500 ਫ਼ੌਜੀ ਦੀ ਟੁਕੜੀ ਦੱਖਣੀ ਕੋਰੀਆ ਵਿੱਚ ਇਸ ਸਮੇਂ ਵੀ ਮੌਜੂਦ ਹੈ। ਦੱਖਣੀ ਕੋਰੀਆ ਇਕ ਤਰ੍ਹਾਂ ਨਾਲ ਅਮਰੀਕਾ ਦੀ ਨਵ ਬਸਤੀ ਵਾਂਗ ਬਣਿਆ ਹੋਇਆ ਹੈ। ਅਮਰੀਕੀ ਫ਼ੌਜਾਂ ਦੀ ਅਗਵਾਈ 'ਚ ਕੀਤਾ ਜਾ ਰਿਹਾ ਜੰਗੀ ਅਭਿਆਸ ਕਿੰਨਾ ਵੱਡਾ ਹੈ। ਇਸ ਦਾ ਅੰਦਾਜਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਇਸ 'ਚ 8000 ਫ਼ੌਜੀ, 20 ਫ਼ੌਜੀ ਜਹਾਜ਼, ਪਣਡੁੱਬੀਆਂ ਅਤੇ 200 ਏਅਰਕਰਾਫਟ ਹਿੱਸਾ ਲੈ ਰਹੇ ਹਨ। ਜਾਰਜ ਵਸ਼ਿੰਗਟਨ ਨਾਮੀ ਜਹਾਜ਼ ਤਾਂ ਅਮਰੀਕੀ ਫ਼ੌਜ ਦੇ ਵਿਸ਼ਾਲ ਤੋਂ ਵਿਸ਼ਾਲ ਜਹਾਜ਼ 'ਚ ਹੈ। ਜਿਹਨਾਂ ਦੀ ਸਮਰੱਥਾ 5000 ਫ਼ੌਜੀ ਤੇ 70 ਜੰਗੀ ਜਹਾਜ਼ਾਂ ਨੂੰ ਢੋਹਣ ਦੀ ਹੈ। ਇਹ ਜਹਾਜ਼ ਨਿਊਕਲੀਅਰ ਊਰਜਾ ਨਾਲ ਚਲਦਾ ਹੈ। ਜਪਾਨ ਵੀ ਇਸ ਜੰਗੀ ਮਸ਼ਕ 'ਚ ਸ਼ਾਮਲ ਹੈ।

ਕੋਰੀਆਈ ਪ੍ਰਾਦੀਪ 'ਚ ਮੌਜੂਦਾ ਸਮੇਂ 'ਚ ਛਾਏ ਜੰਗੀ ਜਨੂੰਨ ਨਾਲ ਜੇ ਕਿਸੇ

ਨੂੰ ਵੱਧ ਖ਼ਤਰਾ ਹੈ ਤਾਂ ਇਹ ਦੋਨੋ ਹੀ ਕੋਰੀਆਈ ਦੇਸ਼ਾਂ ਦੀ ਮੇਹਨਤਕਸ਼ ਜਨਤਾ ਨੂੰ ਹੈ। ਜਿਸ ਨੂੰ ਅਮਰੀਕੀ ਸਾਮਰਾਜੀਆਂ ਦੇ ਉਕਸਾਵੇ ਤੇ ਦਬਾਅ 'ਚ ਆ ਕੇ ਦੱਖਣੀ ਅਫਰੀਕਾ ਦੇ ਹਾਕਮ ਡੂੰਘੇ ਸੰਕਟ ਵੱਲ ਧੱਕ ਰਹੇ ਹਨ। ਦੱਖਣੀ ਕੋਰੀਆ ਤੇ ਉਤਰੀ ਕੋਰੀਆ ਦੇ ਹਾਕਮਾਂ ਨੂੰ ਜੇ ਛੱਡ ਦਿੱਤਾ ਜਾਵੇ ਤਾਂ ਮੇਹਨਤਕਸ਼ ਲੋਕਾਂ 'ਚ ਕੌਮੀ ਏਕੀਕਰਨ ਦੀ ਮੰਗ ਬਹੁਤ ਜ਼ਬਰਦਸਤ ਰਹੀ ਹੈ। ਇਸ ਮੰਗ ਤੇ ਭਾਵਨਾ ਦਾ ਦਬਾਅ ਏਨਾ ਵੱਧ ਰਿਹਾਹੈ ਕਿ ਦੋਨੋ ਹੀ ਦੇਸ਼ਾਂ ਦੇ ਲੋਕਾਂ ਨੂੰ ਭਰਮ 'ਚ ਪਾਉਣ ਲਈ ਆਪਣੀ-ਆਪਣੀ ਸਰਕਾਰਾਂ 'ਚ ਏਕੀਕਰਨ ਮੰਤਰਾਲੇ ਖੋਹਲਣੇ ਪਏ ਹਨ। ਅਸਲ 'ਚ ਦੋਨੋਂ ਕੋਰੀਆ ਦਾ ਏਕੀਕਰਨ ਅਮਰੀਕੀ ਸਾਮਰਾਜੀਆਂ ਦੇ ਕੋਰੀਆਈ ਪ੍ਰਾਦੀਪ ਤੋਂ ਹਟੇ ਬਗੈਰ ਸੰਭਵ ਨਹੀਂ ਹੈ। ਪੂਰੇ ਪ੍ਰਾਦੀਪ ਵਿੱਚ ਅਮਰੀਕੀ ਸਾਮਰਾਜੀਆਂ ਖਿਲਾਫ਼ ਨਫ਼ਰਤ ਵਿਆਪਕ ਹੈ। ਦੱਖਣੀ ਕੋਰੀਆ ਵਿੱਚ ਅਮਰੀਕਾ ਫ਼ੌਜ ਨੂੰ ਹਟਾਉਣ ਸਬੰਧੀ ਸਮੇਂ-ਸਮੇਂ 'ਤੇ ਵਿਸ਼ਾਲ ਮੁਜਾਹਰੇ ਹੁੰਦੇ ਰਹੇ ਹਨ। ਇਹਨਾਂ ਮੁਜਾਹਰਿਆਂ ਵਿੱਚ ਦਰਜਨਾ ਲੋਕ ਵੱਖ-ਵੱਖ ਸਮੇਂ ਆਪਣੀ ਜਾਨਾਂ ਤੋਂ ਹੱਥ ਧੋ ਬੈਠੇ ਹਨ।

ਜੰਗੀ ਕਾਨੂੰਨ ਦੀ ਸਥਿਤੀ ਦੋਨਾ ਹੀ ਦੇਸ਼ਾਂ ਦੇ ਹਾਕਮਾ ਲਈ ਆਪਣੇ ਦੇਸ਼ਾਂ ਦੇ ਪਿਛਾਖੜੀ ਹਾਕਮਾ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੈ। ਉਹ ਇਸ ਦੇ ਬਹਾਨੇ ਮਜ਼ਦੂਰ ਤੇ ਮੇਹਨਤਕਸ਼ ਲੋਕਾਂ ਦੀ ਲੁੱਟ-ਘਸੁੱਟ ਨੂੰ ਬਣਾ ਕੇ ਰੱਖਦੇ ਹਨ। ਯੁੱਧ ਦੀਆਂ ਤਿਆਰੀਆਂ ਦੇ ਨਾਂ 'ਤੇ ਭਾਰੀ ਪੈਸਾ ਹਥਿਆਰਾਂ ਦੀ ਖਰੀਦ ਤੇ ਵਿਕਾਸ 'ਤੇ ਖਰਚ ਕਰਦੇ ਹਨ। ਲਗਾਤਾਰ ਵਧਦੇ ਰੱਖਿਆ ਬਜਟ ਦੇ ਨਾਂ 'ਤੇ ਮੇਹਨਤ ਕਰਨ ਵਾਲੇ ਲੋਕਾਂ 'ਤੇ ਭਾਰੀ ਟੈਕਸ ਲਾਉਂਦੇ ਹਨ। ਉਤਰੀ ਕੋਰੀਆ ਜਿੱਥੋਂ ਤਕ ਇਕ ਨਕਲੀ ਕਮਿਊਨਿਸਟ ਪਾਰਟੀ ਦੀ ਹਕੂਮਤ ਹੈ। ਜੰਗੀ ਕਾਨੂੰਨ ਦੇ ਰਾਹੀਂ ਆਪਣੀ ਹਰ ਕਾਰਗੁਜਾਰੀ ਨੂੰ ਜਾਇਜ਼ ਠਹਿਰਾਉਂਦੀ ਹੈ। ਧਿਆਨ ਰਹੇ ਕਿ ਕੋਰੀਆਈ ਪ੍ਰਾਦੀਪ 'ਚ ਦੋਨੋ ਹੀ ਦੇਸ਼ਾਂ ਵਿਚਕਾਰ 1953 ਤੋਂ ਅੱਜ ਤਕ ਕੋਈ ਸ਼ਾਂਤੀ ਸੰਧੀ ਨਹੀਂ ਹੋਈ ਹੈ। 1953 'ਚ ਹੋਇ ਯੁੱਧਬੰਦੀ ਹੀ ਅੱਜ ਤੱਕ ਚੱਲਿਆ ਆ ਰਿਹਾ ਹੈ। ਇਸ ਤਰ੍ਹਾਂ ਨਾਲ ਇਹ ਪ੍ਰਾਦੀਪ ਇਕ ਕਿਸਮ ਦੀ ਯੁੱਧ ਦੀ ਮਾਨਸਿਕਤਾ ਵਿੱਚ ਹਮੇਸ਼ਾ ਜਿਉਂਦਾ ਆ ਰਿਹਾ ਹੈ। ਇਸ ਸਭ ਲਈ ਸਭ ਤੋਂ ਵੱਧ ਅਮਰੀਕੀ ਸਾਮਰਾਜਵਾਦ ਜ਼ਿੰਮੇਵਾਰ ਹੈ। ਉਹ ਕੋਰੀਆਈ ਪ੍ਰਾਦੀਪ ਦੀ ਰੂਸ ਤੇ ਚੀਨ ਦੀ ਭੂਗੋਲਿਕ ਨੇੜਤਾ ਦੀ ਹਾਲਤ ਤੇ ਆਪਣੀ ਫ਼ੌਜ ਦੀ ਮੌਜੂਦਗੀ ਦਾ ਮਨੋਵਿਗਿਆਨਕ ਤੇ ਫ਼ੌਜੀ ਲਾਭ ਲੈਣਾ ਜਾਰੀ ਰੱਖਣਾ ਚਾਹੁੰਦੇ ਹਨ। ਇਸ ਤਰ੍ਹਾਂ ਨਾਲ ਇਹ ਜੰਗੀ ਅਭਿਆਸ ਆਪਣੇ ਪਰੋਖ ਰੂਪ ਨਾਲ ਚੀਨ ਤੇ ਰੂਸ ਵਿਰੁੱਧ ਵੀ ਸੇਧਤ ਹੈ। ਉਤਰੀ ਕੋਰੀਆ ਦੇ ਹਾਕਮਾ ਦੀ ਚੀਨ ਤੇ ਰੂਸ ਨਾਲ ਨੇੜਤਾ ਹੀ ਅਮਰੀਕੀ ਸਾਮਰਾਜੀਆਂ ਨੂੰ ਅਫਗਾਨਿਸਤਾਨ ਤੋਂ ਇਰਾਕ ਵਰਗੀ ਫ਼ੌਜੀ ਕਾਰਵਾਈ ਅਤੇ ਕਬਜੇ ਤੋਂ ਰੋਕ ਰਹੀ ਹੈ। ਨਹੀਂ ਤਾਂ ਉਹ ਉਤਰੀ ਕੋਰੀਆ 'ਤੇ ਕਬਜੇ ਦੀ ਤਾਕ 'ਚ 1950 ਤੋਂ ਹੀ ਹੈ।

# ਕਿਰਗਿਸਤਾਨ: ਸਾਮਰਾਜੀਆਂ ਦੀ ਖਿਚੋਤਾਣ ਦਾ ਸ਼ਿਕਾਰ ਕਿਵੇਂ?

ਕਿਰਗਸਤਾਨ ਪਿਛਲੇ ਦਿਨ ਕਾਫੀ ਉਥਲ-ਪੁਥਲ ਤੇ ਹਿੰਸਾ ਦਾ ਸ਼ਿਕਾਰ ਰਿਹਾ। ਦੱਖਣੀ ਕਿਰਗਿਸਤਾਨ ਦੇ ਔਸ਼, ਜਲਾਲ ਅਬਾਦ ਤੇ ਕੁੱਝ ਹੋਰ ਸ਼ਹਿਰਾਂ 'ਚ ਫੈਲੀ ਇਸ ਹਿੰਸਾ ਨੇ ਖਾਸਾ ਵੱਡਾ ਰੂਪ ਧਾਰਨ ਕਰ ਲਿਆ। 11 ਜੂਨ ਤੋਂ ਅਗਲੇ 4 ਦਿਨਾਂ ਤੱਕ ਦੱਖਣੀ ਕਿਰਗਸਤਾਨ ਸੁਲਗਦਾ ਰਿਹਾ। ਕਰੀਬ 170 ਲੋਕ ਮਾਰੇ ਗਏ। 1700 ਜਖ਼ਮੀ ਹੋ ਗਏ। ਵੱਡੇ ਪੈਮਾਨੇ 'ਤੇ ਲੁੱਟ, ਹੱਤਿਆ, ਬਲਾਤਕਾਰ ਦਾ ਸਾਮਰਾਜ ਛਾਇਆ ਰਿਹਾ। 4 ਲੱਖ ਤੋਂ ਵੱਧ ਲੋਕ ਬੇਘਰ ਹੋ ਗਏ। ਗੈਰ ਸਰਕਾਰੀ ਅੰਕੜਿਆਂ 'ਚ ਮ੍ਰਿਤਕਾਂ ਦੀ ਗਿਣਤੀ ਕਿਤੇ ਵੱਧ ਹੈ। ਹਾਲਾਤ ਇੱਥੋਂ ਤੱਕ ਵਿਗੜ ਗਏ ਹਨ ਕਿ ਵਿਦੇਸ਼ੀ ਨਾਗਰਿਕ ਦੇਸ਼ ਛੱਡ ਕੇ ਭੱਜਣ ਲੱਗੇ ਹਨ। ਕਿਰਗਿਸਤਾਨ 1990 ਤੋਂ ਪਹਿਲਾਂ ਸੋਵੀਅਤ ਸੰਘ ਦਾ ਹਿੱਸਾ ਸੀ। 1990 'ਚ ਸੋਵੀਅਤ ਸੰਘ ਦੇ ਟੁੱਟਣ ਪਿੱਛੋਂ ਕਿਰਗਿਸਤਾਨ, ਕਜਾਕਿਸਤਾਨ, ਉਜਬੇਕਿਸਤਾਨ, ਤਜਾਕਿਸਤਾਨ ਵਰਗੇ ਮੁਸਲਿਮ ਬਹੁਗਿਣਤੀ ਵਾਲੇ ਦੇਸ਼ ਹੋਂਦ 'ਚ ਆਏ। 1956 'ਚ ਸੋਵੀਅਤ ਸੰਘ 'ਚ ਸਮਾਜਵਾਦ ਦੀ ਸਮਾਪਤੀ ਤੇ ਪੂੰਜੀਵਾਦ ਦੀ ਮੁੜ ਸਥਾਪਤੀ ਦੇ ਪਿੱਛੋਂ ਤੋਂ ਹੀ ਸਾਮਰਾਜੀ ਸੋਵੀਅਤ ਸੰਘ ਨੇ ਇਹਨਾਂ ਇਲਾਕਿਆਂ ਦੇ ਵਿਕਾਸ 'ਤੇ ਧਿਆਨ ਦੇਣਾ ਛੱਡ ਦਿੱਤਾ ਸੀ। ਉਂਞ ਬੇਕਿਸਤਾਨ ਨੂੰ ਛੱਡ ਕੇ ਬਾਕੀ ਤਿੰਨੋ ਦੇਸ਼ ਮੁਖ ਤੌਰ 'ਤੇ ਸੋਵੀਅਤ ਸੰਘ ਨੂੰ ਕੱਚਾ ਮਾਲ ਮੁਹੱਈਆ ਕਰਾਉਣ ਵਾਲੇ ਦੇਸ਼ ਬਣ ਗਏ ਸਨ। ਇਸ ਨਾਲ ਇਹ ਦੇਸ਼ ਗਰੀਬ ਤੇ ਪਿਛੜੇ ਬਣੇ ਰਹੇ। ਕਿਰਗਿਸਤਾਨ ਮੱਧ ਏਸ਼ੀਆ ਦਾ ਇੱਕ ਛੋਟਾ ਜਿਹਾ ਦੇਸ਼ ਹੈ। ਜਿਸ ਦੀ ਅਬਾਦੀ ਸਿਰਫ਼ 55 ਲੱਖ ਹੈ। ਇਸਦੇ ਦੱਖਣ 'ਚ ਚੀਨ, ਪੱਛਮ 'ਚ ਉਜਬੇਕਿਸਤਾਨ, ਦੱਖਣ-ਪੱਛਮ 'ਚ ਤਜਾਕਿਸਤਾਨ, ਤੇ ਉਤਰ 'ਚ ਕਜਾਕਿਸਤਾਨ ਸਥਿਤ ਹੈ। ਇੱਥੋਂ ਦੀ ਅਬਾਦੀ 'ਚ 70 ਫੀਸਦੀ ਕਿਰਗਿਜ ਤੇ 15 ਫੀਸਦੀ ਉਜਬੇਕ ਹਨ। ਇਹ ਆਪਣੀਆਂ ਊਰਜਾ ਦੀਆਂ ਲੋੜਾਂ ਲਈ ਰੂਸ 'ਤੇ ਨਿਰਭਰ ਹੈ। ਫਲ, ਸਬਜ਼ੀਆਂ, ਸੋਨਾ, ਤੰਬਾਕੂ ਦੀ ਇਹ ਦਰਾਮਦ ਕਰਦਾ ਹੈ। ਸੋਵੀਅਤ ਸੰਘ ਦੇ ਟੁੱਟਣ ਪਿੱਛੋਂ ਤੋਂ ਮਾਰਚ 2005 ਤੱਕ ਇੱਥੇ ਅਸਕਾਰ, ਅਕੇਯੇਬ ਦੀ ਸਰਕਾਰ ਰਹੀ ਜੋ ਮੁਖ ਤੌਰ 'ਤੇ ਰੂਸੀ ਛਤਰ ਛਾਇਆ ਹੇਠ ਕਾਰਜਸ਼ੀਲ ਰਹੀ। 90 ਦੇ ਦਹਾਕੇ ਦੇ ਆਖਰੀ ਸਾਲਾਂ ਤੋਂ ਹੀ ਅਮਰੀਕੀ ਸਾਮਰਾਜੀਆਂ ਨੇ ਆਪਣੀ ਗ੍ਰਿਝੀ ਨਜ਼ਰ ਸੋਵੀਅਤ ਸੰਘ ਤੋਂ ਵੱਖ ਹੋਏ ਇਹਨਾਂ ਦੇਸ਼ਾਂ 'ਤੇ ਜਮ੍ਹਾ ਲਈ ਸੀ। ਭੂ-ਰਾਜਸੀ ਨਜ਼ਰੀਏ ਤੋਂ ਮਹੱਤਵਪੂਰਨ ਕਿਰਗਿਸਤਾਨ 'ਚ ਅਮਰੀਕਾ ਨੇ ਸੰਨ 2001 'ਚ ਆਪਣਾ ਹਵਾਈ ਅੱਡਾ ਕਾਇਮ ਕਰ ਲਿਆ ਸੀ। ਜਿਸ ਦੀ ਵਰਤੋਂ ਉਸਨੇ ਅਫਗਾਨਿਸਤਾਨ ਖਿਲਾਫ਼ ਆਪਣੀ ਫ਼ੌਜੀ ਕਾਰਵਾਈ ਲਈ ਕੀਤੀ। ਅਮਰੀਕੀ ਹਵਾਈ ਅੱਡੇ ਖਿਲਾਫ਼ ਨਾ ਸਿਰਫ਼ ਲੋਕਾਂ ਬਲਕਿ ਹਾਕਮ ਜਮਾਤ ਦੇ ਇਕ ਹਿੱਸੇ ਵਿੱਚ ਵੀ ਰੋਸ ਪੈਦਾ ਹੋਇਆ। ਰੂਸ ਤਾਂ ਸਿੱਧਾ ਹੀ ਇਸ ਨੂੰ ਆਪਣੇ ਪ੍ਰਭਾਵ ਖੇਤਰ 'ਚ ਦਖਲ ਅੰਦਾਜੀ ਮੰਨਦਾ ਰਿਹਾ। ਅਮਰੀਕੀ ਪ੍ਰਭਾਵ ਨੂੰ ਘੱਟ ਕਰਨ ਲਈ ਪਿੱਛੋਂ ਰੂਸ ਨੇ ਵੀ ਆਪਣਾ ਹਵਾਈ ਅੱਡਾ ਕਾਇਮ ਕਰ ਲਿਆ। ਮਾਰਚ 2005 'ਟੂਊਲਿਪ ਕ੍ਰਾਂਤੀ' ਰਾਹੀਂ ਅਸਕਰ ਅਕੇਯੇਬ ਨੂੰ ਗੱਦੀਓਂ ਲਾਹ ਦਿੱਤਾ ਗਿਆ। ਅਕੇਯੇਬ ਨੂੰ ਭੱਜ ਕੇ ਰੂਸ 'ਚ ਸ਼ਰਨ ਲੈਣੀ ਪਈ। ਅਮਰੀਕੀ ਪਿੱਠੂ ਕੁਰਮਾਨ ਬੇਨਿਯੇਬ ਰਾਸ਼ਟਰਪਤੀ ਦੀ ਗੱਦੀ 'ਤੇ ਬੈਠ ਗਿਆ। ਇਹ ਇਨਕਲਾਬ ਜੋ ਅਮਰੀਕੀ

ਅਗਵਾਈ 'ਚ ਕੀਤਾ ਗਿਆ। ਉਹਨਾਂ 'ਰੰਗੀਨ ਇਨਕਲਾਬਾਂ' ਦਾ ਹਿੱਸਾ ਸੀ ਜਿਹਨਾਂ ਨੂੰ ਲੋਕਰਾਜ ਦੀ ਸਥਾਪਨਾ ਦੇ ਨਾਂ ਹੇਠ ਅਮਰੀਕਾ ਨੇ ਸਾਬਕਾ ਸੋਵੀਅਤ ਸੰਘ ਦੇ ਦੇਸ਼ਾਂ 'ਚ ਅੰਜਾਮ ਦਿੱਤਾ ਸੀ। ਬਾਕਿਯੇਬ ਹਕੂਮਤ ਸਿਰ ਤੋਂ ਲੈ ਕੇ ਪੈਰਾਂ ਤੱਕ ਭ੍ਰਿਸ਼ਟਾਚਾਰ 'ਚ ਡੁੱਬੀ ਰਹੀ। ਬਾਕੀਯੇਬ ਦਾ ਪੁੱਤ ਮੈਕਿਸਮ ਸਰਕਾਰੀ ਪੈਸੇ ਦੇ ਜੋਰ 'ਤੇ ਅਤੇ ਅਮਰੀਕੀ ਹਵਾਈ ਅੱਡੇ 'ਚ ਮਿਲੇ ਠੇਕਿਆਂ ਦੇ ਆਸਰੇ ਕਿਰਗਿਸਤਾਨ ਦਾ ਸਭ ਤੋਂ ਵੱਡਾ ਵਪਾਰੀ ਬਣ ਗਿਆ। ਬਾਕੀਯੇਬ ਦੇ ਹਕੂਮਤ ਸੰਭਾਲਣ ਪਿੱਛੋਂ ਤੋਂ ਹੀ ਵਿਰੋਧੀ ਧਿਰ ਉਸ 'ਤੇ ਭ੍ਰਿਸ਼ਟਾਚਾਰ ਤੇ ਚੋਣਾ 'ਚ ਤਿੜਕਮ ਬਾਜ਼ੀ ਨਾਲ ਜਿੱਤਣ ਦਾ ਦੋਸ਼ ਲਾਉਂਦੀ ਰਹੀ ਹੈ। 2006 ਦੇ ਮਈ ਮਹੀਨੇ 'ਚ ਲੋਕਾਂ ਦੇ ਵਿਰੋਧੀ ਮੁਜਾਹਰਿਆਂ ਰਾਹੀਂ ਸੰਵਿਧਾਨਕ ਸੁਧਾਰਾਂ ਦੀ ਮੰਗ ਕੀਤੀ ਗਈ। ਦਸੰਬਰ 2007 'ਚ ਹੋਈਆਂ ਸੰਸਦੀ ਚੋਣਾ 'ਚ ਬਾਕੀਯੇਬ ਦੀ ਪਾਰਟੀ ਜਿੱਤ ਗਈ। ਜੁਲਾਈ 2009 'ਚ ਬਾਕੀਯੇਬ 89 ਫੀਸਦੀ ਵੋਟਾਂ ਲੈ ਕੇ ਦੁਬਾਰਾ ਰਾਸ਼ਟਰਪਤੀ ਬਣ ਗਿਆ।

ਜਨਵਰੀ 2010 'ਚ ਆਪਣੇ ਖਿਲਾਫ਼ ਹੋ ਰਹੇ ਮੁਜਾਹਰਿਆਂ ਨਾਲ ਸਖਤੀ ਤੇ ਚਾਲਬਾਜੀ ਨਾਲ ਨਿਪਟਦਿਆਂ ਬਾਕੀਯੇਬ ਨੇ ਵਿਰੋਧੀ ਨੇਤਾ ਇਸਮਾਇਲ ਇਸਾਕੋਵ ਨੂੰ ਜੇਲ 'ਚ ਸੁੱਟ ਦਿੱਤਾ। ਇਸ ਖਿਲਾਫ਼ ਵਿਰੋਧੀਧਿਰ ਨੇ ਲੰਬੀਆਂ ਲੰਬੀਆਂ ਭੁੱਖ ਹੜਤਾਲਾਂ ਕਰਵਾਈਆਂ। ਅਪ੍ਰੈਲ 2010 'ਚ ਬਗਾਵਤ ਰਾਹੀਂ ਬਾਕੀਯੇਬ ਨੂੰ ਹਟਾ ਦਿੱਤਾ ਗਿਆ। ਬਾਕੀਯੇਬ ਪਹਿਲਾਂ ਕਜਾਕਿਸਤਾਨ ਤੇ ਫੇਰ ਬੇਲਾਰੂਸ ਜਾਣ ਲਈ ਮਜ਼ਬੂਰ ਹੋਇਆ। ਆਪਣੇ ਲੰਬੇ ਕੁਸਾਸ਼ਨ ਦਾ ਸਿਲਾ ਬਾਕੀਯੇਬ ਨੂੰ ਠੀਕ ਮਿਲਿਆ। ਜ਼ਰੂਰੀ ਵਸਤਾਂ ਦੀਆਂ ਕੀਮਤਾਂ 'ਚ ਭਾਰੀ ਵਾਧੇ ਖਿਲਾਫ਼ ਭੜਕੇ ਸਰਕਾਰ ਵਿਰੋਧੀ ਅੰਦੋਲਨ ਕਾਰਨ ਬਾਕੀਯੇਬ ਭੱਜਣ ਲਈ ਮਜ਼ਬੂਰ ਹੋਇਆ। ਸ਼ੁਰੂ 'ਚ ਭੱਜ ਕੇ ਉਹ ਗ੍ਰਹਿਯੁੱਧ ਦੀ ਧਮਕੀ ਦਿੰਦਾ ਰਿਹਾ ਪਰ ਅਮਰੀਕਾ ਦੇ ਉਸ ਦੇ ਸਿਰ ਤੋਂ ਹੱਥ ਪਿੱਛੇ ਖਿੱਚਣ ਮਗਰੋਂ ਉਹ ਇਕੱਲਾ ਰਹਿ ਗਿਆ। ਅਮਰੀਕਾ ਨੇ ਬਾਕੀਯੇਬ ਖਿਲਾਫ਼ ਭੜਕੇ ਲੋਕ ਰੋਹ ਕਾਰਨ ਉਸ ਦਾ ਸਾਥ ਛੱਡ ਦਿੱਤਾ। ਅਪ੍ਰੈਲ 2010 'ਚ ਛਿੜੇ ਖ਼ੂਨੀ ਸੰਘਰਸ਼ 'ਚ 75 ਤੋਂ ਵੱਧ ਲੋਕ ਮਾਰੇ ਗਏ ਤੇ 1000 ਤੋਂ ਉਪਰ ਜ਼ਖ਼ਮੀ ਹੋਏ। ਇਸ ਸੰਘਰਸ਼ ਵਿੱਚ ਬਾਕੀਯੇਬ ਦੇ ਕਈ ਮੰਤਰੀ ਵੀ ਮਾਰੇ ਗਏ। ਸਰਕਾਰ ਖਿਲਾਫ਼ ਬਗਾਵਤ ਤੇ ਉਤਾਰੂ ਲੋਕ ਅਤੇ ਵਿਰੋਧੀ ਧਿਰਾਂ ਨੇ ਕਿਰਗਿਸਤਾਨ ਦੇ ਮਹੱਤਵਪੂਰਨ ਥਾਵਾਂ ਤੇ ਕਬਜਾ ਕਰ ਲਿਆ। ਸਾਬਕਾ ਵਿਦੇਸ਼ ਮੰਤਰੀ ਰੋਜਾ ਆਤੁਨ ਬਾਯੇਵਾ ਅੰਤਰਿਮ ਸਰਕਾਰ ਦੇ ਮੁਖੀ ਦੀ ਹੈਸੀਅਤ 'ਚ ਸੱਤਾ 'ਤੇ ਕਾਬਜ ਹੋ ਗਈ। ਰੂਸ ਨੇ ਇਸ ਨਵੀਂ ਸਰਕਾਰ ਨੂੰ ਸਭ ਤੋਂ ਪਹਿਲਾਂ ਮਾਨਤਾ ਦਿੱਤੀ ਸੀ। ਸਥਾਪਤੀ ਵਾਦੀ ਰੋਜਾ ਆਤੁਨਬਾਯੇਵਾ ਨਾਲ ਤਾਲ ਮੇਲ ਬੈਠਾ ਕੇ ਅਮਰੀਕੀ ਸਮਾਰਾਜੀਆਂ ਨੇ ਇਹ ਯਕੀਨੀ ਬਣਾ ਲਿਆ ਕਿ ਉਹ ਅਮਰੀਕਾ ਨਾ ਵੀ ਅੱਛੇ ਸਬੰਧ ਰੱਖੇਗੀ। ਅਮਰੀਕਾ ਨੂੰ ਸਭ ਤੋਂ ਵੱਧ ਚਿੰਤਾ ਰਾਜਧਾਨੀ ਨਾਲ ਲੱਗਦੇ ਮਾਨਸ ਫ਼ੌਜੀ ਅੱਡੇ ਦੀ ਸੀ। ਕਿਉਂਕਿ ਅਫਗਾਨਿਸਤਾਨ 'ਚ ਅਮਰੀਕਾ ਤੇ ਨਾਟੋ ਦੀਆਂ ਫ਼ੌਜਾਂ ਤੇ ਸਮਾਨ ਦੀ ਸਪਲਾਈ ਇੱਥੋਂ ਹੀ ਹੁੰਦੀ ਸੀ। ਕਿਰਗਿਸਤਾਨ ਦੀ ਪਹਿਲੀ ਔਰਤ ਪ੍ਰਮੁੱਖ ਰੋਜਾ ਲੰਬੇ ਸਮੇਂ ਤੱਕ ਕਿਰਗਿਸਤਾਨ ਦੀ ਅਮਰੀਕਾ 'ਚ ਰਾਜਦੂਤ ਰਹੀ ਹੈ। ਉਹ ਆਸਤਰ ਅਕਾਯੇਬ ਦੀ ਬੇਰਹਿਮ ਬੇਕਿਰਕ ਸਰਕਾਰ ਦੀ ਮੈਂਬਰ ਰਹੀ ਹੈ। ਉਸ ਨੇ ਅਮਰੀਕਾ ਤੇ ਰੂਸ ਦੋਹਾਂ ਨਾਲ ਬਰਾਬਰ ਦੇ ਸਬੰਧ ਬਣਾਉਣ ਦਾ ਐਲਾਨ ਕੀਤਾ ਹੈ। ਲੋਕਾਂ ਦਾ ਬਾਕੀਯੇਬ ਦੀ ਹਕੂਮਤ ਤੋਂ ਗੁੱਸਾ,

ਭ੍ਰਿਸ਼ਟਾਚਾਰ ਦੇ ਨਾਲ ਅਮਰੀਕੀ ਫ਼ੌਜੀ ਅੱਡੇ ਕਾਰਨ ਹੀ ਸੀ ਪਰ ਰੋਜ਼ਾ ਨੇ ਅਮਰੀਕੀ ਅੱਡੇ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਬਾਕੀਯੇਬ ਦਾ ਪਤਨ ਅਮਰੀਕੀ 'ਰੰਗੀਨ ਕ੍ਰਾਂਤੀਆਂ' ਖਿਲਾਫ਼ ਲੋਕਾਂ ਦੇ ਗੁੱਸੇ ਦੀ ਜਿੱਤ ਦਾ ਪ੍ਰਤੀਕ ਸੀ। ਜਦ ਅਮਰੀਕਾ ਗੰਡਤੁਪ ਰਾਹੀਂ ਆਪਣੇ ਹਿੱਤ ਸੁਰੱਖਿਅਤ ਕਰਨ ਤੁਲਿਆ ਹੋਇਆ ਹੈ। ਰੋਜ਼ਾ ਦੇ ਲੋਕਰਾਜੀ ਸੁਧਾਰਾਂ ਦੀ ਅਮਰੀਕਾ ਨੇ ਖੁੱਲ੍ਹੀ ਹਮਾਇਤ ਕੀਤੀ। ਰੋਜ਼ਾ ਦੇ ਹਕੂਮਤ ਸੰਭਾਲਣ ਦੇ ਦੋ ਮਹੀਨਿਆਂ ਪਿੱਛੋਂ ਹੀ ਕਿਰਗਿਸਤਾਨ ਵਿਆਪਕ ਜਾਤੀ ਝਗੜਿਆਂ ਦਾ ਗਵਾਹ ਬਣ ਗਿਆ। ਇਸ ਸਾਰੀ ਉਥਲ ਪੁਥਲ ਦੌਰਾਨ ਜਿੱਥੇ ਇੱਕ ਪਾਸੇ ਅਮਰੀਕੀ ਤੇ ਰੂਸੀ ਸਾਮਰਾਜੀ ਤਾਕਤਾਂ ਦੇ ਦਾਬੇ ਦੀ ਲੜਾਈ ਜ਼ਿੰਮੇਵਾਰ ਹੈ ਉਥੇ ਬਾਕੀਯੇਬ ਤੇ ਅੰਤਰਿਮ ਸਰਕਾਰ ਦਾ ਝਗੜਾ ਹਿੰਸਾ ਨੂੰ ਸੁਲਗਦਾ ਰਿਹਾ। ਅਜਬੇਕ ਕਿਰਗੀਚ ਜਾਤੀ ਸੰਘਰਸ਼ ਇਸ ਉਥਲ-ਪੁਥਲ ਦਾ ਤੀਜਾ ਕਾਰਨ ਬਣਿਆ। ਮੌਜੂਦਾ, ਸੱਤਾ ਮੁੱਖੀ ਨੇ ਹਾਲੀਆ ਹਿੰਸਾ ਲਈ ਬਾਕਯੇਬ, ਉਸ ਦੇ ਭਾਈਆਂ ਤੇ ਵਪਾਰੀ ਪੁੱਤਰ ਮੈਕਿਸਮ ਨੂੰ ਦੋਸ਼ੀ ਠਹਿਰਾਇਆ ਹੈ। ਉਸਨੇ ਬਾਕਯੇਬ 'ਤੇ ਭ੍ਰਿਸ਼ਟਾਚਾਰ ਦਾ ਮੁਕੱਦਮਾ ਚਲਾਉਣ ਦਾ ਵੀ ਐਲਾਨ ਕੀਤਾ ਹੈ। ਬਾਕੀਯੇਬ ਹਮਾਇਤੀ ਜੂਨ ਮਹੀਨੇ 'ਚ ਹਿੰਸਾ ਭੜਕਾ ਕੇ 27 ਜੂਨ 2010 ਦੇ ਲੋਕਰਾਜੀ ਸੁਧਾਰਾਂ 'ਤੇ ਜਨਮਤ ਨੂੰ ਅਸ਼ਾਂਤ ਕਰਨਾ ਚਾਹੁੰਦੇ ਸਨ ਨਾਲ ਹੀ ਉਹ ਇਸ ਦੌਰਾਨ ਸੰਘਾਈ ਸਹਿਕਾਰ ਸੰਘ ਦੀ ਤਾਸ਼ਕੰਦ 'ਚ ਹੋਣ ਵਾਲੀ ਮੀਟਿੰਗ 'ਚ ਨਵੀਂ ਸਰਕਾਰ ਦੀ ਸਥਿਤੀ ਨਾਲ ਨਾ ਨਿਪਟਣ ਦੀ ਸਮਰੱਥਾ ਨੂੰ ਵਿਖਾਉਣਾ ਚਾਹੁੰਦਾ ਸੀ। ਸਿੰਘਾਈ ਸਰਕਾਰ ਸੰਘ ਰੂਸ, ਚੀਨ, ਕਿਰਗਿਸਤਾਨ, ਕਜਾਕਿਸਤਾਨ, ਤਜਾਕਿਸਤਾਨ ਤੇ ਉਜਬੇਕਿਸਤਾਨ ਦਾ ਸੰਘ ਹੈ। ਜੋ ਅਮਰੀ ਪ੍ਰਭਾਵ ਖਿਲਾਫ਼ ਕੰਮ ਕਰਦਾ ਹੈ। ਮੌਜੂਦਾ ਹਿੰਸਾ ਵਿੱਚ ਬਾਕੀਯੇਬ ਦੇ ਪ੍ਰਭਾਵ ਵਾਲੇ ਫ਼ੌਜੀ ਅਫਸਰਾਂ ਨੇ ਵੀ ਭੂਮਿਕਾ ਨਿਭਾਈ। ਹਿੰਸਾ ਦੇ ਦੱਖਣੀ ਕਿਰਗਿਸਤਾਨ ਵਿੱਚ ਲਗਾਤਾਰ ਫੈਲਦੇ ਜਾਣ ਕਰਕੇ ਰੋਜ਼ਾ ਨੇ ਰੂਸ ਤੋਂ ਫ਼ੌਜੀ ਮਦਦ ਮੰਗੀ। ਰੂਸੀ ਰਾਸ਼ਟਰਪਤੀ ਮੇਹਦੇਵ ਜੋ ਕਿ ਜਾਰਜਿਆ 'ਚ ਆਪਣੀ ਦਖਲ-ਅੰਦਾਜੀ ਲਈ ਕਾਫੀ ਅਲੋਚਨਾ ਝੱਲ ਰਹੇ ਸਨ, ਨੇ ਸਿਰਫ਼ ਫ਼ੌਜੀ ਸਾਮਗਰੀ ਦੀ ਸਪਲਾਈ ਕਿਰਗਿਸਤਾਨ ਨੂੰ ਕੀਤੀ। ਹਾਲਾਂਕਿ ਕਿਰਗਿਸਤਾਨ ਤੇ ਰੂਸ ਸਾਂਝੇ ਸੁਰੱਖਿਆ ਸੌਦੇ ਨਾਲ ਬੱਝੇ ਸਨ ਪਰ ਇਸ ਦੇ ਬਾਵਜੂਦ ਰੂਸ ਨੇ ਫ਼ੌਜੀ ਸਪਲਾਈ ਅਜੇ ਤੱਕ ਨਹੀਂ ਕੀਤੀ। ਕੁੱਝ ਇਹੀ ਰਵੱਈਆ ਅਮਰੀਕਾ ਨੇ ਵੀ ਹੈਲੀਕਾਪਟਰ, ਬੰਦੂਕ, ਟਰੱਕ ਆਦਿ ਕਿਰਗਿਸਤਾਨ ਦੀ ਸਰਕਾਰ ਨੂੰ ਭੇਜ ਕੇ ਕੀਤਾ। ਅਮਰੀਕੀ ਨੀਤੀ ਸਪਸ਼ਟ ਹੈ ਕਿ ਉਹ ਅਫਗਾਨਿਸਤਾਨ ਖਿਲਾਫ਼ ਆਪਣਾ ਧਿਆਨ ਕੇਂਦਰਿਤ ਕਰਨ ਲਈ ਕਿਰਗਿਸਤਾਨ ਦੀ ਸਰਕਾਰ ਤੋਂ ਫਿਲਹਾਲ ਆਮ ਰਿਸ਼ਤੇ ਬਣਾਈ ਰੱਖਣਾ ਚਾਹੁੰਦਾ ਹੈ ਤਾਂ ਕਿ ਉਸ ਦੇ ਫ਼ੌਜੀ ਅੱਡਿਆਂ ਨੂੰ ਕੋਈ ਖ਼ਤਰਾ ਪੈਦਾ ਨਾ ਹੋਵੇ। ਇਸ ਤਰ੍ਹਾਂ ਰੂਸ ਤੇ ਅਮਰੀਕਾ ਮੌਜੂਦਾ ਸਰਕਾਰ ਦੀ ਪਿੱਠ 'ਤੇ ਹੱਥ ਰੱਖ ਕੇ ਕਿਰਗਿਸਤਾਨ ਵਿੱਚ ਅਪਣਾ ਪ੍ਰਭਾਵ ਬਣਾਉਣ ਦੀ ਤਾਕ ਵਿੱਚ ਹੈ। 27 ਜੂਨ 2010 ਨੂੰ 65 ਫੀਸਦੀ ਲੋਕਾਂ ਨੇ ਸੰਵਿਧਾਨਿਕ ਸੁਧਾਰਾਂ ਵਿੱਚ ਦੀਆਂ ਵੋਟਾਂ 'ਚ ਵੋਟ ਦੀ ਵਰਤੋਂ ਕੀਤੀ। ਬਹੁਮਤ ਨਾਲ ਸੁਧਾਰਾਂ ਨੂੰ ਮਜ਼ਬੂਤ ਕਰ ਲਿਆ। 3 ਜੁਲਾਈ ਨੂੰ ਰੋਜ਼ਾ ਅੰਤਰਿਕ ਸਰਕਾਰ ਦੀ ਰਾਸ਼ਟਰਪਤੀ ਵਜੋਂ ਕਾਬਜ ਹੋ ਗਈ।

ਕਿਰਗਿਸਤਾਨ 'ਚ ਮੌਜੂਦ ਉਥਲ-ਪੁਥਲ 'ਚ ਉਥੋਂ ਦੀਆਂ ਉਜਬੇਕ ਤੇ ਕ੍ਰਿਗੀਜ਼ ਜਾਤੀਆਂ ਦਾ ਝਗੜਾ ਵੀ ਜ਼ਿੰਮੇਵਾਰ ਰਿਹਾ ਹੈ। ਕ੍ਰਿਗੀਜ਼ ਤੇ ਉਜਬੇਕ ਇੱਕ

ਹੀ ਤੁਰਕਿਸ ਗਰੁੱਪ ਨਾਲ ਸਬੰਧ ਰੱਖਦੇ ਹਨ ਪਰ ਦੋਹਾਂ ਦੀਆਂ ਭਾਸ਼ਾਵਾਂ ਵੱਖ-ਵੱਖ ਹਨ। ਉਜਬੇਕ ਅਬਾਦੀ ਦਾ 15 ਫੀਸਦੀ ਹੈ ਤਾਂ ਕ੍ਰਿਗਿਜ਼ 70 ਫੀਸਦੀ। ਉਜਬੇਕ ਮੁਖ ਤੌਰ ’ਤੇ ਸ਼ਹਿਰਾਂ ’ਚ ਰਹਿੰਦੇ ਹਨ। ਉਹ ਔਸ਼, ਜਲਾਲ ਆਬਾਦ ਤੇ ਹੋਰ ਸ਼ਹਿਰਾਂ ਦੇ ਬਿਜਨਸ ’ਤੇ ਕਬਜਾ ਕਰੀ ਬੈਠੇ ਹਨ। ਇਸ ਤਰ੍ਹਾਂ ਸਥਾਨਕ ਕ੍ਰਿਗਿਜ਼ ਆਬਾਦੀ ਦੀ ਤੁਲਨਾ ’ਚ ਉਹ ਕਿਤੇ ਵੱਧ ਖੁਸ਼ਹਾਲ ਹਾਲਤ ’ਚ ਹਨ। ਕ੍ਰਿਗੀਜ਼ ਅਬਾਦੀ ਦਾ ਮੁੱਖ ਪੇਸ਼ਾ ਖੇਤੀ ਸੀ। ਇਹ ਇਲਾਕਾ ਮੱਧ ਏਸ਼ੀਆ ਦਾ ਖੇਤੀ ਪ੍ਰਧਾਨ ਇਲਾਕਾ ਸੀ। ਜਿਸਨੂੰ ਮੱਧ ਏਸ਼ੀਆ ਦਾ ਬ੍ਰੈਡ ਬਾਸਕੇਟ ਕਿਹਾ ਜਾਂਦਾ ਸੀ। ਸੋਵੀਅਤ ਫਾਰਮਾ ਦੇ ਟੁੱਟਣ ਪਿੱਛੋਂ ਜ਼ਮੀਨ ’ਤੇ ਨੇਤਾਵਾਂ ਤੇ ਮੈਨੇਜਰਾਂ ਨੇ ਕਬਜਾ ਕਰ ਲਿਆ ਅਤੇ ਬਹੁਤੀ ਕਿਰਗਿਜ਼ ਅਬਾਦੀ ਖੇਤ ਮਜ਼ਦੂਰ ਬਣ ਗਈ। ਫਾਰਮਾ ਦੇ ਖ਼ਤਮ ਹੋਣ ’ਤੇ ਇਹਨਾਂ ਮਜ਼ਦੂਰਾਂ ਦੀ ਬੇਰੁਜ਼ਗਾਰੀ ਵਧਣ ਲੱਗੀ। ਪਿਛਲੇ ਦੋ ਦਹਾਕਿਆਂ ਵਿੱਚ ਰੁਜ਼ਗਾਰ ਦੀ ਤਲਾਸ਼ ਵਿੱਚ ਵੱਡੀ ਗਿਣਤੀ ’ਚ ਕ੍ਰਿਗਿਜ਼ ਮਜ਼ਦੂਰ ਰੂਸ ਵੱਲ ਚਲੇ ਗਏ। ਉਥੋਂ ਉਹ ਆਪਣੇ ਪ੍ਰੀਵਾਰ ਦਾ ਖਰਚ ਚਲਾਉਣ ਲਈ ਆਰਥਿਕ ਮਦਦ ਭੇਜਦੇ ਰਹੇ। 2008-09 ਦੇ ਆਰਥਿਕ ਸੰਕਟ ਨੇ ਰੂਸ ਨੂੰ ਵੀ ਡੂੰਘਾਈ ਤੱਕ ਪ੍ਰਭਾਵਿਤ ਕੀਤਾ। ਜਿਸ ਦੇ ਕਾਰਨ ਵੱਡੇ ਪੈਮਾਨੇ ’ਤੇ ਮਜ਼ਦੂਰ ਉਥੇ ਬੇਰੁਜ਼ਗਾਰ ਹੋ ਗਏ। ਕ੍ਰਿਗੀਜ਼ ਮਜ਼ਦੂਰ ਬੇਕਾਰੀ ਕਾਰਨ ਵਾਪਸ ਕਿਰਗਿਸਤਾਨ ਆਗਏ। ਜਿਸ ਨਾਲ ਕਿਰਗਿਸਤਾਨ ’ਚ ਬੇਰੁਜ਼ਗਾਰੀ ਗਰੀਬੀ ਤੇਜੀ ਨਾਲ ਵਧ ਗਈ। ਅੱਜ 40 ਫੀਸਦੀ ਕ੍ਰਿਗੀਜ਼ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਹੈ। ਬਹੁਗਿਣਤੀ ਕ੍ਰਿਗੀਜ਼ ਦੀ ਭਿਆਨਕ ਗਰੀਬੀ ਅਤੇ ਉਜਬੇਕਾਂ ਦੇ ਮੁਕਾਬਲੇ ਬੇਹਤਰ ਹਾਲਤ ਨੇ ਜਾਤੀ ਸੰਘਰਸ਼ ਦੇ ਫੁੱਟ ਪੈਣ ਦਾ ਅਧਾਰ ਪੈਦਾ ਕਰ ਦਿੱਤਾ।

ਬਾਕੀਯੇਬ ਹਮਾਇਤੀ ਅਪਰਾਧੀ ਤੱਤਾ ਨੇ ਹਿੰਸਾ ਭੜਕਾਉਂਦੇ ਹੋਇਆ ਉਜਬੇਕ ਤੇ ਕ੍ਰਿਗੀਜ਼ ਦੋਨੋ ਤਰ੍ਹਾਂ ਦੇ ਲੋਕਾਂ ਦੇ ਕਤਲ ਸ਼ੁਰੂ ਕਰਕੇ ਹੌਲੀ-ਹੌਲੀ ਇਹ ਸੰਘਰਸ਼ ਕ੍ਰਿਗੀਜ਼ ਅਬਾਦੀ ਦੇ ਉਜਬੇਕਾਂ ਖਿਲਾਫ਼ ਹਿੰਸਾ ’ਚ ਤਬਦੀਲ ਹੁੰਦਾ ਗਿਆ। ਕ੍ਰਿਗੀਜ਼ ਹਮਲਾਵਰ ਨਾਹਰੇਲਾ ਰਹੇ ਸਨ। ਕਿਰਗਿਸਤਾਨ ਕ੍ਰਿਗੀਆ ਲਈ ਉਜਬੇਕਾਂ ਨੂੰ ਆਪਣੀ ਜਾਨ ਬਚਾਉਣ ਲਈ ਘਰ ਛੱਡ ਕੇ ਭੱਜਣਾ ਪਿਆ। ਉਹਨਾਂ ਦੇ ਮਕਾਨ ਸਾੜ ਦਿੱਤੇ ਗਏ। ਇਸ ਤਰ੍ਹਾਂ ਹਿੰਸਾ ਵਿਕਰਾਲ ਰੂਪ ਧਾਰਨ ਕਰਦੀ ਗਈ। ਫੌਰੀ ਤੌਰ ’ਤੇ ਅਜੇ ਹਿੰਸਾ ਭਾਵੇਂ ਕੁੱਝ ਰੁਕ ਗਈ ਹੈ ਅਤੇ ਉਜਬੇਕ ਉਜਾੜਾ ਰਾਹਤ ਕੈਂਪਾਂ ਤੋਂ ਵਾਪਸ ਆਪਣੇ ਘਰਾਂ ਨੂੰ ਮੁੜਨ ਲੱਗੇ ਹਨ ਪਰ ਕਿਰਗਿਸਤਾਨ ’ਚ ਕੰਮ ਕਰ ਰਹੀਆਂ ਤਰ੍ਹਾਂ ਤਰ੍ਹਾਂ ਦੀਆਂ ਸ਼ਕਤੀਆਂ ਕਦੀ ਵੀ ਇਸ ਨੂੰ ਫਿਰ ਤੋਂ ਖੂਨ ਤੇ ਹਿੰਸਾ ’ਚ ਡਬੋ ਸਕਦੀਆਂ ਹਨ। ਮੌਜੂਦਾ ਨਵੀਂ ਸਰਕਾਰ ਵੀ ਗਰੀਬੀ ਝੱਲ ਰਹੇ ਲੋਕਾਂ ਦੇ ਭਲੇ ਤੋਂ ਵੱਧ ਆਪਣੀ ਸੱਤਾ ’ਤੇ ਧਿਆਨ ਕੇਂਦਰਿਤ ਕਰ ਰਹੀ ਹੈ।

ਕਿਰਗਿਸਤਾਨ ਦੇ ਮੌਜੂਦਾ ਹਾਲਤਾਂ ਲਈ ਸਾਮਰਾਜੀਆਂ ਦੀ ਆਪਸੀ ਖਿਚੋਤਾਣ ਦੋਸ਼ੀ ਹੈ ਜਿਸ ਨੇ ਪੂਰੇ ਦੇਸ਼ ’ਚ ਸੱਤਾ ਸੰਘਰਸ਼, ਜਾਤੀ ਸੰਘਰਸ਼ ਤੇ ਆਰਥਿਕ ਸੰਘਰਸ਼ ਨੂੰ ਪੈਦਾਕਰ ਦਿੱਤਾ ਹੈ। ਭਵਿੱਖ ’ਚ ਕ੍ਰਿਗੀਜ਼ ਲੋਕ ਸਾਮਰਾਜੀਆਂ ਨੂੰ ਖਦੇੜਨ ਦੇ ਨਾਲ ਨਾਲ ਮੌਜੂਦਾ ਦਲਾਲ ਪੂੰਜੀਵਾਦੀ ਸਰਕਾਰ ਨੂੰ ਹਟਾ ਕੇ ਮਜ਼ਦੂਰਾਂ-ਮੇਹਨਤਕਸ਼ਾਂ ਦੀ ਸਰਕਾਰ ਕਾਇਮ ਕਰਕੇ ਹੀ ਇਹਨਾਂ ਚੁਣੌਤੀਆਂ ਨਾਲ ਨਿਪਟ ਕੇ ਸ਼ਾਂਤੀ ਸਥਾਪਤ ਕਰ ਸਕਦੀ ਹੈ।

# ਭਾਰਤ-ਪਾਕਿਸਤਾਨ ਦੀ ਵੰਡ ਲਈ ਜ਼ਿੰਮੇਵਾਰ ਕੌਣ?

ਸੀ. ਐਚ. ਫਿਲਿਪਸ ਵੱਲੋਂ ਉਠਾਏ ਸੁਆਲ ਬਾਰੇ ਸੰਖੇਪ ਚਰਚਾ ਕਰੀਏ। ਇਹ ਸੁਆਲ ਹੈ ਕੀ? ਭਾਰਤੀ ਉਪ-ਮਹਾਂਦੀਪ 'ਚ ਮੁਸਲਿਮਾਂ ਨੂੰ ਕਿਉਂ ਇੱਕ ਰਾਜ ਮਿਲ ਸਕਿਆ ਅਤੇ ਬੰਗਾਲੀ ਵਰਗੀਆਂ ਕੌਮਾਂ ਨੂੰ ਇਹ ਕਿਉਂ ਨਹੀਂ ਮਿਲ ਸਕਿਆ? ਇਹ ਹੈ ਸੁਆਲ।

"ਭਾਰਤ ਨੂੰ ਕਿਸ ਨੇ ਮਾਰ ਸੁੱਟਿਆ?" ਖਵਾਜਾ ਅਹਿਮਦ ਅਬਾਸ ਨੇ ਗੁੱਸੇ ਨਾਲ ਸੁਆਲ ਕੀਤਾ ਸੀ। ਅਬਾਸ ਨੇ ਖੁਦ ਹੀ ਜੁਆਬ ਦਿੱਤਾ ਸੀ, "ਹੈਰਨੀ ਤੇ ਦੁੱਖ ਇਹ ਹੈ ਕਿ ਭਾਰਤ ਨੂੰ ਭਾਰਤ ਦੇ ਬੱਚਿਆਂ ਨੇ ਹੀ ਮਾਰ ਸੁੱਟਿਆ।" ਇਹ ਭਾਰਤ ਦੇ ਬੱਚਿਆਂ ਵਿੱਚੋਂ ਮੁੱਠੀਭਰ ਉਹ ਲੋਕ ਸਨ ਜਿਨ੍ਹਾਂ ਨੇ ਉਸ ਦਾ ਕਤਲ ਕੀਤਾ ਤੇ ਮੁਸ਼ੀਖਲ ਹਸਨ ਨੇ ਕਿਹਾ "ਦੱਖਣੀ ਏਸ਼ੀਆ ਦੇ ਇਤਿਹਾਸ ਵਿੱਚ ਇਸ ਤੋਂ ਪਹਿਲਾਂ ਕਦੀ ਏਨੇ ਥੋੜ੍ਹੇ ਲੋਕਾਂ ਨੇ, ਏਨੇ ਵੱਧ ਲੋਕਾਂ ਨੂੰ, ਏਨੀਂ ਬੇਲੋੜਾ ਨਹੀਂ ਵੰਡਿਆ ਸੀ। ਅਨੇਕਾਂ ਲੋਕਾਂ ਦਾ ਮੰਨਣਾ ਹੈ ਕਿ ਐਮ. ਏ. ਜਿਨਾਹ ਦੀ ਅਗਵਾਈ ਵਾਲੀ ਮੁਸਲਿਮ ਲੀਗ ਭਾਰਤ ਦੀ ਵੰਡ ਲਈ ਜ਼ਿੰਮੇਵਾਰ ਸੀ। ਤੱਥ ਵੱਖਰੇ ਸਿੱਟਿਆਂ ਵੱਲ ਲੈ ਜਾਂਦੇ ਹਨ। ਮਾਈਕਲ ਬਰੇਸ਼ਰ, ਨਹਿਰੂ ਦੇ ਜੀਵਨ ਲੇਖਕ ਨੇ ਲਿਖਿਆ ਹੈ ਕਿ ਨਹਿਰੂ ਸਮੇਤ ਜਿਸ ਨੂੰ ਵੀ ਉਹ ਮਿਲੇ ਸਨ, ਸਭ ਦੀ ਆਮ ਰਾਇ ਇਹ ਸੀ ਕਿ "1946 ਤੱਕ ਅਣਵੰਡਿਆ ਭਾਰਤ ਮੰਨਣਾ ਪਵੇਗਾ ਕਿ ਭਾਰਤ ਦੀ ਵੰਡ ਨਹਿਰੂ, ਪਟੇਲ ਤੇ ਉਨ੍ਹਾਂ ਦੇ ਸਹਿਯੋਗੀਆਂ ਦੀ ਸਵੈ ਇੱਛਾ ਨਾਲ ਕੀਤੀ ਗਈ ਚੋਣ ਸੀ।" ਅਬਦੁਲ ਕਲਾਮ ਆਜ਼ਾਦ ਦਾ ਵੀ ਮੰਨਣਾ ਸੀ ਕਿ "ਪਟੇਲ ਭਾਰਤ ਦੀ ਵੰਡ ਦੀ ਜੜ੍ਹ ਸਨ" ਉਨ੍ਹਾਂ ਨੇ ਕਿਹਾ "ਮੈਨੂੰ ਹੈਰਾਨੀ ਸੀ ਕਿ ਜਿਨਾਹ ਦੀ ਤੁਲਨਾ 'ਚ ਪਟੇਲ ਦੇ ਦੇਸ਼ ਸਿਧਾਂਤ ਦੇ ਬਹੁਤ ਵੱਡੇ ਹਮਾਇਤੀ ਹੋ ਗਏ ਸਨ। ਜਿਨਾਹ ਨੇ ਵੰਡ ਦੇ ਝੰਡੇ ਨੂੰ ਚੁਕਣ ਦਾ ਕੰਮ ਕੀਤਾ ਸੀ ਪਰ ਉਸ ਸਮੇਂ ਇਸ ਦੇ ਅਸਲ ਝੰਡਾ ਬਰਦਾਰ ਤਾਂ ਪਟੇਲ ਹੋ ਗਏ ਸਨ।" ਉਨ੍ਹਾਂ ਨੇ ਵੰਡ ਲਈ ਨਹਿਰੂ ਨੂੰ ਵੀ ਦੋਸ਼ੀ ਮੰਨਿਆ ਗਾਂਧੀ, ਨਹਿਰੂ, ਪਟੇਲ ਤੇ ਉਨ੍ਹਾਂ ਦੇ ਗੂੜੇ ਸਹਿਯੋਗੀ ਇਸ ਲਈ ਸਾਂਝੇ ਤੌਰ 'ਤੇ ਜ਼ੁੰਮੇਵਾਰ ਸਨ। ਫਰੈਂਕ ਮੋਰਿਸ ਅਨੁਸਾਰ, "ਜਿਨਾਹ ਨਾਲ ਮੇਰੀ ਕਈ ਵਾਰੀ ਕੀਤੀ ਗੱਲਬਾਤ ਤੇ ਬਹਿਸ ਹੋਈ ਤਾਂ ਮੇਰਾ ਪੂਰਾ ਵਿਸ਼ਵਾਸ ਹੈ ਕਿ ਉਹ ਅਸਲ 'ਚ ਪਾਕਿਸਤਾਨ ਨਹੀਂ ਚਾਹੁੰਦੇ ਸਨ ਪਰ ਘਟਨਾਵਾਂ ਦੇ ਤਰਕ ਤੇ ਕਾਂਗਰਸੀ ਨੇਤਾਵਾਂ ਦੀ ਜ਼ਿਦ ਨੇ ਅਖੀਰ ਉਨ੍ਹਾਂ ਨੂੰ ਇਸ ਨੂੰ ਅਪਣਾਉਣ ਵੱਲ ਧੱਕ ਦਿੱਤਾ।" ਸੰਖੇਪ 'ਚ ਬ੍ਰਿਟਿਸ਼ ਸਾਮਰਾਜ, ਕਾਂਗਰਸ ਤੇ ਲੀਗ ਵਿਚਾਲੇ ਸਮਝੌਤੇ ਦੌਰਾਨ ਜਦ ਭਾਰਤ ਦੀ ਭਵਿੱਖ ਦੀ ਰਾਜਸੀ ਪ੍ਰਣਾਲੀ ਸਬੰਧੀ ਕਾਂਗਰਸ ਦੀ ਲੀਗ ਵਿਚਾਲੇ ਕੋਈ ਸਹਿਮਤੀ ਨਹੀਂ ਬਣ ਸਕੀ ਤਾਂ 1946 'ਚ ਕੈਬਨਿਟ ਪ੍ਰਤੀਨਿਧੀ ਮੰਡਲ ਤੇ ਵਾਇਸਰਾਏ ਵੈਬੇਲ ਨੇ 16 ਮਈ ਨੂੰ ਆਪਣੀ ਯੋਜਨਾ ਪੇਸ਼ ਕੀਤੀ ਜਿਸ ਨੂੰ ਕੈਬਨਿਟ ਮਿਸ਼ਨ ਯੋਜਨਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਨੇ ਲੀਗ ਦੀ ਵੱਖਰੇ ਪਾਕਿਸਤਾਨ ਦੀ ਮੰਗ ਨੂੰ ਰੱਦ ਕਰ ਦਿੱਤਾ ਤੇ ਤਰਕ ਦਿੱਤਾ ਕਿ, "ਪੰਜਾਬ ਤੇ ਬੰਗਾਲ ਦੀ ਵੰਡ ਜੋ ਇਸ ਮੰਗ ਦੇ ਨਾਲ ਹੋਵੇਗੀ ਹੀ, ਇਨ੍ਹਾਂ ਸੂਬਿਆਂ 'ਚ ਰਹਿਣ ਵਾਲੀ ਭਾਰੀ ਆਬਾਦੀ ਦੀਆਂ ਆਸਾਂ ਉਮੰਗਾਂ ਤੇ

ਹਿੱਤਾਂ ਦੇ ਮਾਨ-ਸਨਮਾਨ ਤੇ ਲੱਗਭੱਗ ਇਤਿਹਾਸ ਤੇ ਪਰੰਪਰਾ ਹੈ।" ਇਸ ਤੋਂ ਇਲਾਵਾ ਪੰਜਾਬ ਦੀ ਵੰਡ ਸਿੱਖਾਂ ਦੇ ਹਿੱਤ ਲਈ ਨੁਕਸਾਨਦੇਹ ਹੈ। ਇਹ ਸਿੱਖ ਸਮੁੱਚੇ ਸੂਬੇ 'ਚ ਮੌਜੂਦ ਹਨ। ਕੈਬਨਿਟ ਮਿਸ਼ਨ ਪਲਾਨ ਨੇ ਇਕੱਠੇ ਭਾਰਤ ਲਈ ਇੱਕ ਰੂਪ ਰੇਖਾ ਬਣਾਈ। ਪਲਾਨ ਨੇ "ਬ੍ਰਿਟਿਸ਼ ਭਾਰਤ" ਅਤੇ ਦੇਸ਼ੀ ਰਜਵਾੜਿਆਂ ਨਾਲ ਮਿਲਕੇ ਬਣੇ ਭਾਰਤ ਲਈ ਤਿੰਨ ਪੜ੍ਹਾਵਾਂ ਦੀ ਵਿਵਸਥਾ ਨੂੰ ਸੁਝਾਇਆ। ਇਸ 'ਚ ਇੱਕ ਸੰਘ ਕੇਂਦਰ ਸੀ ਜੋ ਵਿਦੇਸ਼ੀ ਮਾਮਲੇ, ਰੱਖਿਆ ਤੇ ਸੰਚਾਰ ਦੇ ਨਾਲ ਜ਼ਰੂਰੀ ਪੂੰਜੀ ਦਾ ਇੰਤਜ਼ਾਮ ਕਾਲ ਤੇ ਕਾਰਜਕਾਰੀ ਤੇ ਵਿਧਾਇਕਾ ਦੀਆਂ ਸ਼ਕਤੀਆਂ ਨਾਲ ਭਰਪੂਰ ਤਾਕਤ ਰੱਖਦੀ ਹੋਵੇ, ਦੂਜੇ ਸੂਬਿਆਂ ਦੇ ਤਿੰਨ ਗਰੁੱਪ (ਜਾਂ ਉਪ ਸੰਸਥਾ) ਆਪਣੀ ਕਾਰਜ ਪ੍ਰਣਾਲੀ ਤੇ ਵਿਧਾਇਕਾ ਦੇ ਨਾਲ ਹੋਣ, ਇਸ 'ਚ ਇੱਕ 'ਚ ਸਭ ਹਿੰਦੂ ਬਹੁਗਿਣਤੀ ਵਾਲੇ ਸੂਬੇ ਹੋਣ, ਦੂਜੇ 'ਚ ਪੰਜਾਬ, ਸਿੰਧ, ਉਤਰ ਪੱਛਮੀ ਪ੍ਰਾਂਤ ਤੇ ਬਲੋਚਿਸਤਾਨ ਹੋਣ ਅਤੇ ਤੀਜੇ 'ਚ ਬੰਗਾਲ ਤੇ ਅਸਾਮ ਹੋਣ। ਸੂਬਿਆਂ ਕੋਲ ਕੇਂਦਰ ਦੇ ਵਿਸ਼ਿਆਂ ਤੋਂ ਇਲਾਵਾ ਸਭ ਮਾਮਲਿਆਂ ਦੇ ਅਧਿਕਾਰ ਹੋਣ। ਦੇਸੀ ਰਾਜ ਤੋਂ ਬ੍ਰਿਟਿਸ਼ ਕੰਟਰੋਲ ਖਤਰਾ ਹੋ ਜਾਵੇਗਾ ਅਤੇ ਤਦ ਉਨ੍ਹਾਂ ਦੇ ਅਤੇ ਬਾਕੀ ਭਾਰਤ ਵਿਚਕਾਰ ਭਾਰਤੀ ਸੰਘ 'ਚ ਸ਼ਾਮਲ ਹੋਣ ਲਈ ਸਮਝੌਤਾ ਕਰੇਗੀ। ਸੂਬਿਆਂ ਦੇ ਤਿੰਨ ਗਰੁੱਪਾਂ ਨੂੰ ਜੋ ਆਪਣੇ ਗਰੁੱਪ 'ਚ ਸ਼ਾਮਲ ਸੂਬਿਆਂ ਲਈ ਸੰਵਿਧਾਨ ਬਣਾਉਣਗੇ ਤੇ ਉਹ ਇਹ ਫੈਸਲਾ ਕਰਨਗੇ ਕਿ ਕੀ ਉਹ ਗਰੁੱਪ ਸੰਵਿਧਾਨ ਚਾਹੁੰਦੇ ਹਨ। ਨਵੇਂ ਸੰਵਿਧਾਨ ਦੇ ਤਹਿਤ ਹੋਣ ਵਾਲੀਆਂ ਪਹਿਲੀਆਂ ਆਮ ਚੋਣਾਂ ਪਿੱਛੋਂ ਕੋਈ ਵੀ ਸੂਬਾ ਆਪਣੇ ਖਾਸ ਗਰੁੱਪ ਤੋਂ ਬਾਹਰ ਜਾਣ ਲਈ ਅਜ਼ਾਦ ਹੋਵੇਗਾ। ਸੂਬਿਆਂ ਦੀ ਇਸ ਗਰੁੱਪਿੰਗ ਦੇ ਨਾਲ ਅਣਵੰਡੇ ਭਾਰਤ ਲਈ ਮੁਸਲਿਮ ਲੀਗ ਸਹਿਮਤ ਸੀ। ਕਾਂਗਰਸ ਦੀ ਵਰਕਿੰਗ ਕਮੇਟੀ ਨੇ ਗਰੁੱਪ ਪ੍ਰਣਾਲੀ ਦਾ ਵਿਰੋਧ ਕੀਤਾ। ਇਸ ਤਰ੍ਹਾਂ ਇਕੱਠੇ ਭਾਰਤ ਦੀ ਯੋਜਨਾ ਢਹਿ ਢੇਰੀ ਹੋ ਗਈ। ਕਾਂਗਰਸ ਦਾ ਅਸਲ ਵਿਰੋਧ ਅਸਾਮ ਤੇ ਉਤਰ ਪੱਛਮੀ ਸੂਬੇ ਦੀ ਸੂਬਾਈ ਖੁਦ-ਮੁਖਤਿਆਰੀ ਨੂੰ ਲੈ ਕੇ ਨਹੀਂ ਸੀ-ਉਨ੍ਹਾਂ ਦੀ ਨੀਤੀ ਤਾਂ ਕੈਬਨਿਟ ਮਿਸ਼ਨ ਪਲਾਨ ਦੇ ਸਾਰਤੱਤ ਦੀ ਬੁਨਿਆਦੀ ਤੌਰ 'ਤੇ ਵਿਰੋਧੀ ਸੀ। ਇਹ ਸਾਰ ਤੱਤ ਸੀ ਸਤਾ ਦਾ ਵਿਕੇਂਦਰੀਕਰਨ ਤੇ ਕੰਮਜ਼ੋਰ ਕੇਂਦਰ। ਕਾਂਗਰਸ ਦੀ ਲੀਡਰਸ਼ਿਪ ਉਤਰ ਪੱਛਮ ਤੇ ਪੂਰਬ ਦੇ ਕੁੱਝ ਹਿੱਸਿਆਂ ਨੂੰ ਛੱਡ ਸਕਦੀ ਸੀ ਪਰ ਇਹ ਮਜ਼ਬੂਤ ਕੇਂਦਰ ਦੇ ਮੁੱਦੇ 'ਤੇ ਕੋਈ ਸਮਝੌਤਾ ਕਰਨ ਲਈ ਇਛੁੱਕ ਨਹੀਂ ਸੀ। ਇਸ ਤਰ੍ਹਾਂ ਕੈਬਨਿਟ ਮਿਸ਼ਨ ਪਲਾਨ ਨੂੰ ਇਸ ਨੇ ਦਫ਼ਨਾ ਦਿੱਤਾ ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਿਆ ਹੈ ਕਿ ਕਾਂਗਰਸ (ਤੇ ਜਨਤਾ) ਨੂੰ ਇਕੱਠੇ ਭਾਰਤ ਲਈ ਦੂਜਾ ਮੌਕਾ ਮਿਲਿਆ। ਮਾਊਂਟਬੇਟਨ ਨੇ 23 ਮਾਰਚ 1947 ਨੂੰ ਵਾਇਸਰਾਏ ਵਜੋਂ ਅਹੁਦਾ ਸੰਭਾਲਣ ਪਿੱਛੋਂ ਇਹ ਮਹਿਸੂਸ ਕਰ ਲਿਆ ਗਿਆ ਕਿ ਕੈਬਨਿਟ ਮਿਸ਼ਨ ਪਲਾਨ ਨੂੰ ਬਹਾਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਗਰੁੱਪਿੰਗ ਪ੍ਰਣਾਲੀ ਪ੍ਰਤੀ ਕਾਂਗਰਸ ਤੇ ਲੀਗ ਵਿਚਾਲੇ ਮਤਭੇਦਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਵਾਇਸਰਾਏ ਤੇ ਉਨ੍ਹਾਂ ਦੇ ਸਟਾਫ਼ ਨੇ ਇੱਕ ਯੋਜਨਾ ਬਣਾਈ ਜਿਸ 'ਚ ਸੂਬਿਆਂ ਦੇ ਨੁਮਾਇੰਦਿਆਂ (ਉਤਰ ਪੱਛਮੀ ਸਰਹੱਦੀ ਸੂਬੇ ਨੂੰ ਨਵੀਆਂ ਚੋਣਾਂ ਪਿੱਛੋਂ) ਅਤੇ ਪੰਜਾਬ ਤੇ ਬੰਗਾਲ ਦੀ ਮੁਸਲਿਮ ਬਹੁਗਿਣਤੀ ਤੇ ਗੈਰ ਮੁਸਲਿਮ ਬਹੁਗਿਣਤੀ ਵਾਲੇ ਖੇਤਰਾਂ ਨੂੰ ਇਹ ਫੈਸਲਾ ਕਰਨ ਦਾ ਅਧਿਕਾਰ ਦਿੱਤਾ ਗਿਆ ਕਿ ਉਹ ਮੌਜੂਦਾ ਸੰਵਿਧਾਨ ਸਭਾ (ਜਿਸ 'ਚ ਕਾਂਗਰਸ ਭਾਰੂ ਸੀ) 'ਚ ਸ਼ਾਮਲ ਹੋਣ ਜਾਂ ਵੱਧ ਸੰਵਿਧਾਨ

ਸਭਾਵਾਂ 'ਚ ਮਿਲਕੇ ਗਰੁੱਪ ਬਣਾਉਣ ਜਾਂ ਅਜ਼ਾਦ ਹੋ ਕੇ ਖੜਨ ਅਤੇ ਖੁਦ ਆਪਣੀ ਸੰਵਿਧਾਨ ਸਭਾ ਵਜੋਂ ਕੰਮ ਕਰਨ। ਇਸ ਪਲਾਨ ਦੀਆਂ ਮੁੱਖ ਵਿਸ਼ੇਸ਼ਤਾਵਾਂ 'ਚ ਸੀ। ਕੈਬਨਿਟ ਮਿਸ਼ਨ ਪਲਾਨ ਦੇ ਇਸ ਲੱਛਦਣ ਬਾਰੇ ਕਾਂਗਰਸ ਦੇ ਇੰਤਰਾਜ਼ਾਂ ਤੋਂ ਬਚਣ ਲਈ ਅੜਿਕੇ ਵਾਲੀ ਗਰੁੱਪਿੰਗ ਨੂੰ ਰੱਦ ਕਰ ਦਿੱਤਾ ਗਿਆ। ਸੂਬਿਆਂ ਨੂੰ ਆਪਣੀ ਕਿਸਮਤ ਦਾ ਫੈਸਲਾ ਆਪ ਕਰਨ ਦੇ ਅਧਿਕਾਰ ਨੂੰ ਮਾਨਤਾ ਦਿੱਤੀ ਗਈ। ਬੰਗਾਲ ਤੇ ਪੰਜਾਬ ਨੂੰ ਇਹ ਫੈਸਲਾ ਲੈਣ ਦੀ ਇਜ਼ਾਜਤ ਦਿੱਤੀ ਗਈ ਕਿ ਉਹ ਆਪਣਾ ਏਕਾ ਬਰਕਰਾਰ ਰੱਖਦਿਆਂ ਅਣਵੰਡੇ ਬਣੇ ਰਹਿਣ ਅਤੇ ਬਾਕੀ ਭਾਰਤ ਨਾਲ ਆਪਣੇ ਸਬੰਧ ਤਹਿ ਕਰਨ ਲਈ ਅਜ਼ਾਦ ਹੋਣ।

ਇਸ ਪਲਾਨ 'ਚ ਇਹ ਵੀ ਧਿਆਨ ਰੱਖਿਆ ਗਿਅ ਸੀ ਕਿ "ਸੰਵਿਧਾਨ ਸਭਾਵਾਂ ਜੇ ਇੱਕ ਤੋਂ ਵੱਧ ਹੋਣ ਆਪਣੇ ਦਰਮਿਆਨ ਸਾਂਝੇ ਸਰੋਕਾਰ ਦੇ ਮੁੱਦੇ 'ਤੇ ਖਾਸ ਕਰਕੇ ਰੱਖਿਆ ਬਾਰੇ ਤੇ ਇਨ੍ਹਾਂ ਮਾਮਲਿਆਂ ਬਾਰੇ ਸਹਿਮਤੀ ਲਈ ਸਮਝੌਤਾ ਗੱਲਬਾਤ ਖਾਤਰ ਆਪਣੇ ਦਰਮਿਆਨ ਸਾਂਝੇ ਵਿਚਾਰ ਵਟਾਂਦਰੇ ਲਈ ਕਾਂਗਰਸ ਵੱਲੋਂ ਜੇ ਮੰਨ ਲਿਆ ਜਾਂਦਾ ਤਾਂ 1947 ਤੇ ਪਿੱਛੋਂ ਸਮੁੱਚੇ ਭਾਰਤ 'ਚ ਹੋਣ ਵਾਲੇ ਵਿਆਪਕ ਹੱਤਿਆ ਕਾਂਡ ਨੂੰ ਰੋਕਿਆ ਜਾ ਸਕਦਾ ਸੀ, ਪਰ ਕਾਂਗਰਸ ਦੇ ਨੇਤਾਵਾਂ ਲਈ ਕਰੋੜਾਂ ਆਮ ਭਾਰਤੀਆਂ ਦੀ ਜ਼ਿੰਦਗੀ ਬੇਹੱਦ ਸਸਤੀ ਸੀ। ਇਹ ਉਹੀ ਕਾਂਗਰਸ ਦੇ ਨੇਤਾ ਸਨ ਜੋ ਆਪਣੇ ਆਪ ਨੂੰ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦਾ ਨੇਤਾ ਐਲਾਨਦੇ ਸਨ। ਐਸੋਸੀਏਟਿਡ ਪ੍ਰੈਸ ਆਫ਼ ਅਮਰੀਕਾ ਦੇ ਨਾਲ ਇੱਕ ਇੰਟਰਵਿਊ 'ਚ ਪਟੇਲ ਨੇ ਦੋ ਵਿਕੱਲਪ ਪੇਸ਼ ਕੀਤੇ। ਕੇਂਦਰ ਸਰਕਾਰ ਕੋਲ "ਜੈਸਾ ਕਿ ਇਸ ਸਮੇਂ ਹੈ" ("ਅੰਤਰਿਮ ਸਰਕਾਰ" ਕਾਂਗਰਸੀ ਨੁਮਾਇੰਦਿਆਂ ਵੱਲੋਂ 1946 'ਚ ਗਠਿਤ ਜੋ 'ਚ ਪਿੱਛੋਂ ਮੁਸਲਿਮ ਲੀਗ ਦੇ ਨੁਮਾਇੰਦੇ ਸ਼ਾਮਲ ਹੋਏ ਸਨ ਅਤੇ ਜਿਸ 'ਚ ਕਾਂਗਰਸ ਨੂੰ ਬਹੁਮਤ ਦੀ ਹਮਾਇਤ ਹਾਸਲ ਸੀ) ਸਭ ਸ਼ਕਤੀਆਂ ਤਬਦੀਲ ਕਰ ਦਿੱਤੀਆਂ ਜਾਣ ਇਹ ਡੋਮੀਨੀਅਨ ਸਰਕਾਰ ਦੇ ਬਤੌਰ ਕੰਮ ਕਰੇ ਅਤੇ "ਵਾਇਸਰਾਏ ਇਸ ਤੋਂ ਬਾਹਰ ਹੋਵੇ"। ਜੇ ਕਿਸੇ ਸੁਆਲ 'ਤੇ ਝਮੇਲਾ ਹੁੰਦਾ ਹੈ ਤਾਂ ਬਹੁਮਤ ਹੀ ਚੱਲੇ।" ਦੂਜਾ ਬਦਲ ਇਹ ਹੈ ਕਿ ਸਤਾ ਦੋ ਸੰਵਿਧਾਨ ਸਭਾਵਾਂ ਨੂੰ ਤਬਦੀਲ ਕਰ ਦਿੱਤੀ ਜਾਵੇ। ਇੱਕ ਮੌਜੂਦਾ ਸੰਵਿਧਾਨ ਸਭਾ (ਲੀਗ ਮੈਂਬਰ ਨੇ ਇਸ ਦਾ ਬਾਈਕਾਟ ਕੀਤਾ ਹੈ) ਅਤੇ ਦੂਸਰੀ ਪਹਿਲਾਂ ਹੀ ਚੁਣੇ ਜਾ ਸਕੇ ਮੁਸਲਿਮ ਲੀਗ ਮੈਂਬਰਾਂ ਨਾਲ ਮਿਲ ਕੇ ਬਣੀ ਹੋਵੇ ਪਟੇਲ ਨੇ ਪੁਸ਼ਟੀ ਕੀਤੀ ਕਿ "ਕਾਂਗਰਸ ਮਜ਼ਬੂਤ ਕੇਂਦਰ ਚਾਹੁੰਦੀ ਹੈ" ਇਸ ਲਈ ਇਹ ਹੈ ਜਾਂ ਤਾਂ ਕਾਂਗਰਸ ਹਕੂਮਤ ਜਾਂ ਫਿਰਕੂ ਅਧਾਰ 'ਤੇ ਵਟਵਾਰਾ (ਵੰਡ)। ਇਸ ਯੋਜਨਾ ਨੂੰ ਮਾਉਂਟਬੇਟਨ ਅਤੇ ਉਸ ਦੇ ਬ੍ਰਿਟਿਸ਼ ਸਟਾਫ਼ ਵੱਲੋ ਬਣਾਇਅ ਗਿਆ ਜਿਸ 'ਚ ਨਹਿਰੂ ਦੀ ਸੂਬਾਈ ਖੁਦ ਮੁਖਤਿਆਰੀ (ਜੋ ਅਸਲ ਦੀ ਬਜਾਏ ਵੱਧ ਪਾਖੰਡਪੂਰਨ ਸੀ) ਦੀ ਚੀਪ ਪੁਕਾਰ ਨੂੰ ਪੂਰਾ ਜਾਂ ਸੰਤੁਸ਼ਟ ਕੀਤਾ ਗਿਆ। ਇਸ ਲਈ ਨਹਿਰੂ ਨੇ ਇੱਕ ਦੂਜੀ ਗੱਲ ਕਹੀ: ਜੇ ਇਸ ਯੋਜਨਾ ਨੂੰ ਲਾਗੂ ਕੀਤਾ ਗਿਆ ਤਾਂ ਇਹ ਭਾਰਤ ਨੂੰ ਬਾਲਕਨੀਕਰਣ ਵੱਲ ਲੈ ਜਾਵੇਗੀ। ਸਤ੍ਹਾ ਤੇ ਅਜ਼ਾਰੇਦਾਰੀ, ਸਤਾ ਤੇ ਹਾਸਲ ਕਰਨ ਲਈ। (ਨਿਸ਼ਚੇ ਹੀ ਬ੍ਰਿਟਿਸ਼ ਛਤਰ ਛਾਇਆ ਹੇਠਾਂ) ਕਾਂਗਰਸ ਨੇਤਾਵਾਂ ਨੇ ਇਸ ਯੋਜਨਾ ਦਾ ਵਿਰੋਧ ਕੀਤਾ ਕਿ ਸੂਬਾ ਸ਼ੁਰੂਆਤੀ ਦੌਰ 'ਚ ਉਤਰਧਿਕਾਰੀ ਰਾਜ ਹੋਣਗੇ ਅਤੇ ਕਿ ਕੇਂਦਰੀ ਸਤਾ ਜਾਂ ਹਕੂਮਤਾਂ ਸੂਬਿਆਂ ਦੀ ਸਵੈ ਇੱਛਾ ਇੱਕ ਵੇਲੇ ਉਭਰ ਕੇ ਆਵੇਗੀ। ਉਨ੍ਹਾਂ ਦਾ ਸਮਝੌਤਾ

ਕਿਸੇ ਕੇਂਦਰੀ ਸਤਾ ਨੂੰ ਕੁਝ ਹਕੂਮਤ ਦੇਵੇਗਾ। ਇਹ ਅਸਲੀ ਸੰਘਵਾਦ ਦਾ ਸਾਰ ਤੱਤ ਸੀ। ਹਰੇਕ ਪ੍ਰਾਂਤ (ਜਾਂ ਆਧਰਾ, ਤਾਮਿਲਨਾਡੂ, ਬੰਗਾਲ, ਮਹਾਂਰਾਸ਼ਟਰ ਆਦਿ ਵਰਗੇ ਕੌਮੀ ਖੇਤਰ) ਆਜ਼ਾਦ ਰਾਜ ਬਣਨ ਲਈ ਲੋੜੀਂਦੇ ਵੱਡੇ ਹਨ। ਇਨ੍ਹਾਂ 'ਚੋਂ ਕੋਈ ਯੂਰਪ ਦੇ ਬਹੁਤ ਰਾਜਾਂ ਤੋਂ ਵੱਧ ਵੱਡੇ ਤੇ ਵੱਧ ਆਬਾਦੀ ਵਾਲੇ ਹਨ। ਸੰਘੀ ਸਿਧਾਂਤ ਨੂੰ ਮੰਨਣ ਦੀ ਬਜਾਏ, ਜਿਸ ਦੀਆਂ ਕਾਂਗਰਸੀ ਨੇਤਾ ਅਕਸਰ ਜੁਬਾਨੀ ਗੱਲਾਂ ਕਰਦੇ ਸਨ, ਉਨ੍ਹਾਂ ਨੂੰ ਪ੍ਰਾਂਤ ਦੀ ਚੋਣ ਕਰਨ ਦੇ ਅਧਿਕਾਰ ਨੂੰ ਮਾਰ ਦਿੱਤਾ ਤੇ ਕੇਂਦਰੀਕ੍ਰਿਤ ਉਸ ਵੱਲੋਂ ਚਲਾਏ ਜਾਂਦੇ ਬੇਰਹਿਮ ਰਾਜ ਦੇ ਨਾਲ ਅਣਵੰਡਿਆ ਭਾਰਤ 'ਤੇ ਜ਼ੋਰ ਦਿੱਤਾ ਗਿਆ ਜਾਂ ਜੇ ਉਹ ਸੰਭਾਵਨਾ ਹੋਵੇ ਤਾਂ ਉਹ ਭਾਰਤ ਦੀ ਨਕਲੀ ਧਾਰਮਿਕ ਅਧਾਰ 'ਤੇ ਵੰਡ ਕਰਨ ਨੂੰ ਤਿਆਰ ਸਨ, ਜਿਸ 'ਚ ਖੇਤਰੀ ਦੇਸ਼ ਜਾਂ ਉਸ ਦੇ ਹਿੱਸੇ ਹਿੰਦੁਸਤਾਨ ਜਾਂ ਪਾਕਿਸਤਾਨ ਵਿੱਚੋਂ ਕਿਸੇ ਦੇ ਨਾਲ ਸ਼ਾਮਲ ਹੋਣ ਲਈ ਮਜ਼ਬੂਰ ਸਨ। ਇਸ ਨਾਲ ਕਰੋੜਾਂ ਲੋਕਾਂ ਨੂੰ ਹੋਣ ਵਾਲੀਆਂ ਮੁਸ਼ਕਲਾਂ ਭਾਰਤੀ ਵੱਡੇ ਸ਼ਰਮਾਏਦਾਰਾਂ ਲਈ ਕੋਈ ਮਾਅਨੇ ਨਹੀਂ ਰੱਖਦੀਆਂ। ਸ਼ਰਮਾਏਦਾਰਾਂ ਵੱਲੋਂ ਲੁੱਟੇ ਮੁਨਾਫ਼ੇ ਦੇ ਮੁਕਾਬਲਤਨ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਸੀ। ਮੁਸਲਿਮ ਲੀਗ ਵੱਲੋਂ ਭਰਮ ਅਧਾਰਤ ਭਾਰਤ ਦੀ ਵੰਡ ਤੋਂ ਕਾਫ਼ੀ ਸਮਾਂ ਪਹਿਲਾਂ ਜੀ ਡੀ ਬਿਰਲਾ ਨੇ ਇਸ ਦੀ ਹਮਾਇਤ ਕੀਤੀ ਸੀ।

# ਸ਼ਿਵਾ ਜੀ ਮਹਾਰਾਜ ਬਨਾਮ ਇਤਿਹਾਸਕ ਪੱਖ

ਸ਼ਿਵਾ ਜੀ ਪ੍ਰਗਤੀਸ਼ੀਲ ਤੇ ਅਗਾਂਹ ਵਧੂ ਸਨ, ਮੰਦਰਾਂ 'ਚ ਬੈਠਣ ਨਾਲ ਮੁਕਤੀ ਹਾਸਲ ਨਹੀਂ ਹੁੰਦੀ। ਦਸ ਦਿਨ ਤੱਕ ਨੰਗੇ ਪੈਰ ਚੱਲਣ ਨਾਲ ਸਫਲਤਾ ਨਹੀਂ ਮਿਲਦੀ। ਨੰਗੇ ਪੈਰ ਚਲਣ ਨਾਲ ਪੈਰਾਂ 'ਚ ਕੰਡੇ ਚੁਬਦੇ ਹਨ। ਪੱਥਰਾਂ ਨਾਲ ਪੈਰਾਂ 'ਚ ਜ਼ਖਮ ਹੁੰਦੇ ਹਨ, ਪੈਰਾਂ 'ਚ ਤਕਲੀਫ ਸ਼ੁਰੂ ਹੁੰਦੀ ਹੈ। ਉਸ ਦਾ ਗਲਤ ਅਸਰ ਅੱਖਾਂ 'ਤੇ ਪੈਂਦਾ ਹੈ। ਸਰੀਰ 'ਚ ਪੀੜ ਹੁੰਦੀ ਹੈ। ਸਰੀਰ ਨੂੰ ਕਸ਼ਟ ਦੇਣਾ ਪਾਪ ਹੈ। ਜੇ ਸਰੀਰ ਸਿਹਤਮੰਦ ਹੋਵੇਗਾ ਤਾਂ ਹੀ ਮਨੁੱਖ ਅੱਛੀ ਤਰ੍ਹਾਂ ਨਾਲ ਕੰਮ ਕਰ ਸਕਦਾ ਹੈ। ਸਰੀਰ ਨੂੰ ਕਸ਼ਟ ਦੇਣਾ ਮੂਰਖਤਾ ਹੈ। ਬਦਨ 'ਚ ਭਗਵਾਨ ਆਉਣ ਨਾਲ ਸਫਲਤਾ ਨਹੀਂ ਮਿਲਦੀ। ਸਫਲਤਾ ਹਾਸਲ ਕਰਨ ਲਈ ਰਾਤ ਦਿਨ ਕੋਸ਼ਿਸ਼ ਕਰਨੀ ਪੈਂਦੀ ਹੈ। ਸਖਤ ਮੇਹਨਤ ਕਰਨੀ ਪੈਂਦੀ ਹੈ। ਸਾਲ ਭਰ ਸਰਸਵਤੀ ਦੀ ਪੂਜਾ ਕਰਨ 'ਤੇ ਵੀ ਬੋਰਡ ਦੇ ਇਮਤਿਹਾਨ ਦੇਣ ਲਈ ਸਰਸਵਤੀ ਆਉਣ ਵਾਲੀ ਨਹੀਂ ਹੈ। ਬਹੁਜਨਾ ਲਈ ਸਵਿੱਤਰੀ ਬਾਈ ਫੂਲੇ ਨੇ ਸਕੂਲ ਸ਼ੁਰੂ ਕੀਤੇ। ਸਰਸਵਤੀ ਦਾ ਸਿੱਖਿਆ ਨਾਲ ਕੋਈ ਸਬੰਧ ਨਹੀਂ ਹੈ। ਇਸ ਲਈ ਸਰਸਵਤੀ ਦੀ ਬਜਾਏ ਸਵਿੱਤਰੀ ਬਾਈ ਫੂਲੇ ਦੀ ਪੂਜਾ ਹੋਣੀ ਚਾਹੀਦੀ ਹੈ। ਸੰਸਾਰ ਬੈਂਕ 'ਚ ਕਦੀ ਵੀ ਮਹਾਂਲਛਮੀ ਦੀ ਪੂਜਾ ਨਹੀਂ ਹੁੰਦੀ ਫਿਰ ਵੀ ਸੰਸਾਰ ਬੈਂਕ ਪੂਰੀ ਦੁਨੀਆਂ ਨੂੰ ਕਰਜਾ ਦਿੰਦਾ ਹੈ। ਅਸੀਂ ਹਰ ਸਾਲ ਮਹਾਂਲੱਛਮੀ ਦੀ ਪੂਜਾ ਕਰਦੇ ਹਾਂ ਫਿਰ ਵੀ ਸਾਡਾ ਦੇਸ਼ ਕਰਜੇ ਦੇ ਬੋਝ ਹੇਠ ਕਿਉਂ ਡੁੱਬਿਆ ਹੋਇਆ ਹੈ? ਜਪਾਨ 'ਚ ਨੌਕਰਾਨੀ ਦਾ ਕੰਮ ਕਰਨ ਵਾਲੀ ਔਰਤ ਈਸ਼ਵਰ ਪੂਜਾ, ਸੱਤਿਆ ਨਰਾਇਣ ਨਹੀਂ ਕਰਦੀ। ਫਿਰ ਵੀ ਉਹ ਕਾਰਾਂ 'ਚ ਘੁੰਮਦੀ ਹੈ। ਉਹੋ ਜਿਹੀ ਕਾਰ ਸਾਡੇ ਦੇਸ਼ ਦਾ ਮੰਤਰੀਆਂ ਨੂੰ ਵੀ ਨਸੀਬ ਨਹੀਂ ਹੁੰਦੀ। ਉਸ ਦੇ ਲਈ ਖੁਦ ਨੂੰ ਹੀ ਕੋਸ਼ਿਸ਼ ਕਰਨੀ ਪੈਂਦੀ ਹੈ। ਪੜ੍ਹਾਈ ਕਰਨ ਦੀ ਬਜਾਏ ਗਣਪਤੀ ਦੀ ਪੂਜਾ ਕਰਦੇ ਰਹਿਣ ਨਾਲ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ। ਉਸ ਦੇ ਨਾਲ ਖੁਦ ਨੂੰ ਕੋਸ਼ਿਸ਼ ਕਰਨੀ ਪੈਂਦੀ ਹੈ। ਸ਼ਿਵਾ ਜੀ ਮਹਾਰਾਜ ਨੇ ਇਹ ਗੱਲਾਂ ਅੱਛੀ ਤਰ੍ਹਾਂ ਪਹਿਚਾਣੀਆਂ ਸਨ। ਇਸ ਲਈ ਉਹਨਾਂ ਨੂੰ ਸਫਲਤਾ ਮਿਲੀ। ਸ਼ਿਵਾ ਜੀ ਮਹਾਰਾਜ ਜੇ ਘੰਟਿਆਂ ਤੱਕ ਮੰਦਰਾਂ 'ਚ ਬੈਠਕੇ ਅਰਾਧਨਾ ਕਰਦੇ ਰਹਿੰਦੇ ਤਾਂ ਸਵਰਾਜ ਦੀ ਸਥਾਪਨਾ ਨਹੀਂ ਸੀ ਹੁੰਦੀ। ਮਹਾਰਾਜ ਮਿਹਨਤੀ ਤੇ ਹਿੰਮਤੀ ਸਨ, ਕੋਸ਼ਿਸ਼ ਕਰਦੇ ਰਹਿੰਦੇ ਸਨ। ਜਿਹਨਾਂ ਦੇ ਦਿਮਾਗ, ਤਨ, ਮਨ ਤੇ ਡੌਲਿਆਂ 'ਚ ਦਮ ਹੁੰਦਾ ਹੈ, ਉਹ ਲੋਕ ਭਗਵਾਨ ਦਾ ਅਧਾਰ ਨਹੀਂ ਹੁੰਦੇ। ਜੋ ਡਰਪੋਕ, ਦੁਰਬਲ ਹੁੰਦੇ ਹਨ, ਉਹੀ ਲੋਕ ਰੱਬ ਦੀ ਪੂਜਾ ਕਰਦੇ ਹਨ ਤੇ ਬ੍ਰਾਹਮਣਾਂ ਦੀ ਗੁਲਾਮੀ ਮੰਨਜੂਰ ਕਰਦੇ ਹਨ। ਰੱਬ ਮੰਨਣਾ ਯਾਨੀ ਬ੍ਰਾਹਮਣਾ ਦੀ ਗੁਲਾਮੀ ਮੰਨਣ ਦੇ ਬਰਾਬਰ ਹੈ। ਇਸ ਦੁਨੀਆਂ 'ਚ ਚਾਰਵਾਜ ਗੌਤਮ ਬੁੱਧ, ਮਹਾਤਮਾ ਫੂਲੇ, ਸੰਤ ਗਾਡਗੇ, ਅੰਬੇਦਕਰ, ਮਾਰਕਸ, ਸੰਤ ਤੁਕਾਰਾਮ ਮਹਾਰਾਜ, ਮਾਓ-ਸੇ-ਤੁੰਗ, ਡਾ. ਪੰਜਾਬ, ਰਾਓ ਦੇਸ਼ ਮੁੱਖ, ਪੇਰੀਆਰ ਰਾਮ ਸੁਆਮੀ ਆਦਿ ਮਹਾਂਪੁਰਸ਼ਾਂ ਨੇ ਭਗਵਾਨ ਨੂੰ ਨਹੀਂ ਮੰਨਿਆ ਫਿਰ ਵੀ ਉਹਨਾਂ ਦਾ ਵਾਲ ਤੱਕ ਵਿੰਗਾ ਨਹੀਂ ਹੋਇਆ। ਉਲਟਾ ਉਹ ਗੁਲਾਮੀ ਤੋਂ ਅਜ਼ਾਦ ਹੋਏ ਤੇ ਇਸ ਲਈ ਇਹਨਾਂ ਮਹਾਂਪੁਰਸ਼ਾਂ ਨੂੰ ਸਫਲਤਾ ਮਿਲੀ ਤੇ ਉਹਨਾਂ ਨੇ ਸਮਾਜ ਨੂੰ ਵੀ ਬ੍ਰਾਹਮਣਾ ਦੀ ਗੁਲਾਮੀ ਤੋਂ ਅਜ਼ਾਦ ਕਰਵਾਇਆ।

ਸ਼ਿਵਾਜੀ ਮਹਾਰਾਜ ਨੇ ਪੁਰਤਗਾਲੀ ਤਲਵਾਰ ਖਰੀਦੀ ਨਾ ਕਿ ਸ਼ਿਵਾ ਜੀ ਨੂੰ ਭਗਵਾਨੀ ਮਾਤਾ ਨੇ ਤਲਵਾਰ ਨਹੀਂ ਦਿੱਤੀ। ਸ਼ਿਵਾ ਜੀ ਮਹਾਂਰਾਜ ਨੇ ਇਹ ਤਲਵਾਰ ਗੋਵਲੇਕਰ ਸਵੰਤ ਇਹਨਾਂ ਤੋਂ 1050 ਰੁਪਏ ਦੇਕੇ ਖਰੀਦੀ ਸੀ। ਇਹ ਤਲਵਾਰ ਪੁਰਤਗਾਲ 'ਚ ਤਿਆਰ ਹੋਈ ਸੀ। (ਅਡਵਾਣੀ ਹੁਣ ਕਹਿਣ ਲੱਗੇ ਹਨ ਕਿ ਵਧੀਆ ਕਰਜ਼ੇ ਦੀ ਚੀਜ਼ ਵਿਦੇਸ਼ਾਂ 'ਚ ਕਿਉਂ ਬਣੀ ਹੋਵੇ। ਫਿਰ ਵੀ ਇਹ ਜੇ ਸਾਡੇ ਲਈ ਫਾਇਦੇ ਮੰਦ ਹੈ ਤਾਂ ਉਸ ਨੂੰ ਖਰੀਦਿਆ ਜਾਵੇ। ਇਹ ਸ਼ਿਵਾ ਜੀ ਮਹਾਰਾਜ ਦੀ ਨੀਤੀ ਸੀ। ਸਵਦੇਸ਼ ਤੇ ਵਿਦੇਸ਼ੀ 'ਚ ਭੇਦਭਾਵ ਉਹਨਾਂ ਕਦੀ ਨਹੀਂ ਕੀਤਾ। ਇਸ ਲਈ 350 ਸਾਲ ਪਹਿਲਾਂ ਉਹਨਾਂ ਨੇ ਪੁਰਤਗਾਲੀ ਤਲਵਾਰ ਖਰੀਦੀ ਸੀ।

ਤਲਵਾਰ ਮਹਾਰਾਜ ਦਾ ਸਾਧਨ ਸੀ। ਹੱਲ ਨਹੀਂ ਸੀ। ਤਲਵਾਰ ਦਾ ਜਿੰਨਾ ਮਹੱਤਵ ਹੈ, ਉਨਾ ਹੀ ਸ਼ਿਵਾ ਜੀ ਮਹਾਰਾਜ ਦੀ ਨਿਡਰਤਾ, ਕਰਮ ਤੇ ਚਤਰਾਈ ਹੈ। ਸ਼ਿਵਾ ਜੀ ਮਹਾਰਾਜ ਨੂੰ ਜੇ ਤਲਵਾਰ ਨਾ ਮਿਲੀ ਹੁੰਦੀ ਫਿਰ ਉਹਨਾਂ ਨਹੀਂ ਸੀ ਰੁਕਣਾ। ਚੜ੍ਹਦੀ ਕਲਾਂ ਤੇ ਅਗਾਂਹ ਵਧੂ ਲੋਕ ਸਾਧਨਾ ਦੀ ਘਾਟ ਕਾਰਨ ਵੀ ਕਦੇ ਰੁਕਦੇ ਨਹੀਂ। ਸ਼ਿਵਾ ਜੀ ਤੋਂ ਪਹਿਲਾਂ ਵੀ ਕਈ ਤਲਵਾਰਧਾਰੀ ਰਾਜੇ-ਮਹਾਰਾਜੇ ਹੋਏ ਫਿਰ ਵੀ ਉਹ ਕਿਸਾਨਾਂ ਦੇ ਰਾਜ ਦੀ ਉਸਾਰੀ ਕਿਉਂ ਨਹੀਂ ਕਰ ਸਕੇ? ਇਸ ਦਾ ਕਾਰਨ ਹੈ ਵਿਗਿਆਨ ਦ੍ਰਿਸ਼ਟੀਕੋਨ ਦੀ ਘਾਟ ਇਸ ਲਈ ਸ਼ਿਵਾ ਜੀ ਮਹਾਰਾਜ ਨੇ ਤਲਵਾਰ ਵਰਗੇ ਕਈ ਸਾਧਨਾ ਦੀ ਵਰਤੋਂ ਕਰਕੇ ਵਿਸ਼ਾਲ ਲੋਕਾਈ ਦੇ ਰਾਜ ਦੀ ਉਸਾਰੀ ਕੀਤੀ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਤਲਵਾਰ ਦਾ 'ਭਿਵਾਨੀ' ਇਹ ਕੰਮ ਦੇਵਤਾ ਸਵਰੂਪ ਹੈ। ਇਹ ਨਾਂ ਕਿਵੇਂ ਪਿਆ ਹੋਵੇਗਾ? ਇਸ ਦੁਨੀਆਂ 'ਚ ਕਈ ਪ੍ਰਕਾਰ ਦੇ ਨਾਂ ਹਨ ਪਰ ਨਾਂ ਤੇ ਉਸ ਬੰਦੇ ਦੇ ਜੀਵਨ 'ਚ ਕਈ ਫਰਕ ਹੁੰਦੇ ਹਨ। 'ਸ੍ਰੀਮੰਤ' ਨਾਂ ਧਾਰਨ ਵਾਲੇ ਲੋਕ ਅਮੀਰ ਹੋਣਗੇ ਹੀ, ਅਜਿਹਾ ਨਹੀਂ ਹੈ। 'ਆਦਿਤਿਆ' ਨਾਂ ਰੱਖਣ ਵਾਲੇ ਬੰਦੇ ਦਾ ਕੀ ਕਿਤੇ ਰੋਸ਼ਨੀ ਪੈਂਦੀ ਹੈ? ਅਭਿਆ ਨਾਮਕ ਵਿਅਕਤੀ ਡਰਪੋਕ ਹੁੰਦੇ ਹਨ। 'ਯਸ਼ਵੰਤ' ਨੂੰ ਕਈ ਵਾਰੀ ਹਾਰ ਮੰਨਣੀ ਪੈਂਦੀ ਹੈ ਤੇ 'ਅਮਰ' ਨਾਂ ਦੇ ਬੰਦੇ ਦੀ ਵੀ ਮੌਤ ਹੁੰਦੀ ਹੈ। ਉਸੇ ਤਰ੍ਹਾਂ ਤਲਵਾਰ ਦਾ ਨਾਂ 'ਭਿਵਾਨੀ' ਹੀ ਕਿਉਂ ਨਾ ਹੋਵੇ ਫਿਰ ਵੀ ਭਿਵਾਨੀ ਦਾ ਅਤੇ ਤਲਵਾਰ ਦਾ ਆਪਸ 'ਚ ਕੋਈ ਸਬੰਧ ਹੁੰਦਾ ਹੀ ਨਹੀਂ। ਦੇਵੀ ਨੇ ਤਲਵਾਰ ਦੇਣ ਦੇ ਕਾਰਨ ਹੀ ਸ਼ਿਵਾ ਜੀ ਮਹਾਰਾਜ ਨੂੰ ਸਫਲਤਾ ਮਿਲੀ ਨਹੀਂ ਤਾਂ ਉਹਨਾਂ ਨੂੰ ਸਫਲਤਾ ਨਹੀਂ ਸੀ ਮਿਲਣੀ, ਅਜਿਹਾ ਸਮਾਜ 'ਚ ਪ੍ਰਚਾਰ ਕੀਤਾ ਜਾਵੇ ਤਾਂ ਸਮਾਜ ਸ਼ਿਵਾ ਜੀ ਮਹਾਰਾਜ ਦੀ ਬਜਾਏ ਦੇਵੀ ਦੀ ਪੂਜਾ ਕਰੇਗਾ ਤੇ ਦੇਸ਼ਾਂ 'ਚ ਸ਼ਿਵਾ ਜੀ ਮਹਾਰਾਜ ਦਾ ਮਹੱਤਵ ਘਟ ਕੇ ਦੇਵੀ ਦੀ ਯਾਤਰਾ ਨੂੰ ਜਾਣ ਭਗਤਾਂ ਦੀ ਗਿਣਤੀ 'ਚ ਵਾਧਾ ਹੋਵੇਗਾ। ਸ਼ਿਵਾ ਜੀ ਮਹਾਰਾਜ ਨੂੰ ਸਵਰਾਜ ਸਥਾਪਤ ਦੀ ਪ੍ਰੇਣਾ ਦੇਣ ਵਾਲੀ ਜਿਜਾਊ ਮਾਂ ਸਾਹਿਬ ਦੇ ਸਿੰਦਰਖੇਡ ਰਾਜਾ ਇਸ ਮਾਤਰ ਤੀਰਥ ਦੀ ਬਜਾਏ ਦੇਵੀ ਦੇ ਸ਼ਕਤੀਪੀਠ ਇੱਥੇ ਹਨ। ਆਮ ਲੋਕਾਈ ਨੂੰ ਜਾਣਾ ਚਾਹੀਦਾ ਹੈ, ਇਸ ਲਈ ਸ਼ਿਵਾ ਜੀ ਮਹਾਰਾਜ ਨੂੰ ਦੇਵੀ ਨੇ ਤਲਵਾਰ ਦਿੱਤੀ। ਇਸ ਤਰ੍ਹਾ ਦਾ ਪ੍ਰਚਾਰ ਕੀਤਾ ਜਾਂਦਾ ਹੈ। ਸ਼ਿਵਾ ਜੀ ਮਹਾਰਾਜ ਨੂੰ ਅਸੀਂ ਪ੍ਰੇਰਣਾ ਉਹਨਾਂ ਦੀ ਆਦਰਸ਼ ਮਾਂ ਜਿਜਾਊ ਮਾਂ ਸਾਹਬ ਦੀ ਸੀ। ਹਰ ਜਾਨਲੇਵਾ ਪ੍ਰਸੰਗ 'ਤੇ ਜਿਜਾਊ ਮਾਤਾ ਸ਼ਿਵ ਜੀ ਮਹਾਂਰਾਜ ਦੇ ਨਾਲ ਗੰਭੀਰ ਰੂਪ ਨਾਲ ਖੜ੍ਹੀ ਸੀ। ਔਰਤ ਸ਼ਕਤੀ ਨੂੰ ਘਟਾਕੇ ਅੰਗਣ ਲਈ ਜਿਜਾਊ ਮਾਂ ਸਾਹਬ ਦੇ ਕੰਮ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ। ਆਮ ਲੋਕਾਈ

ਨੂੰ ਦੈਵਵਾਦੀ ਬਣਾਉਣ ਦੇ ਮਕਸਦ ਨਾਲ ਹੀ ਉਹਨਾਂ ਨੂੰ ਰੱਬ ਦੇ ਜਾਲ 'ਚ ਫਸਾਇਆ ਜਾ ਰਿਹਾ ਹੈ। ਲੋਕਾਈ ਨੂੰ ਜੇ ਭਗਵਾਨ 'ਤੇ ਪਿਆਰ ਕਰਨਾ ਸਿਖਾਇਆ ਜਾਵੇ ਤਾਂ ਉਹ ਆਪਣੇ ਆਪ ਰਾਤ ਦਿਨ ਪੜ੍ਹਾਈ ਕਰਨ ਦੀ ਬਜਾਏ ਭਗਵਾਨ ਦਾ ਸ਼ੁਕਰ ਮਨਾਉਣਗੇ। ਚੰਦਾ ਇਕੱਠਾ ਕਰਨਗੇ ਅਤੇ ਆਪਣਾ ਕੀਮਤੀ ਸਮਾਂ ਬਰਬਾਦ ਕਰਨਗੇ ਅਤੇ 500 ਕਿਲੋ ਮੀਟਰ ਨੰਗੇ ਪੈਰੀਂ ਸ਼ਰਾਬ ਪੀਕੇ ਜੋਤੀ ਲਿਆਉਣ ਲਈ ਜਾਣਗੇ ਅਤੇ ਉਹਨਾਂ ਦਾ ਸਮਾਂ ਤੇ ਪੈਸਾ ਖਰਚ ਹੋਵੇਗਾ। ਅਜਿਹੀ ਜ਼ਹਿਰੀਲੀ ਸਾਜਿਸ਼ ਬ੍ਰਾਹਮਣਾ ਨੇ ਰਚੀ ਹੈ। ਇਸ ਜ਼ਹਿਰੀਲੀ ਸਾਜਿਸ਼ ਦਾ ਏਨਾ ਉਲਟ ਅਸਰ ਹੋਇਆ ਹੈ ਕਿ ਇਹ ਸੱਚ ਦਸਦੇ ਸਮੇਂ ਕਈ ਲੋਕਾਂ ਨੂੰ ਮਿਰਚਾਂ ਲੱਗਣ ਦੀ ਸੰਭਾਵਨਾ ਹੈ। ਪਰ ਤੁਸੀਂ ਇਹਨਾਂ ਗੱਲਾਂ ਨੂੰ ਧੀਰਜ ਨਾਲ ਸੋਚਿਉ। ਸ਼ਰਧਾ ਤਾਂ ਜ਼ਰੂਰ ਹੋਣੀ ਚਾਹੀਦੀ ਹੈ ਪਰ ਇਹ ਨਿਰਜੀਵ, ਕਲਪਿਤ ਦੇਵਤਿਆਂ ਉਪਰ ਨਹੀਂ ਹੋਣੀ ਚਾਹੀਦੀ ਹੈ। ਸ਼ਰਧਾ ਰੱਖਣੀ ਹੀ ਹੈ ਤਾਂ ਉਹ ਆਪਣੇ ਮਾਪਿਆਂ ਪ੍ਰਤੀ ਜਿਉਂਦੇ ਜਾਗਦਿਆਂ 'ਤੇ, ਪੇੜ-ਪੌਦਿਆਂ 'ਤੇ ਜੇ ਸ਼ਰਧਾ ਰੱਖੀ ਜਾਵੇ ਤਾਂ ਕਾਫੀ ਫਾਇਦਾ ਹੋਵੇਗਾ ਜਿਹਨਾਂ ਕਰਕੇ ਸਾਨੂੰ ਹੱਕ ਤੇ ਅਧਿਕਾਰ ਸਿੱਖਿਆ ਹਾਸਲ ਹੋਈ ਹੈ। ਉਹਨਾਂ ਪ੍ਰਤੀ ਸ਼ਰਧਾ ਹੋਣੀ ਚਾਹੀਦੀ ਹੈ। ਕੀ ਸਰਸਵਤੀ ਮਹਾਂਲਕਸ਼ਮੀ, ਸੰਤੋਸ਼ੀ ਮਾਂ ਆਦਿ ਨੇ ਕੀ ਲੋਕਾਂ ਲਈ ਸਕੂਲ ਖੋਹਲੇ? ਕੀ ਉਹਨਾਂ ਨੇ ਸਮੂਹ ਜਨਤਾ ਲਈ ਹੱਕ ਤੇ ਅਧਿਕਾਰ ਬਹਾਲ ਕਰਵਾਏ? ਕਿਰਤ ਅਤੇ ਪੜ੍ਹਾਈ ਉਪਰ ਸ਼ਰਧਾ ਰੱਖੀ ਜਾਵੇ ਤਾਂ ਗਰੀਬੀ ਦੂਰ ਹੋ ਸਕਦੀ ਹੈ। ਸ਼ਿਵਾ ਜੀ ਦੀ ਸ਼ਰਧਾ ਕਿਰਤ ਤੇ ਜਿਉਂਦੇ ਬੰਦਿਆਂ ਪ੍ਰਤੀ ਸੀ। ਇਸ ਲਈ ਉਹਨਾਂ ਨੇ ਜਿੱਥੇ ਵੀ ਪਸੀਨਾ ਬਹਾਇਆ। ਉਥੇ ਸਭ ਜਾਤ-ਧਰਮ ਦੇ ਲੋਕਾਂ ਨੇ ਸ਼ਿਵਾ ਜੀ ਮਹਾਰਾਜ ਲਈ ਖੂਨ ਬਹਾਇਆ। ਸ਼ਿਵਾ ਜੀ ਨੇ ਆਪਣੇ ਫਰਜਾਂ ਦੀ ਪੂਰਤੀ ਕਰਕੇ ਜਿੱਤ ਹਾਸਲ ਕੀਤੀ ਕਿਸੇ ਦੈਵੀ ਸ਼ਕਤੀ ਕਰਕੇ ਨਹੀਂ। ਸ਼ਿਵਾ ਜੀ ਕਦੇ ਵੀ ਮੰਡਰਪੁਰ ਦੇ ਦਰਸ਼ਨਾ ਲਈ ਨਹੀਂ ਗਏ। ਵਿਠਲ ਲਈ ਹਰ ਸਾਲ ਦਸ ਲੱਖ ਭਗਤ ਮਹੀਨਾ ਭਰ ਪੈਦਲ ਚਲ ਕੇ ਪੰਡਰਪੁਰ ਜਾਂਦੇ ਹਨ। ਇਕ ਪਾਸੇ ਵਿਕਸਤ ਦੇਸ਼ ਚੰਦ, ਮੰਗਲ ਗ੍ਰਹਿ ਆਦਿ ਤੇ ਜਾ ਰਹੇ ਹਨ। ਕੰਪਿਊਟਰ ਕਾਰਨ ਦੁਨੀਆਂ 'ਚ ਬਹੁਤ ਵੱਡੀ ਤਬਦੀਲੀ ਹੋਈ ਹੈ ਪਰ ਬ੍ਰਾਹਮਣਵਾਦ ਰਾਹੀਂ ਆਮ ਵਿਸ਼ਾਲ ਲੋਕਾਈ ਨੂੰ ਹੱਕ ਤੇ ਅਧਿਕਾਰਾਂ ਤੋਂ ਅਧਿਆਤਮਵਾਦ ਦਾ ਪ੍ਰਚਾਰ ਕਰਕੇ ਵਾਂਝੇ ਰੱਖਣ ਦੀ ਸਾਜਿਸ਼ ਰਚੀ ਜਾਂਦੀ ਰਹੀ ਹੈ ਅਤੇ ਹੁਣ ਵੀ ਰਚੀ ਜਾ ਰਹੀ ਹੈ। ਪਡੰਰਪੁਰ ਦੀ 'ਵਾਰੀ' (ਯਾਤਰਾ) 'ਚ ਪੈਦਲ ਚਲਕੇ ਜਾਣ ਵਾਲੇ ਆਮ ਤੌਰ 'ਤੇ ਗਰੀਬ ਤੇ ਦਲਿਤ ਲੋਕ ਹੀ ਹੁੰਦੇ ਹਨ ਕਿਉਂਕਿ ਉਹ ਗੁਮਰਾਹ ਹੋਏ ਹੁੰਦੇ ਹਨ। ਉਕਤ ਲੇਖ 'ਚ ਦਰਜ ਵਿਚਾਰਾਂ ਦੇ ਪ੍ਰਗਟਾਵੇ ਦਾ ਮਤਲਬ ਕਿਸੇ ਧਰਮ ਵਿਸ਼ੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ ਹੈ ਬਲਕਿ ਵਿਗਿਆਨਕ ਨਜ਼ਰੀਏ ਤੋਂ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਾ ਹੈ। ਫੈਸਲਾ ਲੋਕ ਆਪ ਕਰਨ ਕਿ ਅਧਿਆਤਮਵਾਦ ਜਾਂ ਵਿਗਿਆਨ ਕਿਹੜਾ ਰਾਹ ਸਹੀ ਹੈ।

# ਕੀ ਹਨ ਮੌਜੂਦਾ ਬਗਾਵਤਾਂ ਅਤੇ ਆਰਥਿਕ ਮੰਦਵਾੜਾ

2011 ਦਾ ਸਾਲ ਸੰਸਾਰਕ ਪੱਧਰ ’ਤੇ ਬਗਾਵਤਾਂ ਤੇ ਵਿਰੋਧੀ ਮੁਜਾਹਰਿਆਂ ਦਾ ਸਾਲ ਰਿਹਾ ਹੈ। ਇਸ ’ਚ ਸਭ ਤੋਂ ਪਹਿਲਾਂ ਟਿਊਨੀਸ਼ੀਆ ’ਚ ਬਗਾਵਤ ਫੁੱਟੀ। ਇਸ ਪਿੱਛੋਂ ਮਿਸ਼ਰ ਵਿੱਚ ਤੇ ਫਿਰ ਤਾਂ ਸਮੁੱਚਾ ਅਰਬ ਸੰਸਾਰ ਇਹਨਾਂ ਬਗਾਵਤਾਂ ਦੀ ਮਾਰ ਹੇਠ ਆ ਗਿਆ। ਤਰ੍ਹਾਂ-ਤਰ੍ਹਾਂ ਦੀਆਂ ਸਫਲਤਾਵਾਂ-ਨਾਕਾਮੀਆਂ ’ਚੋਂ ਲੰਘਦੇ ਇਹ ਵਿਦਰੋਹ ਰੁਕ ਹੀ ਨਹੀਂ ਰਹੇ ਹਨ। ਫਰਵਰੀ ’ਚ ਅਮਰੀਕੀ ਵਿੰਸਕੋਸਿਨ ਸੂਬੇ ’ਚ ਮਜ਼ਦੂਰਾਂ ਦਾ ਇਕ ਵੱਡੇ ਪੈਮਾਨੇ ਦਾ ਵਿਰੋਧ ਮੁਜਾਹਰਾ ਬਣ ਗਿਆ ਸੀ ਤੇ ਰਾਜਧਾਨੀ ਮੈਡਿਸਨ ’ਚ ਵਿਧਾਨ ਸਭਾ ਭਵਨ ’ਤੇ ਮੁਜਾਹਰਾਕਾਰੀਆਂ ਨੇ ਕਰੀਬ ਤਿੰਨ ਹਫਤੇ ਕਬਜਾ ਕਰੀ ਰੱਖਿਆ। ਇਹ ਕਬਜਾ ਖ਼ਤਮ ਹੋਣ ਪਿੱਛੋਂ ਵੀ ਵਿਰੋਧੀ ਮੁਜਾਹਰਾ ਜਾਰੀ ਹੈ ਅਤੇ ਹੁਣ ਤੱਕ ਦੋ ਰੀਪਬਲੀਕਨ ਸੀਨੇਟਰ ਵਾਪਸ ਬੁਲਾਏ ਜਾ ਚੁੱਕੇ ਹਨ। ਮਈ ’ਚ ਸਪੇਨ ਤੇ ਗ੍ਰੀਸ ’ਚ ਐਫ. ਐਸ.-10 ਨਾਂ ਦਾ ਅੰਦੋਲਨ ਫੁਟ ਪਿਆ। ਜਦ ਨੌਜਵਾਨਾ ਤੇ ਮਜ਼ਦੂਰਾਂ ਨੇ ਰਾਜਧਾਨੀ ਸਮੇਤ ਕਈ ਸ਼ਹਿਰਾਂ ’ਚ ਚੌਕਾਂ ’ਤੇ ਡੇਰਾ ਲਾ ਲਿਆ। ਇਸ ਨੂੰ ਉਹਨਾਂ ਨੇ ਯੂਰਪੀ ਇਨਕਲਾਬ ਦੀ ਸ਼ੁਰਆਤ ਮੰਨਿਆ। ਮਈ-ਜੂਨ ’ਚ ਇਹਨਾਂ ਦੋਹਾਂ ਦੇਸ਼ਾਂ ਦੇ ਨਾਲ ਸਾਰੇ ਯੂਰਪ ’ਚ ਵਿਰੋਧ ਮੁਜਾਹਰੇ ਜਥੇਬੰਦ ਹੋਏ ਜਿਸ ’ਚ ਬ੍ਰਿਟੇਨ ਤੇ ਫਰਾਂਸ ਮੁੱਖ ਹਨ। ਜੂਨ ਤੋਂ ਹੀ ਚਿੱਲੀ ’ਚ ਵਿਦਿਆਰਥੀਆਂ ਦਾ ਵਿਰੋਧ ਮੁਜਾਹਰਾ ਸ਼ੁਰੂ ਹੋ ਗਿਆ ਜਿਸ ਨੇ ਜੁਲਾਈ-ਅਗਸਤ ’ਚ ਵਿਆਪਕ ਰੂਪ ਲੈ ਲਿਆ। ਲੱਖਾਂ ਨੌਜਵਾਨ ਸਿੱਖਿਆ ਦੇ ਨਿੱਜੀਕਰਣ ਤੇ ਬਜਾਰੀਕਰਨ ਖਿਲਾਫ਼ ਸੜਕਾਂ ’ਤੇ ਆ ਗਏ ਤੇ ਉਹਨਾਂ ਦੇ ਨਾਲ ਉਹਨਾਂ ਦੇ ਮਾਪੇ ਵੀ। ਇਸ ਪਿੱਛੋਂ ਨੰਬਰ ਆਇਆ ਇਜ਼ਰਾਇਲ ਦਾ ਜਦ, ਜੁਲਾਈ ਵਿੱਚ ਤਹਰੀਰ ਲੋਕਾਂ ਦੀ ਤਰਜ਼ ’ਤੇ ਉਥੇ ਤੰਬੂ ਗੱਡਣ ਦੀ ਮੁਹਿੰਮ ਸ਼ੁਰੂ ਹੋਈ। ਵੱਧ ਤੋਂ ਵੱਧ ਲੋਕਾਂ ਨੂੰ ਸਮੇਟਦਾ ਹੋਇਆ। ਇਹ 3 ਸਤੰਬਰ ’ਚ ਉਚਕੋਟੀ ਤੇ ਪੁੱਜ ਗਿਆ ਜਦ ਲੱਖ ਦੀ ਅਬਾਦੀ ਵਾਲੇ ਇਜ਼ਰਾਇਲ ’ਚ ਕਰੀਬ ਪੰਜ ਲੱਖ ਲੋਕ ਨਿੱਜੀਕਰਣ-ਉਦਾਰੀਕਰਣ-ਵਿਸ਼ਵੀਕਰਨ ਦੀਆਂ ਨੀਤੀਆਂ ਖਿਲਾਫ਼ ਸੜਕਾਂ ’ਤੇ ਉਤਰ ਆਏ। ਯੂਰਪ ਦੇ ‘ਅਸਲੀ ਲੋਕਰਾਜ’ ਦੀ ਤਰਜ ’ਤੇ ਉਹ ‘ਸਮਾਜਿਕ ਨਿਆਂ’ ਦੀ ਮੰਗ ਕਰ ਰਹੇ ਸਨ। ਦੋਹਾਂ ਦਾ ਹੀ ਨਿਸ਼ਾਨਾ ਅੱਜ ਦਾ ਉਦਾਰੀਕ੍ਰਿਤ ਪੂੰਜੀਵਾਦ ਹੈ। ਇਸ ਤੋਂ ਇਲਾਵਾ ਦੱਖਣੀ ਕੋਰੀਆ ਚੀਨ ਤੋਂ ਲੈ ਕੇ ਦੱਖਣੀ ਅਫਰੀਕਾ ਤੇ ਪੂਰਬੀ ਯੂਰਪ ਤੱਕ ਲੋਕ ਸੜਕਾਂ ’ਤੇ ਹਨ। ਇਹੀ ਨਹੀਂ ਭਾਰਤ ’ਚ ਵੀ ਹਜ਼ਾਰਾਂ ਲੋਕ ਅੰਨਾ ਹਜ਼ਾਰੇ ਐਂਡ ਕੰਪਨੀ ਦੇ ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਸੱਦੇ ’ਤੇ ਸੜਕਾਂ ’ਤੇ ਉਤਰ ਆਏ। ਉਪਰੋਕਿਤ ਸਭ ਇਸ ਗੱਲ ਦੇ ਸੰਕੇਤ ਹਨ ਕਿ ਦੁਨੀਆਂ ਇਕ ਨਵੇਂ ਉਥਲ-ਪੁਥਲ ਦੇ ਮੁਹਾਨੇ ’ਤੇ ਖੜ੍ਹੀ ਹੈ। ਆਉਣ ਵਾਲਾ ਸਮਾਂ ਬੇਹੱਦ ਸੰਭਾਵਨਾਵਾਂ ਭਰਪੂਰ ਤੇ ਚੁਣੌਤੀਆਂ ਭਰੇ ਹੋਣਗੇ। ਮੇਹਨਤਕਸ਼ਾਂ ਤੇ ਕਿਰਤੀਆਂ ਇਨਕਲਾਬੀਆਂ ਨੂੰ ਇਸ ਲਈ ਚੌਕੰਨੇ ਤੇ ਚੇਤਨ ਹੋਣ ਦੀ ਲੋੜ ਹੈ। ਇਹਨਾਂ ਬਗਾਵਤਾਂ ਤੇ ਬਗਾਵਤੀ ਮੁਜਾਹਰਿਆਂ ਦੇ ਫੌਰੀ ਤੇ ਲੰਮੇ ਦਾਅ ਦੇ ਕਾਰਨ ਹਨ। ਮੌਜੂਦਾ ਫੌਰੀ

ਕਾਰਨ ਤਾਂ ਵਿਸ਼ਵ ਵਿਆਪੀ ਆਰਥਿਕ ਮੰਦੀ ਹੈ। ਜਿਸ ਦੀ ਸ਼ੁਰੂਆਤ ਜੁਲਾਈ 2007 ’ਚ ਹੋਈ ਸੀ ਤੇ ਜੋ ਥੋੜੀ ਹਲਕੀ ਪੈਣ ਪਿੱਛੋਂ ਹੁਣ ਫੇਰ ਤੇਜੀ ਨਾਲ ਡੂੰਘੀ ਹੁੰਦੀ ਜਾ ਰਹੀ ਹੈ। ਇਸ ਨੇ ਪਹਿਲਾਂ ਤੋਂ ਹੀ ਤਬਾਹੀ ਦੀ ਮਾਰੀ ਮਜ਼ਦੂਰ ਤੇ ਕਿਸਾਨੀ ਜਮਾਤ ਤੇ ਮੇਹਨਤਕਸ਼ ਲੋਕਾਂ ਦੀ ਕਮਰ ਤੋੜ ਦਿੱਤੀ ਹੈ। ਇਸ ਕਾਰਨ ਕਰੋੜਾਂ ਲੋਕ ਬੇਰੁਜ਼ਗਾਰ ਹੋ ਗਏ ਹਨ ਤੇ ਹਜ਼ਾਰਾਂ ਭੁਖਮਰੀ ਦੀ ਰੇਖਾ ਤੋਂ ਹੇਠਾਂ ਗਏ ਹਨ। ਸਰਮਾਏਦਾਰ ਸੰਕਟ ਦਾ ਸਾਰਾ ਭਾਰ ਮਜ਼ਦੂਰ-ਮੇਹਨਤਕਸ਼ਾਂ ਤੇ ਪਾ ਰਹੇ ਹਨ। ਇਹ ਸਭ ਦੇਸ਼ਾਂ ’ਚ ਹੋ ਰਿਹਾ ਹੈ। ਲੋਕਾਂ ਦਾ ਸਬਰ ਟੁੱਟ ਰਿਹਾ ਹੈ ਤੇ ਲੋਕ ਸੰਘਰਸ਼ਾਂ ਦੇ ਰਾਹ ਪੈ ਰਹੇ ਹਨ। ਇਹਨਾਂ ਬਗਾਵਤਾਂ ਤੇ ਮੁਜਾਹਰਿਆਂ ਪਿੱਛੇ ਲੰਮੇ ਦਾਅ ਦੇ ਕਾਰਨਾਂ ਦੀ ਗੱਲ ਕਰੀਏ ਤਾਂ ਇਹ ਪਿਛਲੇ ਤਿੰਨ ਦਹਾਕਿਆਂ ਤੋਂ ਚਲੀਆਂ ਆ ਰਹੀਆਂ ਨਿੱਜੀਕਰਣ-ਉਦਾਰੀਕਰਨ-ਵਿਸ਼ਵੀਕਰਨ ਦੀਆਂ ਨੀਤੀਆਂ ਖਿਲਾਫ਼ ਤਿੱਖੇ ਰੋਹ ਦਾ ਸਿੱਟਾ ਹੈ। ਇਸ ਲਈ ਕੁਝ ਲੋਕਾਂ ਨੇ ਇਸ ਨੂੰ ਨਵ-ਉਦਾਰਵਾਦ ਦੇ ਖਿਲਾਫ਼ ਵਿਦਰੋਹ ਕਿਹਾ ਹੈ। ਪਿਛਲੇ ਤਿੰਨ ਦਹਾਕਿਆਂ ’ਚ ਸਾਮਰਾਜ ਨੇ ਉਸ ਦੇ ਅਖੌਤੀ ਕਲਿਆਣਕਾਰੀ ਰਾਜ ਨੂੰ ਖ਼ਤਮ ਕਰਕੇ ਆਪਣੀ ਖੁਲ੍ਹੀ ਤੇ ਬੇਲਗਾਮ ਲੁੱਟ ਦਾ ਨਿਜ਼ਾਮ ਕਾਇਮ ਕੀਤਾ ਸੀ। ਵਿਸ਼ਵੀ ਪੈਮਾਨੇ ’ਤੇ ਪੂੰਜੀਵਾਦ ਨੂੰ ਇਕੱਠੇ ਕਰਦਿਆਂ ਪੂੰਜੀ ਨੂੰ ਛੋਟ ਦਿੱਤੀ ਸੀ ਕਿ ਉਹ ਹਰ ਢੰਗ ਨਾਲ ਮਜ਼ਦੂਰ ਵਰਗ ਤੇ ਛੋਟੀ ਜਾਇਦਾਦ ਵਾਲਿਆਂ ਨੂੰ ਲੁੱਟੇ। ਇਸ ਕਰਕੇ ਵਿਸ਼ਵ ਵਿਆਪੀ ਮਜ਼ਦੂਰ ਵਰਗ ਤੇ ਛੋਟੀ ਜਾਇਦਾਦ ਵਾਲੀ ਮੇਹਨਤਕਸ਼ ਜਨਤਾ ਦੀ ਹਾਲਤ ਖਸਤਾ ਹੋਈ ਤਾਂ ਮੌਜੂਦਾ ਆਰਥਿਕ ਸੰਕਟ ਵਿੱਚ ਅਸਹਿ ਪੱਧਰ ਤੱਕ ਜਾ ਪਹੁੰਚੀ। ਪਿਛਲੇ ਤਿੰਨ ਦਹਾਕਿਆਂ ’ਚ ਇਹਨਾਂ ਖਿਲਾਫ਼ ਸੰਘਰਸ਼ਸ਼ੀਲ ਮਜ਼ਦੂਰ ਲਗਾਤਾਰ ਪਿੱਛੇ ਹਟਦੇ ਰਹੇ ਪਰ ਹੁਣ ਪਿੱਛੇ ਹਟਣ ਦੀ ਹੱਦ ਵੀ ਖ਼ਤਮ ਹੋ ਗਈ ਹੈ।

ਹੁਣ ਇਹ ਸਥਿਤੀ ਆ ਪਹੁੰਚੀ ਹੈ ਕਿ ਸਿਰਫ਼ ਹਮਲਾ ਹੀ ਇਕੋ ਇਕ ਰਾਹ ਹੈ। ਮੁਕਾਬਲਾ ਕਰੋ ਜਾਂ ਮਰੋ। ਨਿੱਜੀਕਰਨ-ਉਦਾਰੀਕਰਨ ਤੇ ਵਿਸ਼ਵੀਕਰਨ ਦੀਆਂ ਤਿੰਨ ਦਹਾਕਿਆਂ ਦੀ ਨੀਤੀਆਂ ਤੇ ਇਹਨਾਂ ਕਾਰਨ ਆਏ ਗੰਭੀਰ ਮੌਜੂਦਾ ਆਰਥਿਕ ਸੰਕਟ ਦੇ ਕਾਰਨ ਫੁਟ ਰਿਹਾ ਮੌਜੂਦਾ ਵਿਦਰੋਹ ਇਸ ਲਈ ਆਪਣਾ ਨਿਸ਼ਾਨਾ ਇਹਨਾਂ ਨੀਤੀਆਂ ਨੂੰ ਬਣਾ ਰਿਹਾ ਹੈ। ਢਿੱਲੀ, ਇਜ਼ਰਾਇਲ, ਯੂਰਪ ਹਰ ਥਾਂ ਉਦਾਰੀਕ੍ਰਿਤ ਪੂੰਜੀਵਾਦ ਤੇ ਨੱਥ ਮਾਰਨ ਦੀ ਗੱਲ ਹੋ ਰਹੀ ਹੈ। ਅਰਬ ਬਗਾਵਤਾਂ ਦੇ ਪਿਛੋਕੜ ਵਿੱਚ ਵੀ ਇਹੋ ਸੀ। (ਅਰਬ ਬਗਾਵਤਾਂ ਦੀ ਸ਼ੁਰੂਆਤ ਮੁਹੰਮਦ ਬੌਜੀਜੀ ਨਾਂ ਦੇ ਇਕ ਬੇਰੁਜ਼ਗਾਰ ਨੌਜਵਾਨ ਦੇ ਆਤਮਦਾਹ ਨਾਲ ਹੋਈ ਸੀ) ਅਤੇ ਇੱਥੋਂ ਤੱਕ ਕਿ ਅੰਨਾ ਹਜ਼ਾਰ ਵਰਗੇ ਲੋਕਾਂ ਤੇ ਖਪਤਕਾਰੀ ਉਚ ਮੱਧ ਵਰਗ ਨੂੰ ਛੱਡ ਦੇਈਏ ਤਾਂ ਭਾਰਤ ’ਚ ਜੋ ਲੋਕ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਸੜਕਾਂ ’ਤੇ ਉਤਰੇ ਸਨ। ਉਹ ਵੀ ਮੁਖ ਤੌਰ ’ਤੇ ਅਚੇਤ ਰੂਪ ’ਚ ਇਹਨਾਂ ਨੀਤੀਆਂ ਖਿਲਾਫ਼ ਗੁੱਸੇ ਵਿੱਚ ਸਨ। (2-ਜੀ ਸਪੈਕਟ੍ਰਮ ਘਪਲਾ ਭਾਰਤ ਦੇ ਉਦਾਰਕ੍ਰਿਤ ਪੂੰਜੀਵਾਦ ਦਾ ਨਮੂਨਾ ਹੈ) ਦੁਨੀਆਂ ਭਰ ਦੇ ਪੂੰਜੀਵਾਦ (ਸਾਮਰਾਜ) ਦੀ ਮੌਜੂਦਾ ਸਥਿਤੀ ’ਚ ਇਹ ਅੱਜ ਸੁਭਾਵਿਕ ਹੈ। ਅੱਜ ਦਾ ਗਲਿਆ-ਸੜਿਆ ਪਤਿਤ ਪੂੰਜੀਵਾਦ ਹਜ਼ਾਰਾਂ ਤਰੀਕਿਆਂ ਨਾਲ ਮਜ਼ਦੂਰ-ਮੇਹਨਤਕਸ਼ ਲੋਕਾਂ ਦੀ ਜ਼ਿੰਦਗੀ ਨੂੰ ਨਰਕ ਬਣਾ ਰਿਹਾ ਹੈ। ਇਹ ਘ੍ਰਿਣਿਤ-ਜਾਬਰ ਪੂੰਜੀਵਾਦ ਭੌਤਿਕ ਤੇ ਆਤਮਕ ਤੌਰ ’ਤੇ ਅੱਜ ਸਿਰਫ਼ ਮਨੁੱਖਤਾ ਲਈ ਅਕਹਿ ਕਸ਼ਟ ਦਾ ਕਾਰਣ ਬਣਿਆ ਹੋਇਆ ਹੈ। ਪਰ ਤਦ ਵੀ ਜਦ ਇਸ ਖਿਲਾਫ਼ ਬਗਾਵਤ ਸ਼ੁਰੂ

ਹੋਵੇਗੀ ਤਾਂ ਪਹਿਲਾਂ ਉਹ ਇਸ ਦੇ ਸਭ ਤੋਂ ਬੁਰੇ ਪਹਿਲੂਆਂ ਖਿਲਾਫ਼ ਕੇਂਦਰਿਤ ਹੋਵੇਗੀ। ਇਸ ਲਈ ਮੌਜੂਦਾ ਬਗਾਵਤਾਂ ਤੇ ਵਿਰੋਧ ਮੁਜਾਹਰਿਆਂ 'ਚ ਮੁਖ ਮੰਗਾਂ ਉਦਾਰੀਕਰਣ ਦੀਆਂ ਨੀਤੀਆਂ ਨੂੰ ਉਲਟਾਉਣ ਤੇ ਸਾਮਰਾਜੀਆਂ ਵਲੋਂ ਯੁੱਧ ਦੇ ਖਾਤਮੇ ਦੀਆਂ ਹਨ। ਇਹ ਮੰਗਾ ਮੁਕਾਬਲਤਣ ਸ਼ਾਂਤੀਪੂਰਨ ਕਲਿਆਣਕਾਰੀ ਪੂੰਜੀਵਾਦੀ ਦੀਆਂ ਮੰਗਾਂ ਹਨ ਇੱਥੇ ਹੀ ਇਹਨਾਂ ਬਗਾਵਤਾਂ ਤੇ ਵਿਰੋਧ ਮੁਜਾਹਰਿਆਂ ਦੀਆਂ ਹੱਦਾਂ ਤੇ ਸਾਮਰਾਜੀ ਪੂੰਜੀਪਤੀਆਂ ਦੀਆਂ ਚਾਲਾਂ ਇਕ ਥਾਂ ਮਿਲਣ ਲਗਦੀਆਂ ਹਨ। ਦੂਜੀ ਸੰਸਾਰ ਜੰਗ ਤੋਂ ਪਹਿਲਾਂ ਤੇ ਉਸ ਤੋਂ ਪਿੱਛੋਂ ਗਠਿਤ ਅਖੌਤੀ ਕਲਿਆਣਕਾਰੀ ਰਾਜ ਨੇ ਸਰਮਾਏਦਾਰੀ ਜਮਾਤ ਦੀ 1960 ਦੇ ਦਹਾਕੇ ਤੱਕ ਸੇਵਾ ਕੀਤੀ ਪਰ ਇਸ ਦਹਾਕੇ ਦਾ ਅੰਤ ਹੁੰਦੇ ਹੁੰਦੇ ਇਹ ਸਪਸ਼ਟ ਹੋਣ ਲੱਗਿਆ ਕਿ ਪੂੰਜੀਪਤੀ ਵਰਗ ਸਰਮਾਏਦਾਰ ਜਮਾਤ ਦਾ ਮੁਨਾਫਾ ਘਟਾ ਰਿਹਾ ਹੈ ਤੇ ਸੰਕਟ ਨੂੰ ਜਨਮ ਦੇ ਰਿਹਾ ਹੈ। ਤਦ ਪੂੰਜੀਪਤੀ ਜਮਾਤ ਨੇ ਆਪਣੇ ਮੁਨਾਫੇ ਨੂੰ ਵਧਾਉਣ ਖਾਤਰ 'ਕਲਿਆਣਕਾਰੀ ਰਾਜ' 'ਤੇ ਹਮਲਾ ਬੋਲਿਆ ਤੇ ਮਜ਼ਦੂਰ ਜਮਾਤ ਨੂੰ ਨਿਚੋੜ ਕੇ ਆਪਣਾ ਮੁਨਾਫਾ ਵਧਾਇਆ। 1970 ਦੇ ਦਹਾਕੇ ਦਾ ਕਲਿਆਣਕਾਰੀ ਰਾਜ ਵੀ ਸਰਮਾਏਦਾਰਾਂ ਦਾ ਹੀ ਰਾਜ ਸੀ ਤੇ ਤਿੰਨ ਦਹਾਕੇ ਦਾ ਉਦਾਰੀਕ੍ਰਿਤ ਪੂੰਜੀਵਾਦ ਵੀ ਪੂੰਜੀਪਤੀ ਜਮਾਤ ਦਾ ਹੀ ਹੈ। ਇਸ ਲਈ ਜੇ ਇਸ ਉਦਾਰੀਕ੍ਰਿਤ ਪੂੰਜੀਵਾਦ 'ਤੇ ਮਜ਼ਦੂਰ ਜਮਾਤ ਵਲੋਂ ਵਿਸ਼ਵੀ ਹਮਲਾ ਹੁੰਦਾ ਹੈ ਤਾਂ ਪੂੰਜੀਪਤੀ ਜਮਾਤ ਇਕ ਵਾਰ ਫਿਰ ਪਿੱਛੇ ਹਟ ਕੇ 'ਕਲਿਆਣਕਾਰੀ ਰਾਜ' ਤਕ ਆ ਸਕਦੀ ਹੈ। 2008 ਦੇ ਉਤਰਾਅ 'ਚ ਮੌਜੂਦਾ ਆਰਥਿਕ ਸੰਕਟ ਦੇ ਗੰਭੀਰ ਹੋ ਜਾਣ 'ਤੇ ਸਾਮਰਾਜੀ ਪੂੰਜੀਪਤੀ ਜਮਾਤ ਦੇ ਅੰਦਰੋਂ ਹੀ ਗੱਲਾਂ ਉਠਣ ਲੱਗੀਆਂ ਸਨ ਕਿ ਪਿਛਲੇ ਤਿੰਨ ਦਹਾਕੇ ਤੋਂ ਚਲਦੀਆਂ ਨੀਤੀਆਂ ਹੁਣ ਨਹੀਂ ਚਲਣਗੀਆਂ। ਫਰਾਂਸ ਦੇ ਸੱਜੇ-ਪੱਖੀ ਸਰਕੋਜੀ 'ਐਂਗਲੋ-ਸੇਕਸ਼ਨ' ਮਾਡਲ ਦੇ ਪੁਰਾਣੇ ਪੈ ਜਾਣ ਦੀਆਂ ਗੱਲਾਂ ਕਰਨ ਲੱਗੇ ਸਨ ਤਾਂ ਇੰਗਲੈਂਡ ਦੇ 'ਨਵੇਂ ਲੇਬਰ' ਗਾਰਡਨ ਬਰਾਊਨ ਵਾਸ਼ਿੰਗਟਨ ਕੰਸੇਸਸ ਦੇ ਦਿਨ ਪੂਰੇ ਹੋ ਜਾਣ ਦੀਆਂ।

ਅਮਰੀਕਾ ਦੇ ਦੋ ਨੋਬੇਲ ਪੁਰਸਕਾਰ ਵਿਜੇਤਾ ਜੋਸਿਫ ਸਿਟਗਲਿਸ ਤੇ ਪਾਲ ਕੁਰਗ ਮੈਨ ਤਾਂ ਅਰਸੇ ਤੋਂ ਇਸ ਦੀ ਗੱਲ ਕਰ ਰਹੇ ਹਨ। ਇਸ ਤਰ੍ਹਾਂ ਆਪਣੀ ਪੂੰਜੀਵਾਦੀ ਵਿਵਸਥਾ ਖਿਲਾਫ਼ ਗੰਭੀਰ ਖਤਰਾ ਪੈਦਾ ਹੋ ਜਾਣ ਦੀ ਹਾਲਤ 'ਚ ਪੂੰਜੀਪਤੀ ਜਾਮਤ ਪਿੱਛੇ ਹਟੇਗੀ ਤੇ ਕਿਸੇ ਹੱਦ ਤੱਕ 'ਕਲਿਆਣਕਾਰੀ ਰਾਜ' ਫਿਰ ਕਾਇਮ ਕਰਦਿਆਂ ਬਗਾਵਤਾਂ ਨੂੰ ਰੋਕਣ ਦਾ ਕੰਮ ਕਰੇਗਾ। ਦੂਜੇ ਸੰਸਾਰ ਯੁੱਧ ਪਿੱਛੋਂ ਦਾ ਯੂਰਪੀ ਮਾਡਲ ਜਾਂ ਅਜਕਲ ਦਾ ਹੁਯੂਗੋ ਚਾਵੇਜ ਦਾ ਮਾਡਲ ਉਸ ਦੇ ਸਾਹਮਣੇ ਹੈ। ਇਹ ਇਹਨਾਂ ਦਾ ਕੋਈ ਵੀ ਕਿਸਮ ਅਜਮਾ ਸਕਦਾ ਹੈ। ਅਸਲ 'ਚ ਚਤੁਰ ਚਲਾਕ ਪੂੰਜੀਪਤੀ ਜਮਾਤ ਨੇ ਇਸ ਦੀ ਤਿਆਰੀ ਵੀ ਕਰ ਲਈ ਹੈ। ਵੀਹਵੀਂ ਸਦੀ 'ਚ ਆਪਣੇ ਸਾਹਮਣੇ ਮੌਜੂਦ ਇਨਕਲਾਬੀ ਚੁਣੌਤੀਆਂ ਦਾ ਮੁਕਾਬਲਾ ਕਰਦਿਆਂ ਸਰਮਾਏਦਾਰਾਂ ਨੇ ਬਹੁਤ ਕੁਝ ਸਿੱਖਿਆ ਹੈ ਤੇ ਇਸ ਸਿੱਖਿਆ ਦੀ ਵਰਤੋਂ ਕਰਦਿਆਂ ਉਸ ਨੇ ਪਿਛਲੇ ਤਿੰਨ ਦਹਾਕਿਆਂ ਦੇ ਉਦਾਰੀਕਰਨ ਦੇ ਦੌਰ 'ਚ ਆਪਣੇ ਲਈ ਇਕ ਸੁਰੱਖਿਆ ਛਤਰੀ ਵੀ ਤਿਆਰ ਕੀਤੀ ਹੈ। ਇਹ ਸੁਰੱਖਿਆ ਛਤਰੀ ਇਸ ਸਮੇਂ ਉਸ ਦੇ ਕੰਮ ਆ ਰਹੀ ਹੈ। ਇਹ ਵੀ ਵਿਚਾਰਨ-ਯੋਗ ਹੈ ਕਿ ਮੌਜੂਦਾ ਬਗਾਵਤਾਂ ਅਤੇ ਵਿਰੋਧ ਮੁਜਾਹਰਿਆਂ ਵਿੱਚ ਗ਼ੈਰ ਸਰਕਾਰੀ ਸੰਗਠਨ ਯਾਨੀ NGO ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾ

ਰਹੇ ਹਨ। ਮਿਸ਼ਰ 'ਚ ਜਨਵਰੀ ਵਿੱਚ ਜਿਸ 'ਅਪ੍ਰੈਲ 6 ਯੂਥ ਮੂਵਮੈਂਟ' ਨੇ ਸਭ ਤੋਂ ਪਹਿਲਾਂ ਮੁਬਾਰਕ ਖਿਲਾਫ਼ 25 ਜਨਵਰੀ ਦੇ ਮੁਜਾਹਰੇ ਦਾ ਸੱਦਾ ਦਿੱਤਾ। ਉਹ ਇੱਕ ਐਨ. ਜੀ. ਓ. ਸੀ। ਇਹ ਅਪ੍ਰੈਲ 2008 'ਚ ਇਸ ਦੇ ਕੁਝ ਸ਼ੋਹਰਤ ਹਾਸਲ ਕਰ ਲੈਣ ਪਿੱਛੋਂ ਸਾਮਰਾਜੀਆਂ ਨੇ ਇਸ ਨੂੰ ਗੋਦ ਲੈ ਲਿਆ। ਇਸ ਦੇ ਕਰਤਾ ਧਰਤਾ ਸਿਖਲਾਈ ਲਈ ਸਰਬਿਆ ਭੇਜੇ ਗਏ ਜਿਥੇ ਉਹਨਾਂ ਨੇ ਉਹਨਾਂ ਲੋਕਾਂ ਤੋਂ ਸਿਖਲਾਈ ਲਈ ਜਿਹਨਾ ਨੇ ਮਿਲੇ ਸੇਵਿਕ ਖਿਲਾਫ਼ ਵਿਰੋਧ ਮੁਜਾਹਰਾ ਜਥੇਬੰਦ ਕੀਤਾ ਸੀ। ਇਹ ਲੋਕ ਆਪਣੀ ਵਾਰੀ 'ਚ ਖੁਦ ਅਮਰੀਕੀ ਸਾਮਰਾਜੀਆਂ ਵਲੋਂ ਸਿੱਖਿਅਤ ਕੀਤੇ ਗਏ ਸਨ। (ਨੈਸ਼ਨਲ ਇੰਡੋਟਮੈਂਟ ਫਾਰ ਡੈਮੋਕਰੇਸੀ ਆਦਿ ਰਾਹੀਂ) ਇਸ ਪਿੱਛੋਂ 'ਅਪ੍ਰੈਲ 6 ਯੂਥ ਮੂਵਮੈਂਟ ਦੇ ਲੋਕਾਂ ਨੂੰ ਅਮਰੀਕਾ 'ਚ ਸਿਖਲਾਈ ਦਿੱਤੀ ਗਈ। ਇਸ ਤਰ੍ਹਾ ਜਨਵਰੀ 2011 ਤੱਕ ਇਹ ਲੋਕ ਅੱਛੀ ਤਰ੍ਹਾਂ ਟਰੇਡ ਲੋਕ ਸਨ। ਇਹਨਾਂ ਦੇ ਲਈ ਅਤੇ ਅਮਰੀਕੀ ਸਾਮਰਾਜੀਆਂ ਲਈ ਦਿੱਕਤ ਬਸ ਏਨੀ ਹੋਈ ਕਿ ਇਹਨਾਂ ਵਲੋਂ ਸ਼ੁਰੂ ਕੀਤਾ ਅੰਦੋਲਨ ਮਜ਼ਦੂਰ ਦੇ ਵਿਆਪਕ ਦਾਖਲੇ ਕਾਰਨ ਜਲਦੀ ਹੀ ਇਹਨਾਂ ਦੇ ਹੱਥਾਂ 'ਚ ਨਿਕਲ ਗਿਆ। ਹੁਣੇ ਇਜ਼ਰਾਇਲ 'ਚ ਜੋ ਏਨੇ ਵੱਡੇ ਪੈਮਾਨੇ ਦਾ ਮੁਜਾਹਰਾ ਹੋਇਆ ਉਸ ਦੇ ਪ੍ਰਬੰਦਕ ਵੀ ਐਨ. ਜੀ. ਓ. ਸਨ ਤੇ ਇਹਨਾਂ ਦੇ ਤਾਰ ਵੀ ਅਮਰੀਕਾ ਨਾਲ ਜੁੜੇ ਹੋਏ ਸਨ। ਬਸ ਇਹ ਸਮਾਜਿਕ-ਸੁਧਾਰਵਾਦੀ ਕਿਸਮ ਦੇ ਐਨ. ਜੀ. ਓ. ਹਨ-ਖੱਬਿਆਂ ਵੱਲ ਝੁਕਾਅ ਰੱਖਣ ਵਾਲੇ ਮੌਜੂਦਾ ਬਗਾਵਤਾਂ ਤੇ ਮੁਜਾਹਰਿਆਂ 'ਚ ਇਹਨਾਂ ਗ਼ੈਰ ਸਰਕਾਰੀ ਸੰਗਠਨਾ ਦੀ ਇਹ ਭੂਮਿਕਾ ਨਾ ਤਾਂ ਫਾਲਤੂ ਹੈ ਤੇ ਨਾ ਹੀ ਜਥੇਬੰਦਕ। ਇਸ ਦੇ ਠੀਕ ਉਲਟ ਉਹ ਪੂੰਜੀਪਤੀ ਜਮਾਤ ਵਲੋਂ ਠੀਕ ਉਸੇ ਚੀਜ਼ ਲਈ ਟ੍ਰੇਂਡ ਕੀਤੇ ਗਏ ਹਨ। ਜਿਸ ਨਾਲ ਉਹ ਸੰਕਟ ਸਮੇਂ (ਮੌਜੂਦਾ ਸੰਕਟ ਵਰਗੇ ਸੰਕਟ ਸਮੇਂ ਪੂੰਜੀਪਤੀ ਜਮਾਤ ਲਈ ਢਾਲ ਦਾ ਕੰਮ ਕਰ ਸਕਣ। ਕੁੱਝ ਸਾਲ ਪਹਿਲਾਂ ਜਿਸ ਵਿਸ਼ਵ ਵਿਆਪਕ ਮੰਚ ਦਾ ਏਨਾ ਸ਼ੋਰ ਸੀ ਉਹ ਗ਼ੈਰ ਸਰਕਾਰੀ ਸੰਗਠਨਾ ਦਾ ਹੀ ਹਜੂਮ ਸੀ ਤੇ ਉਹਨਾਂ ਨੂੰ ਯੂਰਪ ਦੇ ਸੁਧਾਰਵਾਦੀ ਸਾਮਰਾਜੀਆਂ ਨੇ ਬ੍ਰਾਜੀਲ ਦੇ ਲੂਲਾ ਤੇ ਉਸ ਦੀ ਵਰਕਰਸ ਪਾਰਟੀ ਦੀ ਹਮਾਇਤ ਨਾਲ ਖੜ੍ਹਾ ਕੀਤਾ ਸੀ। ਵਿਸ਼ਵ ਸਮਾਜਿਕ, ਮੰਚ ਵੀ ਰਾਜਸੀ ਪਾਰਟੀਆਂ ਤੋਂ ਵੱਖ ਗੈਰ-ਰਾਜਸੀ ਤਰੀਕੇ ਨਾਲ ਨੱਚਦੇ ਗਾਉਂਦੇ ਇੱਕ ਵੱਖਰੀ ਦੁਨੀਆਂ ਮੌਜੂਦਾ ਉਦਾਰ੍ਹਿਤ ਪੂੰਜੀਵਾਦ ਤੋਂ ਵੱਖਰੀ) ਦੀ ਉਸਾਰੀ ਦੀ ਗੱਲ ਕਰਦਾ ਸੀ। ਗ਼ੈਰ-ਸਰਕਾਰੀ ਸੰਗਠਨ ਉਦਾਰੀਕਰਨ ਦੇ ਦੌਰ ਪੂੰਜੀਪਤੀਆਂ ਵਲੋਂ ਖੜ੍ਹੀਆਂ ਕੀਤੀਆਂ ਸੰਸਥਾਵਾਂ ਹਨ। ਅੱਜ ਇਹ ਸਮਾਜ ਦੇ ਰੋਮ ਰੋਮ 'ਚ ਬੈਠੇ ਹੋਏ ਹਨ। ਦੁਨੀਆਂ ਭਰ 'ਚ ਕਰੀਬ 40 ਹਜ਼ਾਰ ਗ਼ੈਰ ਸਰਕਾਰੀ ਸੰਗਠਨ ਹਨ ਜੋ ਇਕ ਤੋਂ ਵੱਧ ਦੇਸ਼ਾਂ 'ਚ ਕੰਮ ਕਰਦੇ ਹਨ। ਭਾਰਤ 'ਚ ਕੁਲ ਕਰੀਬ 33 ਲੱਖ ਗ਼ੈਰ ਸਰਕਾਰੀ ਸੰਗਠਨ ਹਨ। ਉਦਾਰੀਕਰਨ ਦੇ ਦੌਰ 'ਚ ਇਹਨਾਂ ਨੇ 'ਕਲਿਆਣਕਾਰੀ ਰਾਜੇ ਦੇ ਪਿੱਛੇ ਹਟਣ ਵਾਲੇ ਖਾਲੀ ਹੋਈ ਥਾਂ ਨੂੰ ਭਰਨ ਦਾ ਦਿਖਾਵਾ ਕੀਤਾ ਸੀ ਅਤੇ ਕੁੱਝ ਰਾਹਤ ਦੇ ਕੰਮ ਚਲਾਏ ਸਨ। ਇਹਨਾਂ 'ਚੋਂ ਕੁੱਝ ਨੇ ਸਰਕਾਰ ਦੀਆਂ ਨੀਤੀਆਂ ਨੂੰ ਪ੍ਰਭਾਵਿਤ ਕਰਨ ਨੂੰ ਆਪਣਾ ਪੇਸ਼ਾ ਬਣਾਇਆ ਸੀ। ਇਹਨਾਂ ਨੂੰ ਸਰਕਾਰੀ ਭਾਸ਼ਾ 'ਚ ਐਡਵੋਕੇਸੀ ਗਰੁੱਪ ਕਿਹਾ ਗਿਆ। ਅੱਜ ਇਹ ਹੀ ਅੱਗੇ ਵਧਕੇ ਭਾਂਤ ਭਾਂਤ ਦੇ ਮੁਜ਼ਾਹਰੇ ਜੱਥੇਬੰਦ ਕਰ ਰਹੇ ਹਨ। ਕਿਉਂਕਿ ਇਹ NGO ਸਰਮਾਏਦਾਰੀ ਜਮਾਤ ਤੇ ਸਰਕਾਰ ਤੋਂ ਵਿੱਤੀ ਸਹਾਇਤਾ ਲੈਂਦੇ ਹਨ। ਇਸ ਲਈ ਉਹਨਾਂ ਵਲੋਂ ਜੱਥੇਬੰਦ ਅੰਦੋਲਨਾਂ ਦੀਆਂ ਹੱਦਾਂ ਖੁਦ

ਹੀ ਤਹਿ ਹੋ ਜਾਂਦੀਆਂ ਹਨ। ਏਨਾ ਹੀ ਨਹੀਂ ਆਪਣੇ ਵਲੋਂ ਜੱਥੇਬੰਦ ਅੰਦੋਲਨਾਂ ਨੂੰ ਨਿਰਧਾਰਿਤ ਹੱਦਾਂ ਤਹਿ ਕਰਨ ਤੋਂ ਰੋਕਣ ਲਈ ਸਾਵਧਾਨੀ ਨਾਲ ਤਿਆਰੀ ਕਰਦੇ ਹਨ।

ਇਹ ਸਾਵਧਾਨੀ ਨਾਲ ਅੰਦੋਲਨਾ ਦੇ ਟੀਚੇ, ਨਾਰੇ ਤੇ ਤੌਰ-ਤਰੀਕੇ ਤਹਿ ਕਰਦੇ ਹਨ ਅਤੇ ਫਿਰ ਆਪਣੇ ਪੂਰੇ ਨੈਟ ਵਰਕ ਰਾਹੀਂ ਇਸ ਦੇ ਹਿਸਾਬ ਨਾਲ ਅੰਦੋਲਨ ਚਲਾਉਂਦੇ ਹਨ। ਭਾਰਤ ਦੇ ਅੰਨਾ ਹਜ਼ਾਰੇ ਐਂਡ ਕੰਪਨੀ ਦੇ ਭ੍ਰਿਸ਼ਟਾਚਾਰ ਸਬੰਧੀ ਅੰਦੋਲਨ ਤੋਂ ਇਹ ਬਹੁਤ ਅੱਛੀ ਤਰ੍ਹਾਂ ਸਪਸ਼ਟ ਹੈ। ਆਪਣੇ ਵੱਲੋਂ ਆਯੋਜਿਤ ਵਿਰੋਧੀ ਮੁਜਾਹਰਿਆਂ ਦੀ ਨਿਰਧਾਰਿਤ ਹੱਦਾਂ 'ਚ ਕੈਦ ਰੱਖਣ ਦੇ ਇਨਾਂ ਦੇ ਦੋ ਮੁਖ ਹਥਿਆਰ ਹਨ। ਅੰਦੋਲਨ, ਅੰਦੋਲਨ ਨੂੰ ਗੈਰ-ਰਾਜਸੀ ਰੂਪ ਮੁਹੱਈਆ ਕਰਨਾ ਤੇ ਉਸ ਨੂੰ ਅਹਿੰਸਕ ਰੱਖਣਾ। ਗੈਰ ਰਾਜਸੀ ਰੂਪ ਮੁਹੱਈਆ ਕਰਨਾ ਤੇ ਉਸ ਨੂੰ ਅਹਿੰਸਕ ਰੱਖਣਾ। ਗੈਰ ਰਾਜਸੀ ਰੂਪ ਮੁਹੱਈਆ ਕਰਾਉਣ ਲਈ ਆਮ ਤੌਰ 'ਤੇ ਰਾਜਸੀ ਪਾਰਟੀਆਂ ਤੇ ਨੇਤਾਵਾਂ ਪ੍ਰਤੀ ਮੌਜੂਦਾ ਘ੍ਰਿਣਾ ਨੂੰ ਉਭਾਰਿਆ ਜਾਂਦਾ ਹੈ ਤੇ ਕੁਝ ਇਹ ਭਾਵ ਪੈਦਾ ਕੀਤਾ ਜਾਂਦਾ ਹੈ ਕਿ ਅੰਦੋਲਨ ਦੇ ਰਾਜਸੀ ਹੋਣ ਨਾਲ ਬੇੜਾ ਗਰਕ ਹੋ ਜਾਵੇਗਾ। ਇਸ ਤਰ੍ਹਾਂ ਹਿੰਸਾ-ਅਹਿੰਸਾ ਦੇ ਸੁਆਲ ਨੂੰ ਨੈਤਿਕ ਸੁਆਲ ਵਜੋਂ ਪੇਸ਼ ਕੀਤਾ ਜਾਂਦਾ ਹੈ ਤੇ ਹਾਕਮ ਜਮਾਤ ਦੇ ਮੌਜੂਦ ਹਿੰਸਕ ਕਿਰਦਾਰ ਪ੍ਰਤੀ ਵਾਜਬ ਨਫ਼ਰਤ ਨੂੰ ਅਹਿੰਸਾ ਦੀ ਨੀਤੀ ਲਈ ਵਰਤਿਆ ਜਾਂਦਾ ਹੈ। ਇਹਨਾਂ ਦੋਹਾਂ ਹੱਦਾਂ 'ਚ ਕੈਦ ਹੋਣ 'ਤੇ ਕੋਈ ਵੀ ਅੰਦੋਲਨ ਸੁਭਾਵਿਕ ਹੀ ਹਾਕਮ ਜਮਾਤ ਵਲੋਂ ਨਿਰਧਾਰਿਤ ਹੱਦਾਂ 'ਚ ਕੈਦ ਹੋ ਜਾਂਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਹਾਕਮ ਜਮਾਤ ਖੁਦ ਇਹਨਾਂ ਸੀਮਾਵਾਂ ਨੂੰ ਕਦੀ ਨਹੀਂ ਮੰਨਦਾ। ਮਿਸ਼ਰ ਤੇ ਟਿਊਨੀਸ਼ੀਆ ਦੇ ਲੋਕ ਵਿਦਰੋਹਾਂ ਨੂੰ ਫੌਰੀ ਸਫਲਤਾ ਪਿੱਛੋਂ ਸਾਮਰਾਜੀਆਂ ਨੇ ਕੁਝ ਦਿਨਾਂ ਤੱਕ ਅਹਿੰਸਕ ਅੰਦੋਲਨ ਦੇ ਖੂਬ ਗੁਣ ਗਾਏ (ਹਾਲਾਂਕਿ ਇਹਨਾਂ ਦੋਹਾਂ ਬਗਾਵਤਾਂ 'ਚ ਹਾਕਮ ਵਲੋਂ ਕੀਤੀ ਹਿੰਸਾ 'ਚ ਹਜ਼ਾਰਾਂ ਲੋਕ ਸ਼ਹੀਦ ਹੋਏ ਸਨ) ਪਰ ਜਦ ਲੀਬੀਆ, ਯਮਨ ਤੇ ਬਹਿਰੀਨ ਦਾ ਮਾਮਲਾ ਆਇਆ ਤਾਂ ਸਾਮਰਾਜੀਆ ਵਿਰੁੱਧ ਅਹਿੰਸਕ ਅੰਦੋਲਨ ਦੀ ਤਾਰੀਫ ਦੇ ਗੀਤ ਬੰਦ ਹੋ ਗਏ। ਬਹਿਰੀਨ ਦੀ ਬਗਾਵਤ ਨੂੰ ਸਾਮਰਾਜੀਆਂ ਦੀ ਖੁਲੀ ਹਮਾਇਤ ਨਾਲ ਸਾਊਦੀ ਬਹਿਰੀਨੀ ਹਾਕਮਾ ਨੇ ਟੈਕਾਂ ਤੇ ਤੋਪਾਂ ਨਾਲ ਕੁਚਲ ਦਿੱਤਾ। ਯਮਨ 'ਚ ਸਾਲੇਹ ਵਲੋਂ ਬਾਗੀਆਂ ਦੇ ਕਤਲ ਨੂੰ ਸਾਮਰਾਜੀਆਂ ਨੇ ਹਮਾਇਤ ਦਿੱਤੀ। ਲੀਬੀਆ 'ਚ ਤਾਂ ਉਹ ਖੁਦ ਹੀ ਹਥਿਆਰਾਂ ਦੇ ਆਸਰੇ ਗਦਾਫੀ ਦਾ ਤਖਤਾ ਪਲਟਨ ਲੱਗੇ। ਹਜ਼ਾਰਾਂ ਲੋਕਾਂ ਦਾ ਕਤਲ ਕਰਕੇ ਉਹ ਲੀਬੀਆ 'ਤੇ ਕਬਜਾ ਕਰ ਚੁੱਕੇ ਹਨ। ਪੂੰਜੀਪਤੀ ਜਮਾਤ ਇਹ ਅੱਛੀ ਤਰ੍ਹਾਂ ਜਾਣਦੀ ਹੈ ਕਿ ਜਦ ਤੱਕ ਵਿਰੋਧ ਗੈਰ ਰਾਜਸੀ ਰਹੇਗਾ ਤੇ ਅਹਿੰਸਾ ਦੀਆਂ ਹੱਦਾਂ 'ਚ ਬੰਦ ਰਹੇਗਾ ਤਦ ਤੱਕ ਕੋਈ ਅਸਲੀ ਬਦਲਾਅ ਸੰਭਵ ਨਹੀਂ ਹੈ। ਇਸ ਲਈ ਆਪਣੇ ਵਲੋਂ ਪਾਲੇ ਪੋਸੇ ਗ਼ੈਰ ਸਰਕਾਰੀ ਸੰਗਠਨਾਂ ਵਲੋਂ ਅੰਦੋਲਨਾਂ ਨੂੰ ਆਯੋਜਿਤ ਕਰਵਾਉਣ ਅਤੇ ਇਸ ਤਰ੍ਹਾਂ ਲੋਕ ਰੋਹ ਨੂੰ ਖਾਰਜ ਕਰਨ 'ਚ ਬਹੁਤ ਵੱਡਾ ਹਿੱਤ ਹੈ ਪਰ ਜਿਹਾ ਕਿ ਪਹਿਲਾਂ ਕਿਹਾ ਗਿਆ ਹੈ ਕਿ ਗ਼ੈਰ ਰਾਜਸੀ ਰੁਖ ਤੇ ਅਹਿੰਸਾ ਦੀ ਚਾਹਤ ਦੀ ਇਕ ਭੌਤਿਕਾ ਜ਼ਮੀਨ ਮੌਜੂਦ ਹੈ। ਖਾਸ ਕਰਕੇ ਉਦਾਰੀਕਰਨ ਦੇ ਦੌਰ 'ਚ ਪੂੰਜੀਵਾਦੀ ਰਾਜਸੀ ਪਾਰਟੀਆਂ ਨੇ ਆਪਣੇ ਮੂੰਹ ਨੂੰ ਕਾਫੀ ਕਾਲਾ ਕਰ ਲਿਆ ਹੈ। ਇਹਨਾਂ 'ਚ ਸਿਰੇ ਦੇ ਪਿਛਾਖੜੀਆਂ ਤੋਂ ਲੈ ਕੇ ਆਪਣੇ ਆਪ ਨੂੰ ਖੱਬੀਆਂ ਕਹਿਣ

ਵਾਲੀਆਂ ਸਾਰੀ ਪਾਰਟੀਆਂ ਸ਼ਾਮਲ ਹਨ। ਉਹਨਾਂ ਨੇ ਮਜ਼ਦੂਰ ਜਮਾਤ ਦੀ ਹੋਰ ਵੱਧ ਲੁੱਟ ਲਈ ਸਰਮਾਏਦਾਰਾਂ ਦੀਆਂ ਨੀਤੀਆਂ ਨੂੰ ਅੱਗੇ ਵਧਾਇਆ ਹੈ। ਇਹਨਾਂ ਨੀਤੀਆਂ ਸਬੰਧੀ ਇਹਨਾਂ 'ਚ ਕੋਈ ਬੁਨਿਆਦੀ ਫਰਕ ਨਹੀਂ ਹਨ। ਅਜਿਹੀ ਹਾਲਤ 'ਚ ਇਹਨਾਂ ਦੀ ਸਾਰੀ ਰਾਜਨੀਤੀ ਮਜ਼ਦੂਰ ਜਮਾਤ ਨੂੰ ਬੇਵਕੂਫ ਬਣਾਉਣ ਵਾਲੀ ਸਟੰਟਬਾਜੀ ਬਣ ਕੇ ਰਹਿ ਜਾਂਦੀ ਹੈ ਜੋ ਆਪਣੇ ਪ੍ਰਤੀ ਨਫ਼ਰਤ ਨੂੰ ਜਨਮ ਦਿੰਦੀ ਹੈ। ਇਸ ਦੇ ਨਾਲ ਹੀ ਇਹਨਾਂ ਦਾ ਨਿੱਜੀ ਭ੍ਰਿਸ਼ਟਾਚਾਰ ਕੋਹੜ 'ਚ ਖੁਰਕ ਦਾ ਕੰਮ ਕਰਦਾ ਹੈ। ਸਰਮਾਏਦਾਰਾ ਪਾਰਟੀਆਂ ਦਾ ਇਹ ਵਰਤਾਅ ਰਾਜਨੀਤੀ ਤੋਂ ਹੀ ਕਿਨਾਰਕਸ਼ੀ ਦਾ ਮਾਹੌਲ ਪੈਦਾ ਕਰਦਾ ਹੈ। ਜਿਸ ਨੂੰ ਸਰਮਾਏਦਾਰ ਜਮਾਤ ਸ਼ਰੇਆਮ ਹੱਲਾਸ਼ੇਰੀ ਦਿੰਦੀ ਹੈ ਕਿਉਂਕਿ ਇਹ ਗੈਰ ਰਾਜਸੀ ਮਾਹੌਲ ਉਹਨਾਂ ਦੀ ਲੁੱਟ ਤੇ ਰਾਜਸੀ ਹਕੂਮਤ ਦੇ ਬਣੇ ਰਹਿਣ ਲਈ ਬਹੁਤ ਫਾਇਦੇਮੰਦ ਹੈ। ਇਸ ਤਰ੍ਹਾਂ ਹਾਕਮ ਜਮਾਤ ਦੀ ਤਰ੍ਹਾਂ ਤਰ੍ਹਾਂ ਦੀ ਹਿੰਸਾ ਹੀ ਉਹਨਾਂ ਪ੍ਰਤੀ ਘ੍ਰਿਣਾ ਘ੍ਰਿਣਾ ਪੈਦਾ ਕਰਦੀ ਹੈ। ਅਹਿੰਸਾ ਪ੍ਰਤੀ ਹਮਲਾ ਅਸਲ 'ਚ ਜਮਾਤੀ ਸਮਾਜ 'ਚ ਸਮੋਈ ਹਿੰਸਾ ਦਾ ਹੀ ਨਾਕਾਰ ਹੈ। ਹਿੰਸਾ ਪ੍ਰਤੀ ਇਸ ਨਾਂਹ ਪੱਖੀ ਰੁਖ ਦੀ ਹਾਕਮ ਜਮਾਤ ਆਪਣੀ ਹਿੰਸਾਤਾਮਕ ਹਕੂਮਤ ਨੂੰ ਬਣਾਈ ਰੱਖਣ ਲਈ ਵਰਤੋਂ ਕਰਦੀ ਹੈ। ਆਪਣੀ ਸਲਾਨਾ ਪੈਦਾਵਾਰ ਤੇ ਸਰਕਾਰੀ ਖਰਚ ਦਾ ਇਕ ਵੱਡਾ ਹਿੱਸਾ ਹੀ ਪੂਰੀ ਮਸ਼ੀਨਰੀ ਤੇ ਖਰਚ ਕਰਨ ਵਾਲੇ ਸਾਮਰਾਜੀ-ਪੂੰਜੀਵਾਦੀ ਹਾਕਮ ਵਲੋਂ ਅਹਿੰਸਾ ਦਾ ਉਪਦੇਸ਼ ਅਸਲ 'ਚ ਬੇਹੱਦ ਫਾਇਦਾ ਦਿੰਦਾ ਹੈ। ਅੱਜ ਸੰਕਟ ਗ੍ਰਸਿਤ ਹਾਕਮ ਸਰਮਾਏਦਾਰੀ ਜਮਾਤ ਆਪਣੇ ਖਿਲਾਫ਼ ਉਠ ਖੜ੍ਹੇ ਹੋ ਰਹੇ ਵਿਦਰੋਹਾਂ ਨੂੰ ਇਸ ਤਰ੍ਹਾਂ ਆਯੋਜਿਤ ਤੇ ਕਾਬੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਪਰ ਇਹਨਾਂ ਦੇ ਯਤਨਾਂ ਦੀਆਂ ਵੀ ਹੱਦਾਂ ਹਨ। ਜਿਵੇਂ ਕਿ ਮਿਸ਼ਰ ਤੇ ਟਿਊਨੀਸ਼ੀਆ ਦੀਆਂ ਲੋਕ ਬਗਾਵਤਾਂ ਦਰਸਾਉਂਦੀਆਂ ਹਨ। ਮਜ਼ਦੂਰ ਜਮਾਤ ਨੂੰ ਇਹਨਾਂ 'ਚ ਵੱਡੇ ਪੈਮਾਨੇ 'ਤੇ ਦਾਖਲਾ ਇਹਨਾਂ ਹੱਦਾਂ ਨੂੰ ਤਹਿਸ ਨਹਿਸ ਕਰ ਦਿੰਦਾ ਹੈ ਪਰ ਫਿਰ ਵੀ ਮਜ਼ਦੂਰ ਜਮਾਤ ਦੇ ਇਨਕਲਾਬੀਆਂ ਲਈ ਇਹ ਵੱਡਾ ਕਾਰਜ ਬਣਿਆ ਹੀ ਰਹਿੰਦਾ ਹੈ ਕਿ ਉਹ ਬਗਾਵਤਾਂ ਖੜ੍ਹੀਆਂ ਕਰਨ, ਅੱਗੇ ਵਧਾਉਣ ਤੇ ਨਾ ਸਿਰਫ਼ ਮਜ਼ਦੂਰਾਂ ਦੀ ਪਾਰਟੀ ਉਸਾਰਨ ਬਲਕਿ ਮਜ਼ਦੂਰ ਜਮਾਤ ਨੂੰ ਪੂੰਜੀਪਤੀ ਜਮਾਤ ਵਲੋਂ ਫੈਲਾਏ ਇਸ ਮਕੜ ਜਾਲ 'ਚੋਂ ਬਾਹਰ ਖਿੱਚ ਲੈਣ। ਬਿਨਾਂ ਮਜ਼ਦੂਰ ਜਮਾਤ ਦੀਆਂ ਵਿਸ਼ਾਲ ਜੱਥੇਬੰਦੀਆਂ ਤੇ ਉਹਨਾਂ 'ਚ ਇਨਕਲਾਬੀ ਰਾਜਨੀਤੀ ਦੇ ਪ੍ਰਚਾਰ ਦੇ ਇਹ ਸੰਭਵ ਨਹੀਂ ਹੈ। ਇਸ 'ਚ ਚੌਕਸ ਢੰਗ ਨਾਲ ਉਠ ਰਹੇ ਅੰਦੋਲਨਾ ਜਾਂ ਪੂੰਜੀਪਤੀ ਜਮਾਤ ਦੀ ਦੂਜੀ ਸੁਰੱਖਿਆ ਕਤਾਰ ਵਲੋਂ ਖੜ੍ਹੇ ਕੀਤੇ ਜਾ ਰਹੇ ਅੰਦੋਲਨਾ 'ਚ ਸਰਗਰਮ ਤੇ ਕਾਰਗਰ ਦਖਲ ਅੰਦਾਜ਼ੀ ਦੀ ਵੀ ਅਹਿਮ ਭੂਮਿਕਾ ਹੋਵੇਗੀ। ਹੁਣ ਜਦ ਹਾਲਤਾਂ ਬਦਲ ਰਹੀਆਂ ਹਨ। ਪੁਰਾਣੀਆਂ ਚੀਜ਼ਾਂ ਟੁੱਟ ਰਹੀਆਂ ਹਨ ਤੇ ਨਵੀਂ ਆਹਟ ਸੁਣਾਈ ਦਿੰਦੀ ਹੋਵੇ ਤਾਂ ਮਜ਼ਦੂਰ ਜਮਾਤ ਦੇ ਇਨਕਲਾਬੀਆਂ ਨੂੰ ਆਪਣੀ ਹਰ ਤਰ੍ਹਾਂ ਦੀ ਜੜਤਾ ਤੇ ਹੱਦਾਂ ਤੋੜ ਕੇ ਅੱਗੇ ਆਉਣਾ ਪਵੇਗਾ।

# ਨਿਊਕਲੀਅਰ ਊਰਜਾ ਦੀ ਸ਼ਰਣ ਸਹੀ ਜਾਂ ਗਲਤ

ਜਪਾਨ 'ਚ ਪਿੱਛੇ ਜਿਹੇ ਹੀ ਆਈ ਸੁਨਾਮੀ ਮੁਸੀਬਤ ਪਿੱਛੋਂ ਜਦ ਸਮੁੱਚੇ ਸੰਸਾਰ 'ਚ ਫੁਕੁਸ਼ਿਮਾ ਨਿਊਕਲੀਅਰ ਹਾਦਸੇ ਬਾਰੇ ਚਰਚਾ ਹੋ ਰਹੀ ਸੀ ਤਦ ਭਾਰਤ ਦੇ ਸਰਕਾਰੀ ਵਿਗਿਆਨੀਆਂ ਨੇ ਅਜਿਹੇ ਕਿਸੇ ਨਿਊਕਲੀਅਰ ਹਾਦਸੇ ਦੀ ਗੱਲ ਨੂੰ ਹੀ ਸਿਰੇ ਤੋਂ ਖਾਰਜ ਕਰ ਦਿੱਤਾ। ਪ੍ਰਮਾਣੂ ਊਰਜਾ ਕਮਿਸ਼ਨ ਦੇ ਪ੍ਰਧਾਨ ਸ਼੍ਰੀ ਕੁਮਾਰ ਬੈਨਰਜੀ ਦੀ ਮੰਨੀਏ ਤਾਂ ਜਪਾਨ 'ਚ ਕੋਈ ਨਿਊਕਲੀਅਰ ਹਾਦਸਾ ਹੋਇਆ ਹੀ ਨਹੀਂ, ਉਥੇ ਜੋ ਕੁੱਝ ਹੋਇਆ ਉਹ ਸਿਰਫ਼ ਇਕ ਰਸਾਇਣਿਕ ਦੁਰਘਟਨਾ ਸੀ ਜਿਸ ਨੂੰ ਮੀਡੀਆ ਨੇ ਵਧਾ ਚੜ੍ਹਾ ਕੇ ਇਕ ਨਿਊਕਲੀਅਰ ਹਾਦਸੇ ਵਜੋਂ ਪੇਸ਼ ਕੀਤਾ। ਅਜਿਹੇ 'ਚ ਸੁਆਲ ਇਹ ਉਠਦਾ ਹੈ ਕਿ ਜਦ ਜਪਾਨ ਦੀ ਸਰਕਾਰ ਨੇ ਖੁਦ ਹੀ ਸੁਨਾਮੀ ਪਿੱਛੋਂ ਆਸੰਨ ਨਿਊਕਲੀਅਰ ਹਾਦਸੇ ਦੇ ਮੱਦੇ ਨਜ਼ਰ ਦੇਸ਼ ਵਿਆਪੀ ਅਲਰਟ ਜਾਰੀ ਕਰ ਦਿੱਤਾ ਸੀ ਤੇ ਜਦ ਸੰਸਾਰ ਦੇ ਸਾਰੇ ਦੇਸ਼ਾਂ ਦੇ ਵਿਗਿਆਨਕ ਸੰਭਾਵਿਤ ਨਿਊਕਲੀਅਰ ਖਤਰੇ ਤੋਂ ਬਚਣ ਲਈ ਉਪਾਵਾਂ ਬਾਰੇ ਚਰਚਾ ਕਰ ਰਹੇ ਸਨ ਤਾਂ ਭਾਰਤੀ ਸਰਕਾਰੀ ਵਿਗਿਆਨਕਾਂ ਨੂੰ ਐਸੀ ਕੀ ਮਜ਼ਬੂਰੀ ਬਣ ਗਈ ਸੀ ਕਿ ਉਹ ਇਸ ਖੇਤਰ ਨੂੰ ਘਟਾ ਕੇ ਮੰਗਣ? ਨਿਸ਼ਚਿਤ ਤੌਰ 'ਤੇ ਸਾਡੀ ਸੋਚ ਆਪਣੇ ਆਪ 'ਚ ਨਿਊਕਲੀਅਰ ਊਰਜਾ ਦਾ ਨਿਰਪੇਖ ਵਿਰੋਧ ਨਹੀਂ ਹੈ। ਨਿਊਕਲੀਅਰ ਊਰਜਾ ਦੀ ਵਰਤੋਂ ਤਾਂ ਹੋ ਸਕਦੀ ਹੈ ਪਰ ਉਸ ਦਾ ਮੰਤਵ ਮੁਨਾਫਾ ਨਹੀਂ ਉਸ ਦੇ ਕੇਂਦਰ 'ਚ ਮਨੁੱਖ ਹੋਣਾ ਚਾਹੀਦਾ ਹੈ। ਇਹੀ ਸੁਰੱਖਿਆ ਤੇ ਉਪਯੋਗਤਾ ਦੀ ਗਰੰਟੀ ਹੈ। ਨਿਊਕਲੀਅਰ ਊਰਜਾ ਵੱਧ ਸੁਰੱਖਿਆ ਤੇ ਸਾਵਧਾਨੀ ਦੀ ਮੰਗ ਕਰਦੀ ਹੈ ਅਤੇ ਇਸ ਦੀ ਸੁਰੱਖਿਆ ਤੇ ਸਾਵਧਾਨੀ ਦੇ ਹੋਰ ਉਨਤ ਤਰੀਕੇ ਤੇ ਉਪਾਅ ਵਿਕਸਤ ਕਰਨ ਲਈ ਅਜੇ ਬਹੁਤ ਖੋਜ ਦੀ ਜ਼ਰੂਰਤ ਹੈ। ਇਸ ਦੀ ਉਮੀਦ ਅਸੀਂ ਸਾਮਰਾਜੀ (ਪੂੰਜੀਵਾਦੀ) ਪ੍ਰਬੰਦ ਤੋਂ ਨਹੀਂ ਕਰ ਸਕਦੇ। ਅਜਿਹੇ 'ਚ ਨਿਊਕਲੀਅਰ ਊਰਜਾ ਦੀ ਵਰਤੋਂ ਬੇਹੱਦ ਜੋਖਮ ਦੇ ਨਾਲ ਹੁੰਦੀ ਹੈ। ਜੋ ਜੇ ਅਸਲੀਅਤ 'ਚ ਤਬਦਲੀ ਹੁੰਦੀ ਹੈ ਤਾਂ ਉਸ ਦੀ ਕੀਮਤ ਹਾਕਮ ਜਮਾਤ ਨਹੀਂ ਬਲਕਿ ਜਨਤਾ ਚਕਾਉਂਦੀ ਹੈ। ਫਿਰ ਵੀ ਨਿਊਕਲੀਅਰ ਊਰਜਾ ਦੇ ਮੌਜੂਦਾ ਰੂਪ ਵਿੱਚ ਹੀ ਵਰਤੋਂ ਦੇ ਪੱਖ 'ਚ ਹਾਕਮ ਜਮਾਤ ਤਰਕ ਪੇਸ਼ ਕਰਦੀ ਹੈ। ਕਿਉਂ? ਇਸ ਸੁਆਲ ਦਾ ਜੁਆਬ ਜਾਨਣ ਲਈ ਸਾਨੂੰ ਨਿਊਕਲੀਅਰ ਊਰਜਾ ਨੂੰ ਹੱਲਾਸ਼ੇਰੀ ਦੇਣ ਪਿੱਛੇ ਕੰਮ ਕਰਦੇ ਰਾਜਸੀ ਅਰਥ ਸ਼ਾਸਤਰ ਨੂੰ ਸਮਝਣਾ ਪੈਣਾ ਹੈ। ਪਿਛੜੇ ਕੁਝ ਸਾਲਾਂ ਤੋਂ ਹਾਕਮ ਜਮਾਤ ਵਲੋਂ ਪ੍ਰਯੋਜਿਤ ਭਾੜੇ ਦੇ ਟੱਟੂ ਲੋਕਾਂ ਨੂੰ ਇਹ ਯਕੀਨ ਦਿਵਾਉਣ 'ਚ ਲੱਗੇ ਹੋਏ ਹਨ ਕਿ ਦੇਸ਼ ਦੇ ਸੁਨਹਿਰੀ ਵਿਕਾਸ ਹਿੱਤ ਨਿਊਕਲੀਅਰ ਊਰਜਾ ਕਿੰਨੀ ਜ਼ਰੂਰੀ ਹੈ। ਅਸਲ 'ਚ ਨਿਊਕਲੀਅਰ ਊਰਜਾ ਦੀ ਵਰਤੋਂ ਪੂੰਜੀਵਾਦੀ ਵਿਕਾਸ ਕਰਨ ਦੀ ਯੋਜਨਾ ਦਾ ਹਿੱਸਾ ਹੈ। ਜਿਸ ਦਾ ਮਕਸਦ ਦੇਸ਼ ਦੀ ਵਿਆਪਕ ਅਬਾਦੀ ਦੇ ਜੀਵਨ ਪੱਧਰ 'ਚ ਸੁਧਾਰ ਲਿਆਉਣਾ ਨਹੀਂ ਬਲਕਿ ਇੱਥੋਂ ਦੇ ਉਚ ਵਰਗ ਤੇ ਉਚ ਮੱਧ ਵਰਗ ਦੇ ਐਸ਼ੋ-ਆਰਾਮ ਤੇ ਵਿਲਾਸਤਾ ਨੂੰ ਬੇਰੋਕ ਟੋਕ ਜਾਰੀ ਰੱਖਣਾ ਹੈ ਅਤੇ ਨਾਲ ਹੀ ਨਾਲ ਉਦਯੋਗਾਂ 'ਚ ਵੱਧ ਤੋਂ ਵੱਧ ਆਟੋਮੈਟਿਕ ਯੰਤਰਾਂ ਨੂੰ ਹੱਲਾਸ਼ੇਰੀ ਦੇਣਾ ਹੈ। ਜਿਸ ਨਾਲ ਸਨਅਤੀ ਪੈਦਾਵਾਰ 'ਚ ਮਨੁੱਖਾਂ ਦੀ ਲੋੜ

ਘਟੋ ਘੱਟ ਹੋਵੇ ਤੇ ਸਰਮਾਏਦਾਰਾਂ ਦਾ ਮੁਨਾਫਾ ਵੱਧ ਤੋਂ ਵੱਧ ਹੋਵੇ। ਇਸ ਦੇ ਮੱਦੇ ਨਜ਼ਰ ਸਾਲ 2008 'ਚ ਭਾਰਤ-ਅਮਰੀਕਾ ਨਿਊਕਲੀਅਰ ਸੰਧੀ 'ਤੇ ਦਸਖਤ ਕੀਤੇ ਗਏ ਜਿਵੇਂ ਕਿ ਪਿੱਛੇ ਜਿਹੇ ਹੀ ਵਿਕੀਲੀਕਸ ਖੁਲਾਸੇ ਤੋਂ ਸਾਬਤ ਹੋ ਗਿਆ ਹੈ ਕਿ ਇਸ ਗ਼ੈਰ-ਜਮਹੂਰੀ ਸੰਧੀ 'ਤੇ ਪਾਰਲੀਮੈਂਟ ਦੀ ਮੰਜੂਰੀ ਠੋਸਣ ਲਈ ਸੰਸਦ ਮੈਂਬਰਾਂ ਦੀ ਖਰੀਦ ਫਰੋਖਤ 'ਚ ਪੈਸਾ ਪਾਣੀ ਵਾਂਗੂੰ ਵਹਾਇਆ ਗਿਆ।

ਇਸ ਸੰਧੀ ਪਿੱਛੋਂ ਭਾਰਤ ਕਿਸੇ ਵੀ ਦੇਸ਼ ਦੇ ਨਾਲ ਨਿਊਕਲੀਅਰ ਊਰਜਾ ਦੀ ਤਕਨਾਲੋਜੀ ਦੀ ਦਰਾਮਦ ਕਰ ਸਕਦਾ ਹੈ। ਇਹ ਸੰਧੀ ਨਿਊਕਲੀਅਰ ਸਪਲਾਇਰ ਗਰੁੱਪ (NSG) 'ਚ ਸ਼ਾਮਲ ਦੇਸ਼ਾਂ ਦੇ ਹਿੱਤ ਵਿੱਚ ਹੀ ਸੀ ਕਿਉਂਕਿ ਉਹਨਾਂ ਨੂੰ ਆਪਣੀ ਟੈਕਨਾਲੋਜੀ ਵੇਚਣ ਲਈ ਅਜਿਹੀ ਖਰੀਦਦਾਰ ਦੀ ਲੋੜ ਸੀ ਜਿਸ ਨਾਲ ਉਹਨਾਂ ਨੂੰ ਭਾਰੀ ਮੁਨਾਫਾ ਵੀ ਹਾਸਲ ਹੋਵੇ, ਤੇ ਨਾਲ ਹੀ ਕੋਈ ਰਾਜਸੀ ਖਤਰਾ ਵੀ ਨਾ ਹੋਵੇ। ਸੰਸਾਰ ਵਿਆਪੀ ਮੰਦੀ ਦੇ ਦੌਰ 'ਚ ਇਸ ਸੰਧੀ 'ਤੇ ਅਸਲ ਪੱਛਮੀ ਦੇਸ਼ਾਂ ਲਈ ਹੋਰ ਵੀ ਜ਼ਰੂਰੀ ਹੋ ਗਿਆ ਹੈ ਕਿਉਂਕਿ ਇਸ ਰਾਹੀਂ ਉਹ ਵੱਡੇ ਪੈਮਾਨੇ 'ਤੇ ਪੂੰਜੀ ਬਰਾਮਦ ਕਰਾ ਸਕਦੇ ਹਨ ਅਤੇ ਇਸ ਰਾਹੀਂ ਨਿਚੋੜੇ ਗਏ ਵਾਧੂ ਲਾਭ ਤੋਂ ਆਪਣੀ ਡਿਕ ਡੋਲੇ ਖਾਂਦੇ ਦਲਾਲ ਅਰਥਚਾਰੇ ਨੂੰ ਪਟੜੀ 'ਤੇ ਲਿਆ ਸਕਦੇ ਹਨ। ਦੇਸ਼ ਪੱਧਰ 'ਤੇ ਭਾਰਤੀ ਸਰਮਾਏਦਾਰੀ ਜਮਾਤ ਤੇ ਸੰਸਾਰ ਪੱਧਰ 'ਤੇ ਸਾਮਰਾਜੀ ਦੇ ਹਿੱਤਾਂ ਦੇ ਇਸ ਮੇਲ ਕਰਕੇ ਹੀ ਪਿਛਲੇ ਕੁੱਝ ਸਾਲਾਂ ਤੋਂ ਬੁਰਜੂਆਂ ਮੀਡੀਆ 'ਚ ਨਿਊਕਲੀਅਰ ਊਰਜਾ ਦੀ ਲੋੜ ਤੇ ਲਾਭ ਬਾਰੇ ਜੋਰ ਸ਼ੋਰ ਨਾਲ ਲਿਖਿਆ ਜਾ ਰਿਹਾ ਹੈ। ਜਿਸ ਨਾਲ ਕਿ ਇਸ ਦੇ ਪੱਖ 'ਚ ਲੋਕ ਰਾਇ ਤਿਆਰ ਕੀਤੀ ਜਾਵੇ। ਜਪਾਨ 'ਚ ਸੁਨਾਮੀ ਆਉਣ ਤੋਂ ਪਹਿਲਾਂ ਤੱਕ ਪੂੰਜੀਵਾਦੀ ਕਲਮ ਘਸੀਟ ਲੋਕਾਂ ਨੂੰ ਇਹ ਦੱਸਣ 'ਚ ਰੁੱਝੇ ਸਨ ਕਿ ਹੁਣ 'ਨਿਊਕਲੀਅਰ ਪੁਨਰ ਚੇਤਨਾ' ਦਾ ਦੌਰ ਹੈ। ਪਿਛਲੇ ਸਾਲ ਓਬਾਮਾ ਦੀ ਭਾਰਤ ਫੇਰੀ ਤੋਂ ਠੀਕ ਪਹਿਲਾਂ ਤੇਜੀ ਤੇਜੀ 'ਚ ਨਿਊਕਲੀਅਰ ਸਿਵਲ ਲਾਇਬਿਲਟੀ ਐਕਟ ਪਾਸ ਕੀਤਾ ਗਿਆ। ਜਿਸ ਤਹਿਤ ਭਾਰਤ 'ਚ ਵਿਦੇਸ਼ੀ ਮਦਦ ਤੋਂ ਬਣਨ ਵਾਲੇ ਕਿਸੇ ਨਿਊਕਲੀਅਰ ਕਾਰਖਾਨੇ 'ਚ ਦੁਰਘਟਨਾ ਦੀ ਹਾਲਤ 'ਚ ਨਿਊਕਲੀਅਰ ਰਿਐਕਟਰ ਦੇ ਸਪਲਾਈ ਕਰਤਾ ਨੂੰ ਜ਼ਿੰਮੇਵਾਰੀ ਤੋਂ ਸੁਰਖਰੂ ਕੀਤਾ ਗਿਆ ਤੇ ਮੁਆਵਜ਼ੇ ਦੀ ਰਾਸ਼ੀ ਨੂੰ ਹਾਸੋਹੀਣੀ ਢੰਗ ਨਾਲ ਘੱਟ ਕੀਤਾ ਗਿਆ ਹੈ। ਇਸ ਪਿੱਛੋਂ ਫਰਾਂਸ ਦੇ ਰਾਸ਼ਟਰਪਤੀ ਸਾਰਕੋਜੀ ਦੀ ਭਾਰਤ ਫੇਰੀ ਤੋਂ ਠੀਕ ਪਹਿਲਾਂ ਫਰਾਂਸ ਵਲੋਂ ਮੁਹੱਈਆ ਕੀਤੇ ਜਾਣ ਵਾਲੇ ਨਿਊਕਲੀਅਰ ਰਿਐਕਟਰ ਨਾਲ ਚਲਣ ਵਾਲੇ ਪ੍ਰਸਤਾਵਿਤ ਮਹਾਂਰਾਸ਼ਟਰ ਦੇ ਜੈਤਾਪੁਰ ਨਿਊਕਲੀਅਰ ਕਾਰਖਾਨੇ ਨੂੰ ਕੁਝ ਮਾਮੂਲੀ ਸ਼ਰਤਾਂ ਦੇ ਨਾਲ ਕਾਹਲੀ 'ਚ ਹਰੀ ਝੰਡੀ ਦੇ ਦਿੱਤੀ ਗਈ। ਜੈਤਾਪੁਰ 'ਚ ਪ੍ਰਸਤਾਵਿਤ ਨਿਊਕਲੀਅਰ ਕਾਰਖਾਨੇ 'ਚ 1650 ਮੈਗਾਵਾਟ ਦੀ ਸਮਰੱਥਾ ਵਾਲੇ 6 ਨਿਊਕਲੀਅਰ ਰਿਐਕਟਰਾਂ ਲਾਏ ਜਾਣ ਦੀ ਯੋਜਨਾ ਹੈ। ਇਹ ਰਿਐਕਟਰ ਫਰਾਂਸ ਦੀ ਨਿਊਕਲੀਅਰ ਊਰਜਾ ਕੰਪਨੀ ਅਰੇਵਾ ਵਲੋਂ ਮੁਹੱਈਆ ਕੀਤੇ ਜਾਣਗੇ। ਜੇ ਇਹ ਕਾਰਖਾਨਾ ਹੋਂਦ ਵਿੱਚ ਆਉਂਦਾ ਹੈ ਤਾਂ ਇਹ ਸੰਸਾਰ ਦਾ ਸਭ ਤੋਂ ਵੱਡਾ ਨਿਊਕਲੀਅਰ ਬਿਜਲੀ ਕਾਰਖਾਨਾ ਹੋਵੇਗਾ। ਇਹ ਪ੍ਰੋਜੈਕਟ ਲਈ ਜ਼ਮੀਨ ਇਕਵਾਇਰ ਕਰਨ ਦਾ ਕੰਮ 2005 ਤੋਂ ਹੀ ਸ਼ੁਰੂ ਹੋ ਗਿਆ ਸੀ ਪਰ ਸਾਰਕੋਜੀ ਦੀ ਭਾਰਤ ਫੇਰੀ ਦੌਰਾਨ 6 ਵਿੱਚੋਂ 2 ਰਿਐਕਟਰਾਂ ਨੂੰ ਖਰੀਦਣ ਲਈ ਹੋਏ ਸਮਝੌਤੇ ਪਿੱਛੋਂ ਮਹਾਂਰਾਸ਼ਟਰ ਸਰਕਾਰ ਇਸ ਪ੍ਰੋਜੈਕਟ ਨੂੰ ਲਾਗੂ ਕਰਾਉਣ ਲਈ ਅੱਡੀ

ਚੋਟੀ ਦਾ ਜ਼ੋਰ ਲਾ ਰਹੀ ਹੈ। ਅਜੇ ਤੱਕ ਮਹਾਂਰਾਸ਼ਟਰ ਦੇ ਰਤਨਾਗਿਰੀ ਜ਼ਿਲੇ ਦਾ ਮਦਬਨ, ਕੇਰਲ, ਮਿਥ ਗਾਵਨੇ ਅਤੇ ਨਿਵੇਲੀ ਨਾਂ ਦੇ ਪਿੰਡਾਂ 'ਚ ਕਰੀਬ 2375 ਪ੍ਰੀਵਾਰਾਂ ਦੀ ਜ਼ਮੀਨ ਹੜੱਪੀ ਜਾ ਚੁੱਕੀ ਹੈ। ਜਿਸ 'ਚ 95 ਫੀਸਦੀ ਤੋਂ ਵੱਧ ਪ੍ਰੀਵਾਰਾਂ ਨੇ ਸਰਕਾਰ ਵਲੋਂ ਨਿਰਧਾਰਿਤ ਮੁਆਵਜਾ ਲੈਣ ਤੋਂ ਨਾਂਹ ਕਰ ਦਿੱਤੀ ਹੈ ਪਰ ਮੁਆਵਜੇ ਦੀ ਕੀਮਤ ਤੋਂ ਕਿਤੇ ਵੱਧ ਅਹਿਮ ਸੁਆਲ ਇਸ ਇਲਾਕੇ ਦੇ ਲੋਕਾਂ ਦੀ ਰੋਟੀ ਰੋਜ਼ੀ ਉਹਨਾਂ ਦੀ ਸਿਹਤ ਅਤੇ ਸਮੁੱਚੇ ਕੋਂਕਣ ਖੇਤਰ (ਜਿਸ ਦੇ ਤਹਿਤ ਇਹ ਇਲਾਕਾ ਆਉਂਦਾ ਹੈ) ਦੇ ਕੁਦਰਤੀ ਸੰਤੁਲਨ ਦਾ ਹੈ। ਇਸ ਉਪਜਾਊ ਇਲਾਕੇ 'ਚ ਚੌਲ, ਜਵਾਰ, ਬਾਜਰਾ, ਸਬਜ਼ੀਆਂ ਤੇ ਫ਼ਲ ਉਗਾਏ ਜਾਂਦੇ ਹਨ। ਸੰਸਾਰ ਪ੍ਰਸਿੱਧ ਹਾਫੁਸ (alfanso) ਅੰਬ ਇਸ ਇਲਾਕੇ 'ਚ ਮਿਲਦਾ ਹੈ ਕਿਉਂਕਿ ਅੰਬ ਦੀ ਫਸਲ ਤਾਪਮਾਨ ਤੇ ਰਸਾਇਣ ਦੀ ਥੋੜ੍ਹੀ ਤਬਦੀਲੀ ਨਾਲ ਹੀ ਵੱਧ ਪ੍ਰਭਾਵਿਤ ਹੋ ਜਾਂਦੀ ਹੈ। ਇਸ ਲਈ ਲੋਕਾਂ ਨੂੰ ਡਰ ਹੈ ਕਿ ਇਸ ਪ੍ਰੋਜੈਕਟ ਦੇ ਆਉਣ ਪਿੱਛੋਂ ਅੰਬ ਦੀ ਪੈਦਾਵਾਰ 'ਚ ਜ਼ਿਕਰਯੋਗ ਗਿਰਾਵਟ ਆਵੇਗੀ। ਖੇਤੀ ਅਤੇ ਬਾਗਬਾਨੀ ਤੋਂ ਇਲਾਵਾ ਜੈਤਾਪੁਰ ਨਿਊਕਲੀਅਰ ਕਾਰਖਾਨਾ ਹੋਂਦ ਵਿੱਚ ਆਉਂਦਾ ਹੈ ਤਾਂ ਉਹ ਰੋਜਾਨਾ 5200 ਕਰੋੜ ਲਿਟਰ ਗਰਮ ਪਾਣੀ ਸਮੁੰਦਰ 'ਚ ਛੱਡੇਗਾ। ਜਿਸ ਕਾਰਨ ਸਮੁੰਦਰੀ ਕੰਢੇ ਦੇ ਨੇੜੇ ਸਮੁੰਦਰੀ ਪਾਣੀ ਦੇ ਤਾਪਮਾਨ 'ਚ ਵਾਧਾ ਹੋਵੇਗਾ। ਸਿੱਟੇ ਵਜੋਂ ਉਥੇ ਮੱਛੀਆਂ ਦੀ ਗਿਣਤੀ 'ਚ ਕਮੀ ਆਵੇਗੀ। ਇਸ ਤੋਂ ਇਲਾਵਾ ਨਿਊਕਲੀਅਰ ਕਾਰਖਾਨੇ ਦੇ ਨੇੜੇ ਹੋਣ ਕਰਕੇ ਇਸ ਇਲਾਕੇ ਦੀਆਂ ਮੱਛੀਆਂ ਦੀ ਬਰਾਮਦ 'ਤੇ ਉਲਟਾ ਅਸਰ ਪਵੇਗਾ ਕਿਉਂਕਿ ਯੂਰਪ ਦੇ ਕਈ ਦੇਸ਼ਾਂ 'ਚ ਮੱਛੀਆਂ ਦੀ ਗੁਣਵੰਣਤਾ ਸਬੰਧੀ ਨਿਯਮ ਕਾਫੀ ਸਖ਼ਤ ਹਨ। ਇਸ ਤਰ੍ਹਾ ਮੱਛੀ ਪਾਲਣ ਤੇ ਨਿਰਭਰ ਲਗਭਗ 15000 ਲੋਕਾਂ ਦੀ ਰੋਟੀ ਰੋਜ਼ੀ 'ਤੇ ਸੁਆਲੀਆ ਚਿੰਨ੍ਹ ਲੱਗ ਜਾਵੇਗਾ। ਲੋਕਾਂ ਦੀ ਰੋਟੀ ਰੋਜ਼ੀ ਦੇ ਸਾਧਨ ਨਸ਼ਟ ਹੋਣ ਤੋਂ ਇਲਾਵਾ ਜੈਤਾਪੁਰ ਨਿਊਕਲੀਅਰ ਪ੍ਰੋਜੈਕਟ ਨਾਲ ਜੁੜਿਆ ਇਕ ਹੋਰ ਵੱਡਾ ਮੁੱਦਾ ਇਸ ਸਮੁੱਚੇ ਖੇਤਰ 'ਚ ਰਹਿਣ ਵਾਲੇ ਲੋਕਾਂ ਦੀ ਸਿਹਤ ਦੀ ਰਾਖੀ ਦਾ ਹੈ। ਕਿਸੇ ਵੀ ਨਿਊਕਲੀਅਰ ਵਿਕਰਣ (Radiation) ਦਾ ਖਤਰਾ ਲਗਾਤਾਰ ਬਣਿਆ ਰਹਿੰਦਾ ਹੈ। ਚੇਰਨੋਬਿਲ, ਥ੍ਰੀ ਮਾਈਲ ਆਈਲੈਂਡ ਅਤੇ ਫੁਕੂਸ਼ਿਮਾ ਵਰਗੇ ਵੱਡੇ ਹਾਦਸਿਆਂ ਤੋਂ ਇਲਾਵਾ ਸੰਸਾਰ ਭਰ 'ਚ ਨਿਊਕਲੀਅਰ ਵਿਕਰਣ ਦੇ ਛੋਟੇ-ਛੋਟੇ ਸਾਰੇ ਮਾਮਲੇ ਦੇਖਣ 'ਚ ਆਏ ਹਨ। ਜਿਹਨਾਂ ਕਰਕੇ ਨਿਊਕਲੀਅਰ (ਪ੍ਰਮਾਣੂ) ਕਾਰਖਾਨੇ ਦੇ ਨੇੜੇ ਰਹਿਣ ਵਾਲੇ ਲੋਕਾਂ 'ਚ ਵੱਖ-ਵੱਖ ਕਿਸਮ ਦੀਆਂ ਸਿਹਤ ਸਬੰਧੀਆਂ ਸਮੱਸਿਆਵਾਂ ਪਾਈਆਂ ਜਾਂਦੀਆਂ ਹਨ ਅਤੇ ਕਿਉਂਕਿ ਜੈਤਾਪੁਰ 'ਚ ਇਕ ਦੋ ਨਹੀਂ ਬਲਕਿ ਛੇ ਨਿਊਕਲੀਅਰ ਰੀਐਕਟਰਾਂ ਨੂੰ ਲਾਉਣ ਦੀ ਯੋਜਨਾ ਹੈ ਜਿਸ ਦੀ ਮਿਸਾਲ ਪੂਰੀ ਦੁਨੀਆਂ 'ਚ ਕਿਧਰੇ ਹੋਰ ਨਹੀਂ ਮਿਲਦੀ। ਇਸ ਲਈ ਇਸ ਇਲਾਕੇ ਦੇ ਲੋਕਾਂ ਵਿੱਚ ਹੋਰ ਵੀ ਵੱਧ ਡਰ ਮੌਜੂਦ ਹੈ। ਸਿਹਤ ਸੁਰੱਖਿਆ ਨਾਲ ਜੁੜਿਆ ਇਕ ਹੋਰ ਪਹਿਲੂ ਇਹ ਹੈ ਕਿ ਫਰਾਂਸ ਦੀ ਕੰਪਨੀ ਅਰੇਵਾ ਜੋ ਨਿਊਕਲੀਅਰ ਰੀਐਕਟਰ ਜੈਤਾਪੁਰ ਬਿਜਲੀ ਕਾਰਖਾਨੇ ਨੂੰ ਵੇਚ ਰਹੀ ਹੈ। ਉਸ ਕਿਸਮ ਦੇ ਰਿਐਕਟਰ ਦਾ ਡਿਜ਼ਾਇਨ, ਯੂਰਪੀਅਨ ਪ੍ਰੈਸਰਾਈਜ਼ਡ ਰੀਐਕਟਰ (EPR) ਅਜੇ ਤਕ ਨਿਊਕਲੀਅਰ ਸੁਰੱਖਿਆ ਸਬੰਧੀ ਪੈਮਾਨੇ 'ਤੇ ਕਿਧਰੇ ਖਰੀ ਨਹੀਂ ਉਤਰੀ ਹੈ। ਅਰੇਵਾ ਨੇ ਇਸ ਕਿਸਮ ਦੇ ਰੀਐਕਟਰ ਪਹਿਲਾਂ ਫਿਨਲੈਂਡ ਨੂੰ ਵੇਚੇ ਸਨ। ਪਰ ਸੁਰੱਖਿਆ ਡਿਜ਼ਾਇਨ ਤੇ ਉਸਾਰੀ ਨਾਲ ਜੁੜੇ ਸਾਰੇ ਮੁੱਦਿਆਂ ਕਰਕੇ ਇਹ ਸੌਦਾ

ਝਮੇਲੇ 'ਚ ਪੈ ਗਿਆ ਹੈ। ਇਸ ਤੋਂ ਇਲਾਵਾ ਸੰਯੁਕਤ ਅਰਬ ਅਮੀਰਾਤ ਦੀ ਸਰਕਾਰ ਨੇ ਪਿੱਛੇ ਜਿਹੇ ਹੀ ਅਰੇਵਾ ਵਲੋਂ ਮੁਹੱਈਆ ਕੀਤੇ ਜਾਣ ਵਾਲੇ ਨਿਊਕਲੀਅਰ ਰਿਐਕਟਰਾਂ ਦੇ ਮੁਕਾਬਲੇ ਦੱਖਣੀ ਕੋਰੀਆ ਦੀ ਇਕ ਕੰਪਨੀ ਨੂੰ ਚੁਣਿਆ। ਲੋਕ ਸਿਹਤ ਸੁੱਰਖਿਆ ਨਾਲ ਸਬੰਧਤ ਇਕ ਹੋਰ ਖਤਰਾ ਇਹ ਹੈ ਕਿ ਜੈਤਾਪੁਰ ਦਾ ਇਲਾਕਾ ਭੂਚਾਲ ਦੀ ਸੰਭਾਵਨਾ ਵਾਲੇ ਖੇਤਰਾਂ ਵਿੱਚੋਂ ਇਕ ਹੈ। ਭੂਚਾਲ ਦੀ ਸੰਭਾਵਨਾ ਤੀਬਰਤਾ ਦੇ ਅਧਾਰ 'ਤੇ ਭਾਰਤ ਦੇ ਵੱਖ-ਵੱਖ ਖੇਤਰਾਂ ਨੂੰ ਪੰਜ ਜੋਨਾ 'ਚ ਵੰਡਿਆ ਗਿਆ ਹੈ। ਜਿਸ ਵਿੱਚ ਜੈਤਾਪੁਰ ਇਲਾਕਾ ਜੋਨ IV ਵਿੱਚ ਆਉਂਦਾ ਹੈ। ਯਾਨੀ ਇਸ ਖੇਤਰ 'ਚ ਭੂਚਾਲ ਆਉਣ ਦੀ ਸੰਭਾਵਨਾ ਔਸਤ ਤੋਂ ਕਿਤੇ ਵੱਧ ਹੈ। ਜਿਵੇਂ ਕਿ ਪਿੱਛੇ ਜਿਹੇ ਜਪਾਨ 'ਚ ਦੇਖਣ 'ਚ ਆਇਆ ਕਿ ਭੂਚਾਲ ਵਰਗੀ ਕੁਦਰਤੀ ਆਫਤ ਇੱਕ ਨਿਊਕਲੀਅਰ (ਪ੍ਰਮਾਣੂ) ਹਾਦਸੇ ਦਾ ਕਾਰਨ ਵੀ ਬਣ ਸਕਦੀ ਹੈ। ਭਾਰਤ ਵਰਗੇ ਦੇਸ਼ 'ਚ ਜਿੱਥੇ ਭੂਪਾਲ 'ਚ ਇਕ ਰਸਾਇਣਿਕ ਗੈਸ ਲੀਕ ਹੋਣ ਕਰਕੇ, ਭਿਆਨਕ ਤਬਾਹੀ ਮਚ ਗਈ ਸੀ। ਇਹ ਸੋਚਣ ਨਾਲ ਹੀ ਰੌਂਗਟੇ ਖੜ੍ਹੇ ਹੋ ਜਾਂਦੇ ਹਨ ਕਿ ਇਕ ਨਿਊਕਲੀਅਰ ਹਾਦਸਾ ਹੋਣ ਦੀ ਸੂਰਤ 'ਚ ਇੱਥੋਂ ਦਾ ਦ੍ਰਿਸ਼ ਕੀ ਹੋਵੇਗਾ।

ਜੈਤਾਪੁਰ ਦੇ ਪ੍ਰਸੰਗ 'ਚ ਇਕ ਹੋਰ ਅਹਿਮ ਮੁੱਦਾ ਉਥੋਂ ਦੀ ਭੂਗੋਲਿਕ ਸਥਿਤੀ ਦਾ ਹੈ। ਕੋਂਕੇਣ ਦਾ ਖੇਤਰ ਜਿਸ 'ਚ ਜੈਤਾਪੁਰ ਦਾ ਇਲਾਕਾ ਆਉਂਦਾ ਹੈ। ਆਪਣੀ ਕੁਦਰਤੀ ਅਮੀਰੀ ਲਈ ਸੰਸਾਰ ਭਰ 'ਚ ਪ੍ਰਸਿੱਧ ਹੈ। ਇੱਥੋਂ ਦੀ ਜੈਵਿਕ ਵਿਭੰਨਤਾ ਭਾਰਤ 'ਚ ਵਿਲੱਖਣ ਹੈ। ਇਸ ਇਲਾਕੇ 'ਚ ਪ੍ਰਮਾਣੂ ਕਾਰਖਾਨਾ ਲਾਉਣਾ ਪਿੱਛੋਂ ਨਿਸ਼ਚੈ ਹੀ ਇੱਥੋਂ ਦਾ ਵਾਤਾਵਰਣ ਤਹਿਸ ਨਹਿਸ ਹੋ ਜਾਵੇਗਾ ਗੌਰ ਕਰਨ ਵਾਲੀ ਗੱਲ ਇਹ ਹੈ ਕਿ ਵਾਤਾਵਰਣ ਮੰਤਰੀ ਜੈ ਰਾਮ ਰਮੇਸ਼ ਦੀ ਸਾਰੀ ਹਰਿ ਆਵਲ ਇਕਟੀਵਿਜ਼ਮ ਜੈਤਾਪੁਰ ਵਰਗੇ ਵਾਤਾਵਰਣ ਦੇ ਨਜ਼ਰੀਏ ਤੋਂ ਅਤੀ ਸੰਵੇਦਨਸ਼ੀਲ ਮਾਮਲੇ 'ਚ ਹਵਾ ਹੋ ਗਿਆ ਹੈ। ਉਪਰੋਕਿਤ ਸਭ ਥਾਵਾਂ ਤੋਂ ਇਸ ਇਲਾਕੇ ਦੇ ਲੋਕ ਅਤੇ ਸਾਰੀਆਂ ਜਥੇਬੰਦੀਆਂ ਕਈ ਮਹੀਨਿਆਂ ਤੋਂ ਜੈਤਾਪੁਰ ਬਿਜਲੀ ਕਾਰਖਾਨੇ ਦੇ ਲਾਏ ਜਾਣ ਦਾ ਵਿਰੋਧ ਕਰ ਰਹੀਆਂ ਹਨ। ਜੈਤਾਪੁਰ ਕਾਰਖਾਨਾ ਇਕੱਲਾ ਇਕ ਅਜਿਹਾ ਕਾਰਖਾਨਾ ਨਹੀਂ ਹੈ ਜੋ ਭਾਰਤ ਦੇ ਹੁਕਮਰਾਨਾ ਦੀ ਯੋਜਨਾ 'ਚ ਸ਼ਾਮਲ ਹੈ ਪਰ ਸਪਸ਼ਟ ਰਣਨੀਤੀ ਤੇ ਕਾਰਗਰ ਯੋਜਨਾ ਦੀ ਘਾਟ ਕਰਕੇ ਲੋਕ ਵਿਰੋਧ ਲੋਕ ਲਹਿਰ ਨਹੀਂ ਬਣ ਸਕਿਆ ਹੈ। ਜੈਤਾਪੁਰ ਤੋਂ ਇਲਾਵਾ ਦੇਸ਼ ਦੇ ਹੋਰ ਹਿੱਸੇ ਜਿਵੇਂ ਹਰੀਪੁਰ (ਪੱਛਮੀ ਬੰਗਾਲ) ਮਿਠੀ ਵਿਰਦੀ (ਗੁਜਰਾਤ) ਪਿਟੀ ਸੋਨਾਰਪੁਰ (ਉੜੀਸਾ) ਚੁਟਖਾ (ਮੱਧ ਪ੍ਰਦੇਸ਼) ਤੇ ਕੋਵਾੜਾ (ਆਂਧਰਾ ਪ੍ਰਦੇਸ਼) 'ਚ ਵੀ ਪ੍ਰਮਾਣੂ ਕਾਰਖਾਨਾ ਸਥਾਪਤ ਕਰਨ ਦੀ ਲੰਮੇ ਸਮੇਂ ਦੀ ਯੋਜਨਾ ਹੈ। ਭਾਰਤ ਦੇ ਹੁਕਮਰਾਨਾ ਦੇ ਨਿਊਕਲੀਅਰ ਪ੍ਰੇਮ ਪਿੱਛੇ ਇਕ ਲੰਮਾ ਇਤਿਹਾਸ ਰਿਹਾ ਹੈ। 1947 ਤੋਂ ਹੀ ਇਸ ਨੂੰ ਵਾਜਿਬ ਠਹਿਰਾਇਆ ਜਾ ਰਿਹਾ ਹੈ ਪਰ ਧਿਆਨ ਖੋਜ ਤੇ ਕੁਦਰਤੀ ਊਰਜਾ ਦੇ ਵਿਕਲਪਿਕ ਸ੍ਰੋਤਾਂ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਭਾਰਤ ਵਰਗੇ ਦੇਸ਼ 'ਚ ਯੂਰਨੀਅਮ ਦੀ ਬਹੁਤੀ ਕਮੀ ਹੈ। ਜਿਸ ਕਰਕੇ ਪ੍ਰਮਾਣੂ ਊਰਜਾ 'ਤੇ ਜ਼ੋਰ ਦੇਣ ਲਈ ਸਾਡੀ ਵਿਕਸਤ ਦੇਸ਼ਾਂ 'ਤੇ ਨਿਰਭਰਤਾ ਵਧੇਗੀ। ਸੂਰਜੀ ਊਰਜਾ ਸਮੁੰਦਰੀ ਲਹਿਰ ਊਰਜਾ, ਜਵਾਰਭਾਟਾ ਤੋਂ ਪੈਦਾ ਊਰਜਾ ਤੇ ਪਣ ਊਰਜਾ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਕਿਸੇ ਵੀ ਊਰਜਾ (ਸਮੇਤ ਪ੍ਰਮਾਣੂ ਊਰਜਾ) ਦੀ ਵਰਤੋਂ ਕੀਤੀ ਜਾ ਸਕਦੀ ਹੈ। ਬਸ਼ਰਤੇ ਕਿ ਇਸ ਦੇ ਕੇਂਦਰ 'ਚ ਮੁਨਾਫਾ

ਨਹੀਂ ਮਨੁੱਖ ਹੋਣਾ ਚਾਹੀਦਾ ਹੈ। ਨਿਊਕਲੀਅਰ ਰਿਐਕਟਰ ਬਣਾਉਣ ਦਾ ਕੰਮ ਕਿਸੇ ਵੀ ਸੂਰਤ 'ਚ ਨਿੱਜੀ ਹੱਥਾਂ 'ਚ ਨਹੀਂ ਦਿੱਤਾ ਜਾਣਾ ਚਾਹੀਦਾ, ਕਿਉਂਕਿ ਇਹਨਾਂ ਕੰਪਨੀਆਂ ਦਾ ਸਰੋਕਾਰ ਵੱਧ ਤੋਂ ਵੱਧ ਪੈਸਾ ਕਮਾਉਣਾ ਹੈ। ਅੱਜ ਦੇ ਸਮੇਂ 'ਚ ਊਰਜਾ ਦੇ ਹੋਰ ਸਰੋਤ ਜਿਵੇਂ ਬੰਨ ਜਾਂ ਕੋਈ ਵੀ ਹੋਰ ਵਿਕਾਸ ਪ੍ਰੋਜੈਕਟ ਘਾਤਕ ਹੋ ਸਕਦਾ ਹੈ। ਮਿਸਾਲ ਵਜੋਂ ਸਰਦਾਰ ਸਰੋਵਰ ਬੰਨ। ਦਿਕਤ ਊਰਜਾ ਦੇ ਕਿਸੇ ਰੂਪ 'ਚ ਨਹੀਂ ਬਲਕਿ ਵਿਕਾਸ ਦੇ ਉਸ ਮਾਡਲ 'ਚ ਹੈ ਜੋ ਇਕ ਪੂੰਜੀਵਾਦ ਪ੍ਰਬੰਦ ਲੋਕਾਂ 'ਤੇ ਠੋਸ ਦਿੰਦਾ ਹੈ। ਇਸ ਮਾਡਲ 'ਚ ਜਨਤਾ ਨਹੀਂ ਮੁਨਾਫਾ ਕੇਂਦਰੀ ਕਾਰਜ ਹੁੰਦਾ ਹੈ ਇਸ ਲਈ ਉਕਤ ਸਭ ਗੱਲਾਂ ਦਾ ਅਰਥ ਨਿਊਕਲੀਅਰ ਊਰਜਾ ਦੀ ਭਾਰਤ 'ਚ ਵਰਤੋਂ 'ਤੇ ਸੁਆਲ ਖੜ੍ਹੇ ਕਰਨ ਤੋਂ ਹੈ। ਪਰ ਆਪਣੇ ਆਪ 'ਚ ਊਰਜਾ ਦੇ ਕਿਸੇ ਵੀ ਸਰੋਤ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ ਹੈ। ਸੁਆਲ ਸਮਾਜਿਕ-ਆਰਥਿਕ ਪ੍ਰਬੰਦਾ ਦਾ ਹੈ, ਊਰਜਾ ਦੇ ਕਿਸੇ ਉਤਮ ਰੂਪ ਦਾ ਨਹੀਂ।

# ਕਿਉਂ ਹੋਵੇ ਪਾਣੀ ਦਾ ਨਿੱਜੀਕਰਣ?

ਹਰ ਜੀਵਤ ਪ੍ਰਾਣੀ, ਹਰੇਕ ਪੌਦੇ, ਪਸ਼ੂ, ਪੰਛੀ, ਮਨੁੱਖ ਨੂੰ ਜਿੰਦਾ ਰਹਿਣ ਲਈ ਪਾਣੀ ਚਾਹੀਦਾ ਹੈ। ਧਰਤੀ ਤੇ ਜੀਵਨ ਦਾ ਉਦੈ ਪਾਣੀ ਨਾਲ ਹੀ ਹੋਇਆ, ਪਾਣੀ ਬਿਨਾਂ ਜੀਵਨ ਦੀ ਕਲਪਨਾ ਵੀ ਸੰਭਵ ਨਹੀਂ ਹੈ। ਧਰਤੀ ਦੇ ਦੋ ਤਿਹਾਈ ਭਾਗ 'ਚ ਪਾਣੀ ਹੋਣਾ ਵੀ ਇਸ ਦਾ ਕਾਰਨ ਹੈ। ਜਲ ਮਨੁੱਖ ਲਈ ਹੀ ਨਹੀਂ ਬਲਕਿ ਧਰਤੀ ਤੇ ਜਿਉਣ ਵਾਲੀ ਸਾਰੀ ਦੁਨੀਆਂ ਲਈ ਇਕ ਕੁਦਰਤੀ ਤੋਹਫਾ ਹੈ। ਪਾਣੀ ਜੀਵ-ਜਗਤ ਦੀ ਸਾਂਝੀ ਵਿਰਾਸਤ ਹੈ ਅਤੇ ਜੀਵਨ ਦਾ ਜ਼ਰੂਰੀ ਸਾਧਨ ਹੈ। ਜਿਸ ਸਮਾਜ 'ਚ ਪਾਣੀ ਨੂੰ ਵਿਕਣਯੋਗ ਵਸਤੂ (ਜਿਣਸ) ਬਣਾ ਦਿੱਤਾ ਜਾਵੇ ਤਾਂ ਉਸ 'ਚ ਜੀਵਨ ਦੀ ਭੰਨ ਤੋੜ ਤਾਂ ਲਾਜ਼ਮੀ ਹੋਵੇਗੀ ਅਤੇ ਬਦ ਕਿਸਮਤੀ ਹੈ ਕਿ ਅਸੀਂ ਇਤਿਹਾਸਕ ਤੌਰ 'ਤੇ ਅਜਿਹੇ ਹੀ ਸਮਾਜ 'ਚ ਜਿਉਂ ਰਹੇ ਹਾਂ। ਜੋ ਦੇਸ਼ ਕੁਪੋਸ਼ਣ, ਮਹਿੰਗਾਈ, ਬੇਰੁਜ਼ਗਾਰੀ ਤੋਂ ਏਨਾ ਤੰਗ ਹੋਵੇ ਕੀ ਦੇਸ਼ ਦੀ ਅਬਾਦੀ ਦਾ ਇਕ ਵੱਡਾ ਹਿੱਸਾ ਭੁੱਖੇ ਪੇਟ ਸੌਣ ਲਈ ਮਜ਼ਬੂਰ ਹੋਵੇ, ਉੱਥੇ ਪਾਣੀ ਨੂੰ ਬਜ਼ਾਰ ਦੀ ਵਸਤੂ ਬਣਾ ਦੇਣਾ ਵਿਵਸਥਾ ਦੇ ਮਾਨਵਧ੍ਰੋਹੀ ਕਿਰਦਾਰ ਨੂੰ ਬੇਨਕਾਬ ਕਰਦਾ ਹੈ। ਇਕ ਵਾਰੀ ਫਿਰ ਦਿੱਲੀ 'ਚ ਪਾਣੀ ਦੇ ਨਿੱਜੀਕਰਣ ਦੀ ਖਬਰਾਂ ਆ ਰਹੀਆਂ ਹਨ। ਦਿਲੀ ਸਰਕਾਰ ਦੀ ਜਲ ਸਪਲਾਈ ਨੂੰ ਨਿੱਜੀ ਹੱਥਾਂ 'ਚ ਦੇਣ ਦੀ ਯੋਜਨਾ ਹੈ। ਸਰਕਾਰ ਐਮ. ਸੀ. ਡੀ. ਦੇ ਸਾਰੇ ਵਾਰਡਾਂ ਦੇ ਪਾਣੀ ਵੰਡ ਤੇ ਪ੍ਰਬੰਦ ਨੂੰ ਨਿੱਜੀ ਹੱਥਾਂ 'ਚ ਦੇਣਾ ਚਾਹੁੰਦੀ ਹੈ। ਇਸ ਦੇ ਪੱਖ 'ਚ ਸਰਕਾਰ ਦੀ ਦਲੀਲ ਹੈ ਕਿ ਲੋਕਾਂ ਨੂੰ 24 ਘੰਟੇ ਪਾਣੀ ਮੁਹੱਈਆ ਹੋਵੇ ਅਤੇ ਜਲਦੀ ਬਰਬਾਦੀ ਤੇ ਚੋਰੀ ਨੂੰ ਰੋਕਣ ਲਈ ਮਦਦ ਮਿਲੇਗੀ। ਇਸ ਨਾਲ ਲੋਕਾਂ ਦੇ ਪਾਣੀ ਦੇ ਫਜ਼ੂਲ ਖਰਚੀ ਦੇ ਰੁਝਾਣ ਤੇ ਰੋਕ ਲੱਗੇਗੀ ਆਦਿ। ਦੂਜੇ ਪਾਸੀ ਪੂੰਜੀਵਾਦੀ ਸੰਸਦੀ ਰਾਜਨੀਤੀ 'ਚ ਪੂਰੀ ਤਰ੍ਹਾਂ ਡੁੱਬੀਆਂ ਹੋਰ ਰਾਜਸੀ ਪਾਰਟੀਆਂ ਜੋ ਮੌਕਾ ਮਿਲਣ 'ਤੇ ਕਿਧਰੇ ਵੀ ਲੋਕਾਂ ਦੇ ਹਿੱਤਾਂ ਦਾ ਸੌਦਾ ਕਰਨ 'ਚ ਨਹੀਂ ਉਕਦੀਆਂ, ਵਿਰੋਧ ਦਾ ਨਾਟਕ ਕਰਦੀਆਂ ਨਜ਼ਰ ਆ ਰਹੀਆਂ ਹਨ। ਦਿੱਲੀ 'ਚ ਪਾਣੀ ਦੇ ਨਿੱਜੀਕਰਣ ਤੇ ਪ੍ਰਦੂਸ਼ਿਤ ਪਾਣੀ ਦੀ ਸਪਲਾਈ ਦੇ ਵਿਰੋਧ 'ਚ ਭਾਜਪਾ ਦੇ ਸਾਰੇ ਆਗੂਆਂ ਨੇ ਵਿਰੋਧ ਮੁਜਾਹਰਾ ਕੀਤਾ। ਦਿੱਲੀ ਦੇ ਸਾਬਕਾ ਮੁੱਖ ਮੰਤਰੀ, ਮਦਨ ਲਾਲ ਖੁਰਾਣਾ ਨੇ ਕਿਹਾ ਕਿ 'ਦਿਲੀ ਸਰਕਾਰ ਨੇ ਪੂਰੀ ਦਿਲੀ 'ਚ 24 ਘੰਟੇ ਪਾਣੀ ਮੁਹੱਈਆ ਕਰਾਉਣ ਦੇ ਨਾਂ ਹੇਠ 5 ਕਰੋੜ ਡਾਲਰ ਦਾ ਕਰਜਾ ਪ੍ਰਸਤਾਵ ਵਿਸ਼ਵ ਬੈਂਕ ਨੂੰ ਭੇਜਿਆ ਹੈ ਅਤੇ ਜੇ ਇਹ ਕਰਜਾ ਮੰਜੂਰ ਹੋ ਜਾਂਦਾ ਹੈ ਤਾਂ ਦਿਲੀ 'ਚ ਜਲ ਪੂਰਤੀ ਲਈ ਬਹੁਕੌਮੀ ਕੰਪਨੀਆਂ ਦਾ ਰਾਹ ਖੁਲ੍ਹ ਜਾਵੇਗਾ। ਪਾਣੀ ਦੇ ਨਿੱਜੀਕਰਨ ਦੀ ਘਟਨਾ ਸਿਰਫ਼ ਦਿਲੀ ਦੀ ਹੀ ਨਹੀਂ ਬਲਕਿ ਸਮੁੱਚੇ ਦੇਸ਼ 'ਚ ਇਕ ਰੁਝਾਣ ਵਜੋਂ ਸਾਹਮਣੇ ਆਈ ਹੈ। ਮੱਧ ਪ੍ਰਦੇਸ਼, ਤਾਮਿਲਨਾਡੂ, ਕੇਰਲਾ, ਬੰਗਾਲ, ਮਹਾਂਰਾਸ਼ਟਰ ਕੋਈ ਵੀ ਇਸ ਤੋਂ ਅਛੂਤ ਨਹੀਂ। ਜੋ ਪਾਰਟੀਆਂ ਦਿਲੀ 'ਚ ਵਿਰੋਧ ਕਰ ਰਹੀਆਂ ਹਨ। ਉਹਨਾਂ ਰਾਜਾਂ 'ਚ ਜਿੱਥੇ ਉਹਨਾਂ ਦੀਆਂ ਸਰਕਾਰਾਂ ਹਨ, ਉਹ ਵੀ ਪਾਣੀ ਦੇ ਨਿੱਜੀਕਰਨ ਤੋਂ ਪ੍ਰਹੇਜ ਨਹੀਂ ਕਰ ਰਹੀਆਂ ਹਨ। ਅੱਜ ਇਹ ਇਕ ਕੌੜੀ ਸਚਾਈ ਹੈ ਕਿ ਭਾਰਤ ਦੀ ਬਹੁਤੀ ਅਬਾਦੀ ਪੀਣ ਵਾਲੇ ਪਾਣੀ ਦੇ ਗੰਭੀਰ ਸੰਕਟ 'ਚ ਦੀ ਗੁਜਰ ਰਹੀ ਹੈ। ਪੀਣ ਵਾਲੇ

ਪਾਣੀ ਦੇ ਸਤਹੀ ਤੇ ਧਰਤੀ ਹੇਠਲੇ ਪਾਣੀ ਦੇ ਸਰੋਤ ਅੱਜ ਪ੍ਰਦੂਸ਼ਿਤ ਹੋ ਚੁੱਕੇ ਹਨ ਅਤੇ ਲੋਕ ਪ੍ਰਦੂਸ਼ਿਤ ਪਾਣੀ ਪੀਣ ਲਈ ਮਜ਼ਬੂਰ ਹਨ। ਇਕ ਪਾਸੇ ਜਿੱਥੇ ਸਰਕਾਰੀ ਅੰਕੜੇ ਪਾਣੀ ਦੀ ਇਸ ਘਾਟ ਕਾਰਨ ਦੇਸ਼ ’ਚ ਜਲ ਸਾਧਨਾ ਦੀ ਕਮੀ ਨੂੰ ਦਸ ਰਹੇ ਹਨ। ਉਥੇ ਕੁੱਝ ਲੋਕ ਪਾਣੀ ਪ੍ਰਤੀ ਜਾਗਰੂਕਤਾ ਦੀ ਘਾਟ ਤੇ ਘਰੇਲੂ ਵਰਤੋਂ ਦੇ ਪਾਣੀ ਦੀ ਨਿਕਾਸੀ ਨੂੰ ਪਾਣੀ ਪ੍ਰਦੂਸ਼ਣ ਦਾ ਮੁਖ ਕਾਰਨ ਵਜੋਂ ਪੇਸ਼ ਕਰ ਰਹੇ ਹਨ। ਸਭ ਨੂੰ ਪਾਣੀ ਦੀ ਉਪਲੱਭਤਾ ਦਾ ਫਰਜ ਤੇ ਭਾਰਤ ਅਰਧ ਜਾਗੀਰੂ ਵਿਵਸਥਾ ’ਚ ਕੋਈ ਜੁਆਬਦੇਹੀ ਨਾ ਹੋਣਾ, ਸੰਵਿਧਾਨਿਕ ਇਬਾਰਤਾਂ ਤੇ ਪੀਣ ਵਾਲੇ ਪਾਣੀ ਦਾ ਅਧਿਕਾਰ ਨੂੰ ਸਮਝਣ ਲਈ ਵਿਚਾਰ ਵਟਾਂਦਰੇ ਦੀ ਮੰਗ ਕਰਦੇ ਹਨ।

ਦੇਸ਼ ਵਿੱਚ ਦੂਸ਼ਿਤ ਤੇ ਘੱਟ ਪਾਣੀ ਦਾ ਪ੍ਰਭਾਵ ਮਹਾਂਮਾਰੀ ਦੀ ਹੱਦ ਤੱਕ ਭਿਅੰਕਰ ਹੈ। ਇਕ ਅਨੁਮਾਨ ਅਨੁਸਾਰ ਲਗਭਗ 377 ਲੱਖ ਭਾਰਤੀ ਹਰ ਸਾਲ ਪੀਣ ਵਾਲੇ ਪਾਣੀ ਤੋਂ ਹੋਣ ਵਾਲੀਆਂ ਬੀਮਾਰੀਆਂ ਕਰਕੇ ਅਸਰ ਅੰਦਾਜ਼ ਹੁੰਦੇ ਹਨ। ਸਿਰਫ਼ ਡਾਇਰੀਆਂ ਨਾਲ 15 ਲੱਖ ਬੱਚੇ ਮਰ ਜਾਂਦੇ ਹਨ ਅਤੇ 730 ਲੱਖ ਕੰਮ ਦੇ ਦਿਨ ਦਾ ਨੁਕਸਾਨ ਹਰ ਸਾਲ ਪਾਣੀ ਨਾਲ ਹੋਣ ਵਾਲੀਆਂ ਬੀਮਾਰੀਆਂ ਕਰਕੇ ਹੁੰਦਾ ਹੈ। ਰਸਾਇਣਕ ਤੌਰ ’ਤੇ ਪ੍ਰਦੂਸ਼ਿਤ ਪਾਣੀ ਦੇਸ਼ ਦੇ 195, 813 ਘਰਾਂ ਨੂੰ ਪਾਣੀ ਦੀ ਖਰਾਬ ਗੁਣਵੰਣਤਾ ਕਾਰਨ ਅਸਰ ਅੰਦਾਜ਼ ਕਰਦਾ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਾਲ 2005 ’ਚ ਸਰਵੇਖਣ ਅਨੁਸਾਰ ਪੀਣ ਵਾਲੇ ਪਾਣੀ ’ਚ ਜੈਵਿਕ ਪ੍ਰਦੂਸ਼ਣ ਵੱਧ ਮਾਤਰਾ ’ਚ ਹੁੰਦਾ ਹੈ। 66 ਫੀਸਦੀ ਨਮੂਨਿਆਂ ’ਚ ਬਾਇਓ-ਆਕਸੀਜਨ ਨਿਰਧਾਰਿਤ ਸੀਮਾ ਤੋਂ ਵੱਧ ਪਾਈ ਗਈ। 44 ਫੀਸਦੀ ਨਮੂਨਿਆਂ ’ਚ ਕੋਲੀਫੋਰਮ (Coliform) ਬੈਕਟੀਰੀਆ ਮਿਲੇ। ਜਦ ਕਿ ਪਾਣੀ ਵਿੱਚ ਕੋਲੀਫੋਰਮ ਦੀ ਮੌਜੂਦਗੀ ਜੀਰੋ ਹੋਣੀ ਚਾਹੀਦੀ ਹੈ। ਸੰਸਾਰ ਬੈਂਕ ਦੇ ਇਕ ਅਨੁਮਾਨ ਅਨੁਸਾਰ ਭਾਰਤ ’ਚ ਹਰ ਸਾਲ ਵਾਤਾਵਰਣ ਵਿਨਾਸ਼ ਦੀ ਕੀਮਤ 9.7 ਅਰਬ ਡਾਲਰ ਹੈ ਜੋ ਕੁੱਲ ਘਰੇਲੂ ਉਤਪਾਦ ਦਾ 4.5 ਫੀਸਦੀ ਹੈ। ਦੇਸ਼ ’ਚ 59 ਫੀਸਦੀ ਸਿਹਤ ਸਬੰਧੀ ਸਮੱਸਿਆਵਾਂ ਦਾ ਕਾਰਨ ਦੂਸ਼ਿਤ ਪਾਣੀ ਦਾ ਅਸਰ ਹੈ। ਜਿੱਥੇ ਅੱਜ ਦੇਸ਼ ਨੂੰ ਸੰਸਾਰ ਦੀ ਮਹਾਂਸ਼ਕਤੀ ਬਣਨ ਦੀ ਦੌੜ ਵਜੋ ਪ੍ਰਚਾਰਿਆ ਜਾਂਦਾ ਹੈ ਤਾਂ ਦੂਜੇ ਪਾਸੇ ਅੱਜ ਵੀ ਦੇਸ਼ ਦੀ 18.2 ਫੀਸਦੀ ਆਬਾਦੀ ਪੋਖਰਾਂ, ਤਲਾਬਾਂ ਤੇ ਝੀਲਾਂ ਤੋਂ ਪਾਣੀ ਹਾਸਲ ਕਰਦੀ ਹੈ। ਦੇਸ਼ ਦੀ 5.6 ਫੀਸਦੀ ਸਦੀ ਅਬਾਦੀ ਖੂਹਾਂ ਦੇ ਪਾਣੀ ’ਤੇ ਨਿਰਭਰ ਹੈ। ਯਾਦ ਹੋਵੇ ਕਿ ਦੇਸ਼ ਦਾ ਕੁਦਰਤੀ ਜਲ ਸੋਮਾ ਖਤਰੇ ਦੀ ਹੱਦ ਤੱਕ ਦੂਸ਼ਿਤ ਹੈ। ਅਖੌਤੀ ਚਮਕਦੇ ਭਾਰਤ ਦਾ ਇਕ ਚਿਹਰਾ ਇਹ ਵੀ ਹੈ ਕਿ ਸ਼ਹਿਰੀ ਸਰੋਤਾਂ ’ਚ ਝੁੱਗੀ ਝੌਂਪੜੀ ਬਸਤੀਆਂ ਤੇ ਛੋਟੀਆਂ ਕਲੋਨੀਆਂ ’ਚ ਰਹਿਣ ਵਾਲੀ ਅਬਾਦੀ ਦਾ 61 ਫੀਸਦੀ ਹਿੱਸਾ ਖੁੱਲ੍ਹੇ ਅਕਾਸ਼ ਹੇਠਾਂ ਟੱਟੀ ਕਰਦਾ ਹੈ ਤੇ 58 ਫੀਸਦੀ ਸ਼ਹਿਰੀ ਲੋਕਾਂ ਕੋਲ ਬੁਨਿਆਦੀ ਮਲ ਤਿਆਗ ਤੇ ਗੁਸਲਖਾਨਿਆਂ ਦੀਆਂ ਸਹੂਲਤਾਂ ਦੀ ਵੀ ਘਾਟ ਹੈ। ਭਾਰਤ ਦੇ ਵਿਕਾਸ ਤੇ ਵਧਦੀ ਅਬਾਦੀ ਦੀ ਫੀ ਵਿਅਕਤੀ ਆਮਦਨ ਵਾਂਗੂੰ ਪਾਣੀ ਦੇ ਅੰਕੜਿਆਂ ਦੀ ਤਸਵੀਰ ਵੀ ਭਰਮਾਊ ਹੈ। ਇਸ ਦੀ ਪ੍ਰਤੱਖ ਮਿਸਾਲ ਰਾਜਧਾਨੀ ਦਿੱਲੀ ਹੈ। 1998 ’ਚ ਇਕ ਰੀਪੋਟ ਅਨੁਸਾਰ ਔਸਤ ਫੀ ਵਿਅਕਤੀ ਘਰੇਲੂ ਪਾਣੀ ਦੀ ਉਪਲੱਭਤਾ 200 ਲਿਟਰ ਹੈ ਜਦ ਕਿ ਸ਼ਹਿਰ ਦੇ 30 ਫੀਸਦੀ ਲੋਕਾਂ ਨੂੰ 25 ਲਿਟਰ ਤੋਂ ਵੀ ਘੱਟ ਪਾਣੀ ਹਾਸਲ ਹੁੰਦਾ ਹੈ। ਕੁਦਰਤੀ ਸਾਧਨਾ ਦੀ ਵੰਡ ’ਚ ਨਾ-ਬਰਾਬਰੀ ਜਮਾਤੀ ਸਮਾਜ ਦੀ ਲੱਛਣ ਹੈ।

ਰਾਜਧਾਨੀ ਦੀ ਦੋ ਤਿਹਾਈ ਅਬਾਦੀ ਸਰਕਾਰੀ ਜਲ ਸਪਲਾਈ ਦਾ ਸਿਰਫ 5 ਫੀਸਦੀ ਹੀ ਹਾਸਲ ਕਰਦੀ ਹੈ। ਦੂਜੇ ਪਾਸੇ ਦਿਲੀ ਦੇ ਕੁਟੀਅਨ ਜੋਨ ਵਿੱਚ 400-500 ਲਿਟਰ ਫੀ ਵਿਅਕਤੀ ਰੋਜ਼ਾਨਾ ਪਾਣੀ ਹਾਸਲ ਹੁੰਦਾ ਹੈ। ਜਿੱਥੇ ਉਚ ਵਰਗ ਦੀਆਂ ਕਾਰਾਂ ਦੀ ਸਾਫ਼-ਸਫ਼ਾਈ ਲਈ ਪਾਣੀ ਦੀ ਕਦੀ ਘਾਟ ਨਹੀਂ ਹੁੰਦੀ। ਉਥੇ ਦਿਲੀ ਦੀਆਂ 1600 ਗੈਰ ਮੰਨਜ਼ੂਰਸ਼ੁਦਾ ਕਲੋਨੀਆਂ ਅਤੇ 1100 ਬਸਤੀਆਂ ਅੱਜ ਵੀ ਟੂਟੀ ਦੇ ਪਾਣੀ ਦੀ ਉਡੀਕ ਕਰ ਰਹੀਆਂ ਹਨ। ਹੋਰ ਖੇਤਰਾਂ 'ਚ ਦਿੱਤੀ ਜਾਣ ਵਾਲੀ ਸਕਰਾਰੀ ਛੋਟ ਵਾਂਗੂ ਪਾਣੀ 'ਤੇ ਛੋਟ ਦਾ ਸਭ ਤੋਂ ਵੱਡਾ ਹਿੱਸਾ ਵੀ ਦੇਸ਼ ਦੇ ਅਮੀਰਾਂ ਨੂੰ ਹੀ ਮਿਲ ਰਿਹਾ ਹੈ। ਦਿੱਲੀ 'ਚ ਟੈਂਕਰ ਮਾਫ਼ੀਆਂ ਦਾ ਜਾਲ ਇਸ ਤਰ੍ਹਾਂ ਫੈਲਿਆ ਹੋਇਆ ਹੈ ਕਿ ਕਲੋਨੀਆਂ 'ਚ ਪਾਣੀ ਸਪਲਾਈ ਵਾਲੇ ਬੁਰਜੂਆ ਨੇਤਾਵਾਂ, ਨਿਗਮ ਪ੍ਰੀਸ਼ਦਾਂ ਤੇ ਉਨ੍ਹਾਂ ਦੇ ਚਮਚਿਆਂ ਤੱਕ ਸੀਮਤ ਰਹਿ ਜਾਂਦਾ ਹੈ। ਬੱਚਿਆਂ ਔਰਤਾਂ ਦਾ ਇੱਕ ਵੱਡਾ ਹਿੱਸਾ ਅੱਜ ਵੀ ਡੱਬਾ ਲੈ ਕੇ ਲਾਇਨਾਂ 'ਚ ਲੱਗਿਆ ਦੇਖਿਆ ਜਾ ਸਕਦਾ ਹੈ। ਹਜ਼ਾਰਾਂ ਲੋਕਾਂ ਲਈ ਸਿਰਫ਼ ਟੈਂਕਰ ਭਰ ਪਾਣੀ ਸਰਕਾਰ ਦੀ ਢੀਠਤਾਈ ਨੂੰ ਦਰਸਾਉਂਦਾ ਹੈ। ਦੇਸ਼ 'ਚ ਬੱਚਿਆਂ ਲਈ ਸਿੱਖਿਆ ਨੂੰ ਸਿਰਫ਼ ਕਾਗਜ਼ੀ ਅਧਿਕਾਰ ਬਣਾਉਣ ਵਾਲੀ ਸਰਕਾਰ ਮਹਾਂਰਾਸ਼ਟਰ ਦੇ 31 ਫੀਸਦੀ ਸਕੂਲਾਂ 'ਚ ਪੀਣ ਵਾਲੇ ਪਾਣੀ ਦੀ ਸਹੂਲਤ ਤੱਕ ਨਹੀਂ ਦੇ ਸਕੀ।

ਉਪਰੋਕਿਤ ਅੰਕੜੇ ਇਹ ਦੱਸਦੇ ਹਨ ਕਿ ਇਸ ਦੇਸ਼ ਦੀ ਵਿਵਸਥਾ ਆਮ ਲੋਕਾਂ ਦੇ ਜੀਵਨ ਰੱਖਿਅਕ ਪਾਣੀ ਦੇ ਬੁਨਿਆਦੀ ਅਧਿਕਾਰ ਤੋਂ ਕਿਸ ਤਰ੍ਹਾਂ ਮੂੰਹ ਮੋੜੀ ਬੈਠੀ ਹੈ। ਇੱਕ ਪਾਸੇ ਜਿੱਥੇ ਆਜ਼ਾਦੀ ਸਮੇਂ ਦੇਸ਼ ਦੇ ਸਾਰੇ ਪਾਣੀ ਦੇ ਸੋਮੇ ਸਾਫ਼ ਸੁਥਰੇ ਸਨ ਅੱਜ ਉਹ ਪ੍ਰਦੂਸ਼ਿਤ ਹੋ ਚੁੱਕੇ ਹਨ। ਜਲ ਪ੍ਰਦੂਸ਼ਣ ਲਈ ਵੀ ਕੁਦਰਤੀ ਵਿਨਾਸ਼ ਤੇ ਵਾਤਾਵਰਣ ਦੇ ਵਿਨਾਸ਼ ਦੇ ਸਾਰੇ ਕਾਰਨਾਂ ਵਾਂਗੂੰ ਹਾਕਮ ਜਮਾਤ ਪੂਰੀ ਤਰ੍ਹਾਂ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਉਂਦੀ ਹੈ। ਪਰ ਸੱਚਾਈ ਇਸ ਦੇ ਉਲਟ ਹੈ। ਦੇਸ਼ ਦੀਆਂ 12 ਵੱਡੀਆਂ, 16 ਦਰਮਿਆਨੀਆਂ ਤੇ 55 ਛੋਟੀਆਂ ਨਦੀਆਂ ਤੇ ਬੇਸਨ ਹਨ। 1947 ਦੀ ਸੱਤਾ ਬਦਲੀ ਤੱਕ ਇਨ੍ਹਾਂ ਦੀ ਹਾਲਤ ਠੀਕ ਸੀ ਪਰ ਅੱਜ ਇਹ ਗੰਦੇ ਹੋ ਚੁੱਕੇ ਹਨ। 'ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ' ਨੇ ਦੇਸ਼ ਦੇ 16 ਸੂਬਿਆਂ ਦੇ 22 ਥਾਵਾਂ ਦਾ ਸਰਵੇਖਣ ਕੀਤਾ। ਸਰਵੇਖਣ ਰੀਪੋਟ 'ਚ ਕਿਹਾ ਗਿਆ ਹੈ ਕਿ ਸਨਅਤ ਵਹਾਅ ਦੇ ਕਾਰਨ ਧਰਤੀ ਹੇਠਲਾਂ ਪਾਣੀ ਪ੍ਰਦੂਸ਼ਿਤ ਹੋ ਚੁੱਕਿਆ ਹੈ। ਸਿੱਕਾ, ਕੈਡਮੀਅਮ, ਜ਼ਿੰਕ, ਮਰਕਰੀ ਦੀ ਵੱਧ ਮਾਤਰਾ ਗੁਜਰਾਤ, ਆਂਧਰਾ ਪ੍ਰਦੇਸ਼, ਕੇਰਲਾ, ਦਿੱਲੀ, ਹਰਿਆਣਾ ਤੇ ਹੋਰ ਰਾਜਾਂ 'ਚ ਪਾਈ ਗਈ। ਸ਼ਹਿਰ ਤੋਂ ਇਕੱਠਾ ਹੋਇਆ ਸੀਵਰ ਦਾ ਲੱਗਭੱਗ 50 ਫੀਸਦੀ ਹਿੱਸਾ ਬਿਨ੍ਹਾਂ ਟਰੀਟਮੈਂਟ ਦੇ ਨਦੀਆਂ 'ਚ ਛੱਡ ਦਿੱਤਾ ਜਾਂਦਾ ਹੈ। ਜੇ ਯਾਦ ਹੋਵੇ ਤਾਂ ਸੀਵਰ ਟਰੀਟਮੈਂਟ ਦੀ ਜ਼ਿੰਮੇਵਾਰੀ ਅਤੇ ਜਲ ਸਰੋਤਾਂ ਨੂੰ ਠੀਕ ਰੱਖਣਾ ਰਾਜ ਦਾ ਫਰਜ ਹੈ। ਪਰ ਖੁਦ ਸਰਕਾਰ ਇਸ ਦੀ ਅਣਦੇਖੀ ਕਰਦੀ ਹੈ। ਲੋਕਾਂ ਦੇ ਪਾਣੀ ਪ੍ਰਤੀ ਜਾਗਰੂਕਤਾ ਦੀ ਘਾਟ ਨੂੰ ਜਲ ਪ੍ਰਦੂਸ਼ਣ ਦੇ ਇੱਕ ਕਾਰਨ ਵਜੋਂ ਪੂੰਜੀਵਾਦੀ ਮੀਡੀਆ ਤੇ ਸਰਕਾਰ ਪ੍ਰਚਾਰਿਤ ਕਰਦੀ ਰਹਿੰਦੀ ਹੈ। ਪਰ ਸਨਅਤਾਂ ਦੁਆਰਾ 307, 292 ਲੱਖ ਟਨ ਮੀਟਰ ਸਨਅਤੀ ਵਹਾਅ ਨੂੰ ਸਿੱਧਾ ਹੀ ਜਲ ਸਰੋਤਾਂ 'ਚ ਛੱਡ ਦਿੱਤਾ ਜਾਂਦਾ ਹੈ। ਉਤਰੀ ਅਮਰਕੋਟ ਜ਼ਿਲ੍ਹਾ (ਤਾਮਿਲਨਾਡੂ) ਦੀ ਚਮੜਾ ਸਨਅਤ, ਪਾਣੀਪਤ ਤੇ ਸੋਨੀਪਤ (ਹਰਿਆਣਾ), ਪਾਲੀ ਤੇ ਜੋਧਪੁਰ (ਰਾਜਸਥਾਨ)

ਰਾਜਕੋਟ ਤੇ ਜੈਤਪੁਰ (ਗੁਜਰਾਤ) ਦਾ ਰੰਗਾਈ ਉਦਯੋਗ ਉਥੋਂ ਦੇ ਧਰਤੀ ਹੇਠਲੇ ਪਾਣੀ ਨੂੰ ਦੂਸ਼ਿਤ ਕਰਦਾ ਹੈ। ਵਾਤਾਵਰਣ 'ਚ ਸਨਅਤੀ ਕਚਰੇ ਦਾ ਟਰੀਟਮੈਂਟ ਕਰਕੇ ਉਸ ਦੇ ਪ੍ਰਦੂਸ਼ਣ ਨੂੰ ਤਹਿਸ਼ੁਦਾ ਪੈਮਾਨੇ 'ਚ ਲਿਆ ਕੇ ਹੀ ਛੱਡੇ। ਪਰ ਸਨਅਤਕਾਰ ਅਜਿਹਾ ਨਹੀਂ ਕਰਦੇ। ਅੱਜ ਸਨਅਤਕਾਰਾਂ ਤੇ ਪੂੰਜੀਪਤੀਆਂ ਦੇ ਮੁਨਾਫੇ ਦੀ ਇਸ ਹਵਸ ਦੀ ਕੀਮਤ ਪ੍ਰਦੂਸ਼ਿਤ ਪਾਣੀ ਵਜੋਂ ਦੇਸ਼ ਦੀ ਜਨਤਾ ਨੂੰ ਮੁਨਾਫ਼ੇ ਲਈ ਅੰਨ੍ਹਾ ਸਨਅਤੀਕਰਨ, ਪਹਾੜਾਂ ਦੀ ਖੁਦਾਈ ਨਾਲ ਇਸ ਦੇਸ਼ ਦੇ ਵਾਤਾਵਰਣ ਨੂੰ ਕੌਣ ਬਰਬਾਦ ਕਰ ਰਿਹਾ ਹੈ? ਇਸ ਦੇਸ਼ ਦਾ ਆਮ ਮੇਹਨਤਕਸ਼ ਜਾਂ ਪੂੰਜੀ ਦਾ ਚਕਾਚੌਂਦ 'ਚ ਅੰਨ੍ਹਾ ਸਮਝਿਆ ਜਾ ਸਕਦਾ ਹੈ। ਜਲ ਸੰਕਟ ਦਾ ਇੱਕ ਕਾਰਨ ਪਾਣੀ ਦੀ ਘਾਟ ਦੱਸਿਆ ਜਾਂਦਾ ਹੈ। ਪਰ ਦੇਸ਼ ਦੇ ਸਭ ਤੋਂ ਵੱਧ ਮੀਂਹ ਪੂਰਬੀ ਉਤਰੀ ਹਿੱਸਿਆਂ ਦੀ ਆਬਾਦੀ ਵੀ ਪਾਣੀ ਦੇ ਸੰਕਟ ਨਾਲ ਜੂਝ ਰਹੀ ਹੈ। ਜਿਸ ਦੀ ਇੱਕ ਮਿਸਾਲ ਅਸਾਮ ਹੈ। ਦੇਸ਼ ਦੇ ਸਾਰੇ ਹਿੱਸਿਆਂ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਦਾ ਜਾ ਰਿਹਾ ਹੈ। ਇਸ ਦਾ ਮੁੱਖ ਕਾਰਨ ਸਨਅਤਕਾਰਾਂ ਦੇ ਹਿੱਤਾਂ ਨੂੰ ਧਿਆਨ 'ਚ ਰੱਖ ਕੇ ਉਨ੍ਹਾਂ ਨੂੰ ਲਗਭਗ ਮੁਫ਼ਤ ਪਾਣੀ ਲੁੱਟਣ ਦੀ ਆਜ਼ਾਦੀ ਦੇਣਾ ਹੈ। ਉਤਰ ਪ੍ਰਦੇਸ਼ ਦੇ ਜੌਨਪੁਰ ਸਤਰੀਆ 'ਚ ਪੈਪਸੀ ਦਾ ਪਾਟਲਿੰਗ ਪਲਾਂਟ ਇਸ ਦੀ ਇੱਕ ਪ੍ਰਤੱਖ ਮਿਸਾਲ ਹੈ। ਪਾਣੀ ਦੀ ਅੰਧਾਧੁੰਦ ਲੁੱਟ ਨਾਲ ਖੇਤਰ 'ਚ ਸਿੰਚਾਈ ਤੇ ਪਾਣੀ ਵਾਲੇ ਪਾਣੀ ਦਾ ਸੰਕਟ ਪੈਦਾ ਹੋ ਗਿਆ ਹੈ ਅਤੇ ਨੇੜੇ ਦੀ ਸਈ ਨਦੀ ਖੁਸ ਗਈ ਹੈ। ਮਹਾਂਨਗਰਾਂ 'ਚ ਹੋਣ ਵਾਲੀ ਉਸਾਰੀ ਦੇ ਕੰਮ ਅਤੇ ਪ੍ਰੋਜੈਕਟਾਂ 'ਚ ਜ਼ਮੀਨ ਦੇ ਹੇਠਾਂ ਕੰਮ ਕਰਦੇ ਸਮੇਂ ਪਾਣੀ ਨੂੰ ਪੰਪ ਕੀਤਾ ਜਾਂਦਾ ਹੈ। ਦਿੱਲੀ ਮੈਟਰੋ ਨੂੰ ਜਿੱਥੇ ਇੱਕ ਪਾਸੇ ਦਿੱਲੀ ਦੀ ਸ਼ਾਨ ਵਜੋਂ ਪੇਸ਼ ਕੀਤਾ ਜਾਂਦਾ ਹੈ ਪਰ ਇੱਕ ਪਹਿਲੂ ਇਹ ਵੀ ਹੈ ਕਿ ਠੇਕਾ ਕੰਪਨੀਆਂ ਨੇ ਕਈ ਕਈ ਸਾਲ ਲਗਾਤਾਰ ਧਰਤੀ ਹੇਠਲਾ ਪਾਣੀ ਖਿੱਚ ਕੇ ਸਵਰ ਤੇ ਮੀਂਹ ਵਾਲੇ ਪਾਣੀ ਦੀਆਂ ਪਾਈਪਾਂ 'ਚ ਵਹਾ ਕੇ ਦਿੱਲੀ ਦੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਕਾਫ਼ੀ ਘੱਟ ਕਰ ਦਿੱਤਾ ਹੈ। ਭਾਰਤੀ ਖੇਤੀ 'ਚ ਪੂੰਜੀ ਦੇ ਵਿਸਥਾਰ ਨੇ ਖੇਤੀ ਖੇਤਰ ਨੂੰ ਮੁਨਾਫ਼ੇ ਨਾਲ ਜੋੜ ਦਿੱਤਾ ਹੈ। ਵੱਡੇ ਜਿੰਮੀਦਾਰਾਂ ਵੱਲੋਂ ਜਿੱਥੇ ਇੱਕ ਪਾਸੇ ਖੇਤ ਮਜ਼ਦੂਰਾਂ ਦੀ ਅੰਨ੍ਹੀ ਲੁੱਟ ਕੀਤੀ ਜਾਂਦੀ ਹੈ, ਉਥੇ ਦੂਜੇ ਪਾਸੇ ਸਬਜ਼ੀਆਂ ਤੋਂ ਲੈ ਕੇ ਅਨਾਜ ਤੱਕ 'ਚ ਸਾਰੇ ਖਤਰਨਾਇਕ ਰਸਾਇਣ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਪੂਰੇ ਸਮਾਜ ਦੀਆਂ ਖਾਣ ਲਈ ਵਰਤੋਂ ਦੀਆਂ ਚੀਜ਼ਾਂ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ। ਇਹ ਰਸਾਇਣ ਵਰਤੋਂ ਦੀ ਘੱਟੋ ਘੱਟ ਮਾਤਰਾ ਵਿੱਚ ਹੀ ਸਹੀ, ਮੁਨਾਫ਼ਾ ਅਧਾਰਤ ਵਿਵਸਥਾ 'ਚ ਜਲ ਪ੍ਰਦੂਸ਼ਣ ਦਾ ਕਾਰਨ ਹੈ ਪਰ ਮੁੱਖ ਕਾਰਣ ਸਨਅਤੀ ਪ੍ਰਦੂਸ਼ਣ ਹੀ ਹੈ। ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਸਬੰਧ ਪ੍ਰਦੂਸ਼ਿਤ ਜਲ ਸ੍ਰੋਤਾਂ ਅਤੇ ਪਾਣੀ ਦੀ ਅਤੀ ਲੁੱਟ ਨਾਲ ਜੁੜਿਆ ਹੈ। ਵਾਤਾਵਰਣ ਕੰਟਰੋਲ ਦੇ ਸਾਰੇ ਨਿਰਦੇਸ਼ਾਂ ਅਤੇ ਕਾਰਖਾਨਾਂ ਕਾਨੂੰਨਾਂ ਤੇ ਤਹਿਤ ਵਾਤਾਵਣ ਪੈਮਾਨਿਆਂ ਨੂੰ ਬਣਾਈ ਰੱਖਣ ਦੀ ਜ਼ਿੰਮੇਵਾਰੀ ਕਾਰਖਾਨਾ ਮਾਲਕ ਦੀ ਹੈ। ਸੁਆਲ ਚਾਹੇ ਹਵਾ ਪ੍ਰਦੂਸ਼ਣ ਦਾ ਹੋਵੇ ਜਾਂ ਪਾਣੀ ਨਿਪਟਾਰਣ ਦਾ, ਆਵਾਜ਼ ਪ੍ਰਦੂਸ਼ਣ ਜਾਂ ਕੰਮ ਣੀਆਂ ਹਾਲਤਾਂ ਤੇ ਵਾਤਾਵਰਣ ਦੇ ਮਨੁੱਖੀ ਸੌਖ ਹੋਣ ਦੀ ਇਹ ਜ਼ਿੰਮੇਵਾਰੀ ਸਨਅਤੀ ਮਾਲਕ ਦੀ ਹੈ। ਪਰ ਪੂੰਜੀ ਦੇ ਚਾਕਰਾਂ ਨੂੰ ਇਨ੍ਹਾਂ ਸਾਰਿਆਂ ਨਾਲ ਕੋਈ ਮਤਲਬ ਨਹੀਂ ਕਿਉਂਕਿ ਪ੍ਰਦੂਸ਼ਣ ਨੂੰ ਕੰਟਰੋਲ ਕਰਨਾ ਤੇ ਉਨ੍ਹਾਂ ਨੂੰ ਤਹਿ ਪੈਮਾਨੇ ਦੇ ਅੰਦਰ ਰੱਖਣਾ ਉਨ੍ਹਾਂ ਦੀ ਪੈਦਾਵਾਰੀ ਲਾਗਤ ਨੂੰ ਵਧਾਉਂਦਾ ਹੈ ਅਤੇ ਮੁਨਾਫ਼ੇ ਦੀ

ਦਰ ਨੂੰ ਘੱਟ ਕਰਦਾ ਹੈ। ਅਜਿਹਾ ਨਹੀਂ ਹੈ ਕਿ ਪੂੰਜੀਵਾਦੀ ਵਿਵਸਥਾ ਦੀ ਨੁਮਾਇੰਦਾ ਸੰਸਥਾ ਪਾਰਲੀਮੈਂਟ ਨੂੰ ਇਸ ਦਾ ਪਤਾ ਨਹੀਂ ਹੁੰਦਾ ਬਲਕਿ ਲੁੱਟ ਤੇ ਅਧਾਰਤ ਇਸ ਢਾਂਚੇ ਵਿੱਚ ਵਿਧਾਨ ਪਾਲਿਕਾ, ਕਾਰਜ ਪਾਲਿਕਾ, ਤੇ ਨਿਆਂ ਪਾਲਿਕਾ ਖੁਦ ਵੀ ਨੂੰ ਪੀਣ ਵਾਲੇ ਪਾਣੀ ਨੂੰ ਮੁਹੱਈਆ ਕਰਾਉਣ ਤੋਂ ਮੁਕਰਨ ਦੇ ਇਤਿਹਾਸ ’ਤੇ ਮਾਰੀਏ।

1949 ’ਚ ਵਾਤਾਵਰਣ ਸਿਹਤ ਸੰਮਤੀ ਨੇ ਇਹ ਸੁਝਾਅ ਦਿੱਤਾ ਕਿ ਦੇਸ਼ ਦੇ 90 ਫੀਸਦੀ ਲੋਕਾਂ ਨੂੰ 40 ਸਾਲਾਂ ਅੰਦਰ ਲੋਕਾਂ ਨੂੰ ਸਾਫ਼ ਸੁਥਰਾ ਪਾਣੀ ਮੁਹੱਈਆ ਕਰਵਾ ਦਿੱਤਾ ਜਾਵੇ। 1950 ’ਚ ਭਾਰਤੀ ਸੰਵਿਧਾਨ ਹਰੇਕ ਜਲ ਸਾਧਨ ਨੂੰ ਰਾਜ ਦੀ ਸੰਪਤੀ ਦੱਸਦਿਆਂ ਨਾਗਰਿਕਾਂ ਨੂੰ ਪੀਣ ਵਾਲੇ ਪਾਣੀ ਦੇ ਅਧਿਕਾਰ ਦੀ ਗੱਲ ਕਰਦਾ ਹੈ ਜੋ ਇਸ ਦੇ ਸਾਰੇ ਅਣਛੇਦਾਂ ਵਿੱਚ ਸ਼ਾਮਲ ਹੈ। ਪਰ ਸਭ ਜਾਣਦੇ ਹਨ ਕਿ ਇਸ ਦੇਸ਼ ਦੇ ਲੋਕਾਂ ਦੇ ਅਧਿਕਾਰ ਨੂੰ ਟਾਲਦੀ ਰਹੀ ਅਤੇ ਝੂਠੇ ਸੁਪਨੇ ਵਿਖਾਉਂਦੀ ਰਹੀ ਤੇ ਲੋਕਾਂ ਨਾਲ ਕੀਤੇ ਵਾਅਦੇ ਕਦੇ ਪੂਰੇ ਨਹੀਂ ਕੀਤੇ। 1969 ਦੇ ਕੌਮੀ ਪੇਂਡੂ ਪੀਣ ਵਾਲੇ ਪਾਣੀ ਦੀ ਸਪਲਾਈ ਅਤੇ 1986 ’ਚ ਕੌਮੀ ਪੀਣ ਵਾਲੇ ਪਾਣੀ ਦੇ ਮਿਸ਼ਨ ਰਾਹੀਂ ਪੀਣ ਵਾਲੇ ਪਾਣੀ ਦੀਆਂ ਸਾਰੀਆਂ ਸੰਸਥਾਵਾਂ ਦਾ ਗਠਨ ਕੀਤਾ ਗਿਆ ਪਰ ਸਰਕਾਰ ਕੁਝ ਕਰਨ ਦੀ ਬਜਾਏ ਝੂਠੇ ਸੁਪਨੇ ਵਿਖਾਉਂਦੀ ਰਹੀ। 1991 ’ਚ ਵਿਸ਼ਵੀਕਰਨ ਤੇ ਨਿੱਜੀਕਰਨ ਦੇ ਦੌਰ ਦੇ ਸ਼ੁਰੂ ਹੁੰਦਿਆਂ ਹੀ ਲੋਕਾਂ ਦੇ ਹਰੇਕ ਅਧਿਕਾਰ ਨੂੰ ਤਾਕ ’ਤੇ ਰੱਖ ਦਿੱਤਾ ਗਿਆ। ਕੁਦਰਤੀ ਦੌਲਤ ਤੇ ਬੁਨਿਆਦੀ ਅਧਿਕਾਰ ਦੇ ਹਰੇਕ ਖੇਤਰ ਨੂੰ ਪੂੰਜੀ ਦੀ ਅੰਨ੍ਹੀ ਲੁੱਟ ਲਈ ਖੋਲ੍ਹ ਦਿੱਤਾ ਗਿਆ। 1999 ’ਚ ਪਾਣੀ ਦੀ ਪਹੁੰਚ ਲੋਕਾਂ ਤੱਕ ਯਕੀਨੀ ਬਣਾਉਣ ਲਈ ਅਤੇ ਪਾਣੀ ਦੇ ਸ੍ਰੋਤ ’ਚ ਸੁਧਾਰ ਦੇ ਨਾਂ ਹੇਠ ‘ਸਰਕਾਰ ਵੱਲੋਂ ਪੀਣ ਵਾਲੇ ਪਾਣੀ ਦੀ ਸਪਲਾਈ’ ਦੇ ਵਿਚਾਰ ਨੂੰ ਤਿਆਗ ਕੇ ‘ਲੋਕ ਕੇਂਦਰਿਤ ਮੰਗ ਉਤਰਦਾਈ’ ਜਲ ਸਪਲਾਈ ਰਾਹੀਂ ਨਿੱਜੀਕਰਨ ’ਤੇ ਜ਼ੋਰ ਦਿੱਤਾ ਗਿਆ ਭਾਵ ਜੋ ਪਾਣੀ ਦੀ ਮੰਗ ਕਰ ਸਕਦਾ ਉਸ ਨੂੰ ਪਾਣੀ ਮਿਲੇਗਾ। ਅਰਥ ਸਾਸ਼ਤਰ ਦਾ ਆਮ ਵਿਦਿਆਰਥੀ ਵੀ ਇਹ ਜਾਣਦਾ ਹੈ ਕਿ ਤੁਹਾਡੀ ਉਹੀ ਜ਼ਰੂਰਤ ਮੰਗ ਬਣ ਸਕਦੀ ਹੈ ਜਿਸ ਨੂੰ ਖਰੀਦਣ ਲਈ ਤੁਹਾਡੀ ਜੇਬ ’ਚ ਪੈਸਾ ਹੋਵੇ ਪਾਣੀ ਦੇ ਨਿੱਜੀਕਰਨ ਤੇ ਵਪਾਰੀਕਰਣ ਲਈ ਕੇਂਦਰ ਸਰਕਾਰ ਨੇ ਸ਼ਰਮਾਏਦਾਰਾਂ ਦੇ ਪੱਖ ’ਚ ਅਨੇਕਾਂ ਨੀਤੀਆਂ ਬਣਾਈਆਂ। 1991 ’ਚ ਜਿਸ ਤਰ੍ਹਾਂ ਊਰਜਾ ਦੇ ਖੇਤਰ ਨੂੰ ਨਿੱਜੀ ਹੱਥਾਂ ’ਚ ਸੌਂਪਿਆ ਗਿਆ ਵੈਸੇ ਹੀ ਸਾਲ 2002 ਦੀ ਪਾਣੀ ਦੀ ਨੀਤੀ ਤੇ 2004 ਦੀ ਸ਼ਹਿਰੀ ਜਲ ਤੇ ਸਫਾਈ ਸੁਧਾਰ ਨੀਤੀ ਤੇ ਜਨਤਕ-ਨਿੱਜੀ ਭਾਗੀਦਾਰੀ (ਪੀ ਪੀ ਪੀ) ਆਦਿ ਰਾਹੀਂ ਪਾਣੀ ਨੂੰ ਨਿੱਜੀ ਹੱਥਾਂ ’ਚ ਸੌਂਪਣ ਦਾ ਰਾਹ ਖੁੱਲ੍ਹ ਗਿਆ। ਭਾਰਤ ਸਰਕਾਰ ਦੀ ਪਾਣੀ ਨੀਤੀ 2002 ’ਚ ਜਲ ਦੇ ਨਿੱਜੀਕਰਣ ਦੀ ਇਜ਼ਾਜਤ ਦਿੱਤੀ ਗਈ। ਇਸ ਨੀਤੀ ਦੇ ਅਨੁਛੇਦ-13 ’ਚ ਕਿਹਾ ਗਿਆ ਹੈ ਕਿ “ਨਿੱਜੀ ਖੇਤਰ ਦੀ ਭਾਗੀਦਾਰੀ ਨੂੰ ਪਾਣੀ ਦੀ ਯੋਜਨਾ, ਵਿਕਾਸ ਤੇ ਪ੍ਰਬੰਦ ’ਚ ਹੱਲਾਸ਼ੇਰੀ ਦਿੱਤੀ ਜਾਵੇ।” ਅੱਜ ਜਦ ਪੂੰਜੀਵਾਦ ਨੂੰ ਮੁਨਾਫ਼ੇ ਕਮਾਉਣ ਲਈ ਪਾਣੀ ਸਭ ਤੋਂ ਉਤਮ ਸਾਧਨ ਸਾਬਤ ਹੋ ਰਿਹਾ ਹੈ ਤਾਂ ਸ਼ਰਮਾਏਦਾਰੀ ਦੀ ਰਖਵਾਲੀ ਰਾਜਸੱਤਾ ਪਾਣੀ ਦਾ ਸੌਦਾ ਕਰਨ ਤੋਂ ਭਲਾ ਕਿਉਂ ਰੁਕੇ? ਪੂੰਜੀਪਤੀ ਭਾਈਚਾਰੇ ਐਵੇਂ ਹੀ ਪੀਣ ਵਾਲੇ ਪਾਣੀ ਨੂੰ ਨੀਲਾ ਸੋਨਾ ਨਹੀਂ ਕਹਿੰਦਾ। ਅੱਜ ਪੂੰਜੀ ਦੇ ਵਿਸ਼ਵੀਕਰਣ ਦੇ ਦੌਰ ’ਚ ਵਿਸ਼ਵ ਪੂੰਜੀਵਾਦ ਕੌਮੀ ਪੂੰਜੀਵਾਦ ਤੋਂ ਦਲਾਲੀ ਕਰਵਾਉਂਦਾ ਹੈ। ਵਿਸ਼ਵ ਬੈਂਕ ਪੂੰਜੀਵਾਦ

ਦੀ ਸਾਮਰਾਜੀ ਤੇ ਮਨੁੱਖ ਦੋਖੀ ਨੀਤੀਆਂ ਲਾਗੂ ਕਰਵਾਉਂਦਾ ਹੈ। ਤੰਜਾਨਿਆ, ਅਰਮੇਨਿਆ, ਜਾਂਬਿਆ ਅਤੇ ਭਾਰਤ ’ਚ ਪੀਣ ਵਾਲੇ ਪਾਣੀ ਦੇ ਖੇਤਰ ’ਚ ਸਾਮਰਾਜੀ ਤੇ ਦੇਸੀ ਪੂੰਜੀ ਦੀ ਲੁੱਟ ਜਾਰੀ ਹੈ। ਸਾਲ 2008 ’ਚ ਸੰਸਾਰ ਬੈਂਕ ਦੇ ਉਪ ਪ੍ਰਧਾਨ ਕੈਥੀ ਸੀਰਾ ਨੇ ਕਿਹਾ ਕਿ ਪਾਣੀ ਦੇ ਖੇਤਰ ’ਚ ‘ਜਨਤਕ-ਨਿੱਜੀ ਖੇਤਰ ਦੀ ਭਾਗੀਦਾਰੀ ਨੂੰ ਨਿਵੇਸ਼ ਲਈ ਖੁੱਲ੍ਹਾ ਖੇਤਰ ਹੈ। ਵਿਸ਼ਵ ਬੈਂਕ ਦੀ ‘ਨਿੱਜੀ ਖੇਤਰ ਪ੍ਰਖੰਡ’ ਹੋਏ ‘ਸੰਸਾਰ ਪਾਣੀ ਹਫ਼ਤਾ’ ’ਚ ਕਿ “ਸਾਨੂੰ ਵਿਸ਼ਵਾਸ ਹੈ ਕਿ ਸ਼ੁੱਧ ਪਾਣੀ ਤੇ ਸਹੂਲਤ ਮੁਹੱਈਆ ਕਰਨਾ ਇੱਕ ਅਸਲੀ ਵਪਾਰਕ ਮੌਕਾ ਹੈ” ਅਸਲ ’ਚ ਸੰਸਾਰ ਬੈਂਕ ਗਰੀਬ ਦੇਸ਼ਾਂ ’ਚ ਵਿਕਾਸ ਲਈ ਦਿੱਤੀ ਜਾਣ ਵਾਲੀ ਪੂੰਜੀ ਰਾਹੀਂ ਜਲ ਦੇ ਨਿੱਜੀਕਰਣ ਲਈ ਨਿੱਜੀ ਨਿਵੇਸ਼ਕਾਂ ਨੂੰ ਸਹੀ ਹਾਲਤਾਂ ਮੁਹੱਈਆ ਕਰਵਾਉਂਦਾ ਹੈ। ਸੰਸਾਰ ਬੈਂਕ ਜਨਤਕ ਸਹੂਲਤਾਂ ਦੇ ਖੇਤਰ ਨੂੰ ਫੌਰੀ ਲਾਭ ਲੈਣ ਦਾ ਸਭ ਤੋਂ ਵੱਡੇ ਸਾਧਨਾਂ ਵਜੋਂ ਦੇਖਦਾ ਹੈ। ਤਾਂ ਹੀ ਤਾਂ ਸਾਲ 1993-2002 ਵਿਚਕਾਰ ਉਸ ਨੇ ਆਪਣੇ ਕਰਜ਼ੇ ਦੇ ਖਰਚੇ ਨੂੰ ਘਟਾ ਕੇ 50 ਫੀਸਦੀ ਕਰ ਦਿੱਤਾ ਹੈ। ਬੈਂਕ ਨੇ ਨਿੱਜੀ ਖੇਤਰ ਦੇ ਨਿਵੇਸ਼ ਲਈ ਕਰਜ਼ਾ ਵਧਾ ਦਿੱਤਾ ਹੈ। ਬਿਜਲੀ ਦੇ ਜਨਤਕ ਖੇਤਰ ਦਾ ਕਰਜ਼ਾ 1990 ਦੇ 2-9 ਬਿਲੀਅਨ ਡਾਲਰ ਤੋਂ ਘੱਟ ਕੇ 2001 ’ਚ 824 ਮਿਲੀਅਨ ਡਾਲਰ ਰਹਿ ਗਿਆ ਜਦ ਕਿ ਇਸ ਖੇਤਰ ’ਚ ਨਿੱਜੀ ਨਿਵੇਸ਼ ਦਾ ਕਰਜ਼ਾ 45 ਮਿਲੀਅਨ ਡਾਲਰ ਤੋਂ ਵਧਾ ਕੇ 687 ਮਿਲੀਅਨ ਡਾਲਰ ਜੋ ਗਿਆ ਦਿੱਲੀ ਜਲ ਬੋਰਡ ਦੇ ਨਿੱਜੀਕਰਣ ਦਾ ਪ੍ਰਸਤਾਵ ਵਿਸ਼ਵ ਬੈਂਕ ਵੱਲੋਂ ਪੋਸ਼ਿਤ (140 ਮਿਲੀਅਨ ਡਾਲਰ) ਯੋਜਨਾ ‘ਦਿੱਲੀ ਪਾਣੀ ਸਪਲਾਈ’ ਤੇ ਸੀਵਰੇਜ ਯੋਜਨਾ ਦੇ ਤਹਿਤ ਹੋਇਆ ਸੀ। ਦਿੱਲੀ ਜਲ ਬੋਰਡ ਦੇ ਸੁਧਾਰ ਤੇ ਪੁਨਰ ਗਠਨ ਨਾਲ ਸਬੰਧਿਤ ਅਧਿਐਨ ਲਈ ਸਾਲ 2002 ’ਚ ਬੈਂਕ ਨੇ 2.5 ਮਿਲੀਅਨ ਡਾਲਰ ਦਾ ਲੋਨ ਦਿੱਤਾ। ਬੈਂਕ ਦੇ ਸਹਿਯੋਗ ਨਾਲ ਪ੍ਰਾਈਸ ਵਾਟਰ ਹਾਊਸ ਕਪੂਰ ਨੇ ਆਪਣੀ ਰੀਪੋਟ ’ਚ ਦਿੱਲੀ ਜਲ ਬੋਰਡ ਦੇ ਸਭ ਜੋਨਾ ਦੀ ਪਾਣੀ ਦੀ ਵੰਡ ਤੇ ਪ੍ਰਬੰਦ ਨੂੰ ਨਿੱਜੀ ਕੰਪਨੀਆਂ ਦੇ ਹੱਥਾਂ ’ਚ ਦੇਣ ਦੀ ਗੱਲ ਕਹੀ। ਦੂਜੀ ਮਿਸਾਲ 2006 ’ਚ ਈਸਟ ਵਾਰਡ ਮੁੰਬਈ ਦੀ ਪਾਣੀ ਦੀ ਵੰਡ ਦੇ ਨਿੱਜੀਕਰਣ ਦਾ ਹੈ। ਫਰਾਂਸੀਸੀ ਕੰਪਨੀ ਕਸਤਾਲੀਆ ਨੂੰ ਨਿੱਜੀਕਰਣ ਦਾ ਠੇਕਾ ਦਿੱਤਾ ਗਿਆ। ਜਲ ਧਾਰਾ (ਪੇਂਡੂ ਖੇਤਰਾਂ ’ਚ ਜਲ ਸਪਲਾਈ ਯੋਜਨਾ ਜੋ ਸੰਸਾਰ ਬੈਂਕ ਵੱਲੋਂ ਮਿਲੀ ਵਿੱਤੀ ਸਹਾਇਤਾ ਪ੍ਰਾਪਤ ਹੈ) ਦੀ ਰੀਪੋਟ ਅਤੇ ਅਧਿਐਨ ਦੱਸਦੇ ਹਨ ਕਿ ਇਹ ਪਾਣੀ ਲਈ ਲੋਕਾਂ ਤੋਂ ਪੂਰਾ ਮੁੱਲ ਵਸੂਲਣ ਦੇ ਸਿਧਾਂਤ ’ਤੇ ਅਧਾਰਤ ਹੈ। ਸੰਸਾਰ ਸਿਹਤ ਸੰਗਠਨ ਅਨੁਸਾਰ ਪੈਸਿਆਂ ਲਈ ਪਾਣੀ ’ਤੇ ਕੀਤਾ ਗਿਆ ਨਿਵੇਸ਼ ਵੱਡਾ ਆਰਥਿਕ ਫਾਇਦਾ ਦਿੰਦਾ ਹੈ। ਇੱਕ ਡਾਲਰ ਦਾ ਨਿਵੇਸ਼ ਉਸ ਨੂੰ 45 ਡਾਲਰ ਦਾ ਲਾਭ ਪਹੁੰਚਾਉਂਦਾ ਹੈ ਦੇਸ਼ ’ਚ ਪਾਣੀ ਦੀ ਖਰਾਬ ਸਪਲਾਈ ਕਾਰਨ ਬੋਤਲਬੰਦ ਪਾਣੀ ਦਾ ਬਜ਼ਾਰ ਤੇਜ਼ੀ ਨਾਲ ਫੈਲ ਰਿਹਾ ਹੈ।

ਭਾਰਤ ’ਚ ਬੋਤਲ ਬੰਦ ਪਾਣੀ ਦਾ ਉਦਯੋਗ ਲੱਗਭੱਗ 1000 ਕਰੋੜ ਰੁਪਏ ਦਾ ਹੈ। ਜੋ 40 ਫੀਸਦੀ ਦੀ ਦਰ ਨਾਲ ਵੱਧ ਰਿਹਾ ਹੈ। ਬਿਸਲਰੀ, ਕਿਨਲੇ ਤੇ ਇੱਕ ਫਾਇਨਾ ਵਰਗੀਆਂ ਕੰਪਨੀਆਂ ਪਾਣੀ ਤੋਂ ਖ਼ੂਬ ਮੁਨਾਫ਼ਾ ਕਮਾ ਰਹੀਆਂ ਹਨ। 10 ਰੁਪਏ ਦੇ ਬੋਤਲ ਬੰਦ ਪਾਣੀ ਦੇ ਕੱਚੇ ਮਾਲ ਦੀ ਲਾਗਤ ਸਿਰਫ਼ 0.02-0.03 ਪੈਸੇ ਹੁੰਦੀ ਹੈ। ਬੋਤਲ ਬੰਦ ਪਾਣੀ ਨਾਲ ਪਾਣੀ ਦਾ ਸੰਕਟ ਤਾਂ ਵੱਧ ਰਿਹਾ ਹੈ, ਵਾਤਾਵਰਣ

ਵੀ ਪ੍ਰਭਾਵਿਤ ਹੋ ਰਿਹਾ ਹੈ। ਭਾਰਤ 'ਚ 100 ਤੋਂ ਵੀ ਵੱਧ ਕੰਪਨੀਆਂ ਪਾਣੀ ਦਾ ਧੰਦਾ ਕਰ ਰਹੀਆਂ ਹਨ। 12 ਹਜ਼ਾਰ ਪਲਾਂਟ ਕੰਮ ਕਰ ਰਹੇ ਹਨ। ਇਹ ਕੰਪਨੀਆਂ ਪਾਣੀ ਦੀ ਬੇਲਗਾਮ ਲੁੱਟ ਘਸੁੱਟ 'ਚ ਅੱਗੇ ਹਨ। ਪਾਣੀ ਦਾ ਠੇਕਾ ਨਿੱਜੀ ਕੰਪਨੀਆਂ ਨੂੰ ਦਿੱਤਾ ਜਾਣਾ ਲੋਕਾਂ ਦੀ ਗਰੀਬੀ ਹੋਰ ਵਧਾਉਣਾ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਣ 1999 'ਚ ਬੋਲਵੀਆ 'ਚ ਬੇਕ ਤੇਲ ਕੰਪਨੀ ਦੇ ਆਉਣ ਪਿੱਛੋਂ ਪਾਣੀ ਦੀਆਂ ਦਰਾਂ 35 ਫੀਸਦੀ ਵੱਧ ਗਈਆਂ। ਭਾਰਤ 'ਚ ਨਿੱਜੀ ਪੂੰਜੀ ਦੀ ਰਾਖੀ ਦਾ ਰਿਕਾਰਡ ਸਥਾਪਤ ਕਰਦਿਆਂ ਛਤੀਸ਼ਗੜ੍ਹ ਰਾਜ 'ਚ ਹਾਕਮਾਂ ਨੇ ਸ਼ਿਵਨਾਥ ਨਦੀ ਨੂੰ ਇੱਕ ਨਿੱਜੀ ਕੰਪਨੀ ਪਾਸ ਵੇਚ ਦਿੱਤਾ ਹੈ। ਪਾਣੀ ਅੱਜ ਸ਼ਰਮਾਏਦਾਰਾਂ ਨੂੰ ਮੁਨਾਫ਼ਾ ਦੇਣ ਵਾਲਾ ਇੱਕ ਮੁੱਖ ਖੇਤਰ ਹੈ ਤੇ ਮੁਨਾਫ਼ੇ ਦੀ ਪ੍ਰਣਾਲੀ ਕਾਰਨ ਪਾਣੀ ਦੇ ਖੇਤਰ ਦੇ ਨਿੱਜੀਕਰਣ ਨੂੰ ਰੋਕਿਆ ਨਹੀਂ ਜਾ ਸਕਦਾ ਹੈ। ਲੋਕਾਂ ਨੂੰ ਲੋਕਤੰਤਰ ਦੀ ਆਸਥਾ ਤੇ ਜਮਹੂਰੀਅਤ ਦਾ ਪਾਠ ਪੜ੍ਹਾਉਣ ਵਾਲੀ ਰਾਜ ਸੱਤਾ ਖੁਦ ਕਿੰਨੀ ਜਮਹੂਰੀ ਹੈ, ਸੰਵਿਧਾਨ ਤੇ ਨਿਆਂ ਪਾਲਿਕਾ ਪ੍ਰਤੀ ਨਹਿਚਾ ਰੱਖਦੀ ਹੈ ਇਸ ਨੂੰ ਵੀ ਵੇਖੋ। ਸੰਵਿਧਾਨ ਦਾ ਅਨੁਛੇਦ 47 ਕਹਿੰਦਾ ਹੈ ਕਿ 'ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਲੋਕਾਂ ਦੇ ਪੋਸ਼ਣ ਤੇ ਜੀਵਨ ਪੱਧਰ ਨੂੰ ਉਪਰ ਉਠਾਵੇ ਜਨ ਸਿਹਤ ਦਾ ਸੁਧਾਰ ਕਰੇ।' ਇਸ 'ਚ 'ਜੀਵਨ ਪੱਧਰ' ਤੇ ਜਨ ਸਿਹਤ ਦੇ ਤਹਿਤ ਪੀਣ ਵਾਲੇ ਪਾਣੀ ਨੂੰ ਹਰੇਕ ਸ਼ਹਿਰੀ ਨੂੰ ਮੁਹੱਈਆ ਕਰਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਇਹ ਬੁਨਿਆਦੀ ਮਨੁੱਖੀ ਲੋੜ ਹੈ। ਸੰਵਿਧਾਨ ਦੇ ਅਨੁਛੇਦ 21 'ਜੀਵਨ ਤੇ ਵਿਅਕਤੀਗਤ ਅਜ਼ਾਦੀ ਦੀ ਰਾਖੀ' ਦਾ ਅਧਿਕਾਰ ਦਿੰਦਾ ਹੈ। ਪਾਣੀ ਜੀਵਨ ਰੱਖਿਅਕ ਤੱਤ ਹੈ। ਪਾਣ ਤੇ ਹਵਾ ਬਿਨ੍ਹਾਂ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਜੇ ਅੱਜ ਪੀਣ ਵਾਲੇ ਪਾਣੀ ਦੀ ਉਪਲੱਭਤਾ ਜੇਬ 'ਚ ਪੈਸੇ ਨੂੰ ਤਹਿ ਹੋਵੇਗੀ ਤਾਂ ਇਸ 'ਸੱਚੇ ਸੁੱਚੇ ਸੰਵਿਧਾਨ' ਦਾ ਕੀ ਕੀਤਾ ਜਾਵੇ? ਸੁਪਰੀਮ ਕੋਰਟ ਨੇ ਆਪਣੇ ਫੈਸਲੇ 'ਚ ਕਿਹਾ ਹੈ 'ਹਵਾ, ਸਮੁੰਦਰ, ਪਾਣੀ ਤੇ ਜੰਗਲ ਵਰਗੇ ਸਾਧਨ ਲੋਕਾਂ ਲਈ ਵੱਧ ਮਹੱਤਵ ਰੱਖਦੇ ਹਨ ਇਸ ਨੂੰ ਨਿੱਜੀ ਮਾਲਕੀ ਦੀ ਵਸਤੂ ਬਣਾ ਦੇਣਾ ਪੂਰੀ ਤਰ੍ਹਾਂ ਨਾਲ ਨਿਆਂ ਦੇ ਵਿਰੁੱਧ ਹੋਵੇਗਾ।' 'ਸਾਫ਼ ਹਵਾ ਦਾ ਅਧਿਕਾਰ ਸੰਵਿਧਾਨ ਦੇ ਅਨੁਛੇਦ 21 ਤਹਿਤ ਆਉਂਦਾ ਹੈ' ਅਦਾਲਤ ਨੇ ਇੱਕ ਹੋਰ ਫੈਸਲੇ 'ਚ ਕਿਹਾ 'ਬੁਨਿਆਦੀ ਵਾਤਾਵਰਣ ਦੇ ਤੱਤਾਂ ਖਾਸ ਕਰਕੇ ਹਵਾ, ਪਾਣੀ ਤੇ ਰੋਟੀ ਜੋ ਜੀਵਨ ਲਈ ਜ਼ਰੂਰੀ ਹਨ, ਨੂੰ ਨੁਕਸਾਨ ਪਹੁੰਚਾਉਣਾ ਜੀਵਨ ਲਈ ਖਤਰਨਾਕ ਹੈ ਅਤੇ ਇਹ ਸੰਵਿਧਾਨ ਦੇ ਅਨੁਛੇਦ 21 ਦੀ ਉਲੰਘਣਾ ਹੈ। ਅਜਿਹੇ 'ਚ ਇਹ ਸੁਆਲ ਪੈਦਾ ਹੁੰਦਾ ਹੈ ਕਿ ਵਾਤਾਵਰਣ, ਜਲ, ਜੰਗਲ, ਹਵਾ ਤੇ ਜ਼ਮੀਨ ਨੂੰ ਕੌਣ ਲੋਕ ਨੁਕਸਾਨ ਪਹੁੰਚਾ ਰਹੇ ਹਨ? ਕੀ ਉਹ 77 ਫੀਸਦੀ ਲੋਕ ਜੋ ਅਰਜਨ ਸੇਨ ਗੁਪਤਾ ਕਮੇਟੀ ਦੀ ਰੀਪੋਟ ਅਨੁਸਾਰ ਸਿਰਫ਼ 20 ਰੁਪਏ ਦਿਹਾੜੀ 'ਤੇ ਗੁਜ਼ਾਰਾ ਕਰ ਰਹੇ ਹਨ ਜਾਂ ਉਹ ਲੋਕ ਜੋ ਦੇਸ਼ ਦੀ ਦੌਲਤ, ਖਣਿਜ, ਪਾਣੀ ਤੇ ਜੰਗਲਾਂ ਨੂੰ ਆਪਣੇ ਮੁਨਾਫੇ ਲਈ ਲੁੱਟ ਰਹੇ ਹਨ?' ਆਖਰ ਚਿਮਨੀਆਂ 'ਚੋਂ ਨਿਕਲਣ ਵਾਲੀ ਪ੍ਰਦੂਸ਼ਿਤ ਹਵਾ, ਫੈਕਟਰੀਆਂ 'ਚੋਂ ਨਿਕਲਦਾ ਜ਼ਹਿਰੀਲਾ ਪਾਣੀ ਸਿੱਧਾ ਵਾਤਾਵਰਣ 'ਚ ਕੌਣ ਮਿਲਾ ਰਿਹੈ? ਆਓ ਇੱਕ ਨਜ਼ਰ ਜਲ ਸਾਧਨਾਂ ਦੀ ਘਾਟ ਦੇ ਪੂੰਜੀਵਾਦੀ ਪ੍ਰਚਾਰ 'ਤੇ ਵੀ ਮਾਰੀਏ। ਭਾਰਤ 'ਚ ਨਦੀਆਂ ਦੇ ਜਾਲ ਤੇ ਵਿਸ਼ਾਲ ਸਮੁੰਦਰੀ ਕੰਢਿਆਂ ਦੇ ਬਾਵਜੂਦ ਇਹ ਕਹਿਣਾ ਕਿ ਇੱਥੇ ਕੁਦਰਤੀ ਰੂਪ 'ਚ ਪਾਣੀ ਦੀ ਘਾਟ ਹੈ। ਪ੍ਰਬੰਧ

ਵੱਲੋਂ ਪੂੰਜੀ ਦੀ ਲੁੱਟ ਤੇ ਲੋਕਾਂ ਨਾਲ ਕੀਤੇ ਜਾ ਰਹੇ ਜ਼ੁਲਮ 'ਤੇ ਪੜਦਾ ਪਾਉਂਦੀ ਹੈ। ਮੀਂਹ ਦਾ ਪਾਣੀ ਤੇ ਬਰਫ਼ ਦਾ ਗਿਰਨਾ ਭਾਰਤ 'ਚ ਪਾਣੀ ਦੇ ਮੁੱਖ ਸ਼ਰੋਤ ਹਨ। ਲਗਭਗ 4200 ਅਰਬ 142 ਮੀਟਰ ਪਾਣੀ ਸਲਾਨਾ ਮੀਂਹ ਤੋਂ ਹਾਸਲ ਹੁੰਦਾ ਹੈ। ਔਸਤ ਸਲਾਨਾ ਮੀਂਹ 1170 ਮਿਲੀਮੀਟਰ ਹੈ। ਬਦਇੰਤਜਾਮੀ ਕਾਰਨ ਮੀਂਹ ਦੇ ਪਾਣੀ ਦਾ ਜ਼ਿਆਦਾਤਰ ਹਿੱਸਾ ਵਗ ਕੇ ਸਮੁੰਦਰ 'ਚ ਮਿਲ ਜਾਂਦਾ ਹੈ। ਭਾਰਤ 'ਚ ਵਰਤੋਂ ਯੋਗ ਪਾਣੀ ਦੀ ਮਾਤਰਾ 1122 ਅਰਬ ਘਣਮੀਟਰ ਹੈ। ਜਿਸ ਦਾ ਸਿਰਫ਼ 1.9 ਫੀਸਦੀ ਹਿੱਸਾ ਹੀ ਅੱਜਕੱਲ੍ਹ ਵਰਤਿਆ ਜਾਂਦਾ ਹੈ। ਕੇਂਦਰ ਜਲ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਕੁਦਰਤੀ ਜਲ ਸਾਧਨ ਵਜੋਂ ਨਦੀਆਂ ਦਾ ਸਲਾਨਾ ਵਹਾਅ ਲਗਭਗ 186.9 ਘੱਟ ਕਿ. ਮੀ. ਹੈ। ਦੇਸ਼ 'ਚ ਧਰਤੀ ਹੇਠਲਾਂ ਪਾਣੀ ਦੀ ਕੁੱਲ ਮਾਤਰਾ 931.88 ਅਰਬ ਘਣ ਮੀਟਰ ਹੈ ਜਿਸ ਵਿੱਚੋਂ 360.80 ਅਰਬ ਘਣਮੀਟਰ ਸਿੰਚਾਈ ਤੇ 70.93 ਅਰਬ ਘਣਮੀਟਰ ਸਨਅਤੀ ਕੰਮਾਂ ਲਈ ਵਰਤਿਆ ਜਾਂਦਾ ਹੈ।

ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਜ ਹੇਰੀਟੇਜ ਅਨੁਸਾਰ 980 ਬਿਲੀਅਨ ਲਿਟਰ ਪਾਣੀ ਮੀਂਹ 'ਚ ਹਾਸਲ ਕੀਤਾ ਜਾ ਸਕਦਾ ਹੈ। ਅੱਜ ਜੇ ਪੂਰੇ ਦੇਸ਼ ਦੀ ਆਬਾਦੀ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਾਉਣਾ ਹੋਵੇ ਤਾਂ ਪ੍ਰਤੀ ਵਿਅਕਤੀ ਰੋਜ਼ਾਨਾ 150-200 ਲਿਟਰ ਪਾਣੀ ਦੀ ਲੋੜ ਹੈ। ਇਹ ਮਾਤਰਾ ਵੱਡੇ ਸ਼ਹਿਰਾਂ ਲਈ ਹੈ ਜਦ ਕਿ ਛੋਟੇ ਸ਼ਹਿਰਾਂ ਲਈ ਤੇ ਪਿੰਡਾਂ ਲਈ ਘੱਟ ਦੀ ਲੋੜ ਹੈ। ਜੇ 200 ਲਿਟਰ ਫੀਸਦੀ ਵਿਅਕਤੀ ਰੋਜ਼ਾਨਾ ਦੇਸ਼ ਦੀ 121 ਕਰੋੜ ਆਬਾਦੀ ਲਈ ਇੱਕ ਸਾਲ ਤੱਕ ਪਾਣੀ ਦੀ ਲੋੜ ਕੱਢਣੀ ਹੋਵੇ ਤਾਂ ਇਹ 88.80 ਅਰਬ ਘਣਮੀਟਰ ਹੋਵੇਗੀ। ਯਾਦ ਹੋਵੇ ਕਿ ਮੁਹੱਈਆ ਵਰਤਣ ਯੋਗ ਮੀਂਹ ਦਾ ਪਾਣੀ 1122 ਅਰਬ ਘਣ ਵੀ ਤੇ ਧਰਤੀ ਹੇਠਲੇ ਪਾਣੀ ਦੀ ਮਾਤਰਾ 931.88 ਅਰਬ ਘਣਮੀਟਰ ਹੈ। ਭਾਵ ਦੇਸ਼ ਵਿੱਚ ਅਜੇ ਵੀ ਪੀਣ ਵਾਲੇ ਪਾਣੀ ਸਮੇਤ ਸਮੁੱਚੀ ਵਰਤੋਂ ਲਈ ਪਾਣੀ ਦੀ ਘਾਟ ਦਾ ਸੰਕਟ ਨਹੀਂ ਹੈ। ਜ਼ਰੂਰਤ ਹੈ ਪਾਣੀ ਦਾ ਸਹੀ ਪ੍ਰਬੰਦ ਕਰਨ ਦੀ ਤੇ ਅਤੀ ਲੁੱਟ (ਬਰਬਾਦੀ) ਨੂੰ ਰੋਕਣ ਦੀ। ਰਾਖੀ ਤੇ ਚੇਤੰਨਤਾ ਦੀ ਕੋਸ਼ਿਸ਼ ਤੋ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਸੁਆਲ ਇਹ ਹੈ ਕਿ ਇਸ ਨੂੰ ਬਰਬਾਦ ਕੌਣ ਕਰ ਰਿਹਾ ਹੈ? ਅੱਜ ਜਦ ਪੂੰਜੀਵਾਦ ਤੇ ਜਗੀਰਦਾਰੀ ਨੇ ਦੇਸ਼ ਦੇ ਸਾਹਮਣੇ ਪਾਣੀ ਦੀ ਵਰਤੋਂ ਦਾ ਸੰਕਟ ਖੜ੍ਹਾ ਕਰ ਦਿੱਤਾ ਹੈ ਤਾਂ ਸਰਕਾਰ ਲੋਕਾਂ ਨੂੰ ਪਾਣੀ ਮੁਹੱਈਆ ਕਰਾਉਣ ਦੇ ਆਪਣੇ ਫਰਜ਼ ਤੋਂ ਬੇਸ਼ਰਮੀ ਨਾਲ ਮੁਕਰ ਕੇ ਸ਼ਰਮਾਏਦਾਰਾਂ ਨੂੰ ਕਹਿ ਰਹੀ ਹੈ ਕਿ ਲੋਕ ਪਿਆਸੇ ਮਰਨਗੇ, ਜਾਓ ਹੁਣ ਤੁਸੀਂ ਲੋਕਾਂ ਨੂੰ ਪਾਣੀ ਵੇਚ ਕੇ ਆਪਣੀਆਂ ਤਿਜੌਰੀਆਂ ਭਰੋ। ਨਿੱਜੀਕਰਨ ਦਲਾਲ ਨੌਕਰਸ਼ਾਹ ਸ਼ਰਮਾਏਦਾਰੀ ਦਾ ਆਮ ਰੁਝਾਣ ਹੈ। ਅਜਿਹਾ ਹਰੇਕ ਖੇਤਰ ਜਿੱਥੇ ਮੁਨਾਫ਼ੇ ਦਾ ਮੌਕਾ ਹੈ ਨਿੱਜੀਕਰਣ ਮਨੁੱਖੀ ਜੀਵਨ ਤੇ ਸੰਪੂਰਨ ਮਨੁੱਖਤਾ ਦੀ ਕੀਮਤ 'ਤੇ ਵੀ ਕੀਤਾ ਜਾਵੇਗਾ। ਪਾਣੀ, ਵਾਤਾਵਰਣ ਤੇ ਜੀਵਨ ਲਈ ਜ਼ਰੂਰੀ ਕਿਸੇ ਵੀ ਖੇਤਰ ਦੀ ਰਾਖੀ ਤੇ ਸਭ ਨੂੰ ਸਹੂਲਤ, ਮੁਨਾਫ਼ਾ ਕੇਂਦਰਿਤ ਸਮਾਜ 'ਚ ਨਹੀਂ ਬਲਕਿ ਮਨੁੱਖਤਾ ਕੇਂਦਰਿਤ ਸਮਾਜ 'ਚ ਸੰਭਵ ਹੋਵੇਗੀ ਜੋ ਅਰਧ ਜਾਗੀਰੂ, ਅਰਧ ਬਸਤੀਵਾਦੀ ਦੇ ਰਸਤੇ ਸੰਭਵ ਨਹੀਂ ਹੈ।

# ਡੂੰਘੇ ਹੁੰਦੇ ਵਿਸ਼ਵੀ ਆਰਥਿਕ ਸੰਕਟ ਦਾ ਬਦਲ ਹੋਵੇ ਕੀ?

ਪਿਛਲੀ ਮਹੀਨੇ ਹੀ ਅਮਰੀਕੀ ਅਰਥਚਾਰੇ ਦੀ ਸ਼ਾਖ ਨੂੰ ਜਿਵੇਂ ਬੱਟਾ ਲੱਗਿਆ ਤੇ ਉਸ ਪਿਛੋਂ ਜਿਸ ਤਰ੍ਹਾਂ ਇਕ-ਇਕ ਕਰਕੇ ਪੂਰੀ ਦੁਨੀਆਂ ਦੇ ਸ਼ੇਅਰ ਬਜ਼ਾਰ ਢਹਿ ਢੇਰੀ ਹੋਏ ਇਸ ਨੇ ਦੁਨੀਆਂ ਦੇ ਮੂਹਰੇ ਸਾਫ਼ ਤੌਰ 'ਤੇ ਇਸ ਪੱਖ ਨੂੰ ਰੱਖ ਦਿੱਤਾ ਕਿ 2007 'ਚ ਸ਼ੁਰੂ ਹੋਏ ਵਿਸ਼ਵ ਵਿਆਪੀ ਆਰਥਿਕ ਸੰਕਟ 'ਚੋਂ ਉਭਰਨ ਦੇ ਦਾਅਵੇ ਕਿੰਨੇ ਥੋਥੇ ਤੇ ਸਤਹੀਸਨ ਅਮਰੀਕੀ ਅਰਥਚਾਰੇ 'ਚ ਆਏ ਸੰਕਟ ਨੇ ਹਰ ਦੇਸ਼ ਦੇ ਹਾਕਮਾਂ ਨੂੰ ਅਜੇ ਪ੍ਰੇਸ਼ਾਨੀ 'ਚ ਪਾਇਆ ਹੀ ਸੀ ਕਿ ਖਬਰ ਆਈ ਦੁਨੀਆਂ ਦਾ ਇਕ ਹੋਰ ਮਜ਼ਬੂਤ ਅਰਥਚਾਰਾ ਫ੍ਰਾਂਸੀਸੀ ਅਰਥਚਾਰਾ ਵੀ ਡੂਘੇ ਕਰਜੇ ਦੇ ਸੰਕਟ ਵੱਲ ਵੱਧ ਰਿਹਾ ਹੈ। ਜੋ ਸ਼ੇਅਰ ਬਜ਼ਾਰ ਕੁਝ ਉਠਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਫਿਰ ਮੂਧੇ ਮੂੰਹ ਡਿੱਗ ਪਿਆ। ਡੂੰਘੇ ਹੁੰਦੇ ਆਰਥਕ ਸੰਕਟ ਦੀ ਹੀ ਇਕ ਤਿਖੀ ਘਬਰਾਹਟ ਲੰਦਨ 'ਚ ਹੋਈ। ਲੰਦਨ ਸ਼ਹਿਰ 'ਚ ਅਜੇ ਦੰਗਿਆਂ 'ਤੇ ਕਾਬੂ ਵੀ ਨਹੀਂ ਪਾਇਆ ਗਿਆ ਸੀ ਕਿ ਦੰਗੇ ਪੂਰੇ ਦੇਸ਼ 'ਚ ਫੈਲ ਗਏ। ਦੰਗਾਕਾਰੀਆਂ ਦੇ ਨਿਸ਼ਾਨੇ 'ਤੇ ਵਿਸ਼ੇਸ਼ ਸਮੂਹ ਦੇ ਲੋਕਾਂ ਦੀ ਥਾਂ ਪੁਲਸ ਬੂਥ, ਕਚਹਿਰੀਆਂ, ਸ਼ਾਪਿੰਗ ਮਾਲ, ਬੈਂਕ ਆਦਿ ਸਨ।

ਇਹ ਸੰਕਟ ਕਿੰਨਾ ਡੂੰਘਾ ਹੈ ਇਸ ਗੱਲ ਦਾ ਅੰਦਾਜਾ ਇਥੋਂ ਲਾਇਆ ਜਾ ਸਕਦਾ ਹੈ ਕਿ ਬ੍ਰਿਟੇਨ ਦੀ ਪਾਰਲੀਮੈਂਟ ਨੂੰ ਆਪਣਾ ਵਿਸ਼ੇਸ਼ ਸੈਸ਼ਨ ਬਣਾਉਣਾ ਪਿਆ। ਪਿੱਛੇ ਜਿਹੇ ਹੀ ਰੂਪਰਟ ਮਾਡਰੋਕ ਦੀਆ ਕਾਰਸਤਾਨੀਆਂ ਕਾਰਨ ਬ੍ਰਿਟੇਨ ਦੀ ਪਾਰਲੀਮੈਂਟ ਦੇ ਵਿਸ਼ੇਸ਼ ਸੈਸ਼ਨ ਦੀਆਂ ਮੀਟਿੰਗਾਂ ਬੁਲਾਈਆਂ ਗਈਆਂ ਸਨ। ਕੁਝ ਦਿਨਾਂ ਦੇ ਅਰਸੇ 'ਚ ਪਾਰਲੀਮੈਂਟ ਦੇ ਵਿਸ਼ੇਸ਼ ਸੈਸ਼ਨ ਦੀਆਂ ਮੀਟਿੰਗਾਂ ਬੁਲਾਉਣ ਕਈ ਗੱਲਾਂ ਨੂੰ ਆਪਣੇ ਆਪ ਜਾਹਰ ਕਰਦਾ ਹੈ। ਬ੍ਰਿਟਿਸ਼ ਸਰਕਾਰ ਭਾਵੇਂ ਨਹੀਂ ਮੰਨ ਰਹੀ ਪਰ ਹਕੀਕਤ ਇਹੀ ਹੈ ਕਿ ਇਹਨਾਂ ਦੰਗਾਕਾਰੀਆਂ ਪਿੱਛੇ ਵਧਦੀ ਗ਼ਰੀਬੀ, ਬੇਰੁਜ਼ਗਾਰੀ ਮੌਜੂਦਾ ਸਰਕਾਰ ਵਲੋਂ ਮੰਦੀ ਤੇ ਬਜਟ ਦੇ ਘਾਟੇ ਨਾਲ ਨਿਪਟਨ ਬਹਾਨੇ ਕੀਤੀਆਂ ਜਾ ਰਹੀਆ ਸਮਾਜਿਕ ਸੇਵਾਵਾਂ 'ਚ ਕਟੌਤੀਆਂ ਤੇ ਪੁਲਸ ਦਾ ਵਧਦਾ ਜਬਰ ਤੇ ਮਾਰਕ ਡੁਗੱਨ ਦਾ ਝੂਠਾ ਮੁਕਾਬਲਾ ਹੈ। ਪੁਲਸ ਦੇ ਜਾਹਲੀ ਮੁਕਾਬਲੇ ਦਾ ਸ਼ਿਕਾਰ ਮਾਰਕ ਡੁੰਗਨ ਪਹਿਲਾ ਬੰਦਾ ਨਹੀਂ ਸੀ। ਬਲਕਿ ਕੁਝ ਸਾਲਾਂ 'ਚ ਦਰਜਨਾ ਨਿਰਦੋਸ਼ ਲੋਕਾਂ ਦੀ ਹੱਤਿਆ ਬ੍ਰਿਟੇਨ ਦੀ ਪੁਲਸ ਕਰ ਰਹੀ ਚੁੱਕੀ ਹੈ। ਗ੍ਰੇਟ ਬ੍ਰਿਟੇਨ ਵਾਂਗੂੰ ਯੂਰਪ ਦੇ ਹੋਰ ਦੇਸ਼ਾਂ ਵਿੱਚ ਆਰਥਿਕ ਤੇ ਸਮਾਜਿਕ ਹਾਲਾਤ ਆਮ ਵਾਂਗ ਨਹੀਂ ਰਹਿ ਗਏ ਹਨ। ਨਾਰਵੇ ਦੀ ਘਟਨਾ ਨੇ ਇਹ ਜਾਹਰ ਕੀਤਾ ਹੈ। ਯੂਰਪ ਦੇ ਵੱਖ-ਵੱਖ ਦੇਸ਼ਾਂ 'ਚ ਮਜ਼ਦੂਰ, ਮੁਲਾਜ਼ਮਾਂ ਨੌਜਵਾਨ ਤੇ ਵਿਦਿਆਰਥੀਆਂ ਦੇ ਝੁੰਡ ਸੜਕਾਂ 'ਤੇ ਉਤਰ ਆਏ ਹਨ ਅਤੇ ਆਪਣੀ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰ ਰਹੇ ਹਨ। ਫਿਲਹਾਲ ਅਰਬ ਦੇਸ਼ਾਂ ਦੇ ਲੋਕ ਉਭਾਰ ਦੀ ਚਰਚਾ ਨਾ ਵੀ ਕੀਤੀ ਜਾਵੇ ਤਾਂ ਯੂਰਪ ਵਰਗੀ ਹਾਲਤ ਇਜ਼ਰਾਇਲ ਤੇ ਚਿਲੀ ਦੀ ਵੀ ਹੈ।

ਇਜ਼ਰਾਇਲ 'ਚ ਜਿੱਥੇ ਮਹਿੰਗਾਈ ਤੇ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਕਟੌਤੀਆਂ ਖਿਲਾਫ਼ ਵਿਆਪਕ ਮੁਜਾਹਰੇ ਹੋ ਰਹੇ ਹਨ। ਉਥੇ ਚਿਲੀ 'ਚ ਵਿਦਆਰਥੀ-ਨੌਜਵਾਨ ਤੇ ਅਧਿਆਪਕ ਸਿੱਖਿਆ ਦੇ ਖੇਤਰ 'ਚ ਕੀਤੇ ਜਾ ਰਹੇ ਸੁਧਾਰਾ ਖਿਲਾਫ਼ ਹਫ਼ਤਿਆਂ ਤੋਂ ਜੁਝਾਰੂ ਸੰਘਰਸ਼ ਕਰ ਰਹੇ ਹਨ। ਇਸ ਤਰ੍ਹਾਂ ਜੇ ਵੇਖਿਆ ਜਾਵੇ ਤਾਂ ਪੂਰੀ ਦੁਨੀਆਂ 'ਚ ਅੱਜ ਇਕ ਪਾਸੇ ਪੂੰਜੀਵਾਦੀ ਪ੍ਰਣਾਲੀ ਦਾ ਆਰਥਕ ਸੰਕਟ ਡੂੰਘਾ ਹੁੰਦਾ

ਜਾ ਰਿਹਾ ਤੇ ਇਸ ਨੂੰ ਸੰਭਾਲਣ 'ਚ ਹਾਕਮਾ ਦੇ ਹੱਥ ਪੈਰ ਫੁੱਲ ਰਹੇ ਹਨ। ਤਾਂ ਦੂਜੇ ਪਾਸੇ ਹਜ਼ਾਰਾਂ-ਲੱਖਾਂ ਦੀ ਗਿਣਤੀ 'ਚ ਮਜ਼ਦੂਰ-ਮੁਲਾਜਮ-ਨੌਜਵਾਨ-ਵਿਦਿਆਰਥੀ ਸੜਕਾਂ 'ਤੇ ਆ ਕੇ ਹਾਕਮ ਨੂੰ ਚੈਲੰਜ ਕਰ ਰਹੇ ਹਨ ਅਤੇ ਖਾੜਕੂ ਸੰਘਰਸ਼ ਕਰ ਰਹੇ ਹਨ। ਮਿਸ਼ਰ 'ਚ ਜਿੱਥੇ ਅੱਜਕਲ੍ਹ "ਦੂਜੇ ਇਨਕਲਾਬ" ਤੇ ਸਪੇਨ 'ਚ 'ਨਵੀਂ ਜਮਹੂਰੀਅਤ" ਦੀ ਮੰਗ ਹੋ ਰਹੀ ਹੈ। ਇਨ੍ਹਾਂ ਮੰਗ ਦਾ ਸੁਭਾਅ ਅਜਿਹੇ ਹੈ ਕਿ ਮੌਜੂਦਾ ਸਰਮਾਏਦਾਰ ਨਿਜ਼ਾਮ ਦੇ ਸਮੁੱਚੇ ਢਾਂਚੇ 'ਤੇ ਇਹ ਸੁਆਲ ਖੜ੍ਹੇ ਕਰ ਦਿੰਦੀ ਹੈ। ਇਹ ਪੂੰਜੀਵਾਦੀ ਹਾਕਮਾ ਤੇ ਅਮਰੀਕਾ ਵਰਗੇ ਸਾਮਰਾਜੀਆਂ ਦੇ ਘ੍ਰਿਣਤ ਮਨਸੂਬਿਆਂ ਤੇ ਸੁਆਲ ਖੜ੍ਹੇ ਕਰਦੀ ਹੈ। ਇਹ ਮੰਗਾਂ ਕਹਿ ਦਿੰਦੀਆਂ ਹਨ ਕਿ ਇਸ ਨਿਜ਼ਾਮ 'ਚ ਰੰਗ ਰੋਗਣ ਕਰਨ ਨਾਲ ਕੁਝ ਨਹੀਂ ਹੁੰਦਾ ਤੇ ਨਾ ਹੋਵੇਗਾ।

ਮਜ਼ਦੂਰ-ਮੇਹਨਤਕਸ਼ ਨੌਜਵਾਨ ਕਹਿ ਰਹੇ ਹਨ ਕਿ ਸਾਨੂੰ ਕੁਝ ਅਜੇਹਾ ਚਾਹੀਦਾ ਹੈ ਜੋ ਸਾਡੀ ਜ਼ਿੰਦਗੀ ਨੂੰ ਅਸਲੋਂ ਜਾਂ ਮੁਢੋਂ ਬਦਲ ਦੇਵੇ। "ਦੂਜਾ ਇਨਕਲਾਬ" "ਨਵਾਂ ਲੋਕ ਇਨਕਲਾਬ" ਆਦਿ ਗੱਲਾਂ ਜਿਸ ਕਿਸਮ ਦੀਆਂ ਹਨ। ਉਹ ਲੋਕਾਂ ਨੂੰ ਸਪਸ਼ਟ ਕਰਦੀਆਂ ਜਾ ਰਹੀਆਂ ਹਨ ਕਿ ਪੂੰਜੀਵਾਦ ਦੀ ਕਿਸੇ ਨਰਮ-ਗਰਮ ਕਿਸਮ ਵਿੱਚ ਉਹਨਾਂ ਦੀ ਮੁਸ਼ਕਲ ਹੱਲ ਨਹੀਂ ਹੋ ਸਕਦੀਆਂ। ਪਾਰਲੀਮਾਨੀ ਜਮਹੂਰੀਅਤ ਦੀ ਖੇਡ ਅਮਰੀਕਾ, ਬ੍ਰਿਟੇਨ ਤੋਂ ਲੈ ਕੇ ਭਾਰਤ 'ਚ ਰੋਜਾਨਾ ਖੇਡੀ ਜਾ ਰਹੀ ਹੈ। ਸ਼ਾਇਦ ਹੀ ਕੋਈ ਦੇਸ਼ ਹੋਵੇ ਜਿੱਥੇ ਪੂੰਜੀਵਾਦੀ ਰਾਜਸੀ ਨੇਤਾਵਾਂ ਦਾ ਮਜ਼ਾਕ ਨਾ ਉਡਾਇਆ ਜਾਂਦਾ ਹੋਵੇ। ਉਹਨਾਂ ਨੂੰ ਝੂਠੇ, ਬੇਇਮਾਨ, ਭ੍ਰਿਸ਼ਟ ਤੇ ਦੁਸ਼ਟ ਮੰਨਿਆ ਜਾਂਦਾ ਹੈ। ਫ਼ੌਜੀ ਹਕੂਮਤ ਨੂੰ ਤਾਂ ਦੁਨੀਆਂ ਦੇ ਕਿਸੇ ਵੀ ਦੇਸ਼ ਦੇ ਲੋਕ ਬਰਦਾਸ਼ਤ ਨਹੀਂ ਕਰ ਰਹੇ ਹਨ। ਪਾਕਿਸਤਾਨ, ਥਾਈਲੈਂਡ, ਮੀਆਂਮਰ ਤੋਂ ਲੈ ਕੇ ਅਰਬ ਦੇਸ਼ਾਂ ਦੀ ਪਿਛੇ ਜਿਹੇ ਹੋਈ ਲੋਕ ਬਗਾਵਤ ਇਹਨਾਂ ਗੱਲਾਂ ਨੂੰ ਤਸਦੀਕ ਕਰਦੀ ਹੈ। ਤਾਂ ਫਿਰ ਨਾ ਤਾਂ ਨਰਮ ਕਿਸਮ ਦਾ ਪੂੰਜੀਵਾਦ ਨਿਜ਼ਾਮ ਲੋਕਾਂ 'ਤੇ ਹਕੂਮਤ ਕਰਨ 'ਚ ਕਾਮਯਾਬ ਹੋ ਰਹੇ ਹਨ ਤੇ ਲੋਕ ਇਹਨਾਂ ਪ੍ਰਣਾਲੀਆਂ (ਨਿਜ਼ਾਮਾਂ) ਵਿਰੁੱਧ ਸੰਘਰਸ਼ੀਲ ਹੋਣ ਤਾਂ ਹਾਕਮ ਕੀ ਕਰੇ? ਅਸਲ 'ਚ ਸਰਮਾਏਦਾਰਾ ਹਾਕਮਾ ਵਲੋਂ ਵੀ ਕਿਸੇ ਤਰ੍ਹਾਂ ਹਕੂਮਤ ਰਾਹੀਂ ਮਜ਼ਦੂਰਾਂ ਕਿਸਾਨਾਂ ਤੇ ਹੋਰ ਮੇਹਨਤਕਸ਼ਾਂ 'ਤੇ ਹਕੂਮਤ ਕਰਨ ਅਤੇ ਉਹਨਾਂ ਦੀ ਮੇਹਨਤ ਨੂੰ ਲੁਟਣ ਦਾ ਸਮਾਂ ਇਤਿਹਾਸ 'ਚ ਲੰਘਦਾ ਜਾ ਰਿਹਾ ਹੈ।

ਇਤਿਹਾਸ ਪਿਛਲੀ ਇਕ ਸਦੀ ਤੋਂ ਮੁਨਿਆਦੀ ਕਰਵਾ ਰਿਹਾ ਹੈ ਹੁਣ ਹਾਕਮ ਸਰਮਾਏਦਾਰ ਨਹੀਂ, ਮਜ਼ਦੂਰ ਹੋਣਗੇ। ਹੁਣ ਪੂੰਜੀਵਾਦੀ ਪ੍ਰਣਾਲੀ ਦਾ ਰੂਪ ਬੇਕਾਰ ਹੈ। ਸੜ ਗਲ ਗਿਆ ਹੈ। ਲੋਕਤੰਤਰ ਦੀਆਂ ਮੋਟੀਆਂ ਮੋਟੀਆਂ ਗੱਲਾਂ ਰਾਹੀਂ ਸਰਮਾਏਦਾਰ ਜਮਾਤ ਮਜ਼ਦੂਰ ਜਮਾਤ 'ਤੇ ਕਿਸਾਨਾਂ-ਮੇਹਨਤਕਸ਼ਾਂ 'ਤੇ ਹਕੂਮਤ ਨਹੀਂ ਕਰ ਸਕਦੀ ਹੈ। ਉਹਨਾਂ ਨੂੰ ਬੇਵਕੂਫ ਨਹੀਂ ਬਣਾਇਆ ਜਾ ਸਕਦਾ। ਲੋਕਰਾਜ ਵਿੱਚ ਅਸਲੀ ਬਰਾਬਰੀ ਕਦੀ ਕਾਇਮ ਹੋ ਨਹੀਂ ਸਕਦੀ। ਹਾਕਮਾਂ ਵਲੋਂ ਰਵਾਇਤੀ ਤੌਰ 'ਤੇ ਕਿੰਨੇ ਹੀ ਕਾਗਜ਼ੀ ਅਧਿਕਾਰਾਂ ਦਾ ਐਲਾਨ ਬੇਸ਼ੱਕ ਕਰ ਦਿੱਤਾ ਜਾਵੇ। ਇਤਿਹਾਸ ਦੇ ਸਬਕ ਸਾਬਤ ਕਰਦੇ ਹਨ ਕਿ ਮਨੁੱਖ ਜਾਤੀ ਦੇ ਭਵਿੱਖ ਦਾ ਰਾਹ ਸਿਰਫ਼ ਮੁਨਾਫਾ ਰਹਿਤ ਤੇ ਲੁੱਟ-ਜਬਰ ਰਹਿਤ ਸਮਾਜ ਹੀ ਹੋ ਸਕਦਾ ਹੈ। ਪੂੰਜੀਵਾਦ ਦਾ ਕੋਈ ਭਵਿੱਖ ਨਹੀਂ ਹੈ। ਸਿਰਫ਼ ਤੇ ਸਿਰਫ਼ ਬਰਾਬਰੀ ਦੇ ਆਧਾਰ 'ਤੇ ਉਸਰਿਆ ਨਿਜ਼ਾਮ ਹੀ ਲੋਕਾਂ ਦੀ ਰੋਟੀ-ਰੋਜ਼ੀ, ਰਿਹਾਇਸ਼, ਕੱਪੜਾ ਸਿਹਤ ਤੇ ਸਿੱਖਿਆ ਸਮੇਤ ਸਭ ਮਨੁੱਖੀ ਲੋੜਾਂ ਦੀ ਗਰੰਟੀ ਬਣ ਸਕਦਾ ਹੈ।

# ਓਸਾਮਾ ਜਾਂ ਓਬਾਮਾ ਅੱਤਵਾਦੀ ਕੌਣ?

ਓਸਾਮਾ ਬਿਨ ਲਾਦੇਨ ਦੀ ਕਿਡਨੀ ਖ਼ਰਾਬ ਹੋ ਚੁੱਕੀ ਸੀ। ਉਹ ਬਹੁਤ ਹੀ ਬੀਮਾਰ ਤੇ ਨਿਹੱਥਾ ਸੀ। ਕਿੰਨੀਆਂ ਹੀ ਖ਼ਬਰਾਂ ਮੁਤਾਬਕ ਪਾਕਿਸਤਾਨੀ ਖੁਫੀਆ ਸੰਸਥਾ ਆਈ. ਐਸ. ਆਈ. ਅਤੇ ਜਾਂ ਪਾਕਿਸਤਾਨ ਫ਼ੌਜ ਨੇ ਉਸ ਨੂੰ ਘਰ 'ਚ ਨਜ਼ਰਬੰਦ (ਹਾਊਸ ਅਰੈਸਟ) ਕਰ ਰੱਖਿਆ ਸੀ। ਜਿਵੇਂ ਕਿ ਅਮਰੀਕੀ ਪ੍ਰਸ਼ਾਸਨ ਅੱਜ ਕਹਿ ਰਿਹਾ ਹੈ ਕਿ ਇਸ ਭੇਦ ਨੂੰ ਅਮਰੀਕੀ ਖੁਫੀਆ ਏਜੰਸੀ ਸੀ. ਆਈ. ਏ. ਅਤੇ ਹੋਰ ਮੁੱਖ ਦਫ਼ਤਰ ਪੈਂਟਾਗਨ ਪਿਛਲੇ ਸਾਲ ਅਗਸਤ ਮਹੀਨੇ ਵਿੱਚ ਹੀ ਜਾਣ ਸਕੀ ਸੀ। ਨਹੀਂ ਤਾਂ ਓਬਾਮਾ ਨੂੰ ਦਿਨ ਰਾਤ ਪਾਣੀ ਪੀ ਪੀ ਕੇ ਕੋਸਣ ਵਾਲੇ ਕੌਮਾਂਤਰੀ ਪੂੰਜੀਵਾਦੀ ਮੀਡੀਆ ਭਾਰਤ 'ਚ ਉਸ ਦੀ ਸੁਰ 'ਚ ਸੁਰ ਮਿਲਾਉਣ ਵਾਲਿਆਂ ਮੁਤਾਬਕ ਇਹ ਕਿਵੇਂ ਹੋ ਸਕਦਾ ਹੈ ਕਿ ਇਹ ਖੂੰਖਾਰ ਅੱਤਵਾਦੀ ਨਿਹੱਥਾ ਹੋਵੇ ਅਤੇ ਉਸਦੇ ਦੁਆਲੇ ਅੰਗ ਰੱਖਿਅਕਾਂ ਦਾ ਘੇਰਾ ਨਾ ਹੋਵੇ। ਵਹਿਸ਼ੀ ਅਮਰੀਕੀ ਰਾਜ ਸੱਤਾ ਅੱਜ ਜਿਸ ਦਾ ਸੰਚਾਲਨ ਓਬਾਮਾ ਐਂਡ ਕੰਪਨੀ ਦੇ ਹੱਥਾਂ ਵਿੱਚ ਹੈ। ਦੇ ਸਾਹਮਣੇ ਦੋ ਵਿਕਲਪ ਸਨ ਜਾਂ ਤਾਂ ਆਪਣੀ ਲਾਇਲਾਜ ਬੀਮਾਰੀ ਦੇ ਚਲਦਿਆਂ ਉਸ ਨੂੰ ਆਪਣੀ ਮੌਤ ਆਪੇ ਮਰਨ ਦਿੱਤਾ ਜਾਵੇ ਜਾਂ ਉਸ ਦੀ ਹੱਤਿਆ ਕਰਕੇ ਪੂਰੀ ਦੁਨੀਆਂ 'ਚ ਆਪਣੀ ਫ਼ੌਜੀ ਤਾਕਤ ਦਾ ਡੰਕਾ ਬਜਾਇਆ ਜਾਵੇ ਅਤੇ ਤੇਜੀ ਨਾਲ ਲੋਕਾਂ 'ਚ ਘੱਟ ਹਰਮਨ ਪਿਆਰੇ ਹੋ ਰਹੇ ਓਬਾਮਾ ਦੀ ਸ਼ਾਖ ਬਚਾਉਂਦੇ ਹੋਇਆ ਰਾਸ਼ਟਰਪਤੀ ਦੇ ਅਹੁਦੇ 'ਤੇ ਦੁਬਾਰਾ ਚੁਣੇ ਜਾਣ ਲਈ ਉਸਦੀ ਹੱਤਿਆ ਨੂੰ ਇਕ ਪ੍ਰਚਾਰ ਸਮੱਗਰੀ ਵਜੋਂ ਵਰਤਿਆ ਜਾਵੇ।

ਅਮਰੀਕਾ ਨੇ ਦੂਜਾ ਬਦਲ ਚੁਣਿਆ ਅਤੇ ਪਾਕਿਸਤਾਨ 'ਚ ਹਕੂਮਤ ਚਲਾ ਰਹੇ ਆਪਣੇ ਵਫਾਦਾਰਾਂ ਨੂੰ ਵੀ ਇਸ ਦੀ ਭਿਣਕ ਨਹੀਂ ਲੱਗਣ ਦਿੱਤੀ। ਇਸ ਤਰ੍ਹਾਂ ਅਪਰਾਧ ਕਰਨ ਦੀ ਪੂਰੀ ਯੋਜਨਾ ਬਣਾਈ ਗਈ। ਅਤੇ ਦੋ ਮਈ ਦੀ ਸਵੇਰ ਸੁਬਾਹ ਇਸ ਯੋਜਨਾ ਨੇ ਚਤੁਰ, ਬੇਰਹਿਮ ਤੇ ਅਪਰਾਧਿਕ ਤਰੀਕੇ ਨਾਲ ਅੰਜਾਮ ਦਿੱਤਾ ਗਿਆ। ਸ਼ਿਕਾਰੀ ਵਾਂਗੂੰ ਓਸਾਮਾ ਬਿਨ ਲਦੇਨ ਦਾ ਪਿੱਛਾ ਕਰਨਾ ਤੇ ਫੇਰ ਉਸ ਦੀ ਹੱਤਿਆ ਕਰ ਦੇਣਾ, ਅਮਰੀਕੀ ਸਾਮਰਾਜ ਦੀ ਬੇਰਹਿਮ ਯੋਜਨਾਬੱਧ ਕਾਰਵਾਈਆਂ ਦੀ ਲੰਬੀ ਲੜੀ ਦੀ ਕੜੀ। ਉਹਨਾਂ ਨੇ ਇਸ ਦੀ ਸ਼ੁਰੂਆਤ ਅਫਗਾਨਿਸਤਾਨ ਤੋਂ ਸੋਵੀਅਤ ਸਮਾਜਵਾਦੀ ਸਾਮਰਾਜੀ ਫ਼ੌਜ ਨੂੰ ਖਿੱਚ ਕੇ ਬਾਹਰ ਕੱਢਣ ਲਈ ਇਸਲਾਮੀ ਜਹਾਦੀ ਤਾਕਤਾਂ ਨੂੰ ਹੱਲਾਸ਼ੇਰੀ ਦੇਕੇ ਕੀਤੀ ਸੀ ਜਿਸ 'ਚ ਓਸਾਮਾ ਬਿਨ ਲਾਦੇਨ ਵੀ ਉਹਨਾਂ ਦੇ ਇਕ ਮੋਹਰੇ ਵਜੋਂ ਸ਼ਾਮਲ ਸੀ। ਸੋਵੀਅਤ ਫ਼ੌਜਾਂ ਦੇ ਚਲੇ ਜਾਣ ਪਿਛੋਂ ਉਹਨਾਂ ਨੇ ਅਫਗਾਨਿਸਤਾਨ ਤੋਂ ਤਾਲਿਬਾਨੀ ਬਾਨੀ ਹਕੂਮਤ ਪੁਟ ਸੁੱਟੀ ਕਿਉਂਕਿ ਉਸ ਦੀਆਂ ਇੱਛਾਵਾਂ ਮੂਹਰੇ ਪੂਰੀ ਤਰ੍ਹਾਂ ਗੋਡੇ ਟੇਕਣ ਲਈ ਤਿਆਰ ਨਹੀਂ ਸੀ। ਇਸ ਯੋਜਨਾ ਤਹਿਤ ਅਫਗਾਨਿਸਤਾਨ 'ਤੇ ਹਮਲਾ ਕੀਤਾ ਗਿਆ ਅਤੇ ਅਮਰੀਕੀ ਸਾਮਰਾਜ ਦੀ ਅਗਵਾਈ 'ਚ ਨਾਟੋ ਫ਼ੌਜਾਂ ਪਿਛਲੇ ਇਕ ਦਹਾਕੇ ਤੋਂ ਖ਼ੂਨੀ ਕਬਜਾ ਜਮਾਈ ਬੈਠੀਆਂ ਸਨ। ਇਰਾਕ ਤੇ ਸੰਪੂਰਨ ਪੱਛਮੀ ਏਸ਼ੀਆ 'ਤੇ ਆਪਣਾ ਦਾਬਾ ਕਾਇਮ ਕਰਨ ਲਈ ਸਦਾਮ ਹੁਸੈਨ ਅਤੇ ਲੱਖਾਂ ਇਰਾਕੀਆਂ ਦਾ ਸਫਾਇਆ ਵੀ ਅਮਰੀਕੀ ਸਾਮਰਾਜ ਦੀ ਇਸ ਯੋਜਨਾ ਦਾ ਹਿੱਸਾ ਰਿਹਾ ਹੈ ਤਾਂ ਕਿ ਉਹ ਪੈਟ੍ਰੋਲੀਅਮ ਤੇ ਹੋਰ ਕੁਦਰਤੀ ਧਨ ਦੌਲਤ ਦੀ ਬੇਰੋਕ

ਟੋਕ ਲੁੱਟ ਕਰ ਸਕਣ।

ਅਮਰੀਕੀ ਸਾਮਰਾਜ ਅੱਜ ਸਭ ਤੋਂ ਬੇਰਹਿਮ, ਵਹਿਸ਼ੀ ਤੇ ਫਾਸ਼ੀਵਾਦ ਤਾਕਤ ਬਣ ਗਿਆ ਹੈ ਅਤੇ ਇਸਦੇ ਮੁੱਖ ਕਾਰਜਕਾਰੀ ਅਧਿਕਾਰੀ ਵਜੋਂ ਓਬਾਮਾ ਆਪਣੇ ਪੂਰਵਜੇ ਜਾਰਜ ਬੁਸ ਤੇ ਹੋਰ ਰਾਸ਼ਟਰਪਤੀਆਂ ਵਜੋਂ ਬੁਸ ਤੇ ਹੋਰ ਰਾਸ਼ਟਰਪਤੀਆਂ ਦੇ ਸੱਚੇ ਵਾਰਿਸ ਹਨ। ਜਦ ਓਸਾਮਾ ਬਿਨ ਲਾਦੇਨ ’ਤੇ ਹਮਲਾ ਕੀਤਾ ਗਿਆ ਤਾਂ ਇਸ ਤੱਥ ਨੂੰ ਭੁਲਾ ਨਹੀਂ ਦੇਣਾ ਚਾਹੀਦਾ ਕਿ ਓਬਾਮਾ ਤੇ ਪੂਰਾ ਅਮਰੀਕੀ ਦੇਸ਼ ਸੌ ਗੁਣਾ ਵੱਧ ਜ਼ਾਲਮ ਅੱਤਵਾਦੀ ਹੈ ਅਤੇ ਓਸਾਮਾ ਬਿਨ ਲਾਦੇਨ ਵਰਗੇ ਹਜ਼ਾਰਾਂ ਲੋਕ ਸਿਰਫ਼ ਇਸ ਦੇ ਹੱਥਾਂ ’ਚ ਪਿਆਦਿਆਂ ਵਾਂਗੂ ਹਨ। ਜਿਹਨਾਂ ਨੂੰ ਉਹ ਜਦੋਂ ਚਾਹੇ ਵਰਤ ਸਕਦਾ ਹੈ ਕਿਉਂਕਿ ਅਮਰੀਕੀ ਸਾਮਰਾਜਵਾਦ ਲੁਟੇਰੇ ਦਾਬੇ ਤੇ ਅੱਤਵਾਦ ਦੇ ਰੂਪਾਂ ਦਾ ਜਨਮਦਾਤਾ ਤੇ ਪਾਲਣਹਾਰਾ ਹੈ। ਇਸ ਲਈ ਪੂਰੀ ਦੁਨੀਆਂ ਦੀ ਘ੍ਰਿਣਾ ਉਸ ਦੇ ਖਿਲਾਫ਼ ਕੇਂਦਰਿਤ ਹੋਣੀ ਚਾਹੀਦੀ ਹੈ। ਜਦ ਤਕ ਮਾਨਵਜਾਤੀ ਦੇ ਇਸ ਸਭ ਤੋਂ ਜਾਲਮ ਵੈਰੀ ਤੇ ਸੰਪੂਰਨ ਸਾਮਰਾਜੀ ਪ੍ਰਬੰਦ ਦਾ ਅੰਤ ਨਹੀਂ ਹੋ ਜਾਂਦਾ ਹੈ ਤਦ ਤਕ ਸਭ ਥਾਵਾਂ ’ਤੇ ਅਤੇ ਸਭ ਮੋਰਚਿਆਂ ’ਤੇ ਉਸ ਦਾ ਪਰਦਾਫਾਸ਼ ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ’ਤੇ ਵਾਰ ਕੀਤਾ ਜਾਣਾ ਚਾਹੀਦਾ ਹੈ। ਓਸਾਮਾ ਬਿਨ ਲਾਦੇਨ ਦੀ ਹੱਤਿਆ ਦੀ ਵਰਤੋਂ ਬਰਾਕ ਓਬਾਮਾ ਦੀ ਧੁੰਦਲੀ ਹੁੰਦੀ ਦਿਖ ਨੂੰ ਬੇਹਤਰ ਬਣਾਉਣ ਲਈ ਕੀਤਾ ਜਾ ਰਿਹਾ ਹੈ। ਤਾਂ ਕਿ ਉਹ ਦੂਜੀ ਵਾਰੀ ਵੀ ਰਾਸ਼ਟਰਪਤੀ ਬਣਨ ਦੀ ਦੌੜ ’ਚ ਟਿਕੇ ਰਹਿ ਸਕਣ ਪਰ ਕੀ ਇਹ ਇਸ ਕੌੜੀ ਸਚਾਈ ਨੂੰ ਸਦਾ ਲਈ ਦਫਨਾ ਦੇਣ ਦੀ ਕੋਸ਼ਿਸ਼ ਵੀ ਨਹੀਂ ਹੈ ਕਿ ਅਮਰੀਕੀ ਸਾਮਰਾਜ ਵਲੋਂ ਕਿਸ ਤਰ੍ਹਾਂ ਟੁਕੜਾ ਪਾ ਕੇ ਓਸਾਮਾ ਬਿਨ ਲਾਦੇਨ ਵਰਗੇ ਨੌਜਵਾਨਾਂ ਨੂੰ ਆਪਣੀ ਅੱਤਵਾਦੀ ਮੁਹਿੰਮ ’ਚ ਸ਼ਾਮਲ ਕੀਤਾ ਜਾਂਦਾ ਰਿਹਾ ਹੈ?

ਕੀ ਸੰਯੁਕਤ ਰਾਸ਼ਟਰ ’ਚ ਸ਼ਾਮਲ ਕੋਈ ਵੀ ਦੇਸ਼ ਜਾਂ ਪੂੰਜੀਵਾਦੀ ਨਿਆਂਪਾਲਿਕਾ ਦਾ ਕੋਈ ਵੀ ਬੰਦਾ ਇਹ ਸੁਆਲ ਪੁਛੇਗਾ ਕਿ ਇਕ ਬੇਹੱਦ ਬੀਮਾਰ ਆਦਮੀ ਦੀ ਬਿਨਾਂ ਸੁਣਵਾਈ ਉਸ ਨੂੰ ਕਾਨੂੰਨ ਦੀ ਅਦਾਲਤ ’ਚ ਆਪਣਾ ਬਚਾਅ ਕਰਨ ਦਾ ਮੌਕਾ ਦਿੱਤੇ ਬਿਨਾਂ ਇਕ ਬਾਰਗੀ ਹੱਤਿਆ ਕਰਨ ਦੀ ਇਜਾਜਤ ਕੀਹਨੇ ਦਿੱਤੀ? ਪਰ ਸਾਮਰਾਜੀ ਪ੍ਰਬੰਦ ਦੇ ਦਲਾਲਾਂ ਤੇ ਏਜੰਟਾਂ ਤੋਂ ਸਾਡੇ ਦੇਸ਼ ਦੇ ਹਾਕਮ ਤੇ ਵਿਰੋਧੀ ਧਿਰਾਂ ਦੇ ਮੂੰਹੋਂ ਸਾਨੂੰ ਕੁਝ ਵੀ ਸੁਣਨ ਨੂੰ ਨਹੀਂ ਮਿਲਿਆ। ਪੂੰਜੀਵਾਦੀ ਮੀਡੀਆ ਕੁਝ ਹੋਰ ਵੀ ਵਿਖਾਉਂਦਾ ਆ ਰਿਹਾ ਹੈ। ਇਹ ਸਭ ਓਸਾਮਾ ਬਿਨ ਲਾਦੇਨ ਦੇ ਸਫਾਏ ਲਈ ਅਮਰੀਕਾ ਤੇ ਉਸ ਦੇ ਮੁਖੀ ਓਬਾਮਾ ਨੂੰ ਵਧਾਈ ਦੇਣ ਲਈ ਇੱਕ ਦੂਜੇ ਨੂੰ ਪਿੱਛੇ ਛੱਡ ਦੇਣ ਦੀ ਦੌੜ ਲਾ ਰਹੇ ਹਨ। ਉਹ 26/11 ਦੇ ਮੁੰਬਈ ਹਮਲਿਆਂ ਦੇ ਉਹਨਾਂ ਦੋਸ਼ੀਆਂ ਖਿਲਾਫ਼ ਅਮਰੀਕਾ ਵਰਗੀ ਕਾਰਵਾਈ ਦੀ ਨਕਲ ਕਰਨ ਦੀ ਗੱਲ ਕਰ ਰਹੇ ਹਨ। ਜਿਸ ਬਾਰੇ ਸ਼ੱਕ ਹੈ ਕਿ ਉਹ ਪਾਕਿਸਤਾਨ ’ਚ ਛੁਪੇ ਹਨ। ਭਾਰਤੀ ਹਾਕਮਾਂ ਦੇ ਮੂੰਹੋਂ ਅਮਰੀਕੀ ਹੱਤਿਆਰਿਆਂ ਖਿਲਾਫ਼ ਕਦੇ ਇਕ ਸ਼ਬਦ ਵੀ ਨਹੀਂ ਨਿਕਲਦਾ। ਉਹ ਬੁਰੀ ਤਰ੍ਹਾਂ ਬੇਸ਼ਰਮ ਹੋ ਕੇ ਉਸ ਬ੍ਰਿਟੇਨ ਦੀ ਨਾਨੀ ਦੇ ਪੋਤੇ ਦੀ ਸ਼ਾਦੀ ਦਾ ਜਸ਼ਨ ਮਨਾਉਂਦੇ ਹਨ। ਜਿਸ ਨੇ ਆਪਣੀ ਹਕੂਮਤ ਸਮੇਂ ਸਾਡੇ ਦੇਸ਼ ’ਚ ਜਲ੍ਹਿਆਂ ਵਾਲਾ ਬਾਗ ਵਰਗੇ ਹਜ਼ਾਰਾਂ ਅਪਰਾਧ ਕੀਤੇ ਹਨ। ਹਾਕਮ ਕਾਂਗਰਸ ਰਾਜਕੀ ਅੱਤਵਾਦ ਨੂੰ ਤੇਜ ਕਰ ਰਹੀ ਹੈ ਤੇ ਭਾਜਪਾ ਵਲੋਂ ਪਾਕਿਸਤਾਨ ’ਚ ਅੱਤਵਾਦੀਆਂ ਨੂੰ ਫੜਨ ਲਈ

ਉਥੇ ਹਮਲਾ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਉਥੇ ਉਹ ਸੰਘ ਪ੍ਰੀਵਾਰ ਦੇ ਅੱਤਵਾਦ ’ਤੇ ਨਰੇਂਦਰ ਮੋਦੀ ਤੇ ਸਾਧਵੀ ਪ੍ਰਗਿਆ ਸਬੰਧੀ ਮੋਨ ਧਾਰੀ ਬੈਠੇ ਹਨ। ਗੈਰ ਮਨੁੱਖੀ ਸਾਮਰਾਜੀ ਵਿਵੱਸਥਾ ਖਿਲਾਫ਼ ਸਮਝੌਤਾ ਹੀਣ ਸੰਘਰਸ਼ ਵਿੱਢੇ ਬਗੈਰ ਅੱਤਵਾਦ ਦਾ ਅੰਤ ਨਹੀਂ ਕੀਤਾ ਜਾ ਸਕਦਾ। ਲੁੱਟ ਤੇ ਹਮਲਿਆਂ ਤੋਂ ਮੁਕਤ ਇਕ ਨਵੇਂ ਸਮਾਜ ਲਈ ਇਕ ਸਮਾਜਵਾਦੀ ਸਮਾਜ ਲਈ ਸੰਘਰਸ਼ ਦੇ ਨਾਲ ਲਾਜ਼ਮੀ ਤੌਰ ’ਤੇ ਜੋੜਨਾ ਹੀ ਪਵੇਗਾ।

# ਕੀ ਯੂਰਪ ਦੇ ਨੌਜਵਾਨ 'ਚ ਵੀ ਹੈ ਬੇਰੁਜਗਾਰੀ?

ਜਰਮਨ ਅੰਕੜਾ ਦਫਤਰ ਤੇ ਯੂਰੋਸਟਲ ਦੇ ਤਾਜਾ ਅੰਕੜਿਆਂ ਅਨੁਸਾਰ ਪੂਰੇ ਯੂਰਪ 'ਚ ਪਿਛਲੇ ਢਾਈ ਸਾਲਾਂ 'ਚ ਬੇਰੁਜ਼ਗਾਰੀ ਦਾ ਪੱਧਰ ਹੈਰਾਨੀਜਨਕ ਢੰਗ ਨਾਲ 25 ਫੀਸਦੀ ਤਕ ਵਧ ਗਿਆ ਹੈ। ਜਦੋਂ ਤੋਂ ਅੰਕੜਿਆਂ ਨੂੰ ਰੇਗੂਲਰ ਢੰਗ ਨਾਲ ਰੱਖਣਾ ਸ਼ੁਰੂ ਕੀਤਾ ਹੈ। ਉਦੋਂ ਤੋਂ ਨਵੇਂ ਨੌਜਵਾਨਾ 'ਚ ਬੇਰੁਜ਼ਗਾਰੀ ਦਾ ਮੌਜੂਦਾ ਪੱਧਰ ਸਭ ਤੋਂ ਵੱਧ ਹੈ। 2008 'ਚ ਲੇਹਮਨ ਬਰਦਰਸ ਦੇ ਢਹਿ ਢੇਰੀ ਹੋਣ ਤੇ ਉਸ ਸਾਲ ਆਰਥਿਕ ਸੰਕਟ ਆਉਣ ਤੋਂ ਪਹਿਲਾਂ ਯੂਰਪ 'ਚ ਨੌਜਵਾਨਾ 'ਚ ਬੇਰੁਜ਼ਗਾਰੀ ਦਾ ਪੱਧਰ 15 ਫੀਸਦੀ ਸੀ। ਜਰਨਮ ਅੰਕੜਾ ਦਫ਼ਤਰ ਦੇ ਨਵੇਂ ਅੰਕੜਿਆਂ ਅਨੁਸਾਰ ਇਹ ਅੰਕੜਾ 20 ਫੀਸਦੀ ਤਕ ਵਧ ਚੁੱਕਿਆ ਹੈ। ਯੂਰਪੀਅਨ ਯੂਨੀਅਨ ਦੇ 27 ਦੇਸ਼ਾਂ 'ਚ 15 ਤੋਂ 24 ਸਾਲ ਵਿਚਕਾਰ 20.5 ਫੀਸਦੀ ਜਵਾਨ ਲੋਕ ਕੰਮ ਲੱਭ ਰਹੇ ਹਨ। ਇਸ ਸਮੇਂ ਯੂਰਪੀ ਦੇਸ਼ਾਂ 'ਚ ਨਿੱਜੀ ਰੂਪ 'ਚ ਬੇਰੁਜ਼ਗਾਰੀ ਦੇ ਪੱਧਰ 'ਚ ਇਹ ਗਿਣਤੀ ਕਾਫੀ ਫਰਕ ਵਿਖਾਉਂਦੀ ਹੈ। ਸਪੇਨ 'ਚ ਜਿੱਥੇ ਜੋਸ ਲਿਊਸ ਜੇਪੇਟ੍ਰੋ ਦੀ ਅਗਵਾਈ ਵਾਲੀ ਸਮਾਜਵਾਦੀ ਸਰਕਾਰ ਨੇ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਵਲੋਂ ਬੇਹੱਦ ਕਠੋਰ ਪ੍ਰੋਗ੍ਰਾਮਾ ਦੀ ਲੜੀ ਲਾਗੂ ਕੀਤੀ ਜਦ 2008 ਤੋਂ ਨੌਜਵਾਨਾ ਵਿਚਕਾਰ ਬੇਰੁਜ਼ਗਾਰੀ ਦਾ ਪੱਧਰ ਦੁਗਣਾ ਹੋ ਕੇ 46 ਫੀਸਦੀ ਤਕ ਪਹੁੰਚ ਚੁੱਕਿਆ ਹੈ। ਯੂਰਪੀਅਨ ਰੈਕਿੰਗ 'ਚ ਗ੍ਰੀਸ ਦੀ ਦੂਜੀ ਥਾਂ ਹੈ। ਜੋ ਯੂਰਪੀ ਯੂਨੀਅਨ ਤੋਂ ਬਲ ਆਊਟ ਪੈਕੇਜ ਹਾਸਲ ਕਰਨ ਵਾਲਾ ਪਹਿਲਾ ਦੇਸ਼ ਹੈ ਅਤੇ ਇਥੇ 40 ਫੀਸਦੀ ਬੇਰੁਜ਼ਗਾਰੀ ਹੈ। ਤੀਜੇ ਥਾਂ ਤੇ ਇਟਲੀ (28 ਫੀਸਦੀ) ਅਤੇ ਉਸ ਪਿਛੋਂ ਪੁਰਤਗਾਲ ਅਤੇ ਆਇਰਲੈਂਡ (27 ਫੀਸਦੀ) ਤੇ ਫਰਾਂਸ (23 ਫੀਸਦੀ) ਹੈ। ਬ੍ਰਿਟੇਨ 'ਚ ਜਿੱਥੇ ਨੌਜਵਾਨ ਦੂਜੇ ਕਈ ਦੇਸ਼ਾਂ ਦੇ ਮੁਖ ਸ਼ਹਿਰਾਂ ਵਾਂਗੂੰ ਸੜਕਾਂ 'ਤੇ ਦੰਗੇ ਤੇ ਵਿਰੋਧ ਮੁਜਾਹਰੇ ਕਰ ਰਹੇ ਹਨ, 'ਚ ਬੇਰੁਜ਼ਗਾਰੀ ਦਾ ਪੱਧਰ 20% ਤਕ ਪਹੁੰਚ ਚੁੱਕਿਆ ਹੈ। ਬ੍ਰਿਟੇਨ ਦੇ ਅੰਕੜਾ ਦਫ਼ਤਰ ਦੀ ਪਿੱਛੇ ਜਿਹੇ ਆਈ ਰਿਪੋਟ ਅਨੁਸਾਰ 16 ਤੋਂ 24 ਸਾਲ ਦੇ ਬੇਰੁਜ਼ਗਾਰ ਲੋਕਾਂ ਦੀ ਗਿਣਤੀ ਤੇਜੀ ਨਾਲ ਵਧ ਰਹੀ ਹੈ ਜੋ 2008 ਦੀ ਪਹਿਲੀ ਤਿਮਾਹੀ 'ਚ 14 ਫੀਸਦੀ ਤੇ 2011 ਦੀ ਪਹਿਲੀ ਤਿਮਾਹੀ 'ਚ 20 ਫੀਸਦੀ ਤਕ ਪਹੁੰਚ ਚੁੱਕੀ ਹੈ।

ਨਵੇਂ ਅੰਕੜਿਆਂ ਅਨੁਸਾਰ ਯੂਰਪ ਦੇ ਸਭ ਤੋਂ ਵੱਡੇ ਅਰਥਚਾਰੇ ਜਰਮਨ ਨੌਜਵਾਨਾ ਵਿਚਕਾਰ ਬੇਰੁਜ਼ਗਾਰੀ ਦੇ ਜ਼ਿਆਦਾਤਰ ਅੰਕੜੇ ਸਭ ਤੋਂ ਘੱਟ (9.1 ਫੀਸਦੀ) ਹਨ ਪਰ ਇਹ ਅੰਕੜੇ ਭਰਮਾਊ ਹਨ। ਪੂਰਬ ਦੀ ਸਮਾਜਕ ਜਨਵਾਦੀ ਪਾਰਟੀ ਤੇ ਗ੍ਰੀਸ ਪਾਰਟੀ ਦੀ ਸਾਂਝੀ ਸਰਕਾਰ (1998-2003) ਦੇ ਸਮੇਂ ਇੱਥੇ ਪਹਿਲਾਂ ਹੀ ਇਹ ਨੀਤੀਆਂ ਲਾਗੂ ਹੋ ਗਈਆਂ ਸਨ। ਯੂਰਪ ਦੇ ਵੱਖ-ਵੱਖ ਦੇਸ਼ਾਂ ਵਿੱਚ ਜਰਮਨ ਮਜ਼ਦੂਰ ਸਭ ਤੋਂ ਵੱਧ ਸੁਰੱਖਿਅਤ ਰੁਜ਼ਗਾਰ 'ਚ ਲੱਗੇ ਹੋਏ ਸਨ ਜਿਹਨਾਂ ਨੂੰ 'ਜਟਿਲ ਕਿਸਮ ਦਾ ਰੁਜ਼ਗਾਰ' ਕਿਹਾ ਜਾਂਦਾ ਹੈ। ਜਿਵੇਂ ਏਜੰਸੀ ਦਾ ਕੰਮ, ਅਸਥਾਈ ਕੰਮ ਅਤੇ ਆਰਜੀ ਰੁਜ਼ਗਾਰ ਜਿੱਥੇ ਹਰ ਹਫਤੇ 20 ਘੰਟੇ ਤੋਂ ਵੀ ਘੱਟ ਕੰਮ ਮਿਲਦਾ ਸੀ। ਇਨਾਂ 'ਚੋਂ ਬਹੁਤੇ ਮਜ਼ਦੂਰ 400 ਯੂਰੋ ਜਾਂ ਇਸ ਤੋਂ ਘੱਟ ਹਰ ਮਹੀਨੇ ਕਮਾਉਂਦੇ ਸਨ। ਤਾਜਾ ਅੰਕੜਿਆਂ ਅਨੁਸਾਰ ਜਰਮਨ 'ਚ ਅਜੇਹੇ ਮਜ਼ਦੂਰਾਂ ਦੀ ਤਨਖਾਹ ਦੇ ਪੱਧਰ 'ਚ ਪਿਛਲੇ

ਸਾਲਾਂ 'ਚ ਗਿਰਾਵਟ ਆਈ ਹੈ ਅਤੇ ਇਸ ਨੇ 'ਗਰੀਬ ਮਜ਼ਦੂਰਾਂ ਦੀ ਹਾਲਤ ਨੂੰ ਬਦਤਰ ਬਣਾ ਦਿੱਤਾ ਹੈ। ਜਰਮਨ ਅੰਕੜਾ ਦਫਤਰ ਅਨੁਸਾਰ ਨੌਜਵਾਨ ਜਰਮਨਾ 'ਚ ਲਗਭਗ 40 ਫੀਸਦੀ ਲੋਕ ਇਸ ਤਰ੍ਹਾਂ ਦੇ ਅਸੁਰੱਖਿਅਤ ਕੰਮਾਂ 'ਚ ਲੱਗੇ ਹੋਏ ਹਨ। ਜਿੱਥੇ ਘੱਟ ਤਨਖਾਹ ਦਿੱਤੀ ਜਾਂਦੀ ਹੈ ਤੇ ਕੰਮ ਆਰਜੀ ਹੈ। ਜਰਮਨ 'ਚ ਆਰਜੀ ਰੁਜ਼ਗਾਰ 'ਚ ਲੱਗੇ ਲੋਕਾਂ ਦੀ ਗਿਣਤੀ ਦਾ ਪਤਾ ਲਾਉਣਾ ਔਖਾ ਹੈ। ਪਰ ਨੌਜਵਾਨਾ ਦੀ ਇਹ ਪੂਰੀ ਸਥਿਤੀ ਪੂਰੇ ਯੂਰਪ 'ਚ ਨਜ਼ਰ ਆਉਂਦੀ ਹੈ। ਨੌਜਵਾਨਾ 'ਚ ਬੇਰੁਜ਼ਗਾਰੀ ਦੇ ਅੰਕੜਿਆਂ 'ਚ ਬੇਹੱਦ ਵਾਧਾ ਹੋ ਜਾਵੇਗਾ ਜੇ ਇਸ 'ਚ ਆਰਜੀ ਰੁਜ਼ਗਾਰ 'ਚ ਲੱਗੇ ਲੋਕਾਂ ਨੂੰ ਜੋੜ ਲਿਆ ਜਾਵੇ। ਯੂਰਪੀ ਅਨ ਯੂਨੀਅਨ ਦੀ ਲੰਮੇ ਸਮੇਂ ਦੀ ਬੇਰੁਜ਼ਗਾਰੀ 'ਚ ਵਾਧਾ ਹੋ ਰਿਹਾ ਹੈ। ਤੇ ਜੇ ਇਸ 'ਚ ਬੇਹੱਦ ਪੜ੍ਹੇ ਨੌਜਵਾਨਾਂ ਨੂੰ ਜੋੜ ਲਿਆ ਜਾਵੇ ਜੋ ਅਧਿਆਪਕ ਦੀ ਯੋਗਤਾ ਵਾਲੇ ਹਨ ਤੇ ਜੋ ਕੰਮ ਲੱਭਣ 'ਚ ਨਾਕਾਮ ਰਹੇ ਹਨ। ਤਾਂ ਇੱਕ ਵੱਡੀ ਗਿਣਤੀ 'ਚ 'ਲਾਸਟ ਜਨਰੇਸਨ' (ਅਜੇਹੀ ਪੀੜ੍ਹੀ ਜਿਸ ਦੀ ਸਮਾਜਕ ਵਰਤੋਂ ਨਹੀਂ ਹੁੰਦੀ) ਹੋਂਦ 'ਚ ਆ ਜਾਂਦੀ ਹੈ।

ਬੇਰੁਜ਼ਗਾਰਾਂ ਦੀਆਂ ਜੋ ਸਮਾਜਕ ਸਮੱਸਿਆਵਾਂ ਸਾਹਮਣੇ ਆਈਆਂ ਹਨ। ਉਹ ਪੂਰੇ ਯੂਰਪ ਵਿੱਚ ਸਮਾਜਕ ਮਦਾਂ 'ਚ ਕਟੌਤੀ ਤੇ ਸਖਤ ਪੈਕਜਾਂ ਕਾਰਨ ਹੋਰ ਵੱਧ ਰਹੀ ਹੈ। ਇਹ ਸਭ ਪੂੰਜੀਪਤੀ ਵਰਗ ਦੇ ਨਿਵੇਸ਼ ਨੂੰ ਵਧਾ ਰਹੀ ਹੈ ਪਰ ਨੌਜਵਾਨਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰ ਰਹੀ। ਲੰਦਨ ਦੇ ਬਾਹਰਲੇ ਖੇਤਰ ਟੋਟੇਨਹਮ 'ਚ ਜਿੱਥੇ ਪਿਛਲੇ ਹਫਤੇ ਦੰਗੇ ਤੇ ਵਿਰੋਧ ਮੁਜਾਹਰੇ ਹੋਏ। ਉਥੇ ਬੇਰੁਜ਼ਗਾਰੀ ਦਾ ਪੱਧਰ ਸਭ ਤੋਂ ਉਚਾ ਹੈ ਅਤੇ ਬ੍ਰਿਟੇਨ 'ਚ ਇਹ 10ਵੇਂ ਥਾਂ 'ਤੇ ਹੈ। ਲੰਦਨ ਦੇ ਉਪ-ਨਗਰ ਹੇਰਿੰਗ ਦੇ ਟੋਟੈਨ ਹੈਮ ਦੇ ਦੱਖਣ 'ਚ ਇਸ ਸਾਲ ਨੌਜਵਾਨਾ ਦੀਆਂ ਸਹੂਲਤਾਂ 'ਚ ਇਸ ਸਾਲ ਦੇ ਬਜਟ 'ਚ 75 ਫੀਸਦੀ ਕਟੌਤੀ ਕੀਤੀ ਜਾ ਚੁੱਕੀ ਹੈ। ਇਹ ਕਟੌਤੀ ਕੰਜਰਵੇਟਿਵ ਸਰਕਾਰ ਦਾ ਮੁਖੀਆ ਡੇਵਿਡ ਕੇਮੁਰੂਨ ਦੀਆਂ ਉਹਨਾਂ ਨੀਤੀਆਂ ਦੇ ਕਾਰਨ ਕੀਤੀ ਗਈ ਹੈ। ਜਿਸ ਅਨੁਸਾਰ ਉਪਨਗਰ ਦੇ ਬਜਟ ਘਾਟੇ ਨੂੰ ਘੱਟ ਕਰਨਾ ਤੇ ਉਸ ਨੂੰ ਹੇਠਾਂ ਲਿਆਉਣਾ ਹੈ। ਨੌਜਵਾਨਾ ਦੀ ਸਹੂਲਤਾਂ ਦਾ ਬੰਦ ਕੀਤੇ ਜਾਣਾ। ਜਿਸ 'ਚ ਲਾਇਬ੍ਰੇਰੀ ਤੇ ਸਪੋਰਟਸ ਕਲੱਬ ਹਨ ਤੇ ਉਹਨਾਂ ਦੇ ਕਲਿਆਣਕਾਰੀ ਭੁਗਤਾਨਾ 'ਚ ਕਮੀ ਕਰਨ ਜਿਵੇਂ ਕਿ ਨੌਜਵਾਨ ਭੱਤਾ ਤੇ ਘਰਾਂ 'ਚ ਸਬਸਿਡੀ ਆਦਿ ਦਾ ਮਤਲਬ ਬੇਰੁਜ਼ਗਾਰ ਨੌਜਵਾਨਾ ਨੂੰ ਗ਼ਰੀਬੀ ਦੀ ਹਾਲਤ 'ਚ ਛੱਡ ਦੇਣਾ ਤੇ ਉਹਨਾਂ ਦੇ ਫੁਰਸਤ ਦੇ ਪਲਾਂ ਨੂੰ ਰਚਨਾਤਮਕ ਰੂਪ 'ਚ ਵਰਤੋਂ ਕਰਨ ਦੇ ਮੌਕਿਆਂ ਨੂੰ ਨਸ਼ਟ ਕਰ ਦੇਣਾ ਹੈ। ਅਜੇਹੇ ਦਸ਼ਾਵਾਂ ਸਿਰਫ਼ ਲੰਦਨ ਤੇ ਬ੍ਰਿਟੇਨ 'ਚ ਨਹੀਂ ਹੋ ਰਹੀਆਂ। ਇਹ ਪੂਰੇ ਯੂਰਪ ਵਿੱਚ ਮੌਜੂਦ ਹਨ ਅਤੇ ਵੱਖ-ਵੱਖ ਰੰਗਾਂ ਦੀਆਂ ਰਾਜਸੀ ਪਾਰਟੀਆਂ ਜਿਵੇਂ ਕੰਜ਼ਰਵੇਟਿਵ, ਸਮਾਜਵਾਦੀ ਤੇ ਗ੍ਰੀਨ ਸਰਕਾਰਾਂ ਵਲੋਂ ਅੱਗੇ ਵਧਾਈ ਜਾ ਰਹੀ ਹੈ।

# ਕੀ ਹਨ ਜਾਪਾਨ ਦੇ ਹਾਦਸੇ ਦੇ ਸਬਕ ਭਾਰਤ ਲਈ?

ਜਰਾ ਸੋਚੋਂ ਕਿ ਇਹ ਅਗਸਤ 2022 ਹੈ ਅਤੇ ਮਹਾਂਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ 'ਚ 9900 ਮੈਗਾਵਾਟ ਬਿਜਲੀ ਦੀ ਪੈਦਾਵਾਰ ਕਰਨ ਵਾਲਾ ਜੈਤਾਪੁਰ ਪ੍ਰਮਾਣੂ ਬਿਜਲੀ ਘਰ ਆਪਣੀ ਪੂਰੀ ਸਮਰੱਥਾ ਨਾਲ ਪੈਦਾਵਾਰ ਕਰ ਰਿਹਾ ਹੈ, ਤਦ ਰਿਐਕਟਰ ਪੈਮਾਨੇ 'ਤੇ 8 ਦਾ ਭੁਚਾਲ ਜੈਤਾਪੁਰ ਸਮੁੰਦਰੀ ਕੰਢੇ ਨੂੰ ਹਿਲਾ ਕੇ ਰੱਖ ਦਿੰਦਾ ਹੈ। ਰਿਐਕਟਰ ਦੀ ਪਾਈਪ ਫਟ ਜਾਂਦੀ ਹੈ। ਵਾਯੂ ਮੰਡਲ 'ਚ ਵਿਕਰਣ ਫੈਲਣ ਲੱਗਦਾ ਹੈ। ਇਹ ਵਿਕਰਣ ਦੱਖਣੀ ਪੱਛਮੀ ਮੌਨਸੂਨ ਦੀ ਹਵਾ ਰਾਹੀਂ ਉਤਰ 'ਚ 250 ਕਿ. ਮੀ. ਦੂਰ ਮੁੰਬਈ ਤਕ ਪਹੁੰਚ ਜਾਂਦਾ ਹੈ। ਇਹ ਇਕ ਕੁਦਰਤੀ, ਕੌਮੀ ਅਤੇ ਆਫਤ ਬਣ ਜਾਂਦੀ ਹੈ। 1979 'ਚ ਥ੍ਰੀ ਮਾਈਲ ਅਤੇ 1986 'ਚ ਯੂਕ੍ਰੇਨ ਦੇ ਚੇਰਨੋਬਿਲ ਪਿਛੋਂ ਫੁਕੁਸ਼ਿਮਾ ਦੁਨੀਆਂ ਦਾ ਸਭ ਤੋਂ ਵੱਡਾ ਤੀਜਾ ਪ੍ਰਮਾਣੂ ਹਾਦਸਾ ਹੈ। ਇਸਦੀ ਵਜਾਹ ਕਰਕੇ ਪ੍ਰਮਾਣੂ ਊਰਜਾ 'ਤੇ ਦੁਨੀਆਂ ਭਰ 'ਚ ਮੁੜ ਵਿਚਾਰ ਸ਼ੁਰੂ ਹੋ ਗਿਆ ਹੈ। ਜਨਵਰੀ 1980 ਤੋਂ ਪਹਿਲਾਂ ਆਪਣੇ ਸੱਤ ਪ੍ਰਮਾਣੂ ਊਰਜਾ ਕਾਰਖਾਨਿਆਂ ਨੂੰ ਬੰਦ ਕਰਨ ਦੀ ਯੋਜਨਾ ਬਣਾ ਰਿਹਾ ਹੈ। ਤੇ ਚੀਨ 'ਚ ਨਵੇਂ ਸੁਰੱਖਿਆ ਨਿਯਮ ਨੂੰ ਲਾਗੂ ਕੀਤੇ ਬਿਨਾਂ ਨਵੇ ਪ੍ਰਮਾਣੂ ਪ੍ਰੋਜੈਕਟਾਂ ਦੀ ਮੰਜੂਰੀ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਰੂਸ ਤਾਂ ਖਾਮੋਸ਼ ਹੀ ਹੈ। ਜਦ ਕਿ ਫਰਾਂਸ ਤੇ ਅਮਰੀਕਾ 'ਚ ਪ੍ਰਮਾਣ ਲਾਬੀ ਨੂੰ ਸਰਗਰਮ ਕਰ ਰੱਖਿਆ ਹੈ। ਭਾਰਤ ਅੱਜ ਦਾਅਵਾ ਕਰ ਸਕਦਾ ਹੈ ਕਿ ਉਹਨਾਂ ਪਾਸ ਤਾਰਾਪੁਰ 'ਚ ਦੁਨੀਆਂ ਦੇ ਸਭ ਤੋਂ ਪੁਰਾਣੇ ਬਾਇਲਿੰਗ ਵਾਟਰ ਰਿਐਕਟਰ (BWR) ਕੰਮ ਕਰ ਰਹੇ ਹਨ। ਤਾਰਾਪੁਰ ਕਾਰਖਾਨਾ ਲਾਉਣ ਵਾਲੀ ਜਨਰਲ ਰਿਐਕਟਰ ਨੇ ਵੀ ਫੁਕੁਸ਼ਿਆ 'ਚ BWR ਦੀ ਸਪਲਾਈ ਕੀਤੀ ਸੀ, ਜੋ ਸੰਕਟ ਦੀ ਜੜ੍ਹ ਹੈ। ਮਾਹਿਰਾਂ ਦਾ ਕਹਿਣਾ ਹੈ ਕਿ 1969 'ਚ ਬਣੇ ਤਾਰਾਪੁਰ ਕਾਰਖਾਨੇ ਨੂੰ ਬੰਦ ਕਰਨ ਲਈ ਭਾਰਤ ਤੇ ਦਬਾਅ ਪਾਉਣਾ ਲਾਜਮੀ ਹੈ। ਪਰ ਸਰਕਾਰ ਨੇ ਪ੍ਰਮਾਣੂ ਉਦਯੋਗ ਨੂੰ ਬਚਾਉਣ ਦਾ ਇਰਾਦਾ ਕਰ ਲਿਆ ਹੈ?

ਇੱਕ ਪਾਸੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਸਭ ਪ੍ਰਮਾਣੂ ਪ੍ਰੋਜੈਕਟਾਂ ਦੀ ਸੁਰੱਖਿਆ ਸਮੀਖਿਆ ਕਰਨ ਦਾ ਐਲਾਨ ਕੀਤਾ ਹੈ। ਉਥੇ ਪ੍ਰਮਾਣੂ ਊਰਜਾ ਅਦਾਰੇ ਦੇ ਮੈਂਬਰਾਂ ਨੇ ਭਾਰਤੀ ਰਿਐਕਟਰਾਂ ਦੀ ਸੁਰੱਖਿਆ 'ਤੇ ਜੋਰ ਦਿੱਤਾ ਹੈ। ਪ੍ਰਮਾਣੂ ਊਰਜਾ ਕਮਿਸ਼ਨ (AEC) ਦੇ ਮੁਖੀ ਸ੍ਰੀ ਕੁਮਾਰ ਬੈਨਰਜੀ ਦਾ ਕਹਿਣਾ ਹੈ ਕਿ "ਭਾਰਤੀ ਪ੍ਰਮਾਣੂ ਰਿਐਕਟਰ ਜਾਪਾਨ 'ਚ ਆਈ ਭਿਅੰਕਰ ਆਫਤ ਵਰਗੀਆਂ ਸਥਿਤੀਆਂ ਝਲਣ 'ਚ ਸਮਰੱਥ ਹੈ। ਸਾਡੇ ਕੋਲ ਅਜੇਹੀ ਪ੍ਰਣਾਲੀ ਹੈ ਜਿਸ ਨੂੰ ਹਰ ਪੰਜ ਸਾਲਾਂ ਸੁਰੱਖਿਆ ਦੇ ਸਭ ਉਪਾਵਾਂ ਦੀ ਸਮੀਖਿਆ ਕੀਤੀ ਜਾਂਦੀ ਹੈ। ਇਸ ਸਮੀਖਿਆ ਤੋਂ ਉਭਰੀਆਂ ਸਭ ਸਿਫਾਰਸ਼ਾਂ 'ਤੇ ਸਖ਼ਤੀ ਨਾਲ ਅਮਲ ਕੀਤਾ ਜਾਂਦਾ ਹੈ।" ਪਰ ਇਹ ਤੱਥ ਇਸ ਤਰ੍ਹਾਂ ਦੇ ਆਸ਼ਾਵਾਦ ਦੀ ਹਮਾਇਤ ਨਹੀਂ ਕਰਦੇ, ਇਸ ਦੇ ਉਲਟ ਪਿਛਲੇ ਦੋ ਦਹਾਕਿਆਂ ਦੌਰਾਨ ਕਈ ਅਜਿਹੀਆਂ ਛੋਟੀਆਂ-ਛੋਟੀਆਂ ਦੁਰਘਟਨਾਵਾਂ ਹੋਈਆਂ ਹਨ। ਜੋ ਅਸਾਨੀ ਨਾਲ ਵੱਡੇ ਹਾਦਸੇ 'ਚ ਤਬਦੀਲ ਹੋ ਸਕਦੀਆਂ ਹਨ। 1992 'ਚ ਕੋਟਾ ਪ੍ਰਮਾਣੂ ਕਾਰਖਾਨਾ ਅਤੇ ਤਾਰਾਪੁਰ ਕਾਰਖਾਨੇ 'ਚ ਹੇਵੀ ਵਾਟਰ (ਗੁਰੂ ਜਲ) ਰਿਸ ਗਿਆ ਸੀ। 2009 'ਚ ਕੈਗਾ ਪ੍ਰਮਾਣੂ ਬਿਜਲੀ ਕਾਰਖਾਨੇ 'ਚ ਵਿਕਰਣ ਪਾਏ ਗਏ। ਪ੍ਰਮਾਣੂ

ਕਾਰਖਾਨਿਆਂ 'ਤੇ ਸੁਨਾਮੀ ਦੇ ਪ੍ਰਭਾਵ ਬਾਰੇ ਸ਼ਾਇਦ ਨਹੀਂ ਸੋਚਿਆ ਗਿਆ ਹੋਵੇਗਾ। ਵਾਤਾਵਰਣ ਮੰਤਰੀ ਜੈ ਰਾਮ ਰਮੇਸ਼ ਨੇ 16 ਮਾਰਚ ਨੂੰ ਕਿਹਾ "ਮੈਨੂੰ ਯਾਦ ਨਹੀਂ ਹੈ ਕਿ (ਜੈਤਾਪੁਰ ਪ੍ਰਮਾਣੂ ਕਾਰਖਾਨੇ ਦੀ) ਵਾਤਾਵਰਣ ਸਬੰਧੀ ਮੰਜੂਰੀ ਅਮਲ 'ਚ ਸੁਨਾਮੀ ਦਾ ਜ਼ਿਕਰ ਕੀਤਾ ਗਿਆ ਪਰ ਸੁਰੱਖਿਆ ਦਾ ਮਾਮਲਾ ਏ ਈ ਅਰਬੀ (ਪ੍ਰਮਾਣੂ ਊਰਜਾ ਨਿਯਮਨ ਬੋਠਾਰ) ਅਤੇ ਪ੍ਰਮਾਣੂ ਊਰਜਾ ਪ੍ਰੀਸ਼ਦ ਹਵਾਲੇ ਛੱਡ ਦਿੱਤਾ ਗਿਆ ਹੈ।" ਪ੍ਰਮਾਣੂ ਊਰਜਾ ਕਾਰਖਿਆਂ ਤੇ ਭੂਚਾਲ ਦੀ ਸਰਗਰਮੀ ਦੇ ਅਸਰ ਸਬੰਧੀ ਸਪਸ਼ਟ ਸਮਝ ਨਹੀਂ ਦਿਸਦੀ ਹੈ। ਹਾਲ ਦੀਆਂ ਦੋ ਕੁਦਰਤੀ ਆਫਤਾਂ 2001 ਵਿੱਚ ਭੁੱਜ 'ਚ ਰਿਐਕਟਰ ਪੈਮਾਨੇ 'ਤੇ 6-9 ਦਾ ਭੂਚਾਲ ਤੇ ਤਾਮਿਲਨਾਡੂ ਦੇ ਤੱਟ 'ਤੇ ਪਹੁੰਚੀ 2004 ਦੀ ਸੁਨਾਮੀ-ਪ੍ਰਮਾਣੂ ਕਾਰਖਾਨਿਆਂ ਪਾਸ ਪਹੁੰਚੀ ਸੀ। ਇਹਨਾਂ ਦੋਨਾਂ ਮੌਕਿਆਂ 'ਤੇ ਗੁਜਰਾਤ ਦੇ ਕਾਕਰਾਪੁਰ ਪ੍ਰਮਾਣੂ ਰਿਐਕਟਰ ਨੂੰ ਸੁਰੱਖਿਆਪੂਰਵਕ ਬੰਦ ਕਰ ਦਿੱਤਾ ਗਿਆ ਸੀ। ਇੱਥੋਂ ਇਹ ਸਾਬਤ ਹੁੰਦਾ ਹੈ ਕਿ ਇਹ ਪ੍ਰਮਾਣੂ ਕਾਰਖਾਨੇ ਸੁਰੱਖਿਅਤ ਹਨ। ਈਸੀ ਦੇ ਸਾਬਕਾ ਮੁਖੀ ਪੀ. ਕੇ. ਆਇੰਗਰ ਦਾ ਕਹਿਣਾ ਹੈ ਕਿ "ਕਲਪਕਮ 'ਚ ਕੂਲਿੰਗ (ਠੰਡਾ ਕਰਨ) ਲਈ ਪਾਣੀ ਦੀ ਸਪਲਾਈ ਕਰਨ ਵਾਲੇ ਸਾਡੇ ਜਨਰੇਟਰ 25 ਫੁੱਟ ਉਚਾਈ 'ਤੇ ਸਥਿਤ ਸਨ ਅਤੇ ਇਸ ਤਰ੍ਹਾਂ ਕਾਰਖਾਨੇ 'ਚ ਘੁਸਿਆ ਸਮੁੰਦਰੀ ਪਾਣੀ ਉਹਨਾਂ ਨੂੰ ਛੂਹ ਸਕਿਆ।" ਪਰ ਇਸ ਗੱਲ ਦੀ ਕੋਈ ਗਰੰਟੀ ਨਹੀਂ ਦੇ ਸਕਦਾ ਕਿ ਰਿਐਕਟਰ ਪੈਮਾਨੇ 'ਤੇ 9 ਵਾਲੇ ਭੂਚਾਲ ਦੇ ਇਕ ਦੋ ਝਟਕਿਆਂ ਅਤੇ 23 ਫੁੱਟ ਉੱਚੀਆਂ ਸਮੁੰਦਰੀ ਲਹਿਰਾਂ ਦੇ ਥਪੇੜਿਆਂ ਨੂੰ ਕੋਈ ਭਾਰਤੀ ਪ੍ਰਮਾਣੂ ਕਾਰਖਾਨਾ ਬਰਦਾਸ਼ਿਤ ਕਰ ਸਕਦਾ ਹੈ। ਉਚੀਆਂ ਲਹਿਰਾਂ ਨੇ ਫੁਕੁਸ਼ਿਆ ਦੇ ਕੂਲੇਂਟ ਪੰਪਾਂ 'ਚ ਪਾਣੀ ਭਰ ਦਿੱਤਾ। ਆਇੰਕਰ ਸਵੀਕਾਰ ਕਰਦੇ ਹਨ ਕਿ "ਇੰਜਨੀਅਰ ਤੇ ਵਿਗਿਆਨਕ ਸਭ ਸੰਭਾਵਨਾਵਾਂ ਦੀ ਭਵਿੱਖਬਾਣੀ ਨਹੀਂ ਕਰ ਸਕਦੇ।" ਭਾਰਤ ਦੀ ਕੁਝ ਬਿਜਲੀ ਪੈਦਾਵਾਰ 'ਚ ਪ੍ਰਮਾਣੂ ਬਿਜਲੀ ਦਾ ਯੋਗਦਾਨ ਸਿਰਫ਼ 3 ਫੀਸਦੀ ਹੈ।

ਸਰਕਾਰ 2050 ਤਕ ਇਸ ਦਾ ਹਿੱਸਾ ਕਰੀਬ 25 ਫੀਸਦੀ ਕਰਨਾ ਚਾਹੁੰਦੀ ਹੈ। ਇਸ ਕਾਰਨ ਕਰਕੇ ਭਾਰਤ-ਅਮਰੀਕਾ ਪ੍ਰਮਾਣੂ ਸਮਝੌਤੇ 'ਤੇ ਏਨਾ ਜ਼ੋਰ ਦਿੱਤਾ ਗਿਆ। ਭਾਰਤ ਅਗਲੇ ਕੁੱਝ ਦਹਾਕਿਆਂ ਦੌਰਾਨ ਅਮਰੀਕਾ, ਫਰਾਂਸ ਤੇ ਰੂਸ ਨਾਲ ਨਵੀਂ ਪੀੜ੍ਹੀ ਦੇ ਪ੍ਰਮਾਣੂ ਊਰਜਾ ਕਾਰਖਾਨਿਆਂ ਦੀ ਦਰਾਮਦ 'ਤੇ ਅਨੁਮਾਨਿਤ : 175 ਅਰਬ ਡਾਲਰ ਖਰਚ ਕਰਨ ਵਾਲਾ ਹੈ। ਏ ਈ ਸੀ ਦੇ ਸਾਬਕਾ ਪ੍ਰਧਾਨ ਅਨਿਲ ਕਾਕੋਡਕਰ ਦਾ ਕਹਿਣਾ ਹੈ, "ਅੱਜ ਦੀਆਂ ਲੋੜਾਂ ਜੀਵਾਸ਼ਮ ਬਾਲਣ, ਹਵਾ ਤੇ ਸੂਰਜੀ ਊਰਜਾ ਨਾਲ ਪੂਰੀਆਂ ਹੋ ਸਕਦੀਆ ਹਨ ਪਰ ਭਵਿੱਖ ਲਈ ਪ੍ਰਮਾਣੂ ਤੇ ਸੂਰਜੀ ਊਰਜਾ ਦੀ ਦੋ ਇਕਲੌਤ ਵਿਕਲਪ ਹਨ।" ਪੇਚ ਇਹੀ ਹੈ। ਮਾਹਰ ਕਾਰਖਾਨੇ ਲਾਉਣ ਦੀ ਥਾਂ ਦਾ ਅਧਿਐਨ ਕੀਤੇ ਬਗੈਰ ਉਤਾਵਲੇਪਣ 'ਚ ਨਵੇਂ ਪ੍ਰਮਾਣੂ ਰਿਐਕਟਰਾਂ ਦੀ ਖਰੀਦ ਜਾਂ ਐਸੇ ਰਿਐਕਟਜ ਡਿਜਾਇਨ ਦੀ ਵਰਤੋਂ ਖਿਲਾਫ਼ ਚੇਤਾਉਂਦੇ ਹਨ ਕਿ ਜਿਨ੍ਹਾਂ ਨੂੰ ਅਜਮਾਇਆ ਨਹੀਂ ਗਿਆ ਹੈ ਏ ਈ ਆਰਬੀ ਦੇ ਸਾਬਕਾ ਮੁਖੀ ਡਾ. ਏ ਗੋਪਾਲਾ ਕ੍ਰਿਸ਼ਨਣ ਦਾ ਕਹਿਣਾ ਹੈ ਕਿ ਉਹ ਵਿਦੇਸ਼ੀ ਪ੍ਰਮਾਣੂ ਬਿਜਲੀ ਰੀਐਕਟਰ ਖਰੀਦਣ ਦੀ ਭਾਸ਼ਾ ਦੀ ਯੋਜਨਾ ਤੋਂ ਚਿੰਤਤ ਹਨ। ਉਨ੍ਹਾਂ 'ਚੋਂ ਕਈਆਂ ਦੇ ਡਿਜ਼ਾਇਨ ਪਹਿਲਾਂ ਪਰਖੇ ਨਹੀਂ ਗਏ ਹਨ। ਜਿਨ੍ਹਾਂ 'ਚ ਅਰੇਚਾ ਦਾ ਈਪੀਆਰ (ਯੂਰਪ ਪ੍ਰੇਸ਼ਰਾਈਜਡ ਰੀਐਕਟਰ) ਜਿਸਨੂੰ ਜੈਤਾਪੁਰ 'ਚ ਲਾਇਆ ਜਾਣਾ ਹੈ। ਭਾਰਤ ਚਾਰ ਵੱਖ ਵੱਖ ਤਰ੍ਹਾਂ

ਦੀ ਲਾਈਟ ਵਾਟਰ ਰਿਐਕਟਰ ਤਕਨੀਕਾਂ ਦਰਾਮਦ ਕਰ ਰਿਹਾ ਹੈ। ਜਿਸ ਨਾਲ ਇਸ ਦਾ ਪ੍ਰਮਾਣੂ ਪ੍ਰੋਗਰਾਮ ਦੁਨੀਆਂ 'ਚ ਸਭ ਤੋਂ ਵਿਧਵਤਾਪੂਰਨ ਹੋ ਜਾਵੇਗਾ। ਸਾਡੇ ਇੰਜਨੀਅਰਾਂ ਨੂੰ ਗੈਰ ਜਾਣਕਾਰ ਤੱਕ ਨਾਲੋਜੀਆਂ ਨੂੰ ਸਮਝਣ 'ਚ ਵਕਤ ਲੱਗੇਗਾ ਜੋ ਦੁਰਘਟਨਾ ਦੀ ਖੜ੍ਹੀ 'ਚ ਖਤਰਨਾਕ ਹਾਲਤ ਹੋਵੇਗੀ ਕਿਉਂਕਿ ਤਦ ਫੌਰਨ ਕਾਰਵਾਈ ਮਹੱਤਵਪੂਰਨ ਹੁੰਦੀ ਹੈ "ਦੇਸ਼ 'ਚ 19 ਰਿਐਕਟਰ ਕੰਮ ਕਰ ਰਹੇ ਹਨ 2010 ਤੱਕ ਚਾਰ ਹੋਰ ਰਿਐਕਟਰ ਬਣ ਕੇ ਤਿਆਰ ਹੋ ਜਾਣਗੇ।

ਛੇ ਨਵੇਂ ਪ੍ਰਮਾਣੂ ਕਾਰਖਾਨਿਆਂ ਤਾਮਿਲਨਾਡੂ 'ਚ ਤਿਰੂਨੇਲਵੇਲੀ, ਮਹਾਂਰਾਸ਼ਟਰ 'ਚ ਰਤਨਾਗਿਰੀ, ਆਂਧਰਾ ਪ੍ਰਦੇਸ਼ 'ਚ ਸੀਕਾ ਕੁਲਮ, ਗੁਜਰਾਤ 'ਚ ਭਾਵ ਨਗਰ, ਹਰਿਆਣਾ 'ਚ ਫਤੇਹਾਬਾਦ ਅਤੇ ਮੱਧ ਪ੍ਰਦੇਸ਼ 'ਚ ਮੰਡਲਾ ਲਈ ਜਲਦੀ ਹੀ ਕੰਮ ਸ਼ੁਰੂ ਹੋ ਜਾਵੇਗਾ। ਸਾਮਰਿਕ ਮਾਹਰ ਬ੍ਰਹਮਾਚੇਲਾਨੀ ਦਾ ਕਹਿਣਾ ਹੈ ਕਿ "ਪੁਕੂਸ਼ਿਮਾ 'ਚ ਰੀਐਟਰ ਭਵਨ 'ਚ ਵਿਸਫੋਟ ਅਤੇ ਸਪੈਂਟ ਫਿਊਲ (ਵਰਤਿਆ ਬਾਲਣ) ਦੇ ਤਲਾਬਾਂ 'ਚ ਅੱਗ ਦਰਅਸਲ ਭਾਰਤ 'ਚ ਦੋ ਹੋਰ ਖਤਰਿਆਂ ਨੂੰ ਉਜਾਗਰ ਕਰਦੀ ਹੈ। ਹਰੇਕ ਪਾਰਕ ਦੇ ਇਰਦ ਗਿਰਦ ਛੇ ਜਾਂ ਉਸ ਤੋਂ ਵੱਧ ਰਿਐਕਟਰਾਂ ਦੀ ਉਸਾਰੀ, ਤਾਰਾਪੁਰ 'ਚ ਚਾਰ ਦਹਾਕਿਆਂ ਤੋਂ ਜਮ੍ਹਾਂ ਹੋ ਰਿਹਾ ਡਿਸਚਾਰਜਡ ਜਾਂ ਸਪੈਂਟ ਫਿਊਲ ਅਮਰੀਕਾ ਨੇ ਉਸ ਨੂੰ ਵਾਪਸ ਲੈਣ ਜਾਂ ਭਾਰਤ ਨੂੰ ਉਸੇ ਦੁਬਾਰਾ ਪ੍ਰੋਸੈਂਸ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਇਨ੍ਹਾਂ 'ਚੋਂ ਘੱਟੋ ਘੱਟ ਚਾਰ ਵੱਡੇ ਪ੍ਰਮਾਣੂ ਬਿਜਲੀ ਕਾਰਖਾਨੇ ਸਮੁੰਦਰੀ ਕੰਢੇ 'ਤੇ ਬਣਾਏ ਜਾ ਰਹੇ ਹਨ ਕਿ ਕਾਰਖਾਨਿਆਂ 'ਚ ਕੂਲੈਂਟ ਵਜੋਂ ਸਮੁੰਦਰੀ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਦੇਸ਼ ਦੇ 612 ਸਮੁੰਦਰੀ ਤੱਟੀ ਜ਼ਿਲ੍ਹਿਆਂ 'ਚੋਂ ਘੱਟੋ ਘੱਟ 241 'ਚ ਹੜ੍ਹ ਭੂਚਾਲ ਆਦਿ ਵਰਗੀਆਂ ਕਈ ਕੁਦਰਤੀ ਆਫਤਾਂ ਆ ਸਕਦੀਆਂ ਹਨ। ਸਮਾਜ ਸੇਵਕਾਂ ਦਾ ਕਹਿਣਾ ਹੈ ਕਿ ਜੈਤਾਪੁਰ 'ਚ ਭੂਚਾਲ ਦਾ ਵੱਧ ਡਰ ਹੈ।

2008 'ਚ ਪ੍ਰਸਤਾਵਿਤ ਪ੍ਰੋਜੈਕਟ ਤੋਂ 25 ਕਿਲੋਮੀਟਰ ਪੱਛਮ 'ਚ ਰਿਐਕਟਰ ਪੈਮਾਨੇ 'ਤੇ 5 ਦੇ ਭੂਚਾਲ ਨਾਲ ਖਿੜਕੀਆਂ ਖੜਕਣ ਲੱਗੀਆਂ ਸਨ। ਭਾਬਾ ਪ੍ਰਮਾਣੂ ਖੋਜ ਕੇਂਦਰ (ਬੀ ਏ ਆਰ ਸੀ) 'ਚ ਸਾਬਕਾ ਵਿਗਿਆਨਕ ਅਧਿਕਾਰੀ ਪ੍ਰਦੀਪ ਇੰਦਲਕਰ ਦਾ ਕਹਿਣਾ ਹੈ ਕਿ "ਭੂਚਾਲ ਦੇ ਖੇਤਰ ਦੀ ਤੀਬਰਤਾ ਪਹਿਲਾਂ ਵਰਗੀ ਬਣੀ ਹੋਈ ਹੈ ਜਾਂ ਵਧ ਰਹੀ ਹੈ। ਭਾਵੇਂ ਹੀ ਕਾਰਖਾਨੇ ਵੱਡੇ ਪੈਮਾਨੇ 'ਤੇ ਭੂਚਾਲ ਝੱਲਣ ਲਈ ਡਿਜ਼ਾਇਨ ਕੀਤੇ ਗਏ ਹੋਣ ਪਰ ਰਿਐਕਟਰ ਦੇ ਜੋੜਾਂ ਤੋਂ ਰਸਾਅ ਦਾ ਖਤਰਾ ਹਮੇਸ਼ਾ ਰਹੇਗਾ।" ਮੁੰਬਈ ਸਥਿਤ ਭਾਰਤੀ ਵਿਗਿਆਨ ਸੰਸਥਾ ਦੇ ਨਿਦੇਸ਼ਕ ਮੋਂਟੇਰਿਓ ਦਾ ਕਹਿਣਾ ਹੈ ਕਿ ਜੈਤਾਪੁਰ 'ਚ ਵਰਤੇ ਜਾਣ ਵਾਲੇ ਈ. ਪੀ. ਆਰ. ਦੇ ਡਿਜਾਇਨ ਨੂੰ ਪਰਖਿਆ ਨਹੀਂ ਗਿਆ ਹੈ ਅਤੇ ਉਹ ਦੋਸ਼ਪੂਰਨ ਹੈ। ਉਹਨਾਂ ਦਾ ਕਹਿਣਾ ਹੈ "ਜੇ ਡਿਜਾਇਸ ਸੁਧਾਰਿਆ ਨਾਲ ਗਿਆ ਤਾਂ ਰਿਐਕਟਰ ਦਾ ਕੂਲਿੰਗ ਸਿਸਟਮ ਠੀਕ ਤਰ੍ਹਾਂ ਨਾਲ ਕੰਮ ਨਹੀਂ ਕਰੇਗਾ। ਕੂਲਿੰਗ ਸਿਸਟਮ ਫੇਹਲ ਹੋਣ 'ਤੇ ਵਿਕਿਰਣ ਸ਼ੁਰੂ ਹੋ ਜਾਵੇਗਾ।" ਨਵੰਬਰ 'ਚ ਅਮਰੀਕਾ, ਬ੍ਰਿਟੇਨ ਫ੍ਰਾਂਸ ਤੇ ਫਿਨਲੈਂਡ ਦੇ ਐਟਮਿਕ ਰੇਗੂਲੇਟਰੀ ਬੋਰਡ ਦੇ ਸੰਯੁਕਤ ਬਿਆਨ 'ਚ ਇਸ ਰਿਐਕਟਰ ਦੇ ਡਿਜਾਇਨ 'ਤੇ ਸ਼ੱਕ ਜਾਹਿਰ ਕੀਤਾ ਗਿਆ ਸੀ। ਇੰਡੀਆ ਟੂਡੇ ਦੀ ਈ. ਮੇਲ ਨਾਲ ਭੇਜੀ ਪ੍ਰਤੀਕ੍ਰਿਆ 'ਚ ਇਕ ਬੁਲਾਰੇ ਨੇ ਕਿਹਾ ਕਿ ਈ. ਪੀ. ਆਰ. (ਟੀ. ਐਮ.) ਰਿਐਕਟਰ ਦੀ ਸੁਰੱਖਿਆ 'ਤੇ

ਸੁਆਲ ਨਹੀਂ ਉਠਾਇਆ ਗਿਆ ਹੈ ਅਤੇ ਅਰੇਵਾ ਫਿਲਹਾਲ "ਹਰੇਕ ਦੇਸ਼ 'ਚ ਸਥਾਨਕ ਪੈਮਾਨਿਆਂ ਦੇ ਅਨਕੂਲ ਬਣਾਉਣ ਲਈ ਨਿਯਮਨ ਕਰਤਾਵਾਂ ਦੇ ਨਾਲ ਕੰਮ ਕਰ ਰਹੀ ਹੈ।"

ਲਗਦਾ ਹੈ, ਜਪਾਨ ਦੀ ਤਰਾਸਦੀ ਨਾਲ ਭਾਰਤੀ ਪ੍ਰਮਾਣੂ ਉਦਯੋਗ ਆਪਣੀ ਪਟੜੀ ਤੋਂ ਨਹੀਂ ਹਟਣ ਵਾਲਾ, ਪ੍ਰਮਾਣੂ ਊਰਜਾ 'ਤੇ ਪ੍ਰਤੀ ਕਿਲੋਵਾਟ ਘੰਟੇ (KWH) 'ਤੇ 3-4 ਰੁਪਏ ਲਾਗਤ ਆਉਂਦੀ ਹੈ ਜਦ ਕਿ ਸੌਰ ਊਰਜਾ 'ਤੇ ਪ੍ਰਤੀ KWH 20 ਰੁਪਏ ਲਾਗਤ ਆਉਂਦੀ ਹੈ। ਇਸ ਦੀ ਵਜਾਹ ਨਾਲ ਇਹ ਜ਼ਿਆਦਾ ਆਕ੍ਰਸ਼ਿਤ ਵਿਕਲਪ ਦਿਸਦਾ ਹੈ ਅਤੇ ਊਰਜਾ ਦੇ ਬਾਹਰੀ ਸਰੋਤਾਂ 'ਤੇ ਨਿਰਭਰਤਾ ਘਟਦੀ ਹੈ। ਏ ਈ ਸੀ ਦਾ ਸਾਬਕਾ ਮੁੱਖੀ ਪ੍ਰੋ. ਐਮ. ਆਰ. ਸ੍ਰੀ ਨਿਵਾਸਨ ਦਾ ਕਹਿਣਾ ਹੈ, "ਬਿਜਲੀ ਦੀ ਕਮੀ ਵਾਲੇ ਸਾਡੇ ਵਰਗੇ ਵੱਡੀ ਅਬਾਦੀ ਵਾਲੇ ਦੇਸ਼ ਨੂੰ ਪ੍ਰਮਾਣੂ ਊਰਜਾ ਦੇ ਵਿਕਲਪ ਨੂੰ ਦੇਖਣਾ ਪੈਣਾ ਹੈ।" ਵਾਤਾਵਰਣ ਮੰਤਰੀ ਜੈ ਰਾਮ ਰਮੇਸ਼ ਦਾ ਕਹਿਣਾ ਹੈ ਕਿ ਭਾਰਤ ਨੂੰ ਪ੍ਰਮਾਣੂ ਊਰਜਾ ਸਬੰਧੀ ਸਾਵਧਾਨ ਰਹਿਣ ਦੀ ਲੋੜ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਦੇਸ਼ ਨੂੰ ਆਪਣੀ ਨੀਤੀ ਬਦਲਣ ਦੀ ਲੋੜ ਨਹੀਂ ਹੈ। ਜਪਾਨ ਦੀ ਤਰਾਸਦੀ ਨਾਲ ਪ੍ਰਮਾਣੂ ਰਿਐਕਟਰਾਂ ਦੇ ਆਕਾਰ 'ਤੇ ਪੁਨਰ ਵਿਚਾਰ ਸ਼ੁਰੂ ਹੋ ਸਕਦਾ ਹੈ। ਡਾ.ਆਇੰਗਰ ਚੇਤਾਉਂਦੇ ਹਨ।" ਸਾਨੂੰ 800 ਮੈਗਾਵਾਟ ਤੋਂ ਸਿੱਧਾ 1600 ਮੈਗਾਵਾਟ ਦੇ ਰਿਐਕਟਰ 'ਤੇ ਛਾਲ ਨਹੀਂ ਮਾਰਨੀ ਚਾਹੀਦੀ, ਰਿਐਕਟਰ ਜਿੰਨੇ ਵੱਡੇ ਹੋਣਗੇ, ਸਮੱਸਿਆਵਾਂ ਉਨੀਆਂ ਹੀ ਹੋਣਗੀਆਂ।"

ਮਾਹਰਾਂ ਦਾ ਕਹਿਣਾ ਹੈ ਕਿ ਏ. ਈ. ਆਰ ਬੀ ਨੂੰ ਪ੍ਰਮਾਣੂ ਊਰਜਾ ਕਾਰਖਾਨੇ ਤੋਂ ਫੌਰੀ ਤੌਰ 'ਤੇ ਅਜ਼ਾਦ ਕਰਨ ਦੀ ਲੋੜ ਹੈ। ਗੋਪਾਲ ਕ੍ਰਿਸ਼ਨਨ ਦਾ ਕਹਿਣਾ ਹੈ ਕਿ ਏ. ਈ. ਆਰ. ਬੀ. ਦੀ ਅਜ਼ਾਦੀ ਦੀ ਕਮੀ ਕਾਰਨ ਭਾਰਤ 'ਚ ਪ੍ਰਮਾਣੂ ਸੁਰੱਖਿਆ ਨਜ਼ਰਅੰਦਾਜ਼ ਹੁੰਦੀ ਹੈ।" 1983 'ਚ ਗਠਿਤ ਬੋਰਡ ਏ ਈ ਸੀ 'ਚ ਜਮ੍ਹਾ ਕੀਤੀ ਗਈ। ਪ੍ਰਮਾਣੂ ਰੀਪੋਟ ਦੀ ਜਾਂਚ ਲਈ ਜ਼ਿੰਮੇਵਾਰ ਹੈ। ਸਮਾਜਿਕ ਕਾਰਕੁੰਨ ਸੁਰੱਖਿਆ 'ਤੇ ਬਹਿਸ ਦੀ ਘਾਟ ਲਈ ਭਾਰਤੀ ਪ੍ਰਮਾਣੂ ਅਦਾਰੇ ਦੇ ਰਾਜ ਨੂੰ ਦੋਸ਼ੀ ਮੰਨਦੇ ਹਨ। ਦਿੱਲੀ ਦੇ ਸੈਂਟਰ ਫਾਰ ਸਾਇੰਸ ਐਂਡ ਇਨਵਾਇਰਨਮੈਂਟ ਦੀ ਨਿਦੇਸ਼ਕ ਸੁਨੀਤਾ ਨਰਾਇਣ ਕਹਿੰਦੀ ਹੈ "ਅਸੀਂ ਸੰਕਟ ਨਾਲ ਨਿਪਟਣ ਦੀਆਂ ਆਪਣੀਆਂ ਅੰਦਰੂਨੀ ਸਮਰਥਾਵਾਂ ਜਾਂ ਸਾਡੇ ਮੌਜੂਦਾ ਢਾਂਚੇ ਦੀ ਸੁਰੱਖਿਆ ਬਾਰੇ ਬਹੁਤ ਘੱਟ ਜਾਣਦੇ ਹਨ ਕਿਉਂਕਿ ਪ੍ਰਮਾਣੂ ਅਦਾਰੇ ਵਿਚਾਰ-ਵਟਾਂਦਰੇ ਤੋਂ ਕਤਰਾਉਂਦੇ ਹਨ। ਸਾਨੂੰ ਪ੍ਰਮਾਣੂ ਊਰਜਾ ਤੇ ਖੁਲੀ ਬਹਿਸ ਕਰਨ ਦੀ ਲੋੜ ਹੈ।" ਉਹ ਕਹਿੰਦੀ ਹੈ "ਪ੍ਰਮਾਣੂ ਵਿਗਿਆਨਕਾਂ ਦਾ ਮੰਨਣਾ ਹੈ ਕਿ ਤੁਸੀਂ ਉਹਨਾਂ ਦੇ ਨਾਲ ਹੈ ਜਾਂ ਉਹਨਾਂ ਦੇ ਖਿਲਾਫ਼ ਹੈ। ਕੋਈ ਸੁਆਲ ਪੁਛਣ 'ਤੇ ਕਹਿ ਜਾਂਦਾ ਹੈ ਕਿ ਇਸ ਦਾ ਜੁਆਬ ਤਕਨੀਕੀ ਹੈ ਅਤੇ ਤੁਸੀਂ ਉਸ ਨੂੰ ਸਮਝ ਨਹੀਂ ਸਕੋਗੇ।

ਦੂਜਾ ਸੁਆਲ ਪੁਛੀਏ ਤਾਂ ਤੁਹਾਨੂੰ ਕਹਿ ਦਿੱਤਾ ਜਾਵੇਗਾ ਕਿ ਦੇਸ਼ ਨੂੰ ਪ੍ਰਮਾਣੂ ਊਰਜਾ ਦੀ ਲੋੜ ਹੈ ਕਿਉਂਕਿ ਇਹ ਊਰਜਾ ਦਾ ਭੁੱਖਾ ਹੈ। ਮੰਨਿਆ ਇਹ ਜਾਂਦਾ ਹੈ ਕਿ ਆਪ ਸੁਆਲ ਨਹੀਂ ਕਰ ਸਕਦੇ ਕਿਉਂਕਿ ਤਦ ਆਪ ਪ੍ਰਮਾਣੂ ਊਰਜਾ ਖਿਲਾਫ਼ ਮੰਨੇ ਜਾਓਗੇ।" ਜਪਾਨ 'ਚ ਜੋ ਕੁਝ ਹੋਇਆ ਹੈ ਉਸ ਪਿੱਛੋਂ ਚਿੰਤਾ ਹੋਰ ਵੀ ਵਧ ਗਈ ਹੈ ਕਿ ਪ੍ਰਮਾਣੂ ਅਦਾਰੇ, ਜੋ ਪਹਿਲਾਂ ਤੋਂ ਹੀ ਆਪਣੀ ਕਾਰਜਸ਼ੈਲੀ ਨੂੰ ਖੁਫੀਆ

ਰੱਖਦਾ ਹੈ। ਨਿੱਜੀ ਸਨਅਤ ਦੇ ਨਾਲ ਮਿਲਣ ਤੇ ਹੋਰ ਸਮਤਾ ਮੂਲਕ ਹੋ ਗਿਆ ਹੈ। ਨਰਾਇਣ ਦਾ ਕਹਿਣਾ ਹੈ ਕਿ "ਜਪਾਨ 'ਚ ਚਿੰਤਾ ਹੈ ਕਿ ਇਸ ਉਦਯੋਗ ਨੇ ਦੁਰਘਟਨਾ ਬਾਰੇ ਲੋਕਾਂ ਨੂੰ ਲੋੜੀਂਦੀ ਜਾਣਕਾਰੀ ਨਹੀਂ ਦਿੱਤੀ। ਭਾਰਤ 'ਚ ਅਸੀਂ ਪ੍ਰਮਾਣੂ ਖੇਤਰ 'ਚ ਵੱਡੇ ਉਦਯੋਗ ਦੀ ਭਾਗੀਦਾਰੀ ਵਾਲੀ ਨਵੀਂ ਪ੍ਰਣਾਲੀ ਵੱਲ ਵੱਧ ਰਹੇ ਹਾਂ।"

ਫੁਕੁਸ਼ਿਮਾ ਨੇ ਪ੍ਰਮਾਣੂ ਹਾਦਸੇ ਨਾਲ ਨਿਪਟਣ ਲਈ ਭਾਰਤ ਦੀ ਤਿਆਰੀ ਨਾਲ ਜੁੜਿਆ ਇਕ ਸੁਆਲ ਖੜ੍ਹਾ ਕਰ ਦਿੱਤਾ :- ਵਿਕਰਣ ਜੇ ਸਾਰੇ ਪ੍ਰਮਾਣੂ ਕਾਰਖਾਨਿਆਂ ਦੇ 5 ਕਿ. ਮੀ. ਦੇ ਦਾਇਰੇ 'ਚ ਬਣੇ 'ਸਟਰਲਾਈ ਜਡਜੋਨ' ਤੋਂ ਪਰੇ ਚਲਾ ਗਿਆ ਤਾਂ ਕੀ ਹੋਵੇਗਾ। ਪ੍ਰਮਾਣੂ ਤੇ ਵਿਕਰਣ ਨਾਲ ਜੁੜੀਆਂ ਐਮਰਜੈਸੀ ਹਾਲਤਾਂ 'ਤੇ ਭਾਰਤ ਦੀ ਪ੍ਰੀਕ੍ਰਿਆ 'ਚ ਕਈ ਕਮੀਆਂ ਹਨ ਹਾਲਾਂਕਿ ਸੱਤ ਵਿੱਚੋਂ ਕਿਸੇ ਪ੍ਰਮਾਣੂ ਊਰਜਾ ਕਾਰਖਾਨੇ ਕੋਲ ਐਮਰਜੰਸੀ ਸ਼ਰਨ-ਲੈਣ ਵਾਲੀ ਥਾਵਾਂ ਅਤੇ ਕੈਂਪਿੰਗ ਸਹੂਲਤਾਂ ਦੀ ਘਾਟ, ਭੋਜਨ ਅਤੇ ਪਾਣੀ ਦੇ ਵਿਕਲਪਿਕ ਸ੍ਰੋਤਾਂ ਦੀ ਪਹਿਚਾਣ ਨਾ ਹੋਣਾ, ਸਭ ਤੋਂ ਪਹਿਲਾਂ ਪ੍ਰਤੀਕ੍ਰਿਆ ਜਤਾਉਣ ਵਾਲਿਆਂ ਵਜੋਂ ਹੋਮਗਾਰਡ, ਪੁਲਸ ਤੇ ਨਾਗਰਿਕ ਰੱਖਿਆ ਸਵੈ ਸੇਵੀਆਂ ਦੀ ਲੋੜੀਂਦੀ ਭੂਮਿਕਾ ਦੀ ਘਾਟ ਅਤੇ ਨਾਕਾਫੀ ਐਮਰਜੰਸੀ ਕਾਰਵਾਈ ਕੇਂਦਰ। ਇਸ ਦਸਤਾਵੇਜ 'ਚ ਕਿਹਾ ਗਿਆ ਹੈ ਕਿ "ਨਿਗਰਾਨੀ ਉਪਕਰਣ ਤੇ ਕਰਮਚਾਰੀਆਂ ਦੇ ਸੁਰੱਖਿਆ ਕਵਚ ਦਾ ਭੰਡਾਰ ਛੋਟਾ ਹੈ। ਪ੍ਰਮਾਣੂ ਹਾਦਸੇ ਨਾਲ ਨਿਪਟਣ ਦੀ ਖਾਤਰ ਸਮਰੱਥਾ ਵਧਾਉਣ ਲਈ ਉਸ ਨੂੰ ਵੱਡਾ ਕਰਨ ਦੀ ਲੋੜ ਹੈ।"

ਇਹ ਵਿਸ਼ਲੇਸ਼ਣ ਐਨ. ਡੀ. ਐਮ. ਏ ਵਲੋਂ ਤਿਆਰ ਰੀਪੋਟ 'ਪ੍ਰਮਾਣੂ ਤੇ ਰੇਡਿਉਧਰਮੀ ਐਮਰਜੰਸੀ ਹਾਲਤਾਂ ਦੇ ਪ੍ਰਬੰਦ ਦਾ ਹਿੱਸਾ ਸੀ। ਇਹ ਰੀਪੋਟ ਬੀਏ ਆਰ ਸੀ ਡੀਏਈ ਘਰੇਲੂ ਮੰਤਰਾਲੇ ਤੇ ਰੱਖਿਆ ਮੰਤਰਾਲੇ ਤੋਂ ਚੁਣ ਗਏ 20 ਮੈਂਬਰੀ ਸਮੂਹ ਨੇ ਤਿਆਰ ਕੀਤੀ ਸੀ। ਇਹ ਭਾਰਤ ਦਾ ਇਕਲੋਤਾ ਅਜਿਹਾ ਜਨਤਕ ਦਸਤਾਵੇਜ ਹੈ ਜਿਸ 'ਚ ਪ੍ਰਮਾਣੂ ਦੁਰਘਟਨਾ ਪ੍ਰਮਾਣੂ ਹਮਲੇ ਜਾਂ ਕਿਸੇ ਅੱਤਵਾਦੀ ਵਲੋਂ 'ਡਰਟੀ ਬੱਸ' ਤੋਂ ਪਹਿਲਾਂ ਦੀ ਸਥਿਤੀ ਨਾਲ ਨਿਪਟਣ ਲਈ ਦਾ ਵਿਸਲੇਸ਼ਣ ਕੀਤਾ ਗਿਆ ਹੈ। ਇਹ ਰੀਪੋਟ ਘੱਟਾ ਫੱਕ ਰਹੀ ਹੈ। ਪਿਛਲੇ ਸਾਲ ਪੱਛਮੀ ਦਿੱਲੀ ਦੇ ਇਕ ਨੇ ਬਾੜੀ ਭਾਰਤ 'ਚ ਇੱਕ ਪੁਰਾਣੇ ਗਾਮਾ ਰੇਡੀਏਟਰ ਤੋਂ ਨੋਬਾਲਟ 60 ਰਿਸਣ ਦੀ ਵਜਾਹ ਕਰਕੇ ਇਕ ਬੰਦੇ ਦੀ ਮੌਤ ਹੋ ਗਈ ਸੀ ਅਤੇ ਪੰਜ ਲੋਕ ਜ਼ਖਮੀ ਹੋ ਗਏ ਸੀ। ਇਸ 'ਤੇ ਸਭ ਤੋਂ ਪਹਿਲਾਂ ਕਾਰਵਾਈ ਕਰਨ ਵਾਲੇ ਪੁਲਸ ਵਾਲਿਆਂ ਨੂੰ ਕੁਝ ਵੀ ਪਤਾ ਨਹੀਂ ਸੀ। ਡਾਕਟਰ ਵਿਕਰਣ ਦੇ ਲੱਛਣਾ ਦੀ ਪਹਿਚਾਣ ਨਹੀਂ ਕਰ ਸਕੇ ਸਨ, ਇਹ ਭਾਰਤ 'ਚ ਰੇਡੀਉਧਰਮੀ ਘਟਨਾ ਪ੍ਰਤੀ ਭਾਰਤ ਦੀ ਸੁਸਤ ਪ੍ਰਤੀਕ੍ਰਿਆ ਦਾ ਇੱਕ ਬਹੁਤ ਛੋਟਾ ਨਮੂਨਾ ਸੀ। ਅਜੇ ਤੱਕ ਸਿਰਫ਼ 10 ਨੈਸ਼ਨਲ ਡਿਜਾਸਟਰ ਰੇਸਪਾਂਸ ਫੋਰਸ (NDRF) ਬਟਾਲੀਅਨ ਤਿਆਰ ਕੀਤੀ ਗਈ ਹੈ। ਜਿਹਨਾਂ 'ਚ 8000 ਲੋਕ ਹਨ। ਬੀ. ਏ. ਆਰਸੀ ਵਲੋਂ ਸਿਖਲਾਈ ਪ੍ਰਾਪਤ ਇਹ ਜਵਾਨ ਗ੍ਰਹਿ ਮੰਤਰਾਲੇ ਅਧੀਨ ਕੰਮ ਕਰਦੇ ਹਨ। ਦਿੱਲੀ ਪੁਣੇ ਇਰਣਾਕੁਲਮ ਤੇ ਕੋਲਕਾਤਾ 'ਚ ਤੈਨਾਤ ਇਹਨਾਂ ਬਟਾਲੀਅਨਾ ਪਾਸ ਪ੍ਰਮਾਣੂ ਦੁਰਘਟਨਾ ਦੀ ਸਥਿਤੀ ਨਾਲ ਨਿਪਟਣ ਲਈ ਬੁਨਿਆਦੀ ਉਪਕਰਨ ਹਨ। ਇਹ ਜਪਾਨ ਵਰਗੇ ਵੱਡੇ ਪ੍ਰਮਾਣੂ ਹਾਦਸੇ ਨਾਲ ਨਿਪਟਣ ਲਈ ਨਾ ਕਾਫੀ ਹਨ।

# ਕੀ ਵਧਦੇ ਖਾਨਾ ਬਦੋਸ਼ਾਂ ਦਾ ਮੁਲਕ ਹੈ ਅਫ਼ਗਾਨਿਸਤਾਨ?

ਅਫ਼ਗਾਨਿਸਤਾਨ ਦੀ ਜੋ ਦਿੱਖ ਮੀਡੀਆ 'ਚ ਆ ਰਹੀ ਹੈ। ਉਸ ਨਾਲ ਇਸ ਗੱਲ ਦਾ ਅੰਦਾਜ਼ਾ ਤਾਂ ਜਰੂਰ ਹੋ ਜਾਂਦਾ ਹੈ ਕਿ ਉਥੇ ਜੀਵਨ ਬਹੁਤ ਮੁਸ਼ਕਲਾਂ ਭਰਿਆ ਹੈ। ਪਿਛਲੇ ਦਸ ਸਾਲਾਂ ਤੋਂ ਤਬਾਹੀ ਝੱਲ ਰਹੇ ਅਫ਼ਗਾਨੀਆਂ ਦੀ ਜ਼ਿੰਦਗੀ ਦੋਹਰੀ ਮਾਰ ਦੇ ਕਾਰਨ ਭਿਅੰਕਰ ਤੇ ਤਰਸਯੋਗ ਹੋ ਗਈ ਹੈ। ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਐਮਨਸਿਟੀ ਇੰਟਰਨੈਸ਼ਨਲ ਨੇ ਪਿਛੇ ਜਿਹੇ ਇਕ ਰੀਪੋਟ ਜਾਰੀ ਕੀਤੀ ਹੈ। ਜਿਸ 'ਚ ਅਫ਼ਗਾਨਿਸਤਾਨ 'ਚ ਤੇਜੀ ਨਾਲ ਬੇਘਰ ਹੁੰਦੇ ਲੋਕਾਂ ਦੀ ਦਾਸਤਾਨ ਹੈ। ਰੀਪੋਟ ਅਨੁਸਾਰ ਅਮਰੀਕੀ ਹਮਲੇ ਪਿਛੋਂ ਅਫ਼ਗਾਨਿਸਤਾਨ 'ਚ ਪੰਜ ਲੱਖ ਤੋਂ ਵੱਧ ਲੋਕ ਉਜਾੜੇ ਦੇ ਸ਼ਿਕਾਰ ਹਨ ਅਤੇ ਰੋਜ਼ਾਨਾ 400 ਬੇਘਰ ਹੋ ਰਹੇ ਹਨ। ਜੋ ਜਿਉਂਦੇ ਰਹਿਣ ਲਈ ਕਦਮ-ਬ-ਕਦਮ ਮੁਸ਼ਕਤ ਕਰ ਰਹੇ ਹਨ। ਕਾਬਲ ਦੀਆਂ ਝੁੱਗੀਆਂ ਵਿਚ ਸ਼ਰਨਾਰਥੀ ਜੀਵਨ ਬਿਤਾ ਰਹੇ ਲਗਭਗ 35 ਹਜ਼ਾਰ ਲੋਕ ਆਪਣੇ ਬੱਚਿਆਂ ਦੀ ਜ਼ਿੰਦਗੀ ਨੂੰ ਲੈ ਕੇ ਇਸ ਕਦਰ ਡਰੇ ਹੋਏ ਹਨ ਕਿ ਉਹਨਾਂ ਨੂੰ ਅਗਲੀ ਸਵੇਰੇ ਜਿਉਂਦੇ ਦੇਖ ਕੇ ਖੁਸ਼ ਹੁੰਦੇ ਹਨ। ਇਸ ਸਾਲ ਫਰਵਰੀ 'ਚ ਕੜਾਕੇ ਦੀ ਠੰਢ ਕਾਰਨ ਕਾਬੁਲ ਦੇ ਰਾਹਤ ਕੈਂਪਾਂ 'ਚ 28 ਬੱਚਿਆਂ ਦੀ ਮੌਤ ਹੋ ਗਈ ਸੀ। ਸਾਲ-ਦਰ-ਸਾਲ ਹਜ਼ਾਰਾਂ ਲੋਕ ਇਹਨਾਂ ਰਾਹਤ ਕੈਂਪ 'ਚ ਠਿਨੁਰਨ ਤੇ ਭੁੱਖ ਨਾਲ ਦਮ ਤੋੜ ਰਹੇ ਹਨ। ਅਧਿਕਾਰੀ ਰਾਹਤ ਕੈਂਪਾਂ ਨੂੰ ਨਾ ਬਚਾਉਣ ਦੀ ਕੋਸ਼ਿਸ਼ 'ਚ ਹਨ ਤੇ ਇਹਨਾਂ ਨੂੰ ਖਾਲੀ ਕਰਕੇ ਇਹ ਦਰਸਾਉਣ ਚਾਹੁੰਦੇ ਹਨ ਕਿ ਸਰਕਾਰ ਦੀ ਛਵੀ ਕਿੰਨੀ ਦਾਗਦਾਰ ਹੈ। ਇਸ ਸਥਿਤੀ ਨਾਲ ਨਿਪਟਣ ਲਈ ਕਰਜਾਈ ਸਰਕਾਰ ਕੋਲ ਨਾ ਤਾਂ ਕੋਈ ਠੋਸ ਕਾਰਜ ਯੋਜਨਾ ਹੈ ਤੇ ਨਾ ਹੀ ਉਹ ਹਕੂਮਤ 'ਚ ਫੈਲੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਪ੍ਰਤੀ ਹੀ ਸੰਜ਼ੀਦਾ ਹਨ। ਇਸ ਸਰਾਪੇ ਜੀਵਨ ਦਾ ਦੂਜਾ ਪਹਿਲੂ ਇਹ ਹੈ ਕਿ ਪੇਂਡੂ ਖੇਤਰ 'ਚ ਆਪਣੀ ਮਜਬੂਤ ਪੈਂਠ ਦੇ ਬੂਤੇ ਤਾਲਿਬਾਨ ਅੱਜ ਵੀ ਪੰਜਾਹ ਫ਼ੀ ਸਦੀ ਅਫ਼ਗਾਨੀਆਂ ਦੀ ਜ਼ਿੰਦਗੀ ਦੇ ਫ਼ੈਸਲੇ ਲੈ ਰਹੇ ਹਨ। ਸੰਯੁਕਤ ਰਾਸ਼ਟਰ ਦੀ ਇਕ ਰੀਪੋਟ ਮੁਤਾਬਕ ਅਫ਼ਗਾਨਿਸਤਾਨ 'ਚ ਜਾਰੀ ਹਿੰਸਕ ਸੰਘਰਸ਼ ਦੇ ਕਾਰਨ ਨਾਗਰਿਕਾਂ ਦੀ ਮੌਤ ਲਗਾਤਾਰ ਵਧ ਰਹੀ ਹੈ। ਸਾਲ 2011 'ਚ ਅਫ਼ਗਾਨਿਸਤਾਨ 'ਚ 3011 ਨਾਗਰਿਕ ਮਾਰੇ ਗਏ ਜਦਕਿ 2010 ਵਿਚ 2790 ਅਤੇ 2009 'ਚ ਮਾਰੇ ਜਾਣ ਵਾਲੇ ਨਾਗਰਿਕਾਂ ਦੀ ਗਿਣਤੀ 2412 ਸੀ। ਸਾਲ 2011 'ਚ ਮਾਰੇ ਜਾਣ ਵਾਲੇ ਬਹੁਤੇ ਸ਼ਹਿਰੀ ਹਵਾਈ ਹਮਲਿਆਂ ਦਾ ਸ਼ਿਕਾਰ ਹੋਏ। ਸੰਯੁਕਤ ਰਾਸ਼ਟਰ ਜਨਰਲ ਸਕੱਤਰ ਬਾਨ ਕੀ ਮੂਨ ਦੇ ਵਿਸ਼ੇਸ਼ ਦੂਤ ਜਾਨ ਕਯੂਬਿਸ ਅਨੁਸਾਰ ਆਮ ਨਾਗਰਿਕਾਂ ਦੇ ਮਾਰੇ ਜਾਣ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਪ੍ਰੋਟੈਕਸ਼ਨ ਆਫ਼ ਸਿਵਿਲੀਅਨ ਐਂਡ ਆਰਮਡ ਕੰਫਲਿਕਟਰਸ ਦੀ ਇਸ ਸਾਲ ਜਰੂਰੀ ਰੀਪੋਟ ਦਸਦੀ ਹੈ ਕਿ ਸਾਲ 2007 ਤੋਂ ਲੈ ਕੇ ਹੁਣ ਤੱਕ 11864 ਨਾਗਰਿਕ ਮਾਰੇ ਜਾ ਚੁੱਕੇ ਹਨ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨਰ ਨਵੀ ਪਿਲੈ ਕਹਿੰਦੀ ਹੈ ਕਿ ਅਫ਼ਗਾਨਿਸਤਾਨ 'ਚ ਨਾਗਰਿਕਾਂ ਦੀ ਮੌਤ 'ਚ ਲਗਾਤਾਰ

ਵਾਧਾ ਚਿੰਤਾ ਦਾ ਵਿਸ਼ਾ ਹੈ ਝੁਗੀਆਂ ’ਚ ਰਹਿਣ ਵਾਲਿਆਂ ਦੀ ਆਰਥਕ ਹਾਲਤ ਏਨੀ ਖਰਾਬ ਹੈ ਕਿ ਉਹ ਆਪਣੇ ਬੱਚਿਆਂ ਲਈ ਇਕ ਵਕਤ ਦੇ ਖਾਣੇ ਦਾ ਵੀ ਇੰਤਜਾਮ ਕਰਨ ’ਚ ਅਸਫ਼ਲ ਹਨ। ਝੁੱਗੀਆਂ ’ਚ ਔਰਤਾਂ ਦੀ ਗਿਣਤੀ ਵੱਧ ਹੈ ਕਿਉਂਕਿ ਲਗਭਗ ਹਰ ਪ੍ਰੀਵਾਰ ’ਚ ਜਾਂ ਤਾਂ ਦੋ ਮਰਦਾਂ ਦੀ ਮੌਤ ਹੋ ਚੁੱਕੀ ਹੈ ਜਾਂ ਫਿਰ ਉਹਨਾਂ ਨੂੰ ਤਾਲਿਬਾਨ ਕਹਿ ਕੇ ਅਮਰੀਕੀ ਫ਼ੌਜੀਆਂ ਨੇ ਗ੍ਰਿਫ਼ਤਾਰ ਕਰਕੇ ਅਜੇਹੀਆਂ ਜੇਹਲਾਂ ’ਚ ਠੋਸ ਦਿੱਤਾ ਹੈ ਜਿਥ ਨਾ ਸੁਣਵਾਈ ਹੁੰਦੀ ਹੈ ਤੇ ਨਾ ਹੀ ਰਿਹਾਈ। ਔਰਤ ਖੁਸ਼ਹਾਲ ਲੋਕਾਂ ਦੇ ਕਪੜੇ ਧੋ ਕੇ ਜਾਂ ਦਾਈ ਦਾ ਕੰਮ ਕਰਕੇ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਦੀਆਂ ਹਨ। ਇਸ ਕੜੀ ’ਚ ਉਹ ਕਈ ਵਾਰ ਸਰੀਰਕ ਸ਼ੋਸ਼ਣ ਦਾ ਵੀ ਸ਼ਿਕਾਰ ਹੁੰਦੀਆਂ ਹਨ। ਕਾਬੁਲ ਦੀ ਸੜਕਾਂ ’ਤੇ ਭੀਖ ਮੰਗਦੀਆਂ ਔਰਤਾਂ ਦੀ ਗਿਣਤੀ ਵੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਜੋ ਅਫ਼ਗਾਨ ਔਰਤਾਂ ਕੁਝ ਕੰਮ ਕਰਨਾ ਵੀ ਚਾਹੁੰਦੀਆਂ ਹਨ ਉਹਨਾਂ ਨੂੰ ਸੁਰੀਅਤ ਦਾ ਖੌਫ ਦਿਖਾ ਕੇ ਘਰ ਅੰਦਰ ਰਹਿਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਸਮਾਜ ’ਚ ਕੱਟੜ ਲੋਕਾਂ ਦੇ ਦਿਲੋਂ ਦਿਮਾਗ ਤੇ ਇਸ ਹੱਦ ਤੱਕ ਹਾਵੀ ਹਨ ਕਿ ਸਰਕਾਰ ਵਲੋਂ ਨਿਯੁਕਤ 150 ਮੈਂਬਰੀ ਧਰਮ ਗੁਰੂਆਂ ਦੀ ਇਕ ਪ੍ਰੀਸ਼ਦ ਨੇ ਜਿਥੇ ਇਕ ਪਾਸੇ ਟੀ.ਵੀ ਤੇ ਖਬਰਾਂ ਪੜਨ ਵਾਲੀ ਔਰਤ ਐਕਰ ਨੂੰ ਵੱਧ ਮੇਕਅੱਪ ਕਰਨ ਅਤੇ ਹਿਜਾਬ ਦੇ ਨਾਲ ਹੀ ਟੀ.ਵੀ ਤੇ ਆਉਣ ਦਾ ਫੁਰਮਾਨ ਦਿੱਤਾ ਹੈ। ਉਥੇ ਕੰਮ ਕਰਨ ਵਾਲੀ ਥਾਂ ’ਤੇ ਮਰਦਾਂ ਨਾਲ ਕੰਮ ਕਰਨ ਅਤੇ ਇਥੋਂ ਤੱਕ ਕਿ ਇਕ ਹੀ ਗੱਡੀ ’ਚ ਪਰਾਏ ਮਰਦ ਨਾਲ ਸਫ਼ਰ ਕਰਨ ’ਤੇ ਪਾਬੰਦੀ ਲਾਉਣ ਦੀ ਸਿਫ਼ਾਰਸ ਕੀਤੀ ਹੈ। ਨਾਗਰਿਕ ਅਧਿਕਾਰਾਂ ਦੀ ਰਾਖੀ ਦੀ ਸਹੁੰ ਚੁਕਣ ਵਾਲੇ ਰਾਸ਼ਟਰਪਤੀ ਵੀ ਇਹ ਨਾਂ ਪਾਬੰਦੀਆਂ ਦੇ ਹਾਮੀ ਮੰਨੇ ਜਾਂਦੇ ਹਨ। ਰਾਸ਼ਟਰਪਤੀ ਕਰਜਈ ਇਹਨਾਂ ਸਿਫ਼ਾਰਸਾਂ ਨੂੰ ਔਰਤ ਦੀ ਸਥਿਤੀ ਨੂੰ ਮਜ਼ਬੂਤ ਕਰਨ ਵਾਲਾ ਦਸਦੇ ਹਨ। ਉਹਨਾਂ ਦੀ ਸਰਕਾਰ ਦੇ ਸੂਚਨਾ ਤੇ ਸਭਿਆਚਾਰ ਮੰਤਰਾਲੇ ਨੇ ਇਹਨਾਂ ਸਿਫ਼ਾਰਸਾਂ ਨੂੰ ਲਾਗੂ ਕਰਾਉਣ ਲਈ ਆਦੇਸ਼ ਵੀ ਜਾਰੀ ਕਰ ਦਿੱਤੇ ਹਨ।

ਅਫ਼ਗਾਨਿਸਤਾਨ ’ਚ ਔਰਤਾਂ ਦੀ ਸਿਖਿਅਕ ਸਥਿਤੀ ਵੀ ਕਾਫੀ ਹੱਦ ਤੱਕ ਉਹਨਾਂ ਦੀ ਦੁਰਦਸ਼ਾ ਲਈ ਜਿੰਮੇਵਾਰ ਕਹੀ ਜਾ ਸਕਦੀ ਹੈ। ਪੇਂਡੂ ਖੇਤਰਾਂ ’ਚ 100 ’ਚੋਂ ਸਿਰਫ ਇਕ ਔਰਤ ਪੜ੍ਹ ਲਿਖ ਸਕਦੀ ਹੈ। ਪੂਰੇ ਮੁਲਕ ’ਚ 25 ਸਾਲ ਜਾਂ ਉਸ ਤੋਂ ਵੱਧ ਦੀਆਂ ਕੇਵਲ 6 ਫ਼ੀ ਸਦੀ ਔਰਤਾਂ ਪੜ੍ਹੀਆਂ ਹਨ। ਸਾਲ 2010 ’ਚ ਅਫ਼ਗਾਨਿਸਤਾਨ ’ਚ ਔਰਤਾਂ ਖਿਲਾਫ਼ ਹੋਣ ਵਾਲੀ ਹਿੰਸਾ ਵਿਰੁਧ ਇਕ ਕਾਨੂੰਨ ਪਾਸ ਕੀਤਾ ਗਿਆ ਸੀ। ਪਿਛਲੇ ਡੇਢ ਸਾਲਾਂ ’ਚ 2200 ਸਿਕਾਇਤਾਂ ਆਈਆਂ ਪਰ ਨਿਆਂਪਾਲਿਕਾ ’ਚ ਵਿਆਪਕ ਭ੍ਰਿਸ਼ਟਾਚਾਰ ਕਾਰਨ ਸਿਰਫ਼ 7 ਫ਼ੀ ਸਦੀ ਦੋਸ਼ੀਆਂ ’ਤੇ ਹੀ ਮੁਕੱਦਮਾ ਚਲਿਆ। ਇਸ ਹਾਲਤ ’ਚ ਬਾਹਰ ਆਉਣ ਦਾ ਨਾ ਤਾਂ ਕੋਈ ਰਾਹ ਨਜ਼ਰ ਆਉਂਦਾ ਹੈ ਅਤੇ ਨਾ ਹੀ ਹਾਕਮਾਂ ’ਚ ਇੱਛਾ ਸ਼ਕਤੀ ਹੀ ਹੈ।

# ਸੀਰੀਆ 'ਚ ਵਧਦਾ ਸਾਮਰਾਜੀ ਦਖਲ ਤੇ ਸਾਜਿਸ਼ ਹੈ ਕੀ?

ਸੀਰੀਆ 'ਚ ਰਾਸ਼ਟਰਪਤੀ ਬਸ਼ਰ ਅਲ ਅਸਦ ਨੂੰ ਸੱਤਾ ਤੋਂ ਲਾਹੁਣ ਲਈ ਅਮਰੀਕੀ ਤੇ ਯੂਰਪੀ ਸਾਮਰਾਜੀ ਲਗਾਤਾਰ ਸਰਗਰਮ ਹਨ। ਸੰਯੁਕਤ ਰਾਸ਼ਟਰ 'ਚ ਰੂਸ ਚੀਨ ਦੇ ਵੀਟੋ ਨਾਲ ਅਮਰੀਕੀ ਪ੍ਰਸਤਾਅ ਡਿੱਗਣ ਪਿਛੋਂ ਅਮਰੀਕੀ ਸਾਮਰਾਜੀ ਇਕ ਨਵੇਂ ਮਸੌਦੇ ਰਾਹੀਂ ਸੀਰੀਆ ਦੀ ਘੇਰਾਬੰਦੀ ਲਈ ਯਤਨਸ਼ੀਲ ਹਨ। ਇਸ ਤੋਂ ਇਲਾਵਾ ਸੀਰੀਆ 'ਚ ਬਾਗੀਆਂ ਨੂੰ ਪਾਲਪੋਸ਼ ਕੇ ਅਸਦ ਸਰਕਾਰ ਨੂੰ ਅਸਥਿਰ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਨ। ਸੀਰੀਆ ਪੱਛਮੀ ਸਾਮਰਾਜੀਆਂ ਦੀਆਂ ਅੱਖਾਂ ਵਿਚ ਹਮੇਸ਼ਾ ਤੋਂ ਰੜਕਣ ਵਾਲਾ ਦੇਸ਼ ਰਿਹਾ ਹੈ। ਰੂਸੀ ਸਾਮਰਾਜੀ ਸੀਰੀਆ ਨੂੰ ਹਮੇਸ਼ਾ ਸ਼ਹਿ ਦਿੰਦੇ ਰਹੇ ਹਨ। ਰੂਸ ਦਾ ਫੌਜੀ ਬੇੜਾ ਤਕ ਉਥੇ ਮੌਜੂਦ ਹੈ। ਹਥਿਆਰ ਤੋਂ ਲੈ ਕੇ ਵਪਾਰ ਤਕ ਵਿਚ ਰੂਸ ਸੀਰੀਆ ਦੀ ਹਮੇਸ਼ਾ ਮਦਦ ਕਰਦਾ ਰਿਹਾ ਹੈ। ਪਹਿਲਾਂ ਸੋਵੀਅਤ ਸੰਘ ਤੇ ਪਿਛੋਂ ਰੂਸ ਦੀ ਸ਼ਹਿ 'ਤੇ ਹੀ ਸੀਰੀਆ ਅਰਬ 'ਚ ਅਮਰੀਕੀ ਦਖਲ ਅੰਦਾਜ਼ੀ ਦੇ ਹਮੇਸ਼ਾ ਖਿਲਾਫ਼ ਖੜਾ ਹੁੰਦਾ ਰਿਹਾ ਹੈ। ਫਿਲਸਤੀਨ 'ਚ ਇਜ਼ਰਾਇਲ ਦੀ ਦਖਲ ਅੰਦਾਜੀ ਖਿਲਾਫ਼ ਇਹ ਨਹੀਂ ਕਿ ਸੀਰੀਆ 'ਚ ਕੋਈ ਲੋਕ ਪੱਖੀ ਹਰਮਨ ਪਿਆਰੀ ਸਰਕਾਰ ਹੈ। ਅਸਲੀਅਤ ਇਸ ਦੇ ਬਿਲਕੁਲ ਉਲਟ ਹੈ। ਸੀਰੀਆ 'ਚ ਬਸਰ ਅਲਅਸਦ ਅਤੇ ਉਸ ਤੋਂ ਪਹਿਲਾਂ ਉਸ ਦੇ ਪਿਤਾ ਦੀ ਲੰਮੇ ਸਮੇਂ ਤੋਂ ਤਾਨਾਸ਼ਾਹੀ ਮੌਜੂਦ ਰਹੀ ਹੈ। ਇਸ ਤਾਨਾਸ਼ਾਹੀ ਦੇ ਪ੍ਰਛਾਵੇ 'ਚ ਵਿਰੋਧੀ ਤਾਕਤਾਂ ਬਰਦਾਸ਼ਿਤ ਤਕ ਨਹੀਂ ਕੀਤੀਆਂ ਜਾਂਦੀਆਂ ਰਹੀਆਂ ਹਨ। ਹਾਂ ਇਹ ਤਾਨਾਸ਼ਾਹੀ ਰੂਸ, ਚੀਨ-ਇਰਾਨ ਨਾਲ ਰਿਸ਼ਤੇ ਬਣਾ ਕੇ ਰਖਦੀ ਹੈ ਅਤੇ ਪੱਛਮੀ ਸਾਮਰਾਜੀਆਂ ਖਿਲਾਫ਼ ਖੜੀ ਦਿਸਦੀ ਹੈ। ਇਹ ਤਾਨਾਸ਼ਾਹੀ ਲੋਕਾਂ 'ਤੇ ਬੇਰਹਿਮ ਅਤਿਆਚਾਰ ਕਰਦੀ ਆ ਰਹੀ ਹੈ। ਸੋਵੀਅਤ ਸੰਘ ਦੇ ਟੁੱਟਣ ਦੇ ਪਿਛੋਂ ਤੋਂ ਹੀ ਸੀਰੀਆ ਲਈ ਹਾਲਾਤ ਮੁਸ਼ਕਲ ਭਰੇ ਹੁੰਦੇ ਗਏ ਹਨ। ਰੂਸ ਦੀ ਸ਼ਕਤੀ ਕਮਜ਼ੋਰ ਪੈਣ ਕਰਕੇ ਉਸ ਉਪਰ ਪੱਛਮੀ ਸਾਮਰਾਜੀ ਦਬਾਅ ਵਧਣਾ ਸ਼ੁਰੂ ਹੋਇਆ ਪਰ ਫਿਰ ਵੀ ਅਰਬ ਦੇ ਅਨੇਕਾਂ ਹੋਰ ਹਾਕਮਾਂ ਵਾਂਗੂੰ ਅਸਦ ਨੇ ਪੱਛਮੀ ਸਾਮਰਾਜੀਆਂ ਮੂਹਰੇ ਬੇਸ਼ਰਮ ਗੋਡੇ ਨਹੀਂ ਟੇਕੇ। ਸ਼ਿਆ ਬਹੁਗਿਣਤੀ ਹੋਣ ਕਰਕੇ ਸੀਰੀਆ ਤੇ ਇਰਾਨ ਦੇ ਰਿਸ਼ਤੇ ਇਤਿਹਾਸਕ ਤੌਰ 'ਤੇ ਪੁਰਾਣੇ ਰਹੇ ਹਨ। ਇਥੋਂ ਤਕ ਕਿ ਇਰਾਨ ਸੀਰੀਆ 'ਤੇ ਆਪਣੇ ਅਧਿਕਾਰ ਦਾ ਦਾਅਵਾ ਵੀ ਕਰਦਾ ਆ ਰਿਹਾ ਹੈ।

ਸੋਵੀਅਤ ਸੰਘ ਦੇ ਪਤਨ ਪਿਛੋਂ ਅਮਰੀਕੀ ਸਾਮਰਾਜੀ ਫੌਰੀ ਤੌਰ 'ਤੇ ਬਹੁਤ ਮਜ਼ਬੂਤ ਹਾਲਤ 'ਚ ਪਹੁੰਚ ਗਏ। ਵੱਧ ਹਮਲਾਵਰ ਹੋ ਉਠੇ। ਉਹਨਾਂ ਨੇ ਦੁਨੀਆਂ ਨੂੰ ਆਪਣੇ ਹਿਸਾਬ ਨਾਲ ਢਾਲਣ ਦੀ ਬਲਿਊ ਪ੍ਰਿੰਟ ਤਿਆਰ ਕੀਤਾ। ਇਸ ਬਲਿਊ ਪ੍ਰਿੰਟ 'ਚ ਆਪਣੀਆਂ ਵਿਰੋਧੀ ਹਕੂਮਤਾਂ ਨੂੰ ਸਬਕ ਸਿਖਾਉਣ ਦੇ ਨਾਲ 21ਵੀਂ ਸਦੀ 'ਚ ਅਮਰੀਕੀ ਮਰਜ਼ੀ ਦੀ ਦੁਨੀਆ ਬਣਾਉਣ ਦਾ ਸੁਪਨਾ ਸੀ। ਇਸ ਬਲਿਊ ਪ੍ਰਿੰਟ ਨੂੰ ਤਿਆਰ ਕਰਨ 'ਚ ਮੁੱਖ ਭੂਮਿਕਾ ਨਿਭਾਉਣ ਵਾਲਿਆਂ ਵਿਚੋਂ ਇਕ ਲੈਫ਼ਟੀਨੈਂਟ ਕੋਲੋਵਲ ਰਾਲਫ ਪੀਟਰ ਵੀ ਸੀ। ਉਸ ਨੇ 1997 'ਚ ਲਿਖਿਆ ਕਿ ਸਾਡੀ ਬਾਕੀ

ਬਚੀ ਜ਼ਿੰਦਗੀ 'ਚ ਕਦੀ ਸ਼ਾਂਤੀ ਨਹੀਂ ਹੋਣੀ। ਦੁਨੀਆਂ 'ਚ ਅਨੇਕਾਂ ਰੂਪਾਂ 'ਚ ਵੱਖ-ਵੱਖ ਝਗੜੇ ਹਨ। ਅਮਰੀਕੀ ਫੌਜ ਨੂੰ ਆਪਣੇ ਅਰਥਚਾਰੇ ਤੇ ਸੱਭਿਆਚਾਰ ਨੂੰ ਸੁਰਖਿਅਤ ਰਖਣ ਲਈ ਇਸ ਨੇ ਆਪਣੀ ਭੂਮਿਕਾ ਨਿਭਾਉਣੀ ਹੋਵੇਗੀ। ਇਸ ਦੇ ਉਸ ਨੂੰ ਬਹੁਤ ਜ਼ਿਆਦਾ ਕਤਲ ਤਕ ਕਰਨ ਪੈਣਗੇ। ਪਿਛੋਂ ਇਰਾਕ ਯੁੱਧ ਦੀ ਯੋਜਨਾ ਬਣਾਉਣ 'ਚ ਰਾਲਫ ਪੀਟਰ ਨੇ ਪ੍ਰਮੁੱਖ ਭੂਮਿਕਾ ਨਿਭਾਈ। ਸੀਰੀਆ ਖਿਲਾਫ਼ ਅਮਰੀਕੀ ਖੁਫ਼ੀਆ ਏਜੰਸੀਆਂ ਲੰਮੇ ਸਮੇਂ ਤੋਂ ਸਰਗਰਮ ਰਹੀਆਂ ਹਨ। ਉਹ ਲਗਾਤਾਰ ਸੀਰੀਆ ਵਿਚ ਚਲੇ ਰਹੇ ਘਟਨਾਕ੍ਰਮਾਂ ਦੀ ਰੀਪੋਟ ਅਮਰੀਕੀ ਸਰਕਾਰ ਨੂੰ ਦਿੰਦੀਆਂ ਰਹੀਆਂ ਹਨ। ਇਹਨਾਂ ਰੀਪੋਟਾਂ 'ਚ ਇਥੋਂ ਤਕ ਸੁਝਾਅ ਦਿੱਤੇ ਜਾਂਦੇ ਰਹੇ ਹਨ ਕਿ ਇਹ ਨਾਂ ਮਾਮਲਿਆਂ 'ਚ ਅਮਰੀਕਾ ਸੀਰੀਆ 'ਤੇ ਦਬਾਅ ਵਧਾ ਸਕਦਾ ਹੈ। ਇਹਨਾਂ 'ਚ ਧਮਕੀ ਦੇ ਸਕਦਾ ਹੈ। ਸੀਰੀਆ ਨੂੰ ਅਸਰ ਅੰਦਾਜ ਕਰਨ ਦੇ ਤਰੀਕਿਆਂ 'ਤੇ ਲਿਖੇ ਇਕ ਲੇਖ 'ਚ ਪੂਰਬੀ ਮਾਮਲਿਆਂ ਦੇ ਵਿਭਾਗ ਦੇ ਡਾਇਰੈਕਟਰ ਵਿਲੀਅਲ ਰੋਬੁਕ ਨੇ ਸੀਰੀਆ ਸਰਕਾਰ ਨੂੰ ਅਸਥਿਰ ਕਰਨ ਦੇ ਬਹੁਤ ਸੁਝਾਅ ਦਿੱਤੇ।

14 ਫਰਵਰੀ 2005 ਨੂੰ ਲੇਬਨਾਨ ਦੇ ਪ੍ਰਧਾਨ ਮੰਤਰੀ ਰਾਲਿਫ਼ ਹਾਰਿਰੀ ਦੀ ਹੱਤਿਆ ਕਰ ਦਿੱਤੀ ਗਈ। ਇਸ ਹੱਤਿਆ ਲਈ ਹਿਜਬੁਲਾਹ ਤੇ ਸੀਰੀਆ ਨੂੰ ਬਗੈਰ ਕਿਸੇ ਸਬੂਤ ਦੇ ਦੋਸ਼ੀ ਠਹਿਰਾਇਆ ਜਾਣ ਲੱਗਿਆ। ਰੋਬੁਕ ਨੇ ਅਮਰੀਕਾ ਨੂੰ ਸੁਝਾਅ ਦਿੱਤਾ ਕਿ ਇਸ ਮੌਕੇ ਦੀ ਵਰਤੋਂ ਕਰਕੇ ਸੀਰੀਆ 'ਤੇ ਦਬਾਅ ਵਧਾਉਣ ਦੇ ਨਾਲ ਕਾਰਵਾਈ ਤਕ ਕੀਤੀ ਜਾ ਸਕਦੀ ਹੈ। ਉਸ ਨੇ ਕਿਹਾ ਕਿ ਇਸ ਲਈ ਅਮਰੀਕਾ ਨੂੰ ਸਾਊਦੀ ਤੇ ਮਿਸ਼ਰ ਦੀਆਂ ਸਰਕਾਰਾਂ ਦੇ ਨਜ਼ਦੀਕੀ ਵਧਾਉਣੀ ਚਾਹੀਦੀ ਹੈ ਅਤੇ ਇਸ ਸਭ ਰਾਹੀਂ ਸੀਰੀਆ 'ਤੇ ਦਬਾਅ ਵਧਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਉਸ ਨੇ ਅਸਦ ਸਰਕਾਰ ਦੇ ਨੇਤਾਵਾਂ 'ਚ ਫੁੱਟ ਪਾਉਣ, ਲੋਕਾਂ ਨੂੰ ਭ੍ਰਿਸ਼ਟਾਚਾਰ ਖਿਲਾਫ਼ ਭੜਕਾਉਣ ਵਰਗੇ ਪ੍ਰਸਤਾਅ ਵੀ ਰੱਖੇ। ਇਸ ਸਭ ਦੇ ਨਾਲ ਉਸ ਨੇ ਮੁੱਖ ਤਰੀਕਾ ਲੰਮੇ ਸਮੇਂ ਤਕ ਉਪ-ਰਾਸ਼ਟਰਪਤੀ ਰਹੇ ਅਬਦੁਲ ਹਲੀਮ ਖਦਾਮ ਦੀ ਬੇਹਤਰੀ ਨਾਲ ਵਰਤੋਂ ਕਰਨ ਦਾ ਸੁਝਾਅ ਦਿੱਤਾ। ਅਬਦੁਲ ਹਲੀਮ ਖਦਾਮ 1984 ਤੇ 2005 ਤਕ ਸੀਰੀਆ ਦਾ ਉਪ ਰਾਸ਼ਟਰਪਤੀ ਰਿਹਾ। ਸਾਲ 2000 'ਚ ਅਸਦ ਦੇ ਪਿਤਾ ਦੇ ਕਤਲ ਤੇ ਅਸਦ ਦੀ ਤਾਜਪੋਸ਼ੀ ਵਿਚਕਾਰ ਉਹ ਕਾਰਜਕਾਰੀ ਰਾਸ਼ਟਰਪਤੀ ਵੀ ਰਿਹਾ। ਖਦਾਮ ਖੁਦ ਇਕ ਬਹੁਤ ਸੰਭਾਵਨਾਵਾਂ ਵਾਲਾ ਵਿਅਕਤੀ ਤੇ ਉਮੀਦਾਂ ਭਰਿਆ ਵੀ ਰਿਹਾ ਹੈ। ਉਹ ਖੁਦ ਰਾਸ਼ਟਰਪਤੀ ਬਣਨਾ ਚਾਹੁੰਦਾ ਸੀ। 2005 'ਚ ਹਰਿਰੀ ਦੀ ਹੱਤਿਆ ਪਿਛੋਂ ਅਸਦ ਤੇ ਖਦਾਮ ਵਿਚਕਾਰ ਮੱਤਭੇਦ ਵੱਧ ਗਏ। ਖਦਾਮ ਦਾ ਬਾਈਕਾਟ ਕਰ ਦਿੱਤਾ ਗਿਆ। 14 ਜਨਵਰੀ 2006 ਨੂੰ ਖਦਾਮ ਨੇ ਵੱਖ ਹੋ ਕੇ ਇਕ ਨਵੀਂ ਸਰਕਾਰ ਬਣਾਈ ਅਤੇ ਅਸ਼ ਸਰਕਾਰ ਨੂੰ ਇਕ ਸਾਲ 'ਚ ਖਦੇੜਣ ਦਾ ਸੰਕਲਪ ਲਿਆ। ਇਸ ਤਰ੍ਹਾਂ ਨਾਲ ਅਸਦ ਦਾ ਚਾਚਾ ਰਿਫ਼ਾਜ ਅਲ ਅਸਦ ਜੋ ਲੰਮੇ ਸਮੇਂ ਤਕ ਰਖਿਆ ਬ੍ਰਿਗੇਡ ਦਾ ਪ੍ਰਭਾਰੀ ਸੀ ਉਸ 'ਤੇ 1982 'ਚ ਹਾਮਾ ਸ਼ਹਿਰ 'ਚ 30,000 ਲੋਕਾਂ ਦੇ ਕਤਲ ਦਾ ਦੋਸ਼ ਸੀ। ਰਿਫ਼ਾਜ ਅਲ ਅਸਦ ਨੂੰ ਵੀ ਬਾਹਰ ਨਿਕਲਣ ਪਿਆ ਸੀ। ਰੋਬੁਕ ਨੇ ਖਦਾਮ ਤੇ ਰਿਫ਼ਾਜ ਅਲ ਅਸਦ ਨਾਲ ਚੰਗੇ ਸਬੰਧ ਬਣਾ ਕੇ ਵਰਤਣ ਦਾ ਸੁਝਾਅ ਵੀ ਦਿੱਤਾ। ਅੱਜ ਆਪਾਂ ਜੇ ਉਕਤ ਸੁਝਾਵਾਂ ਵੱਲ ਵੇਖੀਏ ਤਾਂ ਵੱਖ ਤਰ੍ਹਾਂ ਨਾਲ ਅਮਰੀਕੀ ਤੇ ਯੂਰਪੀ ਸਾਮਰਾਜੀ ਸੀਰੀਆ ਨੂੰ ਘੇਰਨ 'ਚ ਜੁਟੇ ਹੋਏ ਹਨ। ਖਦਾਮ

ਅੱਜ ਮੁੱਖ ਬਾਗ਼ੀ ਨੇਤਾ ਹੈ, ਉਹ ਪੈਰਿਸ ’ਚ ਰਹਿੰਦਾ ਹੈ। ਰਿਫ਼ਾਜ ਅਲ ਅਸਦ ਲੰਦਨ ’ਚ ਰਹਿੰਦਾ ਹੈ। ਖਦਾਮ ਨੂੰ ਅਮਰੀਕਾ-ਇਜ਼ਰਾਇਲ ਆਰਥਕ ਤੇ ਫੌਜੀ ਮਦਦ ਦੇ ਰਹੇ ਹਨ। ਅਮਰੀਕੀ, ਸ਼ਹਿ ’ਤੇ ਸਾਊਦੀ ਤੇ ਕਤਰ ਹਾਕਮਾਂ ਨੇ ਬਾਗ਼ੀ ‘ਫ੍ਰੀ ਸੀਰੀਅਨ ਆਰਮੀ’ ਨੂੰ ਹਥਿਆਰ ਸਪਲਾਈ ਕਰਨੇ ਸ਼ੁਰੂ ਕਰ ਦਿੱਤੇ ਹਨ। ਸੀਰੀਆ ਦੇ ਸਰਹੱਦੀ ਸ਼ਹਿਰਾਂ ’ਚ ਦੋ ਫੌਜਾਂ ਲਗਾਤਾਰ ਭਿੜ ਰਹੀਆਂ ਹਨ। ਜਿਹਨਾਂ ’ਚ ਸੈਂਕੜੇ ਨਿਰਦੋਸ਼ ਨਾਗਰਿਕ ਮਾਰੇ ਜਾ ਰਹੇ ਹਨ। ਇਹਨਾਂ ਕਤਲਾਂ ਨੂੰ ਪੱਛਮੀ ਮੀਡੀਆ ਇਸ ਢੰਗ ਨਾਲ ਪੇਸ਼ ਕਰ ਰਿਹਾ ਹੈ ਜਿਵੇਂ ਸਾਰੇ ਕਤਲ ਅਸਦ ਸਰਕਾਰ ਕਰਵਾ ਰਹੀ ਹੋਵੇ। ਬੀ.ਬੀ.ਸੀ. ਤੇ ਅਮਰੀਕੀ ਨਿਊਜ਼ ਚੈਨਲ ਲਗਾਤਾਰ ਇਸ ਤੱਥ ਨੂੰ ਛੁਪਾ ਰਹੇ ਹਨ ਕਿ ਸਾਮਰਾਜੀ ਸ਼ਹਿ ’ਤੇ ਖੜ੍ਹੀ ‘ਫ੍ਰੀ ਸੀਰੀਅਨ ਆਰਮੀ’ ਵਿਚ ਅਲਕਾਇਦਾ ਦੇ ਅੱਤਵਾਦੀ ਤੇ ਹੋਰ ਦਹਿਸ਼ਤਗਰਦ ਸੰਗਠਨਾਂ ਦੇ ਲੋਕ ਵੀ ਸ਼ਾਮਲ ਹਨ। ਇਹ ‘ਫ੍ਰੀ ਸੀਰੀਅਨ ਆਰਮੀ’ ਅਸਦ ਦੀ ਫੌਜ ਨਾਲ ਜੰਗ ਕਰ ਰਹੀ ਹੈ ਤੇ ਇਸ ਜੰਗ ’ਚ ਆਮ ਸ਼ਹਿਰੀਆਂ ਦੀਆਂ ਵੱਡੇ ਪੈਮਾਨੇ ’ਤੇ ਹੱਤਿਆਵਾਂ ਹੋ ਰਹੀਆਂ ਹਨ। ‘ਫ੍ਰੀ ਸੀਰੀਅਨ ਆਰਮੀ’ ’ਚ ਅੱਤਵਾਦੀ ਸੰਗਠਨਾਂ ਦੀ ਭੂਮਿਕਾ ਨੂੰ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿਟਨ ਤਕ ਨੂੰ ਮੰਨਣਾ ਪਿਆ ਹੈ। ਪਰ ਇਸ ਕਬੂਲੀਅਤ ਦੇ ਬਾਵਜੂਦ ਪੱਛਮੀ ਮੀਡੀਆ ਬਾਗੀ ਫੌਜ ਨੂੰ ਇਨਕਲਾਬੀ ਤੇ ਅਸਦ ਨੂੰ ਖਲਨਾਇਕ ਵਜੋਂ ਪੇਸ਼ ਕਰ ਰਿਹਾ ਹੈ। ਇਸ ਸਾਰੇ ਦੌਰਾਨ ਅਮਰੀਕਾ ਸੀਰੀਆ ’ਚ ‘ਡੈਮੋਕ੍ਰੇਸੀ’ ਲਿਆਉਣ ’ਤੇ ਉਤਾਰ ਹੈ। ਇਸ ਦਾ ਸਾਥ ਸਾਊਦੀ-ਕਤਰ-ਬਹਿਰੀਨ ਦੀ ਸ਼ੇਖ-ਸ਼ਾਹੀਆਂ ਦੇ ਰਹੀਆਂ ਹਨ। ਇਹ ਵੀ ਇਤਿਹਾਸ ਦੀ ਰੌਚਿਕ ਗਤੀ ਹੈ ਕਿ ਤਾਨਾਸ਼ਾਹੀ ਵਾਲੇ ਦੇਸ਼ ਗੁਆਂਢੀ ਦੇਸ਼ ’ਚ ‘ਅਮਰੀਕਾ ਮਾਰਕਾ ਡੈਮੋਕ੍ਰੇਸੀ’ ਲਈ ਸਰਗਰਮ ਹਨ। ਇਸ ਤੋਂ ਸਪੱਸ਼ਟ ਹੈ ਕਿ ਲੋਕਤੰਤਰ ਤਾਂ ਮਹਿਜ ਦਿਖਾਵਟੀ ਹੈ। ਅਸਲੀ ਮਕਸਦ ਤਾਂ ਅਸਦ ਦਾ ਤਖਤ ਪਲਟਣਾ ਹੈ। ਪੱਛਮੀ ਸਾਮਰਾਜੀ ਦੁਰ ਪ੍ਰਚਾਰ ’ਚ ਯੂਰਪ ਦੇ ਅਖੌਤੀ ਖੱਬੇ ਵੀ ਆ ਰਹੇ ਹਨ। ਇਹਨਾਂ ਵਿਚੋਂ ਕੁਝ ਸੰਗਠਨ ਲੋਕਤੰਤਰ ਦੀ ਸਥਾਪਨਾ ਲਈ ਲੀਬੀਆ ’ਚ ਸਾਮਰਾਜੀ ਹਮਲੇ ਦੇ ਨਾਲ ਖੜ੍ਹੇ ਹੋ ਗਏ ਸਨ ਤਾਂ ਹੁਣ ਉਹ ਸੀਰੀਆ ਦੇ ਮਾਮਲੇ ਵਿਚ ਵੀ ਸਾਮਰਾਜੀ ਤਾਕਤਾਂ ਨਾਲ ਖੜ੍ਹੇ ਦਿਸ ਰਹੇ ਹਨ। ਦੂਜੇ ਪਾਸੇ ਅਸਦ ਨੂੰ ਸਾਮਰਾਜਵਾਦ ਵਿਰੋਧੀ ਕਰਾਰ ਦੇ ਕੇ ਉਸ ਦੀ ਤਾਨਾਸ਼ਾਹੀ ਦੀ ਰਖਿਆ ’ਚ ਖੜ੍ਹੇ ਹੋਣ ਦੀ ਗੱਲ ਹੈ। ਇਨਕਲਾਬੀ ਤਾਕਤਾਂ ਨੂੰ ਇਸ ਤਰ੍ਹਾਂ ਦੇ ਭਰਮਾਂ ਦਾ ਸ਼ਿਕਾਰ ਹੋਣ ਤੋਂ ਬਚਣ ਦੇ ਨਾਲ-ਨਾਲ ਅਸਦ ਦੀ ਤਾਨਾਸ਼ਾਹੀ ਤੇ ਸਾਮਰਾਜੀ ਦਖਲ ਅੰਦਾਜੀ ਦੋਨਾਂ ਵਿਰੁਧ ਖੜ੍ਹੇ ਹੋਣਾ ਚਾਹੀਦਾ ਹੈ। ਇਸ ਸਾਰੇ ਕੁਝ ਦੇ ਦੌਰਾਨ ਸੀਰੀਆ ’ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਲਫ਼ਾਜੀ ’ਤੇ ਅਮਰੀਕਾ ਜ਼ੋਰ ਵਧਾ ਰਿਹਾ ਹੈ। ਇਹਨਾਂ ਸਾਰੇ ਕਤਲਾਂ ਲਈ ਅਸਦ ਸਰਕਾਰ ਨੂੰ ਦੋਸ਼ੀ ਠਹਿਰਾਉਣ ’ਤੇ ਜੁਟਿਆ ਹੈ। ਰੂਸ, ਚੀਨ ਦੀ ਵੀਟੋ ਦੇ ਚਲਦਿਆਂ ਉਹ ਅਜੇ ਜੰਗ ਦੇ ਮੈਦਾਨ ’ਚ ਸਿੱਧਾ ਨਹੀਂ ਉਤਰ ਸਕਿਆ ਹੈ ਪਰ ਉਹ ਅਸਦ ਦੀ ਨਿਰੰਤਰ ਘੇਰਾਬੰਦੀ ਲਈ ਸੰਯੁਕਤ ਰਾਸ਼ਟਰ ’ਚ ਨਵਾਂ ਮਸੌਦਾ ਲਿਆਉਣ ਦੀ ਤਿਆਰੀ ’ਚ ਜੁਟਿਆ ਹੈ।

# ਵਾਤਾਵਰਨ ਵਿਰੋਧੀ ਲਾਬੀ ਦਾ ਭਾਂਡਾ ਫੁਟਿਆ ਕਿਵੇਂ?

ਸਮਕਲੀਨ ਦੁਨੀਆਂ ਦੇ ਵਾਤਾਵਰਣ ਵਿਗਿਆਨਕ ਮਾਈਕਲ ਮਾਨ ਦਾ ਬਿਆਨ ਹੈ ਕਿ 'ਕੁਝ ਸਾਲਾਂ ਤੋਂ ਅਜੇਹਾ ਕੋਈ ਦਿਨ ਨਹੀਂ ਲੰਘਿਆ ਜਦ ਮੇਰੇ 'ਤੇ ਹਮਲਾ ਹੋਇਆ ਨਾ ਹੋਵੇ। ਮੇਰੀ ਖੁਲੇਆਮ ਅਲੋਚਨਾ ਹੁੰਦੀ ਹੈ ਮੈਨੂੰ ਨਫ਼ਰਤ ਭਰੇ ਈ ਮੇਲ ਭੇਜੇ ਜਾਂਦੇ ਹਨ। ਸਾਨੂੰ ਉਹ (ਕਾਰਬਨ ਡਾਈਅਕਸਾਈਡ ਦੇ ਵੱਡੇ ਉਤਸਰਜਕ) ਆਪਣੇ ਲਈ ਖ਼ਤਰਾ ਮੰਨਦੇ ਹਨ। ਕਿਉਂਕਿ ਅਸੀਂ ਤਾਪਮਾਨ ਵਾਧੇ ਦੀ ਹਕੀਕਤ ਉਜਾਗਰ ਕਰਨ 'ਚ ਲੱਗੇ ਹੋਏ ਹਾਂ। ਇਸ ਨੂੰ ਸੰਯੋਗ ਕਹੀਏ ਕਿ ਜਦ 14 ਫਰਵਰੀ ਨੂੰ ਮਾਨ ਪੀੜਤ ਮਨੋ ਦਿਸ਼ਾ 'ਚ ਪੱਤਰਕਾਰਾਂ ਨੂੰ ਵਾਤਾਵਰਣ ਵਿਰੋਧੀ ਲਾਬੀ ਦੀ ਸਾਜਿਸ਼ ਬਾਰੇ ਦਸ ਰਹੇ ਸਨ। ਠੀਕ ਉਸ ਸਮੇਂ ਇਸ ਲਾਬੀ ਦੀ ਸ਼ਿਕਾਗੋ (ਅਮਰੀਕਾ) ਵਿਖੇ ਸਥਿਤ ਸਭ ਤੋਂ ਵੱਡੀ ਸੰਸਥਾ 'ਹਾਰਟਲੈਂਡ ਇੰਸਟੀਚੂਟ ਸੈਂਟਰ ਆਫ਼ ਕਲਾਈਮੇਟ ਐਂਡ ਇਨਵਾਇਰਮੈਂਟ ਪਾਲਿਸੀ' ਦਾ ਕਾਲਾ ਚਿੱਠਾ ਜਨਤਕ ਹੋ ਰਿਹਾ ਸੀ। ਪ੍ਰਸਿੱਧ ਵਾਤਾਵਰਣ ਵਿਗਿਆਨੀ ਪੀਟਰ ਗਿਲਕ ਨੇ ਇਸ ਦੇ ਖ਼ੁਫੀਆ ਦਸਤਾਵੇਜ ਹੈਕ ਕਰਵਾ ਲਏ (ਭਾਵ ਚੋਰੀ ਕਰ ਲਏ) ਅਤੇ ਸੈਂਕੜੇ ਲੋਕਾਂ ਨੂੰ ਡਾਕ 'ਚ ਭੇਜ ਦਿੱਤੇ। ਪੀਟਰ ਗਿਲਕ ਤੇ ਉਹਨਾਂ ਦੇ ਸਹਿਯੋਗੀਆਂ ਵਲੋਂ ਸੰਚਾਲਿਤ 'ਡਿਸਮਾਗਬਲਾ-ਗਡਾਟਕਾਮ' 'ਤੇ ਦਸਤਾਵੇਜ ਦੇ ਛਪਦਿਆਂ ਹੀ ਦੁਨੀਆਂ ਦੇ ਵਾਤਾਵਰਣੀ ਮਾਹੌਲ 'ਚ ਤੂਫ਼ਾਨ ਆ ਗਿਆ ਹੈ, ਜੋ ਰੁਕਣ ਦਾ ਨਾਮ ਹੀ ਨਹੀਂ ਲੈ ਰਿਹਾ। ਹਲਾਂਕਿ ਪਿਛੋਂ ਪੀਟਰ ਗਿਲਕ ਆਪਣੀ ਕਾਰਵਾਈ 'ਤੇ ਇਤਰਾਜ ਦਰਸਾਇਆ, ਨਾਲ ਹੀ ਉਹਨਾਂ ਨੇ ਇਹ ਵੀ ਕਿਹਾ ਕਿ ਵਾਤਾਵਰਣ ਵਿਗਿਆਨਕਾਂ ਨੇ ਅਧਿਐਨਾਂ ਨੂੰ ਝੂਠਾ ਸਾਬਤ ਕਰਨ ਲਈ ਜੋ ਸਾਜਿਸ਼ ਰਚੀ ਜਾ ਰਹੀ ਹੈ, ਉਸ ਨੂੰ ਬੇਨਕਾਬ ਕਰਨ ਲਈ ਇਹ ਜ਼ਰੂਰੀ ਸੀ। ਗਿਲਕ ਦਾ ਅੰਦਾਜ਼ਾ ਸਹੀ ਸਾਬਤ ਹੋ ਰਿਹਾ ਹੈ। ਲੀਕ ਦਸਤਾਵੇਜਾਂ ਨਾਲ ਵਾਤਾਵਰਣ ਵਿਰੋਧੀ ਲਾਬੀ ਦੀਆਂ ਸਾਜਿਸ਼ਾਂ ਤੇ ਗੁਪਤ ਏਜੰਡਿਆਂ ਦਾ ਪਰਦਾਫ਼ਾਸ ਹੋ ਗਿਆ ਹੈ। ਦਸਤਾਵੇਜਾਂ 'ਚ ਇਸ ਗੱਲ ਦੇ ਸਬੂਤ ਮਿਲੇ ਹਨ ਕਿ ਹਾਰਟ ਲੈਂਡ ਇੰਸਟੀਚਿਊਟ ਕਾਰਨ ਡਾਈਕਸਾਈਡ ਗੈਸਾਂ ਦੀਆਂ ਵੱਡੀਆਂ ਉਤਸਰਜਕ ਕੰਪਨੀਆਂ ਤੋਂ ਭਾਰੀ ਪੈਸਾ ਲੈਂਦਾ ਰਿਹਾ ਹੈ। ਹਾਰਟਲੈਂਡ ਨੂੰ ਮੋਟਾ ਪੈਸਾ ਦੇਣ ਵਾਲੀਆਂ ਕੰਪਨੀਆਂ 'ਚ ਬਿਲਗੇਟਸ ਦੀ ਸੰਸਾਰ ਪ੍ਰਸਿੱਧ ਕੰਪਨੀ ਮਾਈਕਰੋਸਾਫ਼ਟ ਵੀ ਸ਼ਾਮਲ ਹੈ, ਜੋ ਦੁਨੀਆਂ ਭਰ ਦੇ ਮੋਰਚਿਆਂ 'ਤੇ ਖ਼ੁਦ ਨੂੰ ਵਾਤਾਵਰਣ ਪ੍ਰੇਮੀ ਊਰਜਾ ਨੀਤੀ ਦਾ ਸਮਰਥਕ ਦਸਦੀ ਹੈ। ਗੁਪਤ ਦਸਤਾਵੇਜਾਂ ਮੁਤਾਬਕ, ਪ੍ਰਸਿੱਧ ਅਮਰੀਕੀ ਕਾਰ ਕੰਪਨੀ ਜਨਰਲ ਮੋਟਰਸ ਵੀ ਇਸ ਸੰਸਥਾ ਨੂੰ ਭਾਰੀ ਰਾਸ਼ੀ ਭੇਜਦੀ ਰਹੀ ਹੈ। ਹੋਰ ਦਾਨੀਆਂ 'ਚ ਰੀਨ ਲਡ ਅਮਰੀਕਾ, ਮਾਦਕ ਦਵਾ ਕੰਪਨੀ ਜੀ.ਐਸ.ਕੇ, ਫਾਈਜਰ, ਈਲੀ, ਲਿਲੇ ਵਰਗੀਆਂ ਵੱਡੀਆਂ ਬਹੁਕੌਮੀ ਕੰਪਨੀਆਂ ਸ਼ਾਮਲ ਹਨ ਅਮਰੀਕਾ ਦੇ ਦੂਜੇ ਸਭ ਤੋਂ ਵੱਡੇ ਸਨਅਤਕਾਰ ਚਾਰਸ ਕਾਕ ਦਾ ਨਾਂ ਵੀ ਹਾਰਟ ਲੈਂਡ ਦੇ ਵੱਡੇ ਦਾਨੀਆਂ ਦੇ ਰੂਪ 'ਚ ਸਾਹਮਣੇ ਆਇਆ ਹੈ। ਜ਼ਿਕਰਯੋਗ ਹੈ ਕਿ ਕਾਕ ਕੋਈ ਦੋ ਦਰਜਨ ਬਹੁਕੌਮੀ ਕੰਪਨੀਆਂ ਦਾ ਮਾਲਕ ਹੈ। ਇਸ ਤੋਂ ਇਲਾਵਾ ਹਾਰਟਲੈਂਡ ਨੂੰ ਵੱਡੀ ਮਾਤਰਾ 'ਚ ਬੇਨਾਮੀ ਦਾਨ ਜਾਂ ਗ੍ਰਾਂਟਾਂ ਵੀ ਹਾਸਲ ਹੁੰਦੀਆਂ ਹਨ। ਦਸਤਾਵੇਜਾਂ ਦੇ ਲੀਕ ਹੋ ਜਾਣ ਨਾਲ ਹਾਰਲੈਂਡ

ਦੀ ਅਗਲੀ ਕਾਰਜ ਯੋਜਨਾ ਦਾ ਪਰਦਾਫ਼ਾਸ ਹੋ ਗਿਆ ਹੈ। ਇਸ ’ਚ ਵਾਤਾਵਰਣ ਵਿਗਿਆਨੀਆਂ ਦੇ ਅਧਿਐਨਾਂ ਨੂੰ ਝੁਠਲਾਉਣ ਤੇ ਆਮ ਲੋਕਾਂ ਦਾ ਧਿਆਨ ਵਾਤਾਵਰਣ ਸੰਕਟ ਤੋਂ ਹਟਾਉਣ ਲਈ ਵਿਆਪਕ ਰਣਨੀਤੀ ਬਣਾਉਣ ਦੀ ਗੱਲ ਕਹੀ ਗਈ ਹੈ। ਇਸ ਲਈ ਹੋਰ ਪੈਸਾ ਇਕਠਾ ਕਰਨ ਦੀ ਲੋੜ ਦਸਦਿਆਂ ਕਿਹਾ ਗਿਆ ਹੈ ਕਿ ‘ਸਾਡਾ ਕੰਮ ਉਹਨਾਂ ਲਈ (ਕਾਰਬਨ ਪੈਦਾ ਕਰਨ ਵਾਲੀ ਕੰਪਨੀਆਂ) ਦਿਲ ਖਿਚਵਾਂ ਹੈ। ਜੇ ਅਸੀਂ ਉਹਨਾਂ ਦੇ ਹਿੱਤਾਂ ਨੂੰ ਧਿਆਨ ’ਚ ਰਖਦਿਆਂ ਕੰਮ ਕਰਦੇ ਰਹੀਏ ਤਾਂ 2012 ’ਚ ਸਾਨੂੰ ਉਹਨਾਂ ਦੀ ਹੋਰ ਮਦਦ ਮਿਲੇਗੀ। ਅਸੀਂ ਹੋਰ ਦਾਨੀਆਂ ਨੂੰ ਵੀ ਅਪੀਲ ਕਰਦੇ ਹਾਂ ਕਿ ਖਾਸ਼ ਕਰਕੇ ਕਾਰਪੋਰੇਟ ਘਰਾਣਿਆਂ ਤੋਂ ਜਿਹਨਾਂ ਨੂੰ ਵਾਤਾਵਰਣ ਸੰਕਟ ਦੇ ਮੁਦਿਆਂ ’ਤੇ ਨੁਕਸਾਨ ਝਲਣਾ ਪੈ ਰਿਹਾ ਹੈ।’ ਹਾਰਟਲੈਂਡ ਨੇ ਵਾਤਾਵਰਣ ਪਤ੍ਰਕਾਰਿਤਾ ਅਤੇ ਸਕੂਲਾਂ ਸਿਲੇਬਸ ਨੂੰ ਵੀ ਆਪਣੇ ਨਿਸ਼ਾਨੇ ’ਤੇ ਰਖਿਆ ਹੈ। ਦਸਤਾਵੇਜਾਂ ’ਚ ਇਕ ਥਾਂ ਇਸ ਗੱਲ ਦੀ ਚਰਚਾ ਹੈ ਕਿ ਵਾਤਾਵਰਣ ਸੰਕਟ ਨਾਲ ਸਬੰਧਤ ਅਧਿਐਨਾਂ ਦੀ ਕਾਟ ਲਈ ਉਲਟ ਰਿਪੋਟਾਂ ਅਧਿਐਨ ਆਦਿ ਦਾ ਵਿਆਪਕ ਪ੍ਰਚਾਰ ਪਸਾਰ ਕੀਤਾ ਜਾਵੇ। ਇੰਥਨੀ ਵਾਟ ਨਾਂ ਦੇ ਵਾਤਾਵਰਣ ਵਿਰੋਧੀ ਇਕ ਬਲਾਗਰ ਨੂੰ ਹਰਟਲੈਂਡ ਨੇ 44 ਹਜ਼ਾਰ ਅਮਰੀਕੀ ਡਾਲਰ ਦਿਤੇ। ਕਈ ਹੋਰ ਬਲਾਗਰ ਵੈਬਸਾਈਟ ਮਾਲਕਾਂ ਨੂੰ ਵੀ ਆਪਣੀ ਰੀਪੋਟ ਛਾਪਣ ਲਈ ਪੈਸਾ ਦਿੱਤਾ ਗਿਆ। ਹਲਾਂਕਿ ਹਾਰਟਲੈਂਡ ਨੇ ਲੀਕ ਹੋਏ ਦਸਤਾਵੇਜਾਂ ’ਚ ਦਰਜ ਤੱਥਾਂ ਨੂੰ ਗ਼ਲਤ ਠਹਿਰਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਇਸ ’ਚ ਅਜੇ ਤਕ ਕਾਮਯਾਬੀ ਨਹੀਂ ਮਿਲੀ ਹੈ। ਮਾਈਕਰੋਸਾਫ਼ਟ, ਜਨਰਲ ਮੋਟਰਸ ਆਦਿ ਕੰਪਨੀਆਂ ਵਲੋਂ ਗਰਾਂਟ ਦੀ ਗੱਲ ਮੰਨ ਲੈਣ ਕਾਰਨ ਉਨ੍ਹਾਂ ਦੇ ਤਰਕਾਂ ’ਤੇ ਲੋਕਾਂ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਹੈ। ਇਹ ਸੱਚ ਹੈ ਕਿ ਹਾਰਟਲੈਂਡ ਘਟਨਾਕ੍ਰਮ ਪਿਛੋਂ ਵਾਤਾਵਰਣ ਲਾਬੀ ਦੇ ਚਿਹਰੇ ਬੇਨਕਾਬ ਹੋ ਗਏ ਹਨ। ਪਰ ਇਹ ਪ੍ਰਤੱਖ ਨਹੀਂ ਹਨ। ਦੁਨੀਆਂ ਦੇ ਕਈ ਵਾਤਾਵਰਣ ਪ੍ਰੇਮੀ ਇਸ ਦਾ ਡਰ ਜਾਹਰ ਕਰਦੇ ਰਹੇ ਹਨ ਲੰਬੇ ਸਮੇਂ ਤੋਂ। ਬਹੁਚਰਚਿਤ ‘ਹਾਕੀ ਸਿਟਕ ਗ੍ਰਾਫ’ ਘਟਨਾਕ੍ਰਮ (ਅਮਲ) ਇਸ ਦਾ ਤਾਜ਼ਾ ਸਬੂਤ ਹੈ। ਯਾਦ ਰਹੇ ਕਿ ‘ਹਾਕੀ ਸਿਟਕ ਗ੍ਰਾਫ’ ਸਿਧਾਂਤ ਮੁਤਾਬਕ ਧਰਤੀ ਦਾ ਤਾਪਮਾਨ ਇਕ ਹਾਕੀ ਸਿਟਕ ਦੀ ਤਰ੍ਹਾਂ ਹੁਣ ਬੇਲਗਾਮ ਰਫ਼ਤਾਰ ਨਾਲ ਵੱਧ ਰਿਹਾ ਹੈ। ਸੰਨ 1998 ’ਚ ਮਾਨ ਨੇ ਇਹ ਛਾਪਿਆ ਸੀ ਜਿਸ ਨੂੰ ਇੰਟਰਗਵਰਨ ਮੈਂਟਲ ਪੈਨਲ ਆਨ ਕਲਾਈਮੇਟ ਚੇਂਜ (ਆਈ.ਪੀ.ਸੀ.ਸੀ) ਨੇ ਵੀ ਸਹੀ ਠਹਿਰਾਇਆ। ਪਰ ਇਸ ਸਿਧਾਂਤ ਦੇ ਜਨਤਕ ਹੋ ਜਾਣ ਪਿਛੋਂ ਮਾਨ ਅਤੇ ਆਈ.ਪੀ.ਸੀ.ਸੀ ਵਾਤਾਵਰਣ ਵਿਰੋਧੀ ਲਾਬੀ ਦੇ ਨਿਸ਼ਾਨੇ ’ਤੇ ਆ ਗਏ ਹਨ। ਆਈ.ਪੀ.ਸੀ.ਸੀ ਤੇ ਮਾਨ ਨੂੰ ਗ਼ਲਤ ਸਾਬਤ ਕਰਨ ਲਈ ਤਰ੍ਹਾਂ-ਤਰ੍ਹਾਂ ਦੀਆਂ ਰੀਪੋਟਾਂ ਪ੍ਰਕਾਸ਼ਿਤ ਕੀਤੀਆਂ ਗਈਆਂ। ਇਹ ਸੱਚ ਹੈ ਕਿ ਹਾਰਟਲੈਂਡ ਘਟਨਾਕ੍ਰਮ ਪਿਛੋਂ ਜਨਵਰੀ 2010 ’ਚ ਹਿਮਾਚਲ ਦੇ ਪਿਘਲਦੇ ਗਲੈਸ਼ੀਅਰ ’ਤੇ ਜਾਰੀ ਰਿਪੋਟ ਪਿਛੋਂ ਆਈ.ਪੀ.ਸੀ.ਸੀ ਦੀ ਪ੍ਰਸੰਗਿਕਤਾ ’ਤੇ ਯਕੀਨ ਨੂੰ ਕਟਹਿਰੇ ’ਚ ਖੜ੍ਹਾ ਕਰ ਦਿੱਤਾ ਗਿਆ ਸੀ। ਆਈ.ਪੀ.ਸੀ.ਸੀ ਦੀ ਇਸ ਰੀਪੋਟ ’ਚ ਇਕ ਤਕਨੀਕੀ ਭੁੱਲ ਸੀ ਪਰ ਵਾਤਾਵਰਣ ਵਿਰੋਧੀ ਲਾਬੀ ਨੇ ਇਸ ਦੇ ਅਧਾਰ ’ਤੇ ਆਈ.ਪੀ.ਸੀ.ਸੀ ਦੀਆਂ ਸਾਰੀਆਂ ਰੀਪੋਟਾਂ ਨੂੰ ਗ਼ਲਤ ਠਹਿਰਾਉਣ ਦੀ ਕੋਸ਼ਿਸ਼ ਕੀਤੀ। ਹਾਰਟਲੈਂਡ ਘਟਨਾਕ੍ਰਮ ਨਾਲ ਇਸ ਗੱਲ ਦਾ ਪਤਾ ਲੱਗਿਆ ਹੈ ਕਿ ਆਈ.ਪੀ.ਸੀ.ਸੀ ਵਿਰੋਧੀ ਮੁਹਿੰਮ ਅਸਲ ’ਚ ਇਕ ਤਹਿਸਦਾ

ਵਿਉਂਤਬੱਧ ਸਾਜਿਸ਼ ਸੀ। ਏਨਾ ਹੀ ਨਹੀਂ ਮਾਨ ਖਿਲਾਫ਼ ਲਗਾਤਾਰ ਨਿਜੀ ਤੇ ਜਨਤਕ ਤੌਰ ’ਤੇ ਮੁਹਿੰਮ ਚਲਾਈ ਗਈ ਪਰ ਮਾਈਕਲ ਮਾਨ ਇਸ ਨਾਲ ਫੇਰ ਵੀ ਬੇਚੈਨ ਨਹੀਂ ਹੋਏ ਹਨ ਤੇ ਉਹਨਾਂ ਨੇ ਇਸ ਨੂੰ ‘ਵਾਤਾਵਰਣ ਯੁੱਧ’ ਕਿਹਾ ਹੈ। ਵਾਤਾਵਰਣ ਵਿਰੋਧੀ ਲਾਬੀ ਦੀ ਸਾਜਿਸ਼ ਤੇ ਵਾਤਾਵਰਣ ਸੰਕਟ ਦੀ ਹਕੀਕਤ ’ਤੇ ਉਹਨਾਂ ਨੇ ‘ਹਾਕੀ ਸਿਟਕ ਐਂਡ ਕਲਾਈਮੇਟ ਵਾਰ’ ਨਾਂ ਹੇਠ ਇਕ ਕਿਤਾਬ ਲਿਖੀ ਹੈ। ਜੋ ਜਲਦੀ ਛਪ ਜਾਣੀ ਹੈ। ਕੋਈ ਸ਼ੱਕ ਨਹੀਂ ਕਿ ਹਾਰਟਲੈਂਡ ਘਟਨਾਕ੍ਰਮ ਦੇ ਗੰਭੀਰ ਮਤਲਬ ਹਨ। ਇਸ ਦੇ ਬਾਵਜੂਦ ਅਮਰੀਕੀ ਸਰਕਾਰ ਵਲੋਂ ਕੋਈ ਪ੍ਰਤੀਕ੍ਰਿਆ ਨਹੀਂ ਆਈ ਹੈ। ਸੰਯੁਕਤ ਰਾਸ਼ਟਰ ਦੀ ਵਾਤਾਵਰਣ ਸ਼ਾਖਾ ਨੇ ਵੀ ਚੁੱਪ ਧਾਰੀ ਹੋਈ ਹੈ। ਜਦਕਿ ਇਸ ਘਟਨਾਕ੍ਰਮ ਪਿਛੋਂ ਸਪੱਸ਼ਟ ਹੋ ਗਿਆ ਹੈ ਕਿ ਇਕ ਵੱਡੀ ਲਾਬੀ ਨਹੀਂ ਚਾਹੁੰਦੀ ਕਿ ਵਾਤਾਵਰਣ ਸੰਕਟ ਨੂੰ ਬੇਤੁਕਾ ਸਾਬਤ ਕਰਨਾ ਜਰੂਰੀ ਹੈ। ਹਾਰਟਲੈਂਡ ਵਰਗੀਆਂ ਅਨੇਕਾਂ ਸੰਸਥਾਵਾਂ ਪੈਸੇ ਦੇ ਲਾਲਚ ਕਰਕੇ ਇਹ ਕੰਮ ਕਰ ਰਹੀਆਂ ਹਨ।

# ਕੀ ਬੀ.ਓ.ਟੀ ਕਾਰਪੋਰੇਟ ਲੁਟ ਦਾ ਇਕ ਰਾਹ ਹੈ?

ਦੂਜੀ ਸੰਸਾਰ ਜੰਗ ਪਿਛੋਂ ਸਾਮਰਾਜੀ ਲੁਟ ਤੇ ਦਾਬੇ ਦਾ ਨਵ ਬਸਤੀ ਵਾਦੀ ਦੌਰ ਸ਼ੁਰੂ ਹੋਇਆ, ਉਸ ਵਕਤ ਦੁਨੀਆਂ ਦੀ ਆਰਥਕ ਤੇ ਰਾਜਸੀ ਹਾਲਤ ਤੇ ਵਿਚਾਰਧਾਰਕ ਮਹੌਲ ਅਜੇਹਾ ਸੀ ਕਿ ਇਸ ਦੇ ਮਿਲ ਜੁਲੇ ਪ੍ਰਭਾਵ ਅਧੀਨ ਸਾਮਰਾਜਵਾਦ ਨੇ ਕਾਰਖਾਨਿਆਂ ਦੇ ਵਿਕਾਸ ਲਈ ਅਰਥਚਾਰੇ 'ਚ ਸਰਕਾਰ ਦੀ ਦਖ਼ਲ ਅੰਦਾਜੀ ਦੀ ਇਜਾਜ਼ਤ ਮੁਹਈਆ ਕਰਨੀ ਪਈ ਸੀ। ਇਸ ਕਰਕੇ ਸਾਮਰਾਜੀ ਦੇਸ਼ਾਂ ਤੇ ਉਹਨਾਂ ਦੇ ਮਾਈ ਬਾਪਾਂ ਦੇ ਅਧੀਨ ਦੇਸ਼ ਦੇ ਅਰਥਚਾਰੇ 'ਚ ਜਨਤਕ ਖੇਤਰ ਦੀ ਭੂਮਿਕਾ ਵੱਧ ਗਈ ਸੀ। ਇਹ ਦੌਰ ਲਗਭਗ 25 ਸਾਲਾਂ ਤਕ ਯਾਨੀ ਕਿ 1945 ਤੋਂ 1970 ਤਕ ਚਲਿਆ ਸੀ। ਇਸ ਦੌਰਾਨ ਪੂੰਜੀਵਾਦੀ ਅਰਥਸਾਸ਼ਤਰੀ ਕੀਨਸ ਦੀ ਸਿਧਾਂਤਕ ਛਤਰੀ ਹੇਠ ਜਨਤਕ ਖੇਤਰ ਦੇ ਅਦਾਰਿਆਂ ਦੀ ਸਥਾਪਨਾ ਕੀਤੀ ਗਈ ਸੀ। ਇਸ ਤਹਿਤ ਜਰੂਰੀ ਬੁਨਿਆਦੀ ਤਾਣ-ਬਾਣਾ ਜਿਵੇਂ ਕਿ ਸੜਕ ਰੇਲਵੇ, ਬੰਦਰਗਾਹਾਂ ਤੇ ਹਵਾਈ ਅੱਡਿਆਂ ਦੀ ਉਸਾਰੀ ਕੀਤੀ ਗਈ ਸੀ ਤੇ ਸੰਚਾਰ, ਊਰਜਾ ਤੇ ਬੈਂਕ ਵਰਗੇ ਸਮਾਜਕ ਅਰਥਕ ਢਾਂਚੇ ਦੀ ਰਚਨਾ ਕੀਤੀ ਗਈ ਸੀ। ਇਹਨਾਂ ਸਾਰਿਆਂ ਦੀ ਉਸਾਰੀ ਇਸ ਲਈ ਕੀਤੀ ਗਈ ਸੀ ਕਿ ਕਾਰਪੋਰੇਟ ਪੂੰਜੀ ਸਚਾਰੂ ਰੂਪ ਨਾਲ ਕੰਮ ਕਰੇ। ਨਾਲ ਹੀ ਕ੍ਰਮਵਾਰ ਵਧਦੇ ਰੇਟ 'ਤੇ ਟੈਕਸ ਲਾ ਕੇ ਤੇ ਬਜ਼ਟ ਘਾਟੇ ਦੇ ਰਾਹੀਂ ਇਹ ਯਕੀਨੀ ਬਣਾਇਆ ਗਿਆ ਸੀ ਕਿ ਸਰਕਾਰੀ ਖਜਾਨੇ 'ਚ ਅਖੌਤੀ ਕਲਿਆਣਕਾਰੀ ਰਾਜ ਦੀ ਉਸਾਰੀ ਦੇ ਨਾਲ-ਨਾਲ ਉਥੋਂ ਦੀਆਂ ਪੂੰਜੀਵਾਦੀ ਸਰਕਾਰਾਂ ਨੇ ਸਨਅਤ ਦੀਆਂ ਕੁਝ ਕੁ ਸ਼ਾਖਾਵਾਂ ਦਾ ਕੌਮੀਕਰਣ ਤੇ ਅਰਥਚਾਰੇ 'ਚ ਆਪਣੀ ਹਿਸੇਦਾਰੀ ਨੂੰ ਵਧਾਇਆ ਸੀ। ਕ੍ਰਮਵਾਰ ਵਧਦੇ ਰੇਟ 'ਤੇ ਟੈਕਸ ਲਾਉਣ ਦੀ ਪ੍ਰਣਾਲੀ ਅਪਣਾ ਕੇ ਰਾਜ ਵਲੋਂ ਕੌਮੀ ਆਮਦਨ 'ਚ ਆਪਣੀ ਹਿਸੇਦਾਰੀ ਨੂੰ ਜ਼ਿਕਰਯੋਗ ਢੰਗ ਨਾਲ ਵਧਾਇਆ ਗਿਆ ਸੀ ਅਤੇ ਇਸ ਦੀ ਵਰਤੋਂ ਕਰਕੇ ਜਨਤਕ ਮਦ 'ਚ ਖਰਚ 'ਚ ਵਾਧਾ ਕੀਤਾ ਗਿਆ ਸੀ। ਸੰਸਾਰ ਬੈਂਕ ਦੇ ਅਨੁਮਾਨ ਮੁਤਾਬਕ ਭਾਰਤ ਜਿਹੇ ਅਖੌਤੀ ਵਿਕਾਸ ਸ਼ੀਲ ਦੇਸ਼ਾਂ ਦੀ ਕੁਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦੀ ਫ਼ੀ ਸਦੀ ਵਜੋਂ ਕੇਂਦਰ ਸਰਕਾਰ ਵਲੋਂ ਕੀਤਾ ਜਾਣ ਵਾਲਾ ਖਰਚ ਸਾਲ 1960 'ਚ 15 ਫ਼ੀ ਸਦੀ ਤੋਂ ਵਧ ਕੇ 1980 ਦੇ ਦਹਾਕੇ ਦੇ ਅੱਧ ਵਿਚ ਲਗਭਗ 33 ਫ਼ੀ ਸਦੀ ਹੋ ਗਿਆ ਸੀ। ਇਸ ਪਿਛੋਂ ਇਹ ਤੇਜੀ ਨਾਲ ਹੇਠਾਂ ਡਿੱਗਣ ਲੱਗਿਆ। ਕੀਨਸ ਵਾਦੀ ਅਰਥ ਸਾਸ਼ਤਰ ਦੇ ਅਧੀਨ ਜਨਤਕ ਖੇਤਰ ਨੂੰ ਮਿਲੀ ਇਸ ਤਰਜੀਹ ਦੇ ਬਾਵਜੂਦ ਪੈਦਾਵਾਰ ਸਬੰਧ ਮੂਲ ਰੂਪ ਨਾਲ ਨਵ-ਬਸਤੀ ਵਾਦੀ ਹੀ ਸੀ ਕਿਉਂਕਿ ਮਜ਼ਦੂਰਾਂ ਵਲੋਂ ਸਿਰਜੇ ਵਾਧੂ ਮੁੱਲ ਨੂੰ ਨਿਚੋੜ ਕੇ ਬਹੁਕੌਮੀ ਨਿਗਮਾਂ ਤੇ ਦਲਾਲ ਸ਼ਰਮਾਏਦਾਰਾਂ ਦੀ ਜੇਬ ਤਕ ਪਹੁੰਚਾਉਣ ਲਈ ਉਸ ਸਮੇਂ ਕਈ ਗੁਪਤ ਰਾਹ ਮੌਜੂਦ ਸਨ। ਪਰ ਇਹ ਤੌਰ ਤਰੀਕੇ ਲੰਮੇ ਸਮੇਂ ਤਕ ਚਲ ਨਹੀਂ ਸਕਦੇ ਸਨ। ਬੁਨਿਆਦੀ ਢਾਂਚੇ ਦੀ ਉਸਾਰੀ ਤੇ ਸਮਾਜਕ ਸੁਰਖਿਆ ਤੇ ਮਜ਼ਦੂਰਾਂ ਦੇ ਕਲਿਆਣ ਦੀ ਮਦ 'ਚ ਜਨਤਕ ਖਰਚ ਲਈ ਧਨ ਇੱਕਠਾ ਕਰਨ ਲਈ ਸਰਕਾਰ ਵਲੋਂ ਕ੍ਰਮਵਾਰ ਵਧਦੀ ਦਰ 'ਤੇ ਟੈਕਸ ਲਾਏ ਜਾਣ ਨਾਲ ਪੈਦਾਵਾਰ ਦੇ ਅਮਲ 'ਚ ਪੈਦਾ ਹੋਏ ਵਾਧੂ ਮੁਲ ਦਾ ਇਕ ਵੱਡਾ ਹਿੱਸਾ ਸਰਕਾਰੀ ਖਜਾਨੇ 'ਚ

ਚਲਾ ਜਾਂਦਾ ਸੀ। ਇਸ ਲਈ ਕਾਰਪੋਰੇਟ ਲੁੱਟ ਜਿਸ ਨੂੰ ਪੂੰਜੀ ਸੰਚੈ ਦੀ ਦਰ ਕਿਹਾ ਜਾਂਦਾ ਹੈ ਘੱਟ ਹੋ ਜਾਂਦਾ ਸੀ। ਹੁਣ ਇਹ ਪੂੰਜੀ ਸੰਚੈ ਦੇਂਦਾ ਅਮਲ ਆਪਣੇ ਖੁਦ ਦੇ ਅੰਤਰ ਵਿਰੋਧਾਂ ਦਾ ਸ਼ਿਕਾਰ ਹੋ ਕੇ 1970 ਦੇ ਦਹਾਕੇ 'ਚ ਸੰਕਟਾਂ ਦਾ ਸਾਹਮਣਾ ਕਰਨ ਲੱਗੀ। ਜਿਸ ਦਾ ਇਜਹਾਰ ਇਕ ਪਾਸੇ ਪੈਦਾਵਾਰ 'ਚ ਅਸਥਿਰਤਾ ਤੇ ਦੂਜੇ ਪਾਸੇ ਮਹਿੰਗਾਈ ਵਜੋਂ ਹੋਈ ਸੀ ਤਾਂ ਸਭ ਥਾਵਾਂ 'ਤੇ ਵਿੱਤੀ ਪੂੰਜੀ ਨੇ ਜਨਤਕ ਅਦਾਰਿਆਂ 'ਤੇ ਆਪਣਾ ਸਿੱਧਾ ਕੰਟਰੋਲ ਕਾਇਮ ਕਰਨ ਲਈ ਪੂਰਾ ਜ਼ੋਰ ਲਾ ਦਿੱਤਾ। ਇਸ ਲਈ ਕੌਮਾਂਤਰੀ ਕਰਣ, ਅਪਨਿਵੇਸ਼ ਤੇ ਨਿਜੀਕਰਣ ਦੇ ਅਮਲ ਦੀ ਸ਼ੁਰੂਆਤ ਕੀਤੀ ਗਈ।

ਬੁਨਿਆਦੀ ਢਾਂਚੇ ਦੀ ਉਸਾਰੀ ਤੇ ਸਮਾਜਕ ਕੰਮਾਂ 'ਚ ਸਰਕਾਰ ਦੀ ਭੂਮਿਕਾ 'ਚ ਕਟੌਤੀ ਕੀਤੀ ਜਾਣ ਲੱਗੀ। ਇਹ ਉਹ ਦੌਰ ਸੀ ਜਦ ਸੰਸਾਰ ਪੱਧਰ 'ਤੇ ਖੱਬਿਆਂ ਦੇ ਸੰਘਰਸ਼ ਨੂੰ ਧੱਕਾ ਲੱਗਿਆ ਸੀ। ਥੈਲੀ ਸ਼ਾਹਾਂ ਨੇ ਇਹ ਹਾਲਾਤ ਦਾ ਵੀ ਫਾਇਦਾ ਉਠਾਇਆ ਸੀ। ਇਸ ਦਾ ਸਿੱਟਾ ਇਹ ਹੋਇਆ ਕਿ ਬੁਨਿਆਦੀ ਢਾਂਚੇ ਸਮੇਤ ਅਰਥਚਾਰੇ ਦੇ ਸਭ ਰਣਨੀਤਕ ਤੇ ਅਹਿਮ ਖੇਤਰਾਂ ਨੂੰ ਕਾਰਪੋਰੇਟ ਪੂੰਜੀ ਦੀ ਘੁਸਪੈਠ ਲਈ ਖੋਹਲ ਦਿੱਤਾ ਗਿਆ, ਜੋ ਇਸ ਤੋਂ ਪਹਿਲਾਂ ਕੌਮੀ ਸੁਰਖਿਆ ਤੇ ਲੋਕ ਭਲਾਈ ਦੇ ਨਾਂ ਹੇਠ ਜਨਤਕ ਖੇਤਰ ਲਈ ਰਾਖਵਾਂ ਸੀ। ਅਰਥਚਾਰੇ 'ਚ ਸਰਕਾਰ ਦੀ ਭੂਮਿਕਾ 'ਚ ਕਟੌਤੀ ਕਰਨ ਲਈ ਕੁਲ ਘਰੇਲੂ ਪੈਦਾਵਾਰ ਦੇ ਅਨੁਪਾਤ ਵਜੋਂ ਟੈਕਸ 'ਚ ਭਾਰੀ ਕਟੌਤੀ ਕਰ ਦਿੱਤੀ ਗਈ। ਇਹ ਕੰਮ ਸੱਟਾ ਪੂੰਜੀ ਨੂੰ ਹੱਲਾਸ਼ੇਰੀ ਦੇਣ ਤੇ ਉਸ ਨੂੰ ਉਤੇਜਿਤ ਕਰਨ ਦੀ ਦਵਾਈ ਦੇਣ ਦੇ ਨਾਂ 'ਤੇ ਕੀਤਾ ਗਿਆ। ਸਿੱਟੇ ਵਜੋਂ ਭਾਰਤ 'ਚ ਸਿਰਫ਼ ਪਿਛਲੇ ਪੰਜ ਬਜ਼ਟਾਂ ਦੌਰਾਨ ਮਨਮੋਹਨ ਸਰਕਾਰ ਨੇ ਸਨਅਤੀ ਘਰਾਣਿਆਂ ਨੂੰ ਟੈਕਸ ਛੋਟ ਵਜੋਂ ਲਗਭਗ 22 ਲੱਖ ਕਰੋੜ ਰੁਪਏ ਲੁਟਾ ਦਿਤੇ। ਜਦਕਿ ਇਸ ਨਵ ਉਦਾਰਵਾਦੀ ਦੌਰ 'ਚ ਇਹਨਾਂ ਅਮੀਰਾਂ ਦੀ ਜਾਇਦਾਦ ਪੈਦਾਵਾਰੀ ਕੰਮਾਂ 'ਚ ਘੱਟ ਮੁੱਖ ਤੌਰ 'ਤੇ ਸੱਟੇਬਾਜ਼ੀ ਦੀਆਂ ਸਰਗਰਮੀਆਂ ਜ਼ਰੀਏ ਵਧ ਰਹੀ ਹੈ। ਉਪਰੋ ਕਿਤ ਅੰਕੜਾ ਬਜਟ ਦੇ ਦਸਤਾਵੇਜਾਂ ਤੋਂ ਹੀ ਜਾਹਰ ਹੁੰਦਾ ਹੈ। ਇਸ ਨਵ-ਉਦਾਰਵਾਦੀ ਰਣਨੀਤੀ ਦਾ ਇਕ ਅਹਿਮ ਪਹਿਲੂ ਇਹ ਰਿਹਾ ਹੈ ਕਿ ਸੜਕਾਂ ਬੰਦਰਗਾਹਾਂ, ਹਵਾਈ ਅੱਡੇ, ਹਵਾਈ ਅੱਡਿਆਂ, ਵਰਗੀਆਂ ਬੁਨਿਆਦੀ ਢਾਂਚੇ ਨਾਲ ਸਬੰਧਤ ਯੋਜਨਾਵਾਂ ਤੇ ਜਨਤਕ ਸਹੂਲਤਾਂ ਦੀ ਉਸਾਰੀ ਦਾ ਕੰਮ ਬੀ.ਓ.ਟੀ ਸਕੀਮ (ਬਚਾਓ, ਚਲਾਓ ਤੇ ਵਾਪਸ ਮੌੜ ਦਿਉ) ਦੇ ਅਧਾਰ 'ਤੇ ਕਾਰਪੋਰੇਟ ਪੂੰਜੀ ਨੂੰ ਦਿੱਤਾ ਜਾਣ ਲੱਗਿਆ। ਇਸ ਤਹਿਤ ਇਹਨਾਂ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਤੋਂ ਖਪਤਕਾਰ ਟੈਕਸ ਦੀ ਵਿਵਸਥਾ ਕੀਤੀ ਗਈ। ਮਿਸਾਲ ਵਜੋਂ ਕੋਈ ਕਾਰਪੋਰੇਟ ਘਰਾਣੇ ਨੂੰ ਇਕ ਸੜਕ ਬਣਾਉਂਦਾ ਹੈ। ਇਸ ਦੀ ਉਸਾਰੀ ਪਿਛੋਂ ਉਹ ਇਸ ਦੀ ਉਸਾਰੀ ਕਰੇਗਾ ਤੇ ਇਸ ਸੜਕ ਦੀ ਵਰਤੋਂ ਕਰਨ ਵਾਲੇ ਵਾਹਨਾਂ ਤੋਂ ਟੋਲ ਟੈਕਸ ਵਸੂਲੇਗਾ ਅਤੇ ਇਕ ਨਿਸਚਿਤ ਅਰਸੇ ਪਿਛੋਂ ਵਿਭਾਗ ਨੂੰ ਤਬਦੀਲ ਕੀਤਾ ਜਾਵੇਗਾ। ਅੱਜ ਬੀ.ਓ.ਟੀ ਦੇ ਪ੍ਰੋਜੈਕਟ ਸੰਸਾਰ ਪੱਧਰ 'ਤੇ ਸੱਟੇਬਾਜ ਵਿਤੀ ਪੂੰਜੀ ਵਲੋਂ ਕਾਰਪੋਰੇਟ ਲੁਟ ਦਾ ਸਭ ਤੋਂ ਦਿਲ ਖਿਚਵਾਂ ਸਰੋਤ ਬਣ ਗਏ ਹਨ। ਕਿਰਤੀਆਂ ਵਲੋਂ ਉਤਪਾਦਿਤ ਵਾਧੂ ਮਿਲ ਨੂੰ ਨਿਚੋੜਨ ਲਈ ਤੇ ਇਸ ਤਰ੍ਹਾਂ ਅਰਥਚਾਰੇ ਦੇ ਗੁਬਾਰੇ 'ਚ ਹਵਾ ਭਰਨ ਲਈ ਸ਼ੇਅਰ ਬਾਜ਼ਾਰ ਤੇ ਮੁਦਰਾ ਬਾਜ਼ਾਰ 'ਚ ਅਨੇਕਾਂ ਜਟਿਲ ਵਿਤੀ ਔਜਾਰਾਂ ਦੀ ਉਸਾਰੀ ਕੀਤੀ ਗਈ ਹੈ। ਇਸ ਤਰ੍ਹਾਂ ਵਿਤੀ ਪੂੰਜੀ ਦਾ

ਪੈਦਾਵਾਰ ਦੇ ਖੇਤਰ ਨਾਲ ਨਾਤਾ ਕ੍ਰਮਵਾਰ ਟੁਟਦਾ ਚਲਾ ਗਿਆ ਹੈ। ਇਸ ਤਰ੍ਹਾਂ ਵਿਤੀ ਪੂੰਜੀ ਨੇ ਕਾਰਪੋਰੇਟ ਲੁਟ ਦੇ ਸੌਖੇ ਤਰੀਕੇ ਵਜੋਂ ਬੀ.ਓ.ਟੀ ਸਕੀਮ ਨੂੰ ਅਪਣਾ ਲਿਆ ਹੈ। ਸੰਸਾਰ ਬੈਂਕ ਵਲੋਂ ਬੁਨਿਆਦੀ ਢਾਂਚੇ ਦੀ ਉਸਾਰੀ ਬਾਰੇ ਜੋ ਦਿਸ਼ਾ-ਨਿਰਦੇਸ਼ ਜਾਰੀ ਕੀਤਾ ਗਿਆ ਸੀ, ਉਸ 'ਚ ਇਸ ਦਾ ਨਕਸਾ ਪਹਿਲਾਂ ਹੀ ਪੇਸ਼ ਕੀਤਾ ਜਾ ਚੁਕਿਆ ਸੀ ਜੋ ਪੂਰੀ ਤਰ੍ਹਾਂ ਕਾਰਪੋਰੇਟ ਅਜਾਰੇਕਾਰੀ ਦੇ ਪੱਖ ਵਿਚ ਸੀ। ਅੱਜ ਬੁਨਿਆਦੀ ਢਾਂਚੇ ਦੀਆਂ ਜੋ ਵੀ ਯੋਜਨਾਵਾਂ ਬਣ ਰਹੀਆਂ ਹਨ ਚਾਹੇ ਉਹ ਸੜਕ ਹੋਵੇ, ਬੰਦਰਗਾਹ ਹੋਵੇ ਜਾਂ ਪੁਲ ਹੋਵੇ ਉਹਨਾਂ ਦੀ ਉਸਾਰੀ ਨਿਜੀ ਜਨਤਕ ਭਾਗੀਦਾਰੀ (ਪੀ.ਪੀ.ਪੀ) ਦੇ ਅਧਾਰ 'ਤੇ ਕੀਤੀ ਜਾ ਰਹੀ ਹੈ। ਇਸ ਦੀ ਪੂਰੀ ਲਾਗਤ ਇਸ ਦਾ ਸੰਚਾਲਨ ਕਰਨ ਵਾਲੀ ਪਾਰਟੀ ਤੋਂ ਵਸੂਲੇਗੀ ਜਿਸ ਦੇ ਲਈ ਖਪਤ ਟੈਕਸ ਜਾਂ ਟੋਲ ਟੈਕਸ ਲਾਇਆ ਜਾਵੇਗਾ। ਐਸੇ ਪ੍ਰੋਜੈਕਟਾਂ 'ਚ ਜਨਤਕ ਯਾਨੀ ਸਰਕਾਰ ਦੀ ਹਿਸੇਦਾਰੀ ਇਹ ਹੋਵੇਗੀ ਕਿ ਉਹ ਇਸ ਦੇ ਲਈ ਜਰੂਰ ਜ਼ਮੀਨ ਹਥਿਆ ਕੇ ਦੇਵੇਗੀ ਤੇ ਪ੍ਰੋਜੈਕਟ ਦੀ ਇਕ ਅਨੁਮਾਨਿਤ ਲਾਗਤ ਦਾ ਇਕ ਨਿਸ਼ਚਤ ਫੀ ਸਦੀ ਗ੍ਰਾਂਟ ਵਜੋਂ ਬਿਲਡਰ ਨਿਜੀ ਪਾਰਟੀ ਨੂੰ ਦੇਵੇਗਾ। ਮੌਜੂਦਾ ਸਮੇਂ 'ਚ ਜੋ ਨਿਯਮ ਹੈ ਉਸ ਅਨੁਸਾਰ ਸੜਕ ਦੀ ਉਸਾਰੀ ਦੀ ਕੁਲ ਲਾਗਤ 'ਚ ਸਰਕਾਰੀ ਗ੍ਰਾਂਟ ਦਾ ਹਿੱਸਾ 40 ਫ਼ੀ ਸਦੀ ਹੈ। ਇਸ ਦੇ ਨਾਲ-ਨਾਲ ਸਰਕਾਰ ਵਲੋਂ ਪ੍ਰੋਜੈਕਟ ਦੀ ਉਸਾਰੀ ਲਈ ਜਰੂਰੀ ਬੁਨਿਆਦੀ ਸਹੂਲਤਾਂ ਮੁਹਈਆ ਕਰਾਏ ਜਾਣ ਦੀ ਵਿਵਸਥਾ ਹੈ। ਉਸਾਰੀ ਦੀ ਲਾਗਤ ਦੀ ਬਾਕੀ ਰਾਸੀ ਕਰੀਬ 60 ਫ਼ੀ ਸਦੀ, ਨਿਜੀ ਕਾਰਪੋਰੇਟ ਘਰਾਣੇ ਵਲੋਂ ਸਪਲਾਈ ਕੀਤੀ ਜਾਣੀ ਚਾਹੀਦੀ ਹੈ। ਇਹ ਰਕਮ ਦੇਣ ਲਈ ਜਨਤਕ ਬੈਂਕ ਅਤੇ ਵਿਕਾਸ ਦੇ ਨਾਂ 'ਤੇ ਪੈਸਾ ਦੇਣ ਵਾਲੀਆਂ ਵੱਖ-ਵੱਖ ਸੰਸਥਾਵਾਂ ਕਤਾਰ 'ਚ ਖੜੀਆਂ ਹਨ। ਜਿਹਨਾਂ ਕੋਲ ਅਥਾਹ ਫੰਡ ਹੈ ਅਤੇ ਜੋ ਸਿਰਫ਼ ਨੇਕ ਨੀਤੀ ਦੇ ਅਧਾਰ 'ਤੇ ਇਸ ਨੂੰ ਦੇਣ ਲਈ ਤਿਆਰ ਹਨ। ਪ੍ਰੋਜੈਕਟ ਦੇ ਪੂਰੇ ਹੋ ਜਾਣ ਪਿਛੋਂ ਬਿਲਡਰ ਨਿਜੀ ਪਾਰਟੀ ਦਾ ਇਸ 'ਤੇ ਹੱਕ ਹੋਵੇਗਾ ਕਿ ਉਹ ਇਸ ਨੂੰ ਚਲਾਉਣ ਲਈ ਆਜ਼ਾਦ ਹੋਵੇਗੀ। ਉਹ ਕਈ ਸਾਲ ਜਾਂ ਦਹਾਕੇ ਤਕ ਲੋਕਾਂ ਤੋਂ ਟੋਲ ਟੈਕਸ ਵਸੂਲੇਗੀ। ਨਵ-ਉਦਾਰਵਾਦੀ ਨੀਤੀਆਂ ਅਨੁਸਾਰ ਸਰਕਾਰ ਦਾ ਕੰਮ ਸ਼ੁਰੂ 'ਚ ਗ੍ਰਾਂਟ ਦੇਣ ਤੇ ਉਸਾਰੀ ਦੀ ਸਹੂਲਤਾਂ ਮੁਹਈਆ ਕਰਨ ਤਕ ਸੀਮਤ ਹੈ। ਇਸ ਪਿਛੋਂ ਉਸ ਦੀ ਭੂਮਿਕਾ ਸਿਰਫ ਇਸ ਪ੍ਰਬੰਧ ਲਈ ਵਿਚੋਲੇ ਜਾਂ ਦਲਾਲ ਦੀ ਰਹਿ ਜਾਵੇਗੀ। ਯਾਨੀ ਕਿ ਉਹ ਪ੍ਰੋਜੈਕਟ ਦੇ ਸਚਾਰੂ ਸੰਚਾਲਨ ਲਈ ਨਿਜੀ ਪਾਰਟੀ ਦੀ ਤਸੱਲੀ ਮੁਤਾਬਕ ਜ਼ਰੂਰੀ ਸਹੂਲਤਾਂ ਤੇ ਪੁਲਸ ਆਦਿ ਦਾ ਬੰਦੋਬਸਤ ਕਰੇਗੀ। ਖੈਰ ਇਹ ਤਾਂ ਉਪਰੋਂ ਨਜ਼ਰ ਆਉਣ ਵਾਲੀ ਗੱਲ ਹੈ ਕਿਉਂਕਿ ਅੱਜ ਬੀ.ਓ.ਟੀ ਪ੍ਰੋਜੈਕਟ ਸਭ ਥਾਵਾਂ 'ਤੇ ਜਾਇਦਾਦ ਉਸਾਰੀ ਦਾ ਅਟੁੱਟ ਸਰੋਤ ਬਣ ਗਏ ਹਨ। ਇਸ ਲਈ ਕਾਰਪੋਰੇਟ ਅਰਬਪਤੀਆਂ ਨੇ ਖੁਦ ਨੂੰ ਬੀ.ਓ.ਟੀ ਲਾਬੀ 'ਚ ਤਬਦੀਲ ਕਰ ਲਿਆ ਹੈ ਅਤੇ ਬੁਨਿਆਦੀ ਢਾਂਚੇ ਦੇ ਹਰੇਕ ਖੇਤਰ 'ਚ ਦਖਲ ਦੇਣ ਲੱਗੇ ਹਨ। ਕਾਰਪੋਰੇਟ ਮਾਫੀਆਂ, ਹਾਕਮ ਜਮਾਤ ਦੇ ਰਾਜਸੀ ਨੇਤਾ ਤੇ ਨੌਕਰਸ਼ਾਹ ਇਸ ਨਾਪਾਕ ਲਾਬੀ ਦੇ ਤਿੰਨ ਪਾਵੇ ਬਣ ਗਏ ਹਨ। ਅੱਜ ਕਿਸੇ ਸਕੀਮ ਦੀ ਪ੍ਰੋਜੈਕਟ ਰਿਪੋਟ ਤਿਆਰ ਕਰਨ ਸਮੇਂ ਤੋਂ ਹੀ ਬੀ.ਓ.ਟੀ ਲਾਬੀ ਹਰ ਚੀਜ ਦੇ ਜੋੜ-ਤੋੜ 'ਚ ਲੱਗ ਜਾਂਦੀ ਹੈ। ਸਿੱਟੇ ਵਜੋਂ ਪ੍ਰੋਜੈਕਟ ਦੀ ਲਾਗਤ ਨੂੰ ਉਸ ਦੀ ਅਸਲੀ ਲਾਗਤ ਤੋਂ ਕਿਤੇ ਵੱਧ ਚੜ੍ਹਾ-ਚੜ੍ਹਾ ਕੇ ਕਰ ਜਾਂਦਾ ਹੈ ਅਤੇ ਮੁੱਠੀ ਭਰ ਲੋਕ ਆਪਸ 'ਚ ਮਿਲੀਭੁਗਤ ਕਰਕੇ ਘੱਟ ਬੋਲੀ ਲਾਉਣ ਵਾਲਿਆਂ

ਨੂੰ ਸ਼ੁਰੂ ’ਚ ਹੀ ਬਾਹਰ ਕਰ ਦਿੰਦੇ ਹਨ। ਇਸ ਤਰ੍ਹਾਂ ਜੋ ਜਨਤਕ ਯੋਗਦਾਨ ਜਾਂ ਸਰਕਾਰੀ ਗ੍ਰਾਂਟ ਦਿਤੀ ਜਾਵੇਗੀ ਉਹ ਅਸਲ ਲਾਗਤ ਦੇ ਅਧਾਰ ’ਤੇ ਨਹੀਂ ਬਲਕਿ ਵਧਾ ਚੜ੍ਹਾ ਕੇ ਦਿੱਤੀ ਗਈ ਲਾਗਤ ਦੇ ਅਧਾਰ ’ਤੇ ਹੋਵੇਗੀ। ਅਕਸਰ ਹੀ ਅਜੇਹਾ ਹੁੰਦਾ ਹੈ ਕਿ ਇਹ ਸਰਕਾਰੀ ਗ੍ਰਾਂਟ, ਜਿਉਂ ਹੀ ਸੜਕ ਸਬੰਧੀ ਦਿਤੀ ਜਾਣ ਵਾਲੀ 40 ਫ਼ੀ ਸਦੀ ਰਾਸ਼ੀ ਆਪਣੇ ਆਪ ’ਚ ਉਕਤ ਪ੍ਰੋਜੈਕਟ ਦੀ ਉਸਾਰੀ ਲਈ ਕਾਫੀ ਹੁੰਦੀ ਹੈ। ਅਜੇਹੇ ਕੇਸਾਂ ’ਚ ਲਾਗਤ ਦਾ ਬਾਕੀ 60 ਫੀ ਸਦੀ ਹੋਰ ਸਟੇਬਾਜ਼ੀ ਦੇ ਖੇਤਰਾਂ ’ਚ ਲਾ ਦਿੱਤਾ ਜਾਂਦਾ ਹੈ। ਜਦ ਕਿ ਇਹ ਰਾਸ਼ੀ ਪ੍ਰੋਜੈਕਟ ਦੇ ਨਾਂ ’ਤੇ ਇੱਕਠੀ ਕੀਤੀ ਗਈ ਹੁੰਦੀ ਹੈ ਅਤੇ ਉਹ ਵੀ ਵੱਖ-ਵੱਖ ਜਨਤਕ ਸਰੋਤਾਂ ਤੋਂ। ਹਿੰਗ ਲੱਗੇ ਨਾ ਫਟਕੜੀ ਤੇ ਰੰਗ ਵੀ ਚੋਖਾ। ਹੁਣ ਪਹਿਲਾਂ ਨਿਰਧਾਰਿਤ ਰੇਟਾਂ ’ਤੇ ਟੋਲ ਕੁਲੈਕਸ਼ਨ ਸ਼ੁਰੂ ਹੁੰਦੀ ਹੈ ਜਿਸ ਦਾ ਸਮੇਂ-ਸਮੇਂ ਸਿਰ ਨਵੀਨੀਕਰਣ ਕੀਤਾ ਜਾਂਦਾ ਹੈ। ਕਾਰਪੋਰੇਟ, ਰਾਜਸੀ ਨੇਤਾ, ਨੌਕਰਸ਼ਾਹੀ ਦਾ ਗਠਜੋੜ ਅਣਮਿਥੇ ਸਮੇਂ ਤਕ ਚਲਦਾ ਰਹਿੰਦਾ ਹੈ। ਲੋਕ ਵਿਰੋਧੀ ਰਾਜ ਸਤਾ ਦੇ ਸਾਰੇ ਅੰਗ, ਵਿਧਾਇਕਾਂ, ਕਾਰਜ ਪਾਲਿਕਾ ਤੇ ਨਿਆਂ ਪਾਲਿਕਾ ਉਸ ਦਾ ਪੱਖ ਪੂਰਦੇ ਹਨ। ਇਸ ਤਰ੍ਹਾਂ ਇਹਨੀ ਦਿਨੀ ਬੀ.ਓ.ਟੀ, ਪ੍ਰੋਜੈਕਟ ਕਾਰਪੋਰੇਟ ਲੁੱਟ ਦਾ ਮਨ ਪਸੰਦ ਸਰੋਤ ਬਣ ਗਏ ਹਨ। ਹਕੀਕਤ ਤਾਂ ਇਹ ਹੈ ਕਿ ਖਪਤਕਾਰ ਟੈਕਸ ਜਾਂ ਟੋਲ ਕਲੈਕਸ਼ਨ ਬਿਨ੍ਹਾਂ ਵੀ ਸਰਕਾਰ ਆਪਣੇ ਸਾਧਨਾਂ ਦੇ ਸਿਰ ’ਤੇ ਸੜਕਾਂ ਵਰਗੇ ਬੁਨਿਆਦੀ ਢਾਂਚੇ ਦੇ ਬਹੁਤ ਪ੍ਰੋਜੈਕਟਾਂ ਦੀ ਖੁਦ ਉਸਾਰੀ ਕਰ ਸਕਦੀ ਹੈ। ਹਕੀਕਤ ਤਾਂ ਇਹ ਹੈ ਕਿ ਜਿਵੇਂ ਪਹਿਲੇ ਸਮੇਂ ’ਚ ਕੀਨਸਵਾਦੀ ਨੀਤੀਆਂ ਮੌਕੇ ਕੀਤਾ ਜਾਂਦਾ ਸੀ। ਇਸ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਬੀ.ਓ.ਟੀ ਪ੍ਰੋਜੈਕਟ ਨਵ-ਉਦਾਰਵਾਦ ਦੇ ਦੌਰ ’ਚ ਸੱਟੇਬਾਜ ਵਿਤੀ ਪੂੰਜੀ ਰਾਹੀਂ ਤੇਜ ਰਫ਼ਤਾਰ ਲੁੱਟ ਦਾ ਹਿੱਸਾ ਹੈ।

ਇਸ ਦਾ ਇਕ ਹੋਰ ਘਿਨੌਣਾ ਪਹਿਲੂ ਵੀ ਹੈ। ਬੀ.ਓ.ਟੀ ਲਾਬੀ ਦਾ ਲੰਮੇ ਦਾਅ ਦਾ ਸੱਟਾ ਹਿੱਤ ਉਸ ਜ਼ਮੀਨ ਦੇ ਨਾਲ ਵੀ ਜੁੜਿਆ ਹੋਇਆ ਹੈ। ਇਹ ਕੰਮ ਪ੍ਰੋਜੈਕਟ ਲਈ ਜਿੰਨੀ ਜ਼ਮੀਨ ਦੀ ਲੋੜ ਹੁੰਦੀ ਹੈ। ਉਸ ਤੋਂ ਵੀ ਵੱਧ ਭੂਮੀ ਨੂੰ ਹੜੱਪ ਲਿਆ ਜਾਂਦਾ ਹੈ। ਬੀ.ਓ.ਟੀ ਲਾਬੀ ਜੋ ਖੁਦ ਖੂੰਖਾਰ ‘ਭੂਮੀ ਵਿਕਾਸ ਕਰਤਾ’ ਅਤੇ ਰੀਅਲ ਅਸਟੇਟ ਮਾਫੀਆ (ਭੋਇੰ-ਜਾਇਦਾਦ ਦੇ ਵਪਾਰੀ) ਵੀ ਹੁੰਦੇ ਹਨ, ਪ੍ਰੋਜੈਕਟ ਦੇ ਨੇੜ-ਤੇੜ ਦੀ ਜ਼ਮੀਨ ’ਤੇ ਕਬਜ਼ਾ ਕਰਨ ’ਚ ਉਨੀ ਹੀ ਰੁਚੀ ਹੁੰਦੀ ਹੈ। ਇਸ ਲਈ ਸਮਾਜ ਦੇ ਹਾਸ਼ੀਏ ’ਤੇ ਰਹਿ ਰਹੇ ਲੋਕਾਂ ਨੂੰ ਜਿਵੇਂ ਪੁਟਪਾਥ ’ਤੇ ਚੀਜ਼ਾਂ ਵੇਚਣ ਵਾਲੇ, ਛੋਟੇ ਵਪਾਰੀਆਂ ਇਥੋਂ ਤਕ ਕਿ ਛੋਟੇ ਦੁਕਾਨਦਾਰਾਂ ਤੇ ਹੋਰ ਤੇ ਹੋਰ ਪੀੜਤ ਤਬਕਿਆਂ ਨੂੰ ਧੱਕੇ ਨਾਲ ਉਜਾੜ ਦਿੱਤਾ ਜਾਂਦਾ ਹੈ। ਮਿਸਾਲ ਵਜੋਂ ਜਦ ਕਿਸੇ ਮੌਜੂਦਾ ਸੜਕ ਨੂੰ ਤੋੜ ਕੇ ਐਕਸਪ੍ਰੈਸ ਹਾਈਵੇ ਦੀ ਉਸਾਰੀ ਕੀਤੀ ਜਾਂਦੀ ਹੈ ਤਾਂ ਇਕ ਪਾਸੇ ਸੜਕ ਤੇ ਪਹਿਲਾਂ ਹੀ ਵਸੇ ਹੋਏ ਦੁਕਾਨਦਾਰਾਂ, ਉਜਾੜ ਜਾਂਦੇ ਹਨ ਅਤੇ ਦੂਜੇ ਪਾਸੇ ਨਵੇ ਬਣੇ ਹਾਈਵੇ ਦੇ ਵੱਖ-ਵੱਖ ਬਹੁਕੌਮੀ ਕੰਪਨੀਆਂ ਤੇ ਬੀ.ਓ.ਟੀ ਲਾਬੀ ਦੇ ਵੱਡੇ-ਵੱਡੇ ਸ਼ਾਪਿੰਗ ਮਾਲ ਤੇ ਸੁਪਰ ਮਾਰਕਿਟ ਉਗ ਆਉਂਦੀਆਂ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਦਲਾਲ ਸਰਕਾਰ ਵਲੋਂ ਪ੍ਰਚੂਨ ਵਪਾਰ ’ਚ ਸਿੱਧੇ ਵਿਦੇਸ਼ੀ ਨਿਵੇਸ਼ ਐਫ.ਡੀ.ਆਈ ’ਤੇ ਅੜੇ ਹੋਣ ਤੇ ਸੜਕਾਂ ਦੀ ਉਸਾਰੀ ਬੀ.ਓ.ਟੀ ਸਕੀਮ ਦੇ ਅਧੀਨ ਕਰਨ ਵਿਚਕਾਰ ’ਚ ਬਹੁਤ ਸਬੰਧ ਹੈ। ਇਸ ਦੇ ਨਾਲ-ਨਾਲ ਹੀ ਜਨਤਕ ਟਰਾਂਸਪੋਰਟ ਪ੍ਰਬੰਧ ਨੂੰ ਵੀ ਜਥੇਬੰਦਕ (ਵਿਉਂਤਬੰਦ) ਢੰਗ ਨਾਲ ਖਤਮ ਕਰ ਦਿੱਤਾ ਜਾਵੇਗਾ ਜਿਸ

ਕਰਕੇ ਘੱਟ ਆਮਦਨੀ ਵਾਲੇ ਲੋਕ ਵੀ ਆਵਾਜਾਈ ਲਈ ਨਿਜੀ ਵਾਹਨਾਂ ਦੀ ਵਰਤੋਂ ਕਰਨ ਲਈ ਮਜਬੂਰ ਹੋ ਜਾਣਗੇ। ਨਿਸਚੇ ਹੀ ਇਸ ਨਾਲ ਬੀ.ਓ.ਟੀ ਦੇ ਟੋਲ ਕਲੈਕਸ਼ਨ 'ਚ ਭਾਰੀ ਵਾਧਾ ਹੋਵੇਗਾ। ਸਾਫ਼ ਸ਼ਬਦਾਂ 'ਚ ਕਹੀਏ ਤਾਂ ਭਾਰਤ 'ਚ ਮੌਜੂਦਾ ਸਮੇਂ ਕੇਂਦਰ ਤੇ ਰਾਜ ਸਰਕਾਰਾਂ ਵਲੋਂ ਜਿਸ ਬੀ.ਓ.ਟੀ ਸਕੀਮ ਦੀ ਭਰਪੂਰ ਤਰੀਫ ਕੀਤੀ ਜਾ ਰਹੀ ਹੈ, ਉਹ ਕੋਈ ਵੱਖਰੀ ਸਕੀਮ ਨਹੀਂ ਹੈ। ਬਲਕਿ ਨਵ-ਉਦਾਰੀਕਰਨ ਦੇ ਉਸ ਪੂਰੇ ਅਮਲ ਦੇ ਨਾਲ ਅਟੁੱਟ ਰੂਪ ਨਾਲ ਜੁੜੀ ਹੋਈ ਹੈ। ਜਿਸ ਨੂੰ ਦਲਾਲ ਪੂੰਜੀ ਵਲੋਂ ਆਪਣੀ ਕਾਰਜਕਾਰੀ ਮੰਡਲ, ਦਲਾਲ ਭਾਰਤੀ ਨੌਕਰਸ਼ਾਹ, ਸ਼ਰਮਾਏਦਾਰੀ ਦੀ ਵਰਤੋਂ ਕਰਕੇ ਚਲਾਇਆ ਜਾਂਦਾ ਹੈ। ਜੋ ਲੋਕ ਲੋਕਾਂ ਦੇ ਪੱਖ 'ਚ ਹਨ ਉਹ ਇਸ ਨੂੰ ਇਕ ਪਲ ਲਈ ਵੀ ਸਹਿਣ ਨਹੀਂ ਕਰ ਸਕਦੇ।

ਜ਼ਰੂਰਤ ਇਸ ਗੱਲ ਦੀ ਹੈ ਕਿ ਬੀ.ਓ.ਟੀ ਸਕੀਮ ਦੇ ਅਸਲ ਸਾਰ ਦਾ ਪਰਦਾਫ਼ਾਸ ਕਰਦਿਆ ਵਿਆਪਕ ਲੋਕਾਂ ਨੂੰ ਚੇਤੰਨ ਕਰਨ ਲਈ ਫੌਰੀ ਰਾਜਸੀ ਪਹਿਲ ਦਿਤੀ ਜਾਵੇ। ਇਸ ਨਾਲ ਲੋਕ ਦੇਖ ਸਕਣਗੇ ਕਿ ਨਵ-ਬਸਤੀਵਾਦ, ਨਵ-ਉਦਾਰੀਵਾਦੀ ਨੀਤੀਆਂ ਲਾਗੂ ਕਰਨ ਵਾਲਾ ਕੌਣ ਹੈ? ਲੋਕਾਂ ਦੀ ਅਟੁਟ ਜੰਗੀ ਏਕਤਾ ਯਕੀਨੀ ਬਣਾਉਣ ਲਈ ਤੇ ਇਸ ਸੰਘਰਸ਼ ਨੂੰ ਉਚੇ ਪੱਧਰ 'ਤੇ ਲਿਜਾਣ ਲਈ ਇਹ ਬੇਹੱਦ ਜ਼ਰੂਰੀ ਹੈ। ਇਹ ਅਮਲ ਸਾਰੇ ਦੇਸ਼ 'ਚ ਹੈ।

# ਰਾਖਵਾਂ ਕਰਨ ਆਖਰ ਹੈ ਕੀਹਦੇ ਲਈ?

ਰਾਖਵਾਂਕਰਨ ਦਾ ਮਤਲਬ: ਇਹ ਰੁਜ਼ਗਾਰ ਹਾਸਲ ਕਰਨ ਦਾ ਇਕ ਸਥਾਈ ਸਾਧਨ ਹੈ। ਸਥਾਈ ਰਾਖਵੇ ਕਰਨ ਦਾ ਅਰਥ ਹੁੰਦਾ ਹੈ ਜਿਸ ਨੂੰ ਖੋਹਿਆ ਨਾ ਜਾ ਸਕੇ ਅਤੇ ਜੋ ਯੁੱਗਾਂ-ਯੁੱਗਾਂਤਰ੍ਹਾਂ ਤੋਂ ਚਲਦਾ ਆ ਰਿਹਾ ਹੋਵੇ ਜੇ ਇਸ ਨੂੰ ਖੋਹਿਆ ਜਾਵੇ ਤਾਂ ਹਿੰਸਾਤਮਕ ਤਰੀਕੇ ਨਾਲ ਜਾਂ ਕਨੂੰਨੀ ਬਦਲਾਅ ਨਾਲ ਸੰਭਵ ਹੋਵੇਗਾ। ਕੀ ਰਾਖਵਾਂ ਕਰਨ ਤੁਹਾਡੇ ਲਈ ਸਚਾਈ ਹੈ ਤੁਹਾਡਾ ਜੁਆਬ ਹੋਵੇਗਾ ਨਹੀਂ। ਤੁਹਾਡਾ ਰਾਖਵਾਂਕਰਨ ਸਚਾਈ ਨਹੀਂ ਹੈ। ਤੁਹਾਡਾ ਰਾਖਵਾਂਕਰਨ ਯੁੱਗਾਂ-ਯੁੱਗਾਂਤਰਾਂ ਤੋਂ ਚਲਦਾ ਨਹੀਂ ਆ ਰਿਹਾ। ਤੁਹਾਡਾ ਰਾਖਵਾਂਕਰਨ ਰੁਜ਼ਗਾਰ ਦਾ ਸਾਧਨ ਨਹੀਂ ਬਲਕਿ ਸੇਵਾ ਦੀ ਮਜ਼ਬੂਰੀ ਹੈ। ਹੁਣ ਰਾਖਵਾਂ ਕਰਨ ਤੁਹਾਡੇ ਲਈ ਨਹੀਂ ਤਾਂ ਹੋਰ ਕੀਹਦੇ ਲਈ ਹੈ? ਭਾਰਤ ਦਾ ਇਤਿਹਾਸ ਵਰਣ, ਜਮਾਤੀ ਵੰਡ ਤੋਂ ਇਲਾਵਾ ਜਾਤੀ ਧਰਮਾਂ 'ਚ ਵੰਡਿਆ ਹੈ। ਸ਼ਬਦਾਵਲੀ ਰਾਖਵਾਂਕਰਣ ਵੀ ਜਾਤੀ ਧਰਮ ਤੇ ਅਧਾਰਤ ਹੈ। ਪੁਜਾਰੀਆਂ, ਬ੍ਰਾਹਮਣਾਂ ਤੇ ਕਲਰਗੀ ਜਮਾਤ ਦਾ ਸਦੀਆਂ ਤੋਂ ਮੰਦਰਾਂ, ਮਸਜਿਦਾਂ ਆਦਿ ਤੇ ਕਬਜ਼ਾ ਹੈ ਅਤੇ ਉਹ ਨਦੀ ਵਾਲਿਆਂ ਘਾਟ, ਸਮਸਾਨ 'ਚ ਕਰਮਕਾਂਡ, ਸੰਸਕਾਰ ਕਰਨ ਆਦਿ ਨੂੰ ਆਪਣੀ ਜਾਇਦਾਦ ਬਣਾਈ ਬੈਠੇ ਹਨ। ਜਦ ਬਾਪ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦਾ ਪੁੱਤ ਉਹ ਕੰਮ ਸਾਂਭ ਲੈਂਦਾ ਹੈ ਅਤੇ ਕਰਮਕਾਡਾਂ 'ਚ ਲੋਕਾਂ ਨੂੰ ਪਾ ਰੱਖਦਾ ਹੈ। ਆਪਣੇ ਪੁਰਖਿਆਂ ਦੇ ਪੂਰਨਿਆਂ 'ਤੇ ਚਲਦਿਆਂ ਸਾਰੀ ਲੋਕਾਈ ਦੀ ਖੂਬ ਲੁੱਟ-ਘਸੁੱਟ ਕਰਦਾ ਤੇ ਅੰਧ ਵਿਸਵਾਸ਼ ਨੂੰ ਵਧਾਉਂਦਾ ਹੈ। ਨਿਰੰਤਰ ਜਮਾਂਦਰੂ ਰਾਖਵਾਂਕਰਨ ਬ੍ਰਾਹਮਣਾਂ ਦਾ ਰੁਜ਼ਗਾਰ ਕਮਾਉਣ ਦਾ ਸਥਾਈ ਅਧਿਕਾਰ ਹੈ। ਯੁੱਗਾਂ-ਯੁੱਗਾਂਤਰਾਂ ਤੋਂ ਬਿਨ੍ਹਾਂ ਰੋਕ ਟੋਕ ਦੇ ਚਲਦਾ ਵਪਾਰ। ਦੇਸ਼ ਦਾ ਬਜ਼ਟ 11-12 ਲੱਖ ਕਰੋੜ ਦਾ ਜਦਕਿ ਦੇਸ਼ ਦੇ ਮੰਦਰਾਂ ਦੀ ਸਲਾਨਾ ਆਮਦਨ ਕਰੀਬ 750 ਕਰੋੜ ਹੈ। ਮੰਦਰਾਂ ਤੋਂ ਚੋਰੀ ਕਰਕੇ ਮਾਲ ਲੁਕਾਉਣ ਦਾ ਕੰਮ ਕੇਰਲਾ ਦੇ ਪਦਮਾ ਨਾਮਕ ਸਤਿਆ ਸਾਈਂ ਮੰਦਰ 'ਚ ਅਰਬਾਂ ਰੁਪਏ ਦੀ ਮੰਦਰਾਂ 'ਚੋਂ ਚੋਰੀ ਕਰਕੇ ਲੁਕਾਉਣ ਦੀ ਖੁਲੀ ਛੋਟ, ਲੁਟ ਦੀ ਛੋਟ, ਭੈ-ਆਤੰਕ, ਘ੍ਰਿਣਾ, ਨਫ਼ਰਤ ਫੈਲਾਉਣ ਦਾ ਸਤਾ ਦੇ ਅਹਿਮ ਅਹੁਦਿਆਂ 'ਤੇ ਜਨਮ-ਜਾਤ ਇਕ ਰੰਗ-ਰੂਪ ਦਾ ਸਥਾਈ ਰਾਖਵਾਂਕਰਨ ਬ੍ਰਾਹਮਣਾ ਦਾ ਜਿਵੇਂ ਸੰਕਰਾਚਾਰੀਆਂ, ਪੰਡਾ-ਪੁਜਾਰੀਆਂ, ਕਰਮਕਾਂਡ ਧਰਮ ਦਾ ਠੇਕਾ ਇਹ ਯੋਗਤਾ ਦਾ ਨਹੀਂ ਬਲਕਿ ਜਾਤ ਤੇ ਅਧਾਰਤ ਰਾਖਵਾਂਕਰਨ ਹੈ। ਪ੍ਰਧਾਨ ਮੰਤਰੀ, ਜੱਜ, ਫੌਜ, ਜਨਰਲ ਜਾਂ ਹੋਰ ਮੁਖ ਉਚ ਜਾਤੀਆਂ ਖਾਸ ਕਰਕੇ ਬ੍ਰਾਹਮਣ ਹੀ ਅਕਸਰ ਹੁੰਦੇ ਹਨ। ਇਹ ਸਦੀਆਂ ਤੋਂ ਸਥਾਈ ਰਾਖਵਾਂ ਬ੍ਰਾਹਮਣਵਾਦ ਹੈ। ਇਸ ਨੂੰ ਖਤਮ ਕਿਉਂ ਨਹੀਂ ਕੀਤਾ ਜਾ ਸਕਿਆ? ਸੂਦਰਾਂ ਦੇ ਵੱਡ-ਵਡੇਰੇ ਜਾਣਦੇ ਹਨ ਕਿ ਕਿਤੇ ਵੀ ਜ਼ਮੀਨ ਦੇ ਕਿਸੇ ਟੁਕੜੇ 'ਤੇ ਝੌਂਪੀ ਬਣਾ ਕੇ ਰਹਿ ਸਕਦੀ ਸੀ। ਉਹ ਕਿਰਾਇਆ ਦਿੰਦਾ ਸੀ ਪਰ ਉਸ ਨੂੰ ਖਰੀਦ ਕੇ ਰਜਿਸਟਰੀ ਨਹੀਂ ਕਰਵਾ ਸਕਦਾ ਸੀ। ਕਿਉਂਕਿ ਜ਼ਮੀਨ ਖਰੀਦਣ ਦਾ ਹੱਕ ਇਹਨਾਂ ਅਛੂਤਾਂ ਨੂੰ ਨਹੀਂ ਸੀ। ਬਣੀ ਝੁੱਗੀ ਜਦ ਚਾਹੇ ਢਾਹੀ ਜਾ ਸਕਦੀ ਸੀ ਭਾਵ ਉਸ ਨੂੰ ਬੇਦਖਲ ਕੀਤਾ ਜਾ ਸਕਦਾ ਸੀ। ਖਰੀਦ ਤੇ ਸਥਾਈ ਰਿਹਾਇਸ਼ ਦਾ ਸੇਵਾ ਦਾ ਅਧਿਕਾਰ (ਰਹਾਇਸ਼) ਅਸਥਾਈ ਸੀ। ਭਾਰਤ ਸਰਕਾਰ ਦੇ ਸਾਸ਼ਨ, ਪ੍ਰਸ਼ਾਸਨ 'ਚ ਵੱਡੇ-ਵੱਡੇ

ਹੁਕਮਰਾਨ ਆਈ.ਏ.ਐਸ.ਆਈ.ਪੀ.ਐਸ ਆਦਿ। 2000 ਪਹਿਲੀ ਸ੍ਰੇਣੀ ਉਹਨਾਂ ’ਚੋਂ ਅਨੁਸੂਚਿਤ ਜਾਤੀ, ਅਨੁਸੂਚਿਤ ਜਨ ਜਾਤੀ, ਓ.ਬੀ.ਸੀ ਤੇ ਘੱਟ ਗਿਣਤੀਆਂ (ਜੋ 85% ਦੇ ਹੱਕਦਾਰ ਹਨ) ਉਹਨਾਂ ਦੇ ਸਿਰਫ 10 ਫੀ ਸਦੀ ਹੀ ਹੁਕਮਰਾਨ (ਨੌਕਰਸ਼ਾਹੀ) ਹਨ। ਸਰਕਾਰੀ ਕੰਪਨੀਆਂ ਦੇ ਮੁੱਖ ਅਧਿਕਾਰੀ ਜਨਰਲ ਮੈਨੇਜਰ 500 ਕੰਪਨੀਆਂ ’ਚ ਪਿਛੜਿਆ ਵਰਗ ਅਤੇ ਅਨੁਸੂਚਿਤ ਜਾਤੀ, ਜਨ ਜਾਤੀ ਤੇ ਘੱਟ ਗਿਣਤੀ ’ਚੋਂ ਇਕ ਵੀ ਨਹੀਂ ਹੈ। ਜਿਵੇਂ ਰਿਜ਼ਰਵ ਬੈਂਕ, ਰੇਲਵੇ ਬੋਰਡ, ਆਇਲ ਇੰਡੀਆ ਗੈਸੇਸ ਅਥਾਰਟੀ ਇੰਡੀਆ ਬੀਮਾ ਆਦਿ ਵਰਗੇ ਵਿਭਾਗ ਤੋਂ ਇਲਾਵਾ ਫਿਲਮ ਸੈਂਸਰ ਬੋਰਡ ਆਦਿ ਵਰਗੇ ਵੱਡੇ ਵਿਭਾਗ ’ਚ ਵੱਡੇ ਅਹੁਦਿਆਂ ’ਤੇ ਵੀ ਪਿਛੜੇ ਤੇ ਨੀਮ ਵਰਗਾਂ ਦੀ ਗਿਣਤੀ ਨਾਂ ਦੇ ਬਰਾਬਰ ਹੈ। ਇਹਨਾਂ ਵਿਭਾਗਾਂ ’ਚ ਉਚ ਜਾਤੀਆਂ ਦਾ ਹੀ ਦਬਦਬਾ (ਰਾਖਵਾਂਕਰਨ) ਹੈ। ਰਾਖਵਾਂਕਰਨ ਵਿਵਸਥਾ ਨੂੰ 63 ਸਾਲਾਂ ਪਿਛੋਂ ਵੀ ਲਾਗੂ ਨਾ ਹੋਣ ਦਾ ਕਾਰਨ ਸੱਤਾ ’ਤੇ ਕਾਬਜ ਦਲਾਲ ਨੌਕਰਸ਼ਾਹ ਸ਼ਰਮਾਏਦਾਰੀ ਹੈ। ਡਿਗਰੀਆਂ ਵੰਡਣ ਵਾਲੇ ਉਚ ਜਾਤੀ ਦਾ 80 ਫ਼ੀ ਸਦੀ ਨੰਬਰ ਪੱਕੇ-ਪੱਕੇ ਪਿਛੜਿਆਂ ਦੇ 40* ਰਾਖਵੇਂ ਹਨ? ਪਿਛੜਿਆਂ ਤੇ ਅਨੁਸੂਚਿਤ ਜਾਤੀਆਂ ਦਾ 60% ਬੈਕਲਾਗ ਹੋਣ ਦੇ ਬਾਵਜੂਦ ਖਾਲੀ ਅਹੁਦੇ ਚੋਰ ਮੋਰੀਆਂ ਰਾਹੀਂ ਉਚ ਵਰਗ ਦੇ ਲੋਕਾਂ ’ਚੋਂ ਭਰੀਆਂ ਜਾਂਦੀਆਂ ਹਨ ਉਹਨਾਂ ਨੂੰ ਅਧਿਕਾਰਾਂ ਤੋਂ ਵਾਂਝੇ ਰਖ ਕੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਇਕ ਬ੍ਰਾਹਮਣੀ ਸਾਜਿਸ਼ ਹੈ ਤੇ ਉਹਨਾਂ ਦਾ ਹਕੂਮਤੀ ਤਾਣੇ-ਬਾਣੇ ’ਤੇ ਕਬਜ਼ੇ ਦਾ ਹੋਣਾ ਹੈ। ਭਾਰਤੀ ਸੰਵਿਧਾਨ ’ਚ ਸੰਸਦ ਤੇ ਵਿਧਾਨ ਸਭਾਵਾਂ ’ਚ ਲੋਕ ਨੁਮਾਇੰਦਿਆਂ ਦਾ 70% ਅਨੁਸੂਚਿਤ ਜਾਤੀ, ਜਨਜਾਤੀ ਤੇ ਓ.ਬੀ.ਸੀ ਦਾ ਹੈ। ਉਹ ਵੀ ਮੁਲਾਜਮਾਂ ’ਚ ਗੁਆਚੇ ਰਹਿੰਦੇ ਹਨ ਕਿਉਂਕਿ ਅੰਗ੍ਰੇਜਾਂ ਵੇਲੇ ਵੀ ਇਹ ਰਾਖਵਾਂਕਰਨ ਸੀ। 1932 ਕਾਮਨਲ ਅਵਾਰਡ ਦੇ ਮਾਧਿਅਮ ਰਾਹੀਂ ਪਹਿਲਾਂ ਚੋਣ ਨਿਰਵਾਚਨ ਖੇਤਰ (ਸੇਪਰੇਟ ਇਲੈਕਟੋਰੇਟ) ਲਾਗੂ ਕੀਤਾ ਗਿਆ। ਇਸ ਅਨੁਸਾਰ ਦੋਹਰਾ ਵੋਟ ਅਧਿਕਾਰ ਰਾਖਵਾਂ ਵਰਗ ਆਪਣਾ ਨੁਮਾਇੰਦਾ ਖੜ੍ਹਾ ਕਰਨ ਦਾ ਹੱਕ ਮਿਲਿਆ ਪਰ 24 ਸਤੰਬਰ 1932 ਨੂੰ ਪੂਨਾ ਪੈਕਟ ਇਕ ਸੁਗਾਤ ਪੂਰਨ ਧੋਖਾ ਧੜੀ ਕੀਤੀ ਗਾਂਧੀ ਜੀ ਨੇ ਸਾਜਿਸ ਤਹਿਤ ਯਰਵਦਾ ਜੇਲ੍ਹ ’ਚ ਮਰਨ ਵਰਤ ’ਤੇ ਬੈਠਾ ਉਸ ਦੀ ਮੰਗ ਸੀ ਕਿ ਵੱਖਰਾ ਚੋਣ ਖੇਤਰ ਨੇ ਹੀ ਅਛੂਤਾਂ ਦੇ ਮੌਲਿਕ ਤੇ ਸੰਵਿਧਾਨਕ ਅਧਿਕਾਰ ਮਾਰ ਦਿਤੇ। ਬਹੁਤੇ ਲੋਕ ਆਪਣੀ ਵੋਟ ਦੇ ਅਧਿਕਾਰ ਨੂੰ ਵਰਤਣ ਦੀ ਥਾਂ ਪਾਰਟੀ ਤੇ ਉਸ ਦੀ ਲੀਡਰਸ਼ਿਪ ਦੇ ਲਾਈਲੱਗ ਬਣੇ ਰਹਿੰਦੇ ਹਨ। ਉਹਨਾਂ ਦੀ ਹਾਲਤ ਦਲਾਲਾਂ ਵਰਗੀ ਹੁੰਦੀ ਹੈ। ਇਹੀ ਕਾਰਨ ਹੈ ਕਿ ਅਦਾਲਤਾਂ ਤੇ ਸੇਵਾ ਖੇਤਰ ’ਚ ਉਚ ਜਾਤੀ ਦੇ ਪ੍ਰਭਾਵ ਤੇ ਅਧਾਰਤ ਜੱਜਾਂ ਤੇ ਫੌਜ ਮੁਖੀ ਦੀ ਨਿਯੁਕਤੀ ਕੀਤੀ ਜਾਂਦੀ ਹੈ। ਇਸ ਲਏਂ ਇਹ ਕਿਹਾ ਜਾ ਸਕਦਾ ਹੈ ਕਿ ਰਾਖਵਾਂਕਰਨ ਉਲਟਾ ਸਵਰਨ ਜਾਤੀਆਂ ਲਈ ਹੋ ਨਿਬੜਦਾ ਹੈ।

# ਕੀ ਦਰਸਾਉਂਦੀ ਹੈ- ਫਰਾਂਸ ’ਚ ਹੋਲਾਂਦੇ ਦੀ ਜਿੱਤ?

ਮਈ ਦੇ ਪਹਿਲੇ ਹਫ਼ਤੇ ’ਚ ਫ੍ਰਾਂਸ ਦੇ ਰਾਸ਼ਟਰਪਤੀ ਦੇ ਦੂਜੇ ਪੜਾਅ ਦੇ ਖਤਮ ਹੋਣ ਦੇ ਨਾਲ ਹੀ ਫ੍ਰਾਂਸ ਨੂੰ ਨਵਾਂ ਰਾਸ਼ਟਰਪਤੀ ਮਿਲ ਗਿਆ। ਪਿਛਲੇ ਪੰਜ ਸਾਲਾਂ ਤੋਂ ਫ੍ਰਾਂਸ ਦੇ ਰਾਸ਼ਟਰਪਤੀ ਰਹੇ ਨਿਕੋਲਸ ਸਰਕੋਜ਼ੀ ਦੀ ਹਾਰ ਅਸਲ ’ਚ ਫ੍ਰਾਂਸਵਾ ਹੋਲਾਂਦੇ ਦੀ ਜਿੱਤ ਨਹੀਂ ਹੈ। ਪਿਛਲੇ ਕੁਝ ਸਾਲਾਂ ਵਿਚ ਤੇ ਖਾਸ ਕਰਕੇ ਆਰਥਕ ਮੰਦੀ ਦੀ ਸ਼ੁਰੂਆਤ ਪਿਛੋਂ ਤੋਂ ਨਿਕਲੋਸ ਸਰਕੋਜ਼ੀ ਦੀ ਆਰਥਕ ਤੇ ਰਾਜਸੀ ਨੀਤੀਆਂ, ਬਿਆਨਾਂ ਤੇ ਕੌਮਾਂਤਰੀ ਨੀਤੀਆਂ ਨਾਲ ਲੋਕ ਏਨੀ ਬੁਰੀ ਤਰ੍ਹਾਂ ਨਾਰਾਜ਼ ਸਨ ਕਿ ਉਹ ਕਿਸੇ ਵੀ ਕੀਮਤ ’ਤੇ ਸਰਕੋਜ਼ੀ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ। ਸਰਕੋਜ਼ੀ ਦੇ ਬਰਕਸ ਕੋਈ ਵੀ ਐਸਾ ਉਮੀਦਵਾਰ ਖੜਾ ਹੁੰਦਾ ਜੋ ਕਿਸੇ ਪਿਛਾਖੜੀ ਜਾਂ ਰੂੜੀਵਾਦੀ ਪਾਰਟੀ ਤੋਂ ਨਾ ਹੁੰਦਾ ਤਾਂ ਉਹ ਜਿੱਤ ਹੀ ਜਾਂਦਾ ਸਰਕੋਜ਼ੀ ਇਕ ਸਰਵੇਖਣ ਅਨੁਸਾਰ 1958 ਤੋਂ ਲੈ ਕੇ ਹੁਣ ਤਕ ਫਰਾਂਸ ਦੇ ਸਭ ਤੋਂ ਹਰਮਨ ਪਿਆਰੇ ਰਾਸ਼ਟਰਪਤੀ ਸਿੱਧ ਹੋਏ ਹਨ। ਇਸ ਦਾ ਕਾਰਨ ਸੀ ਸਰਕੋਜ਼ੀ ਦਾ ਅਮੀਰ ਜਮਾਤਾਂ ਪ੍ਰਤੀ ਖੁਲ੍ਹਾ ਪ੍ਰੇਮ ਤੇ ਪਿਆਰ, ਜੋ ਕਿ ਉਹਨਾਂ ਦ ਇਸ ਵਿਚਾਰ ਤੋਂ ਪੈਦਾ ਹੁੰਦਾ ਸੀ ਕਿ ਸਮਾਜ ’ਚ ਜੋ ਸਮਰਥ ਹੁੰਦੇ ਹਨ ਉਹ ਅਮੀਰ ਹੋ ਜਾਂਦੇ ਹਨ ਤੇ ਇਸ ਮੁਕਾਬਲੇ ’ਚ ਉਹ ਲੋਕ ਪਿਛੜ ਕੇ ਹੇਠਾਂ ਚਲੇ ਜਾਂਦੇ ਹਨ ਅਤੇ ਦਰਿਦਰ ਹੋ ਜਾਂਦੇ ਹਨ ਜੋ ਅਸਮਰਥ ਹੁੰਦੇ ਹਨ। ਸਰਕੋਜ਼ੀ ਵਲੋਂ ਸੀਰੀਆ, ਇਰਾਨ ਤੇ ਅਫ਼ਗਾਨਿਸਤਾਨ ਦੇ ਮਸਲੇ ’ਤੇ ਅਮਰੀਕਾ ਦੀ ਹਮਾਇਤ ਕਰਨੀ ਅਤੇ ਨਾ ਸਿਰਫ ਸਾਮਰਾਜੀ ਯੁੱਧਾਂ ਨੂੰ ਰਾਜਸੀ ਹਮਾਇਤ ਦੇਣੀ ਬਲਕਿ ਅਫਗਾਨਿਸਤਾਨ ’ਚ ਫਰਾਂਸੀਸੀ ਫੌਜ ਦੀ ਮੌਜੂਦਗੀ ਨੂੰ ਵਧਾਉਣਾ ਫਰਾਂਸੀਸੀ ਲੋਕਾਂ ਨੂੰ ਨਾਗਵਾਰ ਗੁਜਰਿਆ ਸੀ। ਸਰਕੋਜ਼ੀ ਨੇ ਜਰਮਨ ਦੀ ਚਾਂਸਲਰ ਇੰਜੇਲਾ ਮਰਕੇਲ ਦੇ ਨਾਲ ਮਿਲ ਕੇ ਪੂਰੇ ਯੂਰੋ ਜੋਨ ’ਤੇ ਜੋ ਨੀਤੀ ਠੋਸ ਰਖੀ ਸੀ ਉਸ ਦਾ ਮਤਲਬ ਸੀ ਕਿ ਲੋਕ ਆਪਣੇ ਖਰਚਿਆਂ ’ਚ ਕਟੌਤੀ ਕਰਨ ਤਾਂ ਕਿ ਅਮੀਰਾਂ ਦੀ ਐਯਾਸ਼ੀ ਅਤੇ ਬੈਂਕਾਂ ਤੇ ਦਲਾਲਾਂ ਦੀ ਸੱਟੇਬਾਜ਼ੀ ਲਈ ਪੈਸੇ ਦੀ ਘਾਟ ਨਾ ਰਹੇ। ਉਸ ਕਾਰਨ ਪੂਰੇ ਯੂਰਪ ਦੀ ਮੇਹਨਤਕਸ਼ ਜਨਤਾ ਨੂੰ ਭਾਰੀ ਪ੍ਰੇਸ਼ਾਨੀ, ਕਟੌਤੀਆਂ, ਬੇਰੁਜ਼ਗਾਰੀ ਤੇ ਸਮਾਜ-ਆਰਥਕ ਬੇਯਕੀਨੀ ਝਲਣੀ ਪੈ ਰਹੀ ਸੀ। ‘ਮਰਕੋਜ਼ੀ’ (ਮਰਕੇਲ+ਸਰਕੋਜ਼ੀ) ਦੀਆਂ ਇਹਨਾਂ ਨੀਤੀਆਂ ਦਾ ਮਕਸਦ ਸੀ ਜਨਤਾ ਦੀ ਕੀਮਤ ’ਤੇ ਵਿੱਤੀ ਪੂੰਜੀ ਨੂੰ ਬਚਾਉਣਾ ਤੇ ਅਮੀਰ ਵਰਗਾਂ ਨੂੰ ਬਚਾਉਣਾ। ਖੁਲ੍ਹੇਆਮ ਇਹਨਾਂ ਨੀਤੀਆਂ ਨੂੰ ਲਾਗੂ ਕਰਨ ਤੇ ਅਮੀਰ ਜਮਾਤਾਂ ਪ੍ਰਤੀ ਆਪਣੇ ਪਿਆਰ ਦੇ ਜਨਤਕ ਇਜ਼ਹਾਰ ਦੀ ਕੀਮਤ ਸਰਕੋਜ਼ੀ ਨੂੰ ਚੋਣ ’ਚ ਹਾਰ ਨਾਲ ਚੁਕਾਉਣੀ ਪਈ। ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਫ੍ਰਾਂਸ ਦੀ ਸਮਾਜਕ ਜਮਹੂਰੀ ਪਾਰਟੀ ਵਾਸਤੇ ਸ਼ੋਸ਼ਲਿਸ ਤੇ ਦੇ ਫ੍ਰਾਂਸਵਾਂ ਹੋਲਾਂਦੇ ਨੂੰ ਲੋਕ ਪਸੰਦ ਕਰਦੇ ਹਨ। ਜੇ ਅਜੇਹਾ ਹੁੰਦਾ ਤਾਂ ਸਰਕੋਜ਼ੀ ਤੇ ਹੋਲਾਂਦੇ ਦੀ ਜਿੱਤ ਵਿਚਾਲੇ ਸਿਰਫ ਦੋ ਫੀ ਸਦੀ ਦਾ ਮਾਮੂਲੀ ਜਿਹਾ ਫਰਕ ਨਾ ਹੁੰਦਾ। ਅਸਲ ਵਿਚ, ਹੋਲਾਂਦੇ ਦੀ ਜਿੱਤ ਫ੍ਰਾਂਸ ਦੀ ਪੂੰਜੀਵਾਦੀ ਸਿਆਸਤ ’ਚ ਵਿਕਲਪ ਹੀਣਤਾ ਦੀ ਸਥਿਤੀ ਨੂੰ ਦਰਸਾਉਂਦੀ ਹੈ। ਲੋਕ ਕਿਸੇ ਵੀ ਕੀਮਤ ’ਤੇ ਸਰਕੋਜ਼ੀ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸੀ ਇਸ ਲਈ ਉਸ ਨੇ ਹੋਲਾਂਦੇ ਨੂੰ ਵੋਟ ਦਿੱਤਾ ਹਾਲਾਂਕਿ ਕੁਝ ਨਾਦਾਨ ਲੋਕਾਂ ਨੂੰ

ਛੱਡ ਦਿੱਤਾ ਜਾਵੇ ਤਾਂ ਸਭ ਜਾਣਦੇ ਸਨ ਕਿ ਹੋਲਾਂਦੇ ਕਿਸੇ ਵੀ ਤਰ੍ਹਾਂ ਸਰਕੋਜ਼ੀ ਤੋਂ ਵੱਖਰੀ ਕਿਸਮ ਦੀਆਂ ਆਰਥਕ ਨੀਤੀਆਂ ਲਾਗੂ ਕਰਨ ਵਾਲੇ ਨਹੀਂ ਸਨ। ਚੋਣ ਪ੍ਰਚਾਰ ਦੇ ਪਹਿਲੇ ਦੌਰ 'ਚ ਹੋਲਾਂਦੇ ਨੇ ਕੁਝ ਅਜੇਹੀਆਂ ਗੱਲਾਂ ਕਹੀਆਂ ਸਨ ਜਿਸ ਨਾਲ ਫਰਾਂਸ ਦੇ ਲੋਕਾਂ ਨੂੰ ਇਹ ਗਲਤ ਫਹਿਮੀ ਹੋ ਜਾਵੇ ਕਿ ਉਹ ਸਰਕੋਜ਼ੀ ਦੀ ਲੋਕ ਵਿਰੋਧੀ ਨੀਤੀਆਂ ਨੂੰ ਛੱਡਣ ਜਾ ਰਹੇ ਹਨ। ਮਿਸਾਲ ਵਜੋਂ ਹੋਲਾਂਦੇ ਨੇ ਇਕ ਇੰਟਰਵਿਊ 'ਚ ਕਿਹਾ ਸੀ ਕਿ "ਵਿੱਤ ਪੂੰਜੀ ਉਸ ਦੀ ਸਭ ਤੋਂ ਵੱਡੀ ਦੁਸ਼ਮਣ ਹੈ" ਪਰ ਠੀਕ ਉਸ ਸਮੇਂ ਹੋਲਾਂਦੇ ਨੇ ਬ੍ਰਿਟਿਸ ਅਖਬਾਰ ਦ ਗਾਰਡੀਅਨ ਨੂੰ ਦਿਤੇ ਇਕ ਬਿਆਨ 'ਚ ਕਿਹਾ ਕਿ 'ਅਸੀਂ ਸਮਾਜਵਾਦੀ ਇਸ ਤੋਂ ਪਹਿਲਾਂ 15 ਸਾਲ ਲਗਾਤਾਰ ਸਤਾ ਵਿਚ ਸਾਂ ਜਦ ਅਸੀਂ ਅਰਥਚਾਰੇ ਦਾ ਉਦਾਰੀਕਰਣ ਕੀਤਾ, ਵਿੱਤੀ ਪੂੰਜੀ ਤੇ ਨਿਜੀਕਰਣ ਲਈ ਪੂਰੇ ਫ੍ਰਾਂਸੀਸੀ ਅਰਥਚਾਰੇ ਨੂੰ ਖੋਲ੍ਹ ਦਿਤਾ ਸੀ। ਇਸ ਲਈ (ਬੈਂਕਾਂ ਤੇ ਵਿਤੀ ਪੂੰਜੀ ਨੂੰ) ਸਾਥੋਂ ਡਰਨ ਦੀ ਕੋਈ ਲੋੜ ਨਹੀਂ ਹੈ"। ਹੋਲਾਂਦੇ ਨੇ ਆਪਣੀ ਜਿੱਤ 'ਤੇ ਕਿਹਾ "ਯੂਰਪ ਲਈ ਮਿਤਵਿਅਤਤਾ ਦੀ ਨੀਤੀ ਇਕੋ ਇਕ ਬਦਲ ਨਹੀਂ ਹਨ" ਨਾਲ ਹੀ ਉਹਨਾਂ ਇਹ ਵੀ ਕਿਹਾ ਕਿ ਉਹ ਫਰਾਂਸ ਦੇ ਸਭ ਤੋਂ ਅਮੀਰ ਵਰਗਾਂ 'ਤੇ 75 ਫੀ ਸਦੀ ਤਕ ਟੈਕਸ ਲਾਉਣਗੇ। ਪਰ ਜਦ ਹੋਲਾਂਦੇ ਲੋਕਾਂ ਨੂੰ ਇਹ ਰੰਗੀਨ ਸੁਪਨੇ ਦਿਖਾ ਰਹੇ ਸਨ, ਠੀਕ ਉਸ ਸਮੇਂ ਉਹ ਵਿਤੀ ਪੂੰਜੀ ਦੇ ਸਰਦਾਰਾਂ ਤੇ ਕਾਰਪੋਰੇਟ ਪੂੰਜੀਪਤੀ ਜਮਾਤ ਨੂੰ ਕੀ ਕਹਿ ਰਹੇ ਸਨ? ਇੰਟਰਨੈਸ਼ਨਲ ਹੇਰਾਲਡ ਟ੍ਰਿਬਿਊਨ ਨੇ ਸਮਾਚਾਰ ਏਜੰਸੀ, ਰਾਇਟਰਾਂ ਨੂੰ ਭੇਜੀ ਗਈ ਹੋਲਾਂਦੇ ਦੇ ਬਿਆਨ ਦੇ ਅਧਾਰ 'ਤੇ ਲਿਖਿਆ "ਬੈਂਕਾਂ, ਵਿਤੀ ਸੰਸਥਾਵਾਂ ਤੇ ਹੇਜ ਫੰਡਾਂ ਨੂੰ ਹੋਲਾਂਦੇ ਦੇ ਚੁਣੇ ਜਾਣ ਨਾਲ ਪੈਰਿਸ ਤੋਂ ਭੱਜਣ ਦੀ ਕੋਈ ਲੋੜ ਨਹੀਂ ਹੈ। ਅਸਲ ਵਿਚ ਹੋਲਾਂਦੇ ਜਿਹਨਾਂ ਸੁਧਾਰਾਂ ਦਾ ਪ੍ਰਸਤਾਅ ਰਖ ਰਹੇ ਹਨ, ਉਹ ਕੋਈ ਖਾਸ ਡਰਾਉਣੇ ਨਹੀਂ ਹਨ ਅਤੇ ਜੋ ਥੋੜਾ ਬਹੁਤ ਡਰਾਉਣੇ ਹਨ, ਉਹਨਾਂ ਸਬੰਧੀ ਹੋਲਾਂਦੇ ਖੁਦ ਗੰਭੀਰ ਨਹੀਂ ਹਨ"। ਵਿਤੀ ਪੂੰਜੀ ਦੇ ਸਰਦਾਰਾਂ ਨੂੰ ਅੱਛੀ ਤਰ੍ਹਾਂ ਪਤਾ ਹੈ ਕਿ ਹੋਲਾਂਦੇ ਚੋਣ ਪ੍ਰਚਾਰ 'ਚ ਜੋ ਲੋਕ ਰਾਜਕਰਤਾਵਾਂ ਦੀ ਬਿਆਨਬਾਜ਼ੀ ਕਰ ਰਹੇ ਹਨ, ਉਸ ਦਾ ਮਕਸਦ ਸਿਰਫ ਸਰਕੋਜ਼ੀ ਤੋਂ ਵੱਖ ਵਿਖਾਉਣਾ ਤੇ ਲੋਕਾਂ ਦਾ ਭਰੋਸਾ ਜਿੱਤਣਾ ਸੀ। ਉਹ ਵੀ ਜਾਣਦੇ ਹਨ ਕਿ ਮੌਜੂਦਾ ਆਰਥਕ ਤੇ ਰਾਜਸੀ ਤੰਤਰ ਦੇ ਢਾਂਚੇ ਨੂੰ ਮੁਢੋਂ ਬਦਲਣ ਬਗੈਰ ਚੋਣਾਂ ਤੇ ਸਰਕਾਰੀ ਸੁਧਾਰਾਂ ਦੇ ਰਾਹੀਂ ਲੋਕਾਂ ਨੂੰ ਕੁਝ ਨਹੀਂ ਦਿੱਤਾ ਜਾ ਸਕਦਾ ਅਤੇ ਨਾ ਹੀ ਵਿਤੀ ਪੂੰਜੀ ਤੋਂ ਕੁਝ ਲਿਆ ਜਾ ਸਕਦਾ ਹੈ। ਇਸ ਲਈ ਬੈਂਕਾਂ ਆਦਿ ਨੂੰ ਹੋਲਾਂਦੇ ਤੋਂ ਕੋਈ ਡਰ ਨਹੀਂ ਸੀ। ਜਿੱਤ ਤੋਂ ਪਿਛੋਂ ਹੋਲਾਂਦੇ ਦੇ ਬਿਆਨਾਂ ਦੇ ਵਿਤੀ ਪੂੰਜੀ ਤੇ ਕਾਰਪੋਰੇਟ ਪੂੰਜੀਪਤੀਆਂ ਦੇ ਇਸ ਭਰੋਸੇ ਨੂੰ ਸਹੀ ਸਾਬਤ ਕੀਤਾ ਹੈ। ਹੋਲਾਂਦੇ ਇਸ ਸਮੇਂ ਇਕ ਆਡਿਟ ਕਰਨ ਵਾਲੇ ਨਿਕਾਅ ਕੁਆ ਦੇ ਕਾਮਪਤੇ ਦੀ ਰੀਪੋਟ ਦੇ ਅਧਾਰ 'ਤੇ ਲੋਕਾਂ ਨੂੰ ਇਹ ਯਕੀਨ ਦਿਵਾਉਣ 'ਚ ਲੱਗੇ ਹਨ ਕਿ ਬਜ਼ਟ ਘਾਟੇ ਨੂੰ ਘੱਟ ਕਰਨ ਲਈ ਉਹਨਾਂ ਕੋਲ ਸਮਾਜਕ ਸੁਰਖਿਆ ਯੋਜਨਾਵਾਂ ਵਿਚ ਕਟੌਤੀ ਕਰਨ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਹੈ। ਯਾਨੀ ਕਿ ਸਿਖਿਆ, ਸਿਹਤ, ਬੇਰੁਜ਼ਗਾਰੀ ਭੱਤੇ, ਬਜ਼ੁਰਗ ਪੈਨਸ਼ਨ, ਵਰਗੇ ਮਦਾਂ 'ਚ ਜੋ ਸਰਕਾਰੀ ਖਰਚਾ ਹੁੰਦਾ ਹੈ ਉਸ ਵਿਚ ਕਟੌਤੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਉਹਨਾਂ ਨੇ ਸਾਮਰਾਜੀ ਜੰਗਾਂ ਵਿਚ ਲੱਗੀ ਫ੍ਰਾਂਸੀਸੀ ਫੌਜ ਨੂੰ ਵਾਪਸ ਬੁਲਾਉਣ ਦੇ ਵਾਅਦੇ ਨੂੰ ਵੀ ਰੱਦੀ ਦੀ ਟੋਕਰੀ ਹਵਾਲੇ ਕਰ ਦਿੱਤਾ ਹੈ। ਅਮੀਰ ਜਮਾਤਾਂ 'ਤੇ ਜੋ

75 ਫੀ ਸਦੀ ਟੈਕਸ ਲਾਉਣ ਦਾ ਵਾਅਦਾ ਹੋ ਹੋਲਾਂਦੇ ਨੇ ਕੀਤਾ ਸੀ ਉਸ ਬਾਰੇ ਅੱਜ ਪਿਛੇ ਜਿਹੇ ਹੀ ਖੁਲਾਸਾ ਹੋਇਆ ਹੈ ਕਿ ਉਸ ਦਾਇਰੇ 'ਚ ਪੂਰੇ ਫਰਾਂਸ ਦੀ ਅਬਾਦੀ ਦਾ ਸਿਰਫ 3000 ਲੋਕ ਆਉਣਗੇ। ਸਾਫ ਹੈ ਕਿ ਹੋਲਾਂਦੇ ਚੋਣਾਂ ਵਿਚ ਜਿੱਤ ਕੇ ਆਪਣੇ ਬਹੁਤੇ ਵਾਅਦਿਆਂ ਤੋਂ ਮੁਕਰ ਚੁਕੇ ਹਨ। ਵੱਧ ਅਧਿਆਪਕਾਂ ਦੀ ਭਰਤੀ ਸਕੂਲ ਸਿਖਿਆ ਨੂੰ ਸਬਸਿਡੀ ਆਦਿ ਵਰਗੀਆਂ ਕੁਝ ਸ਼ਰਤਾਂ ਹਨ ਜਿਹਨਾਂ 'ਤੇ ਹੋਲਾਂਦੇ ਅਜੇ ਵੀ ਟਿਕੇ ਹੋਏ ਹਨ। ਪਰ ਮੁੱਖ ਕੇਂਦਰ ਵਾਅਦੇ ਜੋ ਕਿ ਉਹਨਾਂ ਨੇ ਸਰਕੋਜ਼ੀ ਤੋਂ ਵੱਖ ਵਿਖਾਏ ਸਨ ਹੁਣ ਠੰਡੇ ਬਸਤੇ 'ਚ ਪਾਏ ਜਾ ਚੁੱਕੇ ਹਨ। ਫ੍ਰਾਂਸੀਸੀ ਜਨਤਾ ਨੂੰ ਵੀ ਹੋਲਾਂਦੇ ਤੋਂ ਜਿਆਦਾ ਉਮੀਦਾਂ ਨਹੀਂ ਸੀ ਪਰ ਇਹ ਸਾਰਾ ਕੰਮ ਏਨੀ ਬੇਸ਼ਰਮੀ ਨਾਲ ਕੀਤਾ ਜਾਵੇਗਾ ਕਿ ਸ਼ਾਇਦ ਇਸ ਦੀ ਉਮੀਦ ਵੀ ਉਹਨਾਂ ਨੇ ਨਹੀਂ ਕੀਤੀ ਹੋਵੇਗੀ। ਫ੍ਰਾਂਸ 'ਚ ਸਮਾਜਕ-ਜਨਵਾਦੀਆਂ ਦੀ ਜਿੱਤ ਅਸਲ 'ਚ ਪੂੰਜੀਵਾਦ ਦੇ ਸੰਕਟ ਦਾ ਸਿੱਟਾ ਹੈ। ਵਿਸ਼ਵ ਪੂੰਜੀਵਾਦ ਮੰਦੀ ਦੀ ਇਸ ਘੁਮਣਘੇਰੀ ਵਿਚ ਫਸ ਚੁੱਕਿਆ ਹੈ ਉਸ ਦੀ ਕੁਝ ਰਾਜਸੀ ਕੀਮਤ ਤਾਂ ਉਸ ਨੂੰ ਚੁਕਾਉਣੀ ਹੀ ਪੈਣੀ ਸੀ। ਨਵ-ਉਦਾਰਵਾਦੀ ਨੀਤੀਆਂ ਦਾ ਨੰਗਾ ਚਿੱਟਾ ਪਾਲਣ ਕਰਨ ਵਾਲੀਆਂ ਪਾਰਟੀਆਂ ਵੱਖ-ਵੱਖ ਦੇਸ਼ਾਂ 'ਚ ਚੋਣਾਂ 'ਚ ਹਾਰ ਰਹੀਆਂ ਹਨ। ਯੂਨਾਨ 'ਚ ਇਕ ਖੱਬੇ ਪੱਖੀ ਗਠਜੋੜ ਨੇ ਚੋਣਾਂ 'ਚ ਪ੍ਰਭਾਵੀ ਮੁਜਾਹਰਾ ਕੀਤਾ। ਸੰਕਟ ਦੇ ਸ਼ੁਰੂ ਹੋਣ ਦੇ ਪਿਛੋਂ ਤੋਂ ਯੂਰਪ 'ਚ 11 ਸਰਕਾਰਾਂ ਬਦਲ ਚੁਕੀਆਂ ਹਨ ਕੁਝ ਚੋਣਾਂ ਰਾਹੀਂ ਤੇ ਕੁਝ ਹਾਕਮ ਜਮਾਤਾਂ ਦੇ ਵੱਖ-ਵੱਖ ਧੜਿਆਂ ਦੇ ਵਿਚਕਾਰ ਗਠਜੋੜ ਰਾਹੀਂ। ਆਰਥਕ ਸੰਕਟ ਦਾ ਪੂਰਾ ਬੋਝ ਸ਼ਰਮਾਏਦਾਰ ਜਮਾਤ ਲੋਕਾਂ 'ਤੇ ਪਾ ਰਹੀ ਹੈ। ਇਹ ਆਰਥਕ ਸੰਕਟ ਬੈਂਕਾਂ ਦੀ ਸੱਟੇਬਾਜ਼ੀ ਤੇ ਜੂਏਬਾਜ਼ੀ ਦੇ ਕਾਰਣ ਪੈਦਾ ਹੋਇਆ ਸੀ। ਜਦ ਬੈਂਕਾਂ ਦੇ ਦਿਵਾਲੀਆਂ ਹੋਣ ਦੀ ਹਾਲਤ ਹੋਈ ਤਾਂ ਵਿਤੀ ਇਜ਼ਾਰੇਦਾਰ ਪੂੰਜੀ ਦੇ ਇਸ਼ਾਰਿਆਂ 'ਤੇ ਚਲਣ ਵਾਲੀਆਂ ਸਰਕਾਰਾਂ ਨੇ ਜਨਤਾ ਦੇ ਪੈਸਿਆਂ ਨਾਲ ਬੈਂਕਾਂ ਨੂੰ ਬਚਾਇਆ ਅਤੇ ਜਦ ਸਰਕਾਰੀ ਖਜਾਨੇ 'ਚ ਸਰਕਾਰੀ ਮੁਲਾਜਮਾਂ ਨੂੰ ਤਨਖਾਹਾਂ ਦੇਣ ਲਾਇਕ, ਪੈਸੇ ਦੀ ਵੀ ਘਾਟ ਪੈਣ ਲੱਗੀ ਤਾਂ ਫਿਰ ਸਾਰੀਆਂ ਕਲਿਆਣਕਾਰੀ ਨੀਤੀਆਂ, ਸਮਾਜਕ ਸੁਰਖਿਆ ਯੋਜਨਾਵਾਂ, ਸਿਖਿਆ, ਇਲਾਜ, ਰੁਜ਼ਗਾਰ ਆਦਿ ਦੀ ਮਦ 'ਚ ਕਟੌਤੀ ਕੀਤੀ ਜਾਣ ਲੱਗੀ। ਮੇਹਨਤਕਸ਼ ਜਨਤਾ ਸਮਾਜ ਦੀਆਂ ਸਾਰੀਆਂ ਲੋੜਾਂ ਨੂੰ ਪੂਰਾ ਕਰਦੀ ਹੈ, ਸਾਰੀਆਂ ਵਸਤਾਂ ਬਣਾਉਂਦੀ ਹੈ, ਸਾਰੀ ਖੁਸ਼ਹਾਲੀ ਪੈਦਾ ਕਰਦੀ ਹੈ ਤੇ ਉਸ ਖੁਸ਼ਹਾਲੀ ਨੂੰ ਮਾਨਣ ਵਾਲੀ ਸ਼ਰਮਾਏਦਾਰ ਜਮਾਤ ਜਦ ਆਪਣੀ ਹੀ ਅਤਿ ਪੈਦਾਵਾਰ ਤੇ ਪੂੰਜੀ ਦੇ ਸੰਕਟ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉਸ ਸੰਕਟ ਦਾ ਬੋਝ ਮੇਹਨਤਕਸ਼ ਲੋਕਾਂ 'ਤੇ ਪਾ ਦਿੱਤਾ ਜਾਂਦਾ ਹੈ ਅਤੇ ਉਸ ਨੂੰ ਦਸਿਆ ਜਾਂਦਾ ਹੈ ਕਿ ਇਹ 'ਕੌਮੀ ਸੰਕਟ' ਹੈ ਅਤੇ ਉਹਨਾਂ ਨੂੰ ਆਪਣੀ 'ਦੇਸ਼ ਭਗਤੀ' ਦਾ ਸਬੂਤ ਦੇਣ ਲਈ ਪੇਟ 'ਤੇ ਪੱਟੀ ਬੰਨ ਲੈਣੀ ਚਾਹੀਦੀ ਹੈ। ਇਸ ਸਮੇਂ ਪੂਰੇ ਯੂਰਪ 'ਚ ਇਹੀ ਹੋ ਰਿਹਾ ਹੈ, ਦੱਸਣ ਦੀ ਲੋੜ ਨਹੀਂ ਹੈ ਕਿ ਪੂੰਜੀਵਾਦੀ ਪ੍ਰਣਾਲੀ ਦੇ ਦਾਇਰੇ ਅੰਦਰ ਹੋਰ ਕੁਝ ਹੋ ਵੀ ਨਹੀਂ ਸਕਦਾ ਸੀ ਅਤੇ ਪੂੰਜੀਵਾਦੀ ਚੋਣਾਂ ਦੇ ਰਸਤੇ ਇਸ ਪੂਰੇ ਪ੍ਰਬੰਧ ਨੂੰ ਤਹਿਸ-ਨਹਿਸ ਕਰਕੇ ਸਮਾਜ ਵਾਦੀ ਵਿਵਸਥਾ ਦੀ ਉਸਾਰੀ ਨਹੀਂ ਹੋ ਸਕਦੀ ਹੈ। ਜਿਵੇਂ ਕਿ ਦੁਨੀਆਂ ਦੇ ਸਭ ਦੇਸ਼ਾਂ ਵਿਚ ਸਮਾਜਕ ਜਨਵਾਦੀ ਦਾਅਵਾ ਕਰਦੇ ਹਨ। ਮਿਸਾਲ ਵਜੋਂ ਹੋਲਾਂਦੇ ਨੇ ਇਕ ਥਾਂ ਕਿਹਾ ਹੈ ਕਿ ਸਮਾਜ ਦਾ ਅਰਥ ਉਹਨਾਂ ਲਈ ਇਹ ਹੈ ਕਿ ਪੂੰਜੀਵਾਦ ਲੋਕਾਂ ਦੀ ਸੇਵਾ

’ਚ ਲੱਗੇ। ਇਹ ਕਿੰਨਾ ਵੱਡਾ ਫਰੇਬ ਹੈ, ਅਸੀਂ ਸਮਝਦੇ ਹਾਂ ਪੂੰਜੀਵਾਦ ਇਸ ਲਈ ਤਾਂ ‘ਪੂੰਜੀਵਾਦ’ ਹੈ ਕਿ ਉਹ ਲੋਕਾਂ ਦੀ ਸੇਵਾ ’ਚ ਲੱਗ ਹੀ ਨਹੀਂ ਸਕਦਾ। ਉਹ ਸਿਰਫ ਲੋਕਾਂ ਦੀ ਲੁੱਟ ਤੇ ਉਹਨਾਂ ਨੂੰ ਨਿਚੋੜ ਕੇ ਪੂੰਜੀ ਦੇ ਹਿੱਤਾਂ ਦੀ ਸੇਵਾ ਕਰ ਸਕਦਾ ਹੈ। ਸਾਡੇ ਦੇਸ਼ ’ਚ ਮਾਕਾਪਾ ਤੇ ਭਾਕਪਾ ਵਰਗੇ ਸਮਾਜਕ ਜਨਵਾਦੀ ਵੀ ਇਸ ਕਿਸਮ ਦੀਆਂ ਗੱਲਾਂ ਕਰਕੇ ਮੇਹਨਤਕਸ਼ ਜਨਤਾ ਨੂੰ ਵਰਗਲਾਉਣ ਦੀਆਂ ਕੋਸ਼ਿਸ਼ਾਂ ਕਰਦੇ ਹਨ ਅਤੇ ਪੂਰੀ ਦੁਨੀਆਂ ’ਚ ਸਮਾਜਕ ਜਨਵਾਦੀਆਂ ਦੀ ਇਹੀ ਫਿਤਰਤ ਹੈ। ਪੂੰਜੀਵਾਦੀ ਸੰਕਟ ਦੇ ਰਾਜਸੀ ਨਤੀਜੇ ਵਜੋਂ ਫਿਲਹਾਲ ਸਮਾਜਕ ਜਨਵਾਦੀ ਪਾਰਟੀਆਂ ਕਈ ਯੂਰਪੀ ਦੇਸ਼ਾਂ ’ਚ ਸਤਾ ’ਚ ਆ ਰਹੀਆਂ ਹਨ। ਇਸ ਦਾ ਅਗਲਾ ਪੜਾਅ ਦੱਖਣ ਪੰਥੀ ਫਾਸ਼ੀਵਾਦੀ ਤਾਕਤਾਂ ਦੇ ਨਾਂ ਹੋਣ ਵਾਲਾ ਹੈ। ਮੌਜੂਦਾ ਚੋਣਾਂ ਵਿਚ ਵੀ ਫਾਸ਼ੀਵਾਦੀ ਤਾਕਤਾਂ ਦਾ ਪ੍ਰਦਰਸ਼ਨ ਪਹਿਲਾਂ ਤੋਂ ਬੇਹਤਰ ਹੋਇਆ ਹੈ। ਜਿਹੜੇ-ਜਿਹੜੇ ਦੇਸ਼ਾਂ ’ਚ ਸਮਾਜਕ ਜਨਵਾਦੀ ਸਤਾ ’ਚ ਆ ਰਹੇ ਹਨ ਜਿਵੇਂ ਕਿ ਫ੍ਰਾਂਸ ਉਹਨਾਂ ਸਭ ਦੇਸ਼ਾਂ ’ਚ ਉਹ ਵਿਤੀ ਪੂੰਜੀ ਦੀ ਚਾਕਰੀ ਜਾਰੀ ਰਖਣਗੇ ਤੇ ਇਹ ਸੰਕਟ ਨੂੰ ਹੋਰ ਵੱਧ ਡੂੰਘਾ ਕਰੇਗਾ। ਸਿੱਟੇ ਵਜੋਂ ਫਿਰ ਤੋਂ ਸਰਕਾਰਾਂ ਡਿੱਗਣਗੀਆਂ ਤੇ ਬਦਲ ਨਾ ਹੋਣ ਦੀ ਸਥਿਤੀ ’ਚ ਫਾਸ਼ੀਵਾਦੀ ਤਾਕਤਾਂ ਸਤਾ ’ਚ ਪਹੁੰਚਣਗੀਆਂ। ਮਜ਼ਦੂਰ ਜਮਾਤ ਨੂੰ ਇਹ ਸਮਝਣਾ ਪਵੇਗਾ ਕਿ ਮੌਜੂਦਾ ਸੰਕਟ ਤੋਂ ਨਿਜਾਤ ਪੂੰਜੀਵਾਦੀ ਵਿਵਸਥਾ ਦੇ ਦਾਇਰੇ ਅੰਦਰ ਕੋਈ ਵੀ ਚੁਣਾਵੀ ਪਾਰਟੀ ਨਹੀਂ ਦਵਾ ਸਕਦੀ ਹੈ। ਇਸ ਘੁੰਮਣ ਘੇਰੀ ਤੋਂ ਬਾਹਰ ਨਿਕਲਣ ਦਾ ਸਿਰਫ ਇਕ ਹੀ ਰਾਹ ਹੈ- ਸਮਾਜਵਾਦ ਤੇ ਮਜ਼ਦੂਰ ਸੱਤਾ। ਸਮਾਜਵਾਦ ਦੀ ਉਸਾਰੀ ਦਾ ਕੋਈ ਸ਼ਾਂਤੀਪੂਰਨ ਰਾਹ ਨਹੀਂ ਹੈ। ਇਕ ਨਵੀਂ ਸਮਾਜਵਾਦੀ ਪ੍ਰਣਾਲੀ ਦੀ ਉਸਾਰੀ ਦਾ ਸੁਆਲ ਕਿਉਂਕਿ ਮੌਜੂਦਾ ਸਮਾਜ ਦੇ ਸੰਪਤੀ ਸਬੰਧਾਂ ਪੈਦਾਵਾਰੀ ਰਿਸ਼ਤਿਆਂ ਨੂੰ ਬਦਲੇ ਬਗੈਰ ਸਮਾਜਵਾਦੀ ਪ੍ਰਬੰਧ ਦੀ ਗੱਲ ਕਰਨਾ ਬੇਕਾਰ ਹੈ ਯਾਨੀ ਸਭ ਕਲ ਕਾਰਖਾਨਿਆਂ, ਖਾਣਾ ਨੂੰ ਮਜ਼ਦੂਰ ਸਮੂਹ ਦੇ ਹੱਥ ’ਚ ਸੌਂਪਣਾ ਯਾਨੀ ਸਭ ਪੈਦਾਵਾਰੀ ਵਸੀਲਿਆਂ ਦਾ ਮਾਲਕ ਮਜ਼ਦੂਰ ਜਮਾਤ ਨੂੰ ਬਣਾਉਣਾ। ਇਸ ਬਗੈਰ ਸਮਾਜਵਾਦ ਦੀ ਕੋਈ ਵੀ ਗੱਲ ਬਕਵਾਸ ਹੈ ਤੇ ਅਜੇਹਾ ਉਦੋਂ ਤਕ ਨਹੀਂ ਹੋ ਸਕਦਾ ਜਦੋਂ ਤਕ ਇਸ ਪੂਰੇ ਸਮਾਜਕ ਆਰਥਕ ਢਾਂਚੇ ਨੂੰ ਤੇ ਇਸ ਦੀ ਹਿਫਾਜਤ ਕਰਨ ਵਾਲੀ ਨੌਕਰਸ਼ਾਹ ਸਰਮਾਏਦਾਰੀ ਨੂੰ ਡੰਡੇ ਦੇ ਜ਼ੋਰ ਚਕਨਾਚੂਰ ਨਾ ਕੀਤਾ ਜਾਵੇ।

# ਰੂਸੀ ਸਾਮਰਾਜੀ, ਪੁਤਿਨ ਤੇ ਹੋਰ ਸਾਮਰਾਜੀ

ਜਦ 1990 ਦੇ ਦਹਾਕੇ ਦੇ ਉਤਰਾਅ 'ਚ ਸੋਵੀਅਤ ਖੇਮਾ ਢਹਿ-ਢੇਰੀ ਹੋਇਆ ਅਤੇ 1991 'ਚ ਖੁਦ ਸੋਵੀਅਤ ਸੰਘ ਟੁੱਟ ਗਿਆ ਉਦੋਂ ਪੱਛਮੀ ਸਾਮਰਾਜੀ ਬਹੁਤ ਖੁਸ਼ ਹੋਏ। ਉਹਨਾਂ ਦਾ ਮੁੱਖ ਸ਼ਰੀਕ (ਭਿੜਨ ਵਾਲਾ) ਢਹਿ-ਢੇਰੀ ਹੋ ਗਿਆ ਸੀ। ਹੁਣ ਉਹ ਸੋਵੀਅਤ ਖੇਮੇ ਦੇ ਦੇਸ਼ਾਂ ਨੂੰ ਹੜੱਪ ਸਕਦੇ ਸਨ। ਖਦ ਸੋਵੀਅਤ ਸੰਘ ਦੇ ਟੁੱਟਣ ਪਿਛੋਂ ਪੈਦਾ ਹੋਏ ਦੇਸ਼ਾਂ 'ਚ ਆਪਣੇ ਪੈਰ ਪਸਾਰ ਸਕਦੇ ਸਨ ਤੇ ਫਿਰ ਸਾਰੀ ਦੁਨੀਆਂ 'ਚ ਪਹਿਲਾਂ ਤੋਂ ਵੱਧ ਲੁੱਟ ਮਚਾ ਸਕਦੇ ਹਨ। ਉਹਨਾਂ ਲਈ ਹਾਲਤਾਂ ਇਸ ਤੋਂ ਵੱਧ ਅਨਕੂਲ ਕਦੀ ਨਹੀਂ ਸਨ। ਇਸ ਦਾ ਉਹਨਾਂ ਜੰਮ ਕੇ ਜਸ਼ਨ ਮਨਾਇਆ। ਉਹਨਾਂ ਦੀ ਖੁਸ਼ ਕਿਸਮਤੀ ਨਾਲ ਅਗਲੇ ਦਹਾਕੇ ਭਰ ਤਕ ਰੂਸ 'ਚ (ਜੋ ਸੋਵੀਅਤ ਸੰਘ ਦਾ ਵਾਰਿਸ ਸੀ) ਸਭ ਕੁੱਝ ਉਹਨਾਂ ਦੀ ਮਰਜੀ ਮੁਤਾਬਕ ਚਲਦਾ ਰਿਹਾ। ਉਹਨਾਂ ਨੇ ਉਦੋਂ ਤਕ ਸੋਵੀਅਤ ਸਰਕਾਰ ਦੀ ਜਾਇਦਾਦ ਰਹੀਆਂ ਫੈਕਟਰੀਆਂ ਖੇਤਾਂ ਤੇ ਸਾਰੇ ਜਨਤਕ ਅਦਾਰਿਆਂ ਨੂੰ ਨਿਜੀ ਹੱਥਾਂ 'ਚ ਵੇਚਣ ਦੀ ਇਕ ਯੋਜਨਾ ਤਿਆਰ ਕੀਤੀ ਜਿਸ ਦਾ ਮਤਲਬ ਸੀ ਇਸ ਵਿਸ਼ਾਲ ਜਾਇਦਾਦ ਨੂੰ ਥੋੜੇ ਜਿਹੇ ਲੋਕਾਂ ਵਲੋਂ ਲੁੱਟ ਲਿਆ ਜਾਣਾ। ਇਹਨਾਂ ਥੋੜੇ ਜਿਹੇ ਲੋਕਾਂ 'ਚ ਪੱਛਮੀ ਸਾਮਰਾਜੀ ਵੀ ਸ਼ਾਮਲ ਸਨ। ਇਸ ਤੋਂ ਵੀ ਅਹਿਮ ਸੀ ਰੂਸ ਦੇ ਕੁਦਰਤੀ ਸਾਧਨਾਂ ਨੂੰ ਲੁਟਣਾ। ਰੂਸ ਤੇਲ ਗੈਸ ਨਾਲ ਭਰਪੂਰ ਦੇਸ਼ ਸੀ ਜਿਸ ਲਈ ਸਾਮਰਾਜੀ ਕੁਝ ਵੀ ਕਰ ਸਕਦੇ ਹਨ। ਪੱਛਮੀ ਸਾਮਰਾਜੀਆਂ ਨੇ ਇਹਨਾਂ ਦੀ ਵੀ ਲੁਟ ਦਾ ਇੰਤਜਾਮ ਕਰ ਲਿਆ। ਇਸ ਲਈ ਉਹਨਾਂ ਨੇ ਬੋਰਿਸ ਯੇਲਿਤਸਿਨ ਨਾਂ ਦੇ ਇਕ ਗਾਵਦੀ ਨੂੰ ਆਪਣਾ ਮੋਹਰਾ ਬਣਾਇਆ ਜਿਸ ਦੀ ਇਕੋ ਇਕ ਖਾਸ਼ੀਅਤ ਸ਼ਰਾਬ ਪੀ ਕੇ ਮਦਹੋਸ਼ ਹੋ ਜਾਣਾ ਸੀ। ਇਹ ਵਿਅਕਤੀ ਇਕ ਲੰਮੇ ਸਮੇਂ ਤਕ ਸੋਵੀਅਤ ਸੰਘ ਦੀ ਪਤਿਤ ਕਮਿਊਨਿਸਟ ਪਾਰਟੀ 'ਚ ਰਿਹਾ ਸੀ ਫਿਰ ਇਸ ਨੇ 1980 ਦੇ ਦਹਾਕੇ ਦੇ ਉਤਰਾਅ 'ਚ ਹਵਾ ਦਾ ਰੁਖ ਭਾਂਪ ਕੇ ਪਾਲਾ ਬਦਲ ਲਿਆ ਅਤੇ ਅਖੌਤੀ ਸੁਧਾਰਕ ਬਣ ਬੈਠਿਆ। ਇਸ ਨੂੰ ਆਪਣਾ ਲੋੜੀਂਦਾ ਮੋਹਰਾ ਮੰਨ ਕੇ ਪੱਛਮੀ ਸਾਮਰਾਜੀਆਂ ਨੇ ਆਕਾਸ਼ 'ਤੇ ਉਠਾਇਆ ਅਤੇ ਇਹ ਆਦਮੀ ਰੂਸ ਦਾ ਰਾਸ਼ਟਰਪਤੀ ਬਣ ਗਿਆ। ਇਸ ਤੋਂ ਪਿਛੋਂ ਇਸ ਨੇ ਸੋਵੀਅਤ ਸੰਘ ਨੂੰ ਤੋੜਨ ਦੀ ਪਹਿਲ ਕਦਮੀ ਕੀਤੀ ਤੇ ਉਸ ਦੇ ਵਾਰਿਸ ਰੂਸ ਦਾ ਰਾਸ਼ਟਰਪਤੀ ਹੋਣ ਕਰਕੇ ਕ੍ਰੇਮਲਿਨ 'ਚ ਬਿਰਾਜਮਾਨ ਹੋ ਗਿਆ। ਜਦ ਤਕ ਯੈਲਿਤਸਨ ਕ੍ਰੇਮਲਿਨ 'ਚ ਰਿਹਾ ਸਭ ਕੁਝ ਪੱਛਮੀ ਸਾਮਰਾਜੀਆਂ ਮੁਤਾਬਕ ਚਲਦਾ ਰਿਹਾ। ਯੂਰਪੀ ਸੰਘ ਦਾ ਮੱਧ ਤੇ ਪੂਰਬੀ ਯੂਰਪ 'ਚ ਵਿਸਥਾਰ ਹੋ ਗਿਆ। ਸਾਬਕਾ ਸੋਵੀਅਤ ਸੰਘ ਦੇ ਘਟਕ ਦੇਸ਼ਾਂ 'ਚ ਅਮਰੀਕੀ ਸਮਾਰਾਜੀ, ਪੈਰ ਜਮਾਉਣ ਲੱਗੇ। ਉਹ ਰੂਸ ਸਦਾ ਵਾਸਤੇ ਘੜ੍ਹੇ 'ਚ ਬੰਦ ਕਰ ਦੇਣਾ ਚਾਹੁੰਦੇ ਸਨ। ਇਸ ਲਈ ਜਦ ਬੋਰਿਸ ਯੇਲਤਸਿਨ ਦੇ ਵਾਰਿਸ ਵਜੋਂ ਬਲਾਦੀਮੀਰ ਪੁਤੀਨ ਰੂਸ ਦੇ ਰਾਸ਼ਟਰਪਤੀ ਦੀ ਗੱਦੀ 'ਤੇ ਬੈਠੇ ਤਾਂ ਪੱਛਮੀ ਸਾਮਰਾਜੀਆਂ ਲਈ ਕੋਈ ਚਿੰਤਾ ਦੀ ਗੱਲ ਨਹੀਂ ਸੀ। ਪੁਤੀਨ ਯੇਲਤਸਿਨ ਦੀ ਮੰਨ ਪਸੰਦ ਸਨ ਤੇ ਬੋਰਿਸ ਯੇਲਤਸਿਨ ਸਾਮਰਾਜੀਆਂ ਦਾ ਆਪਣਾ ਆਦਮੀ ਸੀ। ਇਸ ਲਈ ਉਦੋਂ ਪੁਤੀਨ ਕਿਸ ਅਮਲ ਰਾਹੀਂ ਰਾਸ਼ਟਰਪਤੀ ਬਣੇ ਸਨ ਤੇ ਉਹਨਾਂ ਨੇ ਰਾਸ਼ਟਰਪਤੀ ਚੁਣੇ ਜਾਣ 'ਚ ਕਿੰਨੀ ਜਮਹੂਰੀਅਤ

ਸੀ ਤੇ ਕਿੰਨੀ ਨਹੀਂ ਸੀ ਇਸ ਤੇ ਪੱਛਮੀ ਸਾਮਰਾਜੀਆਂ ਨੇ ਕੋਈ ਸ਼ੋਰ ਸਰਾਬਾ ਨਹੀਂ ਕੀਤਾ ਸੀ। ਪਰ ਰੂਸ ਲੈਟਿਨ ਅਮਰੀਕਾ ਦਾ ਕੋਈ ਕੇਲਾ ਗਣਰਾਜ (ਬਨਾਨਾ ਰੀਪਬਲਿਕ) ਤਾਂ ਸੀ ਨਹੀਂ। ਰੂਸ ਦੁਨੀਆਂ ਦਾ ਸਭ ਤੋਂ ਵੱਡੇ ਖੇਤਰਫਲ ਵਾਲਾ ਕੁਦਰਤੀ ਸਾਧਨਾਂ ਨਾਲ ਖੁਸ਼ਹਾਲ ਦੇਸ਼ ਹੈ। ਵੀਹਵੀ ਸਦੀ ਤੋਂ ਇਸ ਦਾ ਸ਼ਾਨਦਾਰ ਅਤੀਤ ਰਿਹਾ ਹੈ। ਇਸ ਤੋਂ ਪਹਿਲਾਂ ਇਹ ਯੂਰਪ 'ਚ ਇਕ ਮੁੱਖ ਸ਼ਕਤੀ ਸੀ। ਰੂਸ ਦੁਨੀਆਂ 'ਚ ਸਮਾਜਵਾਦ ਸਥਾਪਤ ਕਰਨ ਵਾਲਾ ਪਹਿਲਾਂ ਦੇਸ਼ ਸੀ। ਇਨਕਲਾਬ ਤੇ ਸਮਾਜਵਾਦ ਦੀ ਰਾਖੀ ਕਰਨ ਲਈ ਇਸ ਨੇ ਦੁਨੀਆਂ ਦੇ ਸਾਰੇ ਸਾਮਰਾਜੀਆਂ ਦਾ ਮੁਕਾਬਲਾ ਕੀਤਾ ਸੀ। ਇਸ ਨੇ ਦੂਜੀ ਸੰਸਾਰ ਜੰਗ 'ਚ ਹਿਟਲਰ ਨੂੰ ਹਰਾਇਆ ਸੀ। ਇਸ ਸਮਾਜਵਾਦੀ ਖੇਮੇ ਦੀ ਉਸਾਰੀ ਕਰਕੇ ਸੋਵੀਅਤ ਸੰਘ ਨੇ ਪੱਛਮੀ ਸਾਮਰਾਜੀਆਂ ਨੂੰ ਚੁਣੌਤੀ ਦਿਤੀ ਸੀ ਤੇ ਇਕ ਸਮੇਂ ਇਹਨਾਂ ਸਾਮਰਾਜੀਆਂ ਦੀ ਰੂਹ ਕੰਬਣ ਲੱਗੀ ਸੀ ਪਿਛੋਂ ਜਦ ਸੋਵੀਅਤ ਸੰਘ ਸਮਾਜਵਾਦੀ ਨਾ ਰਿਹਾ ਤਦ ਇਸ ਨੇ ਇਕ ਸਾਮਰਾਜੀਆਂ ਦੇ ਬਤੌਰ ਦੁਨੀਆਂ ਭਰ 'ਚ ਪੱਛਮੀ ਸਾਮਰਾਜੀਆਂ ਨੂੰ ਟੱਕਰ ਦਿੱਤੀ। ਅਜੇ ਤਾਂ ਇਹ ਇਤਿਹਾਸ ਰੂਸ ਦੇ ਲੋਕ ਨਹੀਂ ਭੁਲ ਸਕਦੇ ਨਾ ਤਾਂ ਰੂਸ ਦੀ ਸ਼ਰਮਾਏਦਾਰੀ ਤੇ ਨਾ ਹੀ ਰੂਸ ਦੇ ਮਜ਼ਦੂਰ। ਰੂਸ ਦੇ ਸ਼ਰਮਾਏਦਾਰ ਆਪਣੀਆਂ ਸਾਮਰਾਜੀ ਲਾਲਸਾਵਾਂ ਨੂੰ ਬਹੁਤ ਦੇਰ ਤਕ ਧੁੰਦਲਾ ਹੁੰਦਿਆ ਨਹੀਂ ਵੇਖ ਸਕਦੇ ਸਨ ਤੇ ਨਾ ਰੂਸ ਦੇ ਮਜ਼ਦੂਰ ਪੱਛਮੀ ਸਾਮਰਾਜੀਆਂ ਦੇ ਹੱਥੋਂ ਆਪਣੇ ਦੇਸ਼ ਨੂੰ ਅਪਮਾਨਿਤ ਹੁੰਦਿਆਂ। ਰੂਸੀ ਅਰਥਚਾਰੇ ਦਾ ਨਿਜੀਕਰਨ ਕਰਨ ਲਈ ਪੱਛਮੀ ਸਾਮਰਾਜੀਆਂ ਨੇ ਜੋ ਉਥੋ 'ਸ਼ਾਕ ਥਰੈਪੀ' ਲਾਗੂ ਕੀਤੀ ਸੀ ਉਸ ਤੋਂ ਕਰੀਬ ਦਹਾਕੇ ਭਰ ਪਿਛੋਂ ਰੂਸ ਉਭਰਨ ਲੱਗਿਆ ਸੀ। ਸਰਕਾਰੀ ਦੌਲਤ ਦੀ ਭਿਅੰਕਰ ਲੁੱਟ-ਘਸੁੱਟ ਪਿਛੋਂ ਹੁਣ ਉਥੇ ਇਕ ਨਿਜੀ ਸੰਪਤੀ ਦੀ ਆਮ ਪੂੰਜੀਵਾਦੀ ਵਿਵਸਥਾ ਆ ਕੇ ਗ੍ਰਹਿਣ ਕਰ ਲੱਗੀ ਸੀ। ਨਾਲ ਹੀ ਇਹ ਵੀ ਸੀ ਕਿ ਇਸ ਭਿਅੰਕਰ ਲੁਟ-ਘਸੁੱਟ ਨਾਲ ਰੂਸ 'ਚ ਇਕੋ ਝਟਕੇ ਨਾਲ ਵੱਡੇ-ਵੱਡੇ ਅਜ਼ਾਰੇਦਾਰ ਪੂੰਜੀਪਤੀ ਪੈਦਾ ਹੋ ਗਏ ਸਨ ਜਿਹਨਾਂ ਦੀਆਂ ਆਪਣੀਆਂ ਸਾਮਰਾਜੀ ਲਾਲਸਾਵਾਂ ਸਨ। ਰੂਸ ਵਿਸ਼ਵ ਦੇ ਸਾਮਰਾਜੀ ਪੂੰਜੀਵਾਦੀ ਦੇਸ਼ ਵਜੋਂ ਸਥਾਪਤ ਹੋ ਗਿਆ ਸੀ। ਵਲਾਦੀਮੀਰ ਪੁਤੀਨ ਅਜੇ ਸਮੇਂ 'ਚ ਸੱਤਾ 'ਤੇ ਕਾਬਜ ਹੋਏ। ਕੁਝ ਸਮੇਂ ਪੁਰਾਣੇ ਢਰਿਆਂ 'ਤੇ ਚਲਣ ਪਿਛੋਂ ਉਹਨਾਂ ਨੇ ਨਵੀਆਂ ਸਿਖਿਆ ਦੇ ਸੰਕੇਤ ਦੇਣੇ ਸ਼ੁਰੂ ਕੀਤੇ। ਉਹਨਾਂ ਨੇ ਵਿਖਾਉਣਾ ਸ਼ੁਰੂ ਕੀਤਾ ਕਿ ਆਪਣੀ ਕਮਜ਼ੋਰ ਆਰਥਕ ਹਾਲਤ ਦੇ ਬਾਵਜੂਦ ਰੂਸੀ ਸਾਮਰਾਜੀਆਂ ਦੀਆਂ ਆਪਣੀਆਂ ਲਾਲਸਾਵਾਂ ਹਨ ਤੇ ਉਹਨਾਂ ਨੂੰ ਨੁਕਰੇ ਨਹੀਂ ਲਾਇਆ ਜਾ ਸਕਦਾ। ਆਪਣੀ ਕੰਮਜ਼ੋਰ ਆਰਥਕ ਹਾਲਤ ਦੇ ਬਾਵਜੂਦ ਰੂਸ ਨੂੰ ਆਪਣੀ ਵਿਰਾਸਤ 'ਚ ਕੁਝ ਅਜੇਹੀਆਂ ਚੀਜ਼ਾਂ ਮਿਲੀਆਂ ਸਨ ਜੋ ਉਸ ਨੂੰ ਮਜ਼ਬੂਤੀ ਮੁਹੱਈਆ ਕਰਦੀਆਂ ਸਨ। ਇਸ 'ਚ ਸਭ ਤੋਂ ਮੁੱਖ ਸੀ ਫੌਜੀ ਉਚਤਾ। ਲੁਟ-ਘਸੁੱਟ ਦੀ ਇਸ ਸਾਮਰਾਜੀ-ਸਾਮਰਾਜਵਾਦੀ ਦੁਨੀਆਂ 'ਚ ਸਭ ਕੁਝ ਤਾਕਤ ਨਾਲ ਤਹਿ ਹੁੰਦਾ ਹੈ। ਸੋਵੀਅਤ ਸੰਘ ਆਪਣੇ ਅੰਤ ਤਕ ਸੋ ਅਮਰੀਕੀ ਸਾਮਰਾਜੀਆਂ ਨੂੰ ਫੌਜੀ ਤੌਰ 'ਤੇ ਬਰਾਬਰ ਦੀ ਟੱਕਰ ਦਿੰਦਾ ਰਿਹਾ ਹੈ ਹਲਾਂਕਿ ਇਹ ਆਰਥਕ ਤੌਰ 'ਤੇ ਉਸ ਤੋਂ ਬਹੁਤ ਕੰਮਜ਼ੋਰ ਸੀ। ਉਸ ਦੇ ਪਤਨ 'ਚ ਇਸ ਨੇ ਵੀ ਆਪਣੀ ਭੂਮਿਕਾ ਨਿਭਾਈ ਸੀ। ਸੋਵੀਅਤ ਸੰਘ ਦੀ ਲਗਭਗ ਇਸ ਸਾਰੀ ਸਾਮਰਿਕ ਤਾਕਤ ਉਸ ਦੇ ਵਾਰਿਸ ਰੂਸ ਨੂੰ ਤਬਦੀਲ ਹੋਈ ਖਾਸ ਕਰਕੇ ਪ੍ਰਮਾਣੂ ਹਥਿਆਰਾਂ ਦਾ ਜਖੀਰਾ। ਪ੍ਰਮਾਣੂ ਹਥਿਆਰ, ਅੰਤਿਮ ਹਥਿਆਰ ਹੈ ਤੇ

ਅਮਰੀਕਾ ਵਾਗੂੰ ਰੂਸ ਦੇ ਕੋਲ ਵੀ ਸਾਰੀ ਧਰਤੀ ਨੂੰ ਕਈ ਵਾਰ ਨਸ਼ਟ ਕਰ ਦੇਣ ਲਾਇਕ ਪ੍ਰਮਾਣੂ ਹਥਿਆਰ ਮੌਜੂਦ ਹਨ। ਇਸ ਸਾਮਰਿਕ ਤਾਕਤ ਕਾਰਨ ਰੂਸ ਨੂੰ ਸਸਤੇ ’ਚ ਨਹੀਂ ਨਿਪਟਾਇਆ ਜਾ ਸਕਦਾ ਸੀ। ਇਸ ਤੋਂ ਇਲਾਵਾ ਰੂਸ ਨੂੰ ਸਾਬਕਾ ਸੋਵੀਅਤ ਸੰਘ ਦੇ ਘਟਕ ਦੇਸ਼ਾਂ ਵਿਚ ਕਿਸ ਹੱਦ ਤਕ ਲਾਭ ਹਾਸਲ ਹੋਇਆ ਸੀ, ਸੋਵੀਅਤ ਸੰਘ ਦੇ ਟੁਟਣ ਪਿਛੋਂ ਵੀ ‘ਅਜਾਦ ਰਾਜਾਂ ਦੀਆਂ ਰਾਸ਼ਟਰਕੂਲ’ ਵਰਗੀਆਂ ਚੀਜ਼ਾਂ ਚਲਦੀਆਂ ਰਹਿੰਦੀਆਂ ਸਨ। ਇਹਨਾਂ ਨਾਲ ਕਿਸੇ ਹੱਦ ਤਕ ਰੂਸ ਦੇ ਸਾਮਰਿਕ ਸਬੰਧ ਵੀ ਸਨ। ਸਾਰੀ ਦੁਨੀਆਂ ਦੇ ਪੈਮਾਨੇ ’ਤੇ ਰੂਸ ਦੇ ਪੁਰਾਣੇ ਜਮਾਨੇ ਤੋਂ ਸਬੰਧ ਬਿਖਰੇ ਪਏ ਸਨ। ਇਹਨਾਂ ’ਚੋਂ ਜਿਹੜੇ ਦੇਸ਼ਾਂ ਨੂੰ ਪੱਛਮੀ ਸਾਮਰਾਜੀ ਵਿਸ਼ੇਸ਼ ਲੱਛਣ ਬਣਾ ਰਹੇ ਸਨ, ਉਸ ਨਾਲ ਰੂਸ ਦਾ ਸਬੰਧ ਬਣ ਸਕਦਾ ਸੀ ਤੇ ਸਭ ਤੋਂ ਅੰਤ ’ਚ ਸੀ ਰੂਸ ਦਾ ਤੇਲ-ਗੈਸ ਦਾ ਜਖੀਰਾ ਜਿਸ ਨਾਲ ਉਹ ਦੁਨੀਆਂ ਭਰ ਦੇ ਤੇਲ ਗੈਸ ਦੇ ਬਾਜ਼ਾਰ ਨੂੰ ਪ੍ਰਭਾਵਿਤ ਕਰ ਸਕਦਾ ਸੀ ਤੇ ਸਾਰੀ ਦੁਨੀਆਂ ਦੇ ਅਰਥਚਾਰੇ ’ਤੇ ਆਪਣਾ ਅਸਰ ਪਾ ਸਕਦਾ ਸੀ। ਰੂਸ ਦੀ ਕੰਮਜੋਰੀ ਇਹ ਸੀ ਕਿ ਉਸ ਦੇ ਵਿਤੀ ਬਾਜ਼ਾਰ ਤੋਂ ਲੈ ਕੇ ਖੁਦ ਤੇਲ ਗੈਸ ਦੇ ਭੰਡਾਰਾਂ ਤੇ ਪੱਛਮੀ ਸਾਮਰਾਜੀਆਂ ਦਾ ਖਾਸਾ ਕੰਟਰੋਲ ਸੀ ਇਸ ਦੇ ਰਹਿੰਦਿਆਂ ਰੂਸ ਦੀ ਸਰਕਾਰ ਬਹੁਤ ਕੁਝ ਨਹੀਂ ਕਰ ਸਕਦੀ ਸੀ। ਸੱਤਾ ਸੰਭਾਲਨ ਤੋਂ ਕੁਝ ਸਮੇਂ ਪਿਛੋਂ ਰੂਸ ਨੇ ਰੂਸੀ ਸਾਮਰਾਜੀਆਂ ਦੇ ਹਿੱਤਾਂ ਨੂੰ ਅੱਗੇ ਵਧਾਉਣਾ ਸ਼ੁਰੂ ਕੀਤਾ। ਸ਼ੁਰੂਆਤ ਉਹਨਾਂ ਨੇ ਨਾਟੋ ਦੇ ਪੂਰਬ ਵਲ ਤੇ ਪ੍ਰਸਾਰ ਅਤੇ ਸਾਬਕ ਸੋਵੀਅਤ ਸੰਘ ਦੇ ਘਟਕ ਦੇਸ਼ਾਂ ’ਚ ਸਾਮਰਾਜੀਆਂ ਦੀ ਘੁਸਪੈਠ ਦੇ ਵਿਰੋਧ ਨਾਲ ਕੀਤੀ। ਅਫਗਾਨਿਸਤਾਨ ਨੇ 2001 ’ਚ ਅਮਰੀਕੀ ਹਮਲੇ ਪਿਛੋਂ ਅਮਰੀਕੀ ਸਾਮਰਾਜੀਆਂ ਦੀਆਂ ਇਹ ਕੋਸ਼ਿਸ਼ਾਂ ਬਹੁਤ ਵੱਧ ਹੀ ਗਈਆਂ ਸਨ। ਉਹਨਾਂ ਦਾ ਇਰਾਦਾ ਤਾਂ ਪੂਰਾ ਕੇਂਦਰੀ ਏਸ਼ੀਆ ਨੂੰ ਆਪਣੇ ਪ੍ਰਭਾਵ ’ਚ ਲੈ ਕੇ ਕੈਸਿਪਅਲ ਤੇ ਲਾਲ ਸਾਗਰ ਤਕ ਆਪਣਾ ਤੇਲ ਗੈਸ ਮਾਰਗ ਵਧਾਉਣਾ ਸੀ। ਇਰਾਕ ਤੇ ਅਮਰੀਕੀ ਹਮਲੇ ਨੇ ਇਹਨਾਂ ਨੂੰ ਇਕ ਵਾਰੀ ਫਿਰ ਮੌਕਾ ਦਿੱਤਾ ਤੇ ਇਸ ਵਾਰੀ ਸਥਿਤੀਆਂ ਇਹਨਾਂ ਦੇ ਹੋਰ ਅਨੁਕੂਲ ਸਨ ਕਿਉਂਕਿ ਇਸ ਮਾਮਲੇ ਦਾ ਜਰਮਨ ਤੇ ਫਰਾਂਸੀਸੀ ਸਾਮਰਾਜਵਾਦੀ ਵੀ ਵਿਰੋਧ ਕਰ ਰਹੇ ਸਨ। ਇਸ ਤਰ੍ਹਾਂ ਦੇ ਕਦਮਾਂ ਪਿਛੋਂ ਪੁਤੀਨ ਨੇ ਅਸਲੀ ਕਦਮ ਅੱਗੇ ਵਧਾਏ ਅਤੇ ਤੇਲ ਤੇ ਗੈਸ ਉਪਰ ਕੰਟਰੋਲ ਦੀ ਕੋਸ਼ਿਸ਼ ਕੀਤੀ। ਇਸ ਲਈ ਉਹਨਾਂ ਨੂੰ ਰੂਸ ਦੇ ਨਵੇਂ ਉਭਰੇ ਸਭ ਤੋਂ ਵੱਡੇ ਸ਼ਰਮਾਏਦਾਰਾਂ ਨਾਲ ਟਕਰਾਉਣਾ ਪਿਆ ਪਰ ਪੁਤੀਨ ਨੇ ਉਹਨਾਂ ਨੂੰ ਨੁਕਰੇ ਲਾਉਣ ਲਈ ਕਾਰਵਾਈ ਕੀਤੀ। ਉਹਨਾਂ ’ਚੋਂ ਕੁਝ ਜੇਲ੍ਹ ’ਚ ਸੁੱਟ ਦਿਤੇ ਗਏ ਤੇ ਕੁਝ ਵਿਦੇਸ਼ ਭੱਜ ਗਏ। ਹੁਣ ਪੱਛਮੀ ਸਾਮਰਾਜੀਆਂ ਲਈ ਪਾਣੀ ਸਿਰ ਤੋਂ ਉਪਰ ਦੀ ਲੰਘਣ ਲੱਗਿਆ ਸੀ ਉਹਨਾਂ ਨੇ ਪੁਤਿਨ ਖਿਲਾਫ ਧੂੰਆਂਧਾਰ ਪ੍ਰਚਾਰ ਸ਼ੁਰੂ ਕਰ ਦਿੱਤਾ। ਉਹਨਾਂ ਨੇ ਜੀ.ਬੀ (ਸੋਵੀਅਤ ਖੁਫੀਆ ਏਜੰਸੀ) ਅਤੀਤ ਤੋਂ ਲੈ ਕੇ ਹਰ ਚੀਜ਼ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਪਿਛੋਂ ਰੂਸ ’ਚ ਹੋਣ ਵਾਲੀ ਹਰ ਚੋਣ ਨੂੰ ਫਰਜੀ ਐਲਾਨਿਆ ਜਾਣ ਲੱਗਿਆ।

ਆਪਣੇ ਦੂਜੇ ਅਰਸੇ ਦਾ ਅੰਤ ਹੁੰਦਿਆਂ-ਹੁੰਦਿਆਂ ਵਾਲਦੀਮੀਰ ਪੁਤੀਨ ਨੇ ਰੂਸੀ ਸਾਮਰਾਜੀਆਂ ਲਈ ਕਾਫੀ ਖੋਈ ਹੋਈ। ਜ਼ਮੀਲ ਹਾਸਲ ਕਰ ਲਈ ਸੀ ਹਾਲਾਂਕਿ ਅਜੇ ਰੂਸ ਦੀ ਸਥਿਤੀ ਸੋਵੀਅਤ ਸੰਘ ਦੇ 1970 ਦੇ ਦਹਾਕੇ ਦੇ ਜ਼ਮੀਨ ਦੀ ਥਾਂ ਨਹੀਂ ਪਰ ਉਹ ਬੋਰਿਸ ਦੇ ਜਮਾਨੇ ਦੀ ਵੀ ਨਹੀਂ ਸੀ। ਪਰ ਅਜੇ ਹੀ ਰੂਸੀ ਸਾਮਰਾਜੀਆਂ

ਲਈ ਭਰੋਸੇਯੋਗ ਸਥਿਤੀ ਨਹੀਂ ਸੀ। ਇਸ ਗੱਲ ਦੀ ਸੰਭਾਵਨਾ ਸੀ ਕਿ ਪੁਤਿਨ ਦੇ ਰਾਸ਼ਟਰਪਤੀ ਅਹੁਦੇ ਤੋਂ ਹਟਣ ਪਿਛੋਂ ਚੀਜ਼ਾਂ ਪਿਛੇ ਵੱਲ ਜਾਣ। ਪੁਤੀਨ ਨੂੰ ਅਤੇ ਰੂਸੀ ਸਾਮਰਾਜੀਆਂ ਨੂੰ ਇਹ ਗੰਵਾਰਾ ਨਹੀਂ ਸੀ। ਇਸ ਲਈ ਉਹਨਾਂ ਨੇ ਇਹ ਤਹਿ ਕੀਤਾ ਕਿ ਸੰਵਿਧਾਨ ਦੀ ਬੰਦਿਸ਼ ਨੂੰ ਇਕ ਚਾਲ ਨਾਲ ਪਾਰ ਕਰ ਲਿਆ ਜਾਵੇ। ਸੰਵਿਧਾਨ ਕਿਸੇ ਬੰਦੇ ਨੂੰ ਸਿਰਫ ਦੋ ਵਾਰੀ ਰਾਸ਼ਟਰਪਤੀ ਬਣਨ ਦੀ ਇਜਾਜਤ ਦਿੰਦਾ ਹੈ। ਤਹਿ ਕੀਤਾ ਗਿਆ ਕਿ ਪੂਰੇ ਦੋ ਕਾਲ ਪੂਰੇ ਹੋਣ ਪਿਛੋਂ ਪੁਤੀਨ ਦੇ ਪਾਲੇ ਪੋਸੇ ਪ੍ਰਧਾਨ ਮੰਤਰੀ ਮੇਦਵੇ ਦੇਵ ਰਾਸ਼ਟਰਪਤੀ ਬਣ ਜਾਣਗੇ ਤੇ ਪੁਤੀਨ ਉਹਨਾਂ ਦੇ ਪ੍ਰਧਾਨ ਮੰਤਰੀ। ਇਸ ਦੌਰਾਨ ਰਾਸ਼ਟਰਪਤੀ ਦਾ ਕਾਰਜਕਾਲ ਚਾਰ ਸਾਲ ਤੋਂ ਛੇ ਸਾਲ ਕਰ ਦਿੱਤਾ ਜਾਵੇਗਾ। ਇਸ ਤਰ੍ਹਾਂ ਪੁਤੀਨ-ਮੇਦਵੇਦੇਵ ਦੀ ਇਹ ਜੋੜੀ 16 ਸਾਲ ਸੱਤਾ 'ਚ ਬਣੀ ਰਹੇਗੀ। ਪੁਤੀਨ ਦੀ ਇਸ ਯੋਜਨਾ ਨਾਲ ਪੱਛਮੀ ਸਾਮਰਾਜੀ ਬਹੁਤ-ਬਹੁਤ ਬੁਖਲਾਏ। ਉਹਨਾਂ ਨੇ ਦੋਸ਼ ਲਾਇਆ ਕਿ ਇਹ ਤਾਂ ਜਨਤੰਤਰ ਦਾ ਮਖੌਲ ਹੈ। ਆਖਰ ਦੋ ਲੋਕ ਆਪਸ 'ਚ ਅਦਲਾ ਬਦਲੀ ਕਰਕੇ ਲੰਮੇ ਸਮੇਂ ਤਕ ਹਕੂਮਤ ਕਰਦੇ ਕਿਵੇਂ ਰਹਿ ਸਕਦੇ ਹਨ। ਬੱਸ ਅਜੇਹਾ ਕਰਦੇ ਸਮੇਂ ਇਹ ਪੱਛਮੀ ਸਮਾਰਾਜੀ ਇਸ ਗੱਲ 'ਤੇ ਚੁਪ ਧਾਰ ਗਏ ਕਿ ਖੁਦ ਉਹਨਾਂ ਦੇ ਉਥੇ ਵੀ ਚੋਣਾਂ ਅਜੇਹਾ ਮਾਹੌਲ ਬਣ ਗਿਆ ਹੈ। ਅਮਰੀਕਾ 'ਚ ਤਾਂ ਇਹ ਸ਼ੁੱਧ ਪੈਸੇ ਦੀ ਖੇਡ ਹੈ। ਜੋ ਖੇਡ ਪੈਸੇ ਦੇ ਜ਼ੋਰ ਪੈਸੇ ਰਾਹੀਂ ਅਮਰੀਕਾ 'ਚ ਖੇਡੀ ਜਾਂਦੀ ਹੈ। ਪੁਤਿਨ ਉਸ ਤੋਂ ਵੱਧ ਬੁਰਾ ਤਾਂ ਨਹੀਂ ਕਰ ਰਹੇ ਸਨ। ਆਖਰ ਰਵਾਇਤੀ ਤੌਰ 'ਤੇ ਤਾਂ ਚੋਣਾਂ 'ਚ ਖੜ੍ਹੇ ਹੋ ਹੀ ਰਹੇ ਸਨ ਅਤੇ ਚੋਣਾਂ ਜਿੱਤ ਕੇ ਹੀ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਬਣ ਰਹੇ ਸਨ। ਇਸ ਨਾਲ ਕੀ ਫਰਕ ਪੈਂਦਾ ਹੈ ਕਿ ਉਹ ਰਾਸ਼ਟਰਪਤੀ ਤੇ ਪ੍ਰਧਾਨ ਦੇ ਅਹੁਦਿਆਂ ਦੀ ਆਪਸ 'ਚ ਅਦਲਾ-ਬਦਲੀ ਕਰ ਰਹੇ ਹਨ। ਜਿਵੇਂ ਕਿ ਬੱਚੇ ਸਕੂਲ 'ਚ ਕੁਰਸੀ ਦੌੜ ਖੇਡ ਰਹੇ ਹੋਣ। ਅਸਲ 'ਚ ਪੱਛਮੀ ਸਮਾਰਾਜੀਆਂ ਨੂੰ ਪ੍ਰੇਸ਼ਾਨੀ ਵਲਾ ਦੀ ਮੀਰ ਪੁਤੀਨ ਨਾਲ ਸੀ। ਇਹ ਖੇਡ ਜੇ ਬੋਰਿਸ ਖੇਡਦਾ ਤਾਂ ਉਹਨਾਂ ਨੂੰ ਕੋਈ ਦਿੱਕਤ ਨਾ ਹੁੰਦੀ। ਆਖਰ ਜਦ ਇਹ ਬੋਰਿਸ ਨੇ 1933 'ਚ ਰੂਸ ਦੀ ਸੰਸਦ 'ਤੇ ਬਕਾਇਦਾ ਚੁਣੀ ਗਈ ਸੰਸਦ 'ਤੇ ਟੈਂਕਾਂ ਨਾਲ ਹਮਲਾ ਕੀਤਾ ਸੀ ਤਾਂ ਉਹਨਾਂ ਨੇ ਯਲਿਤਸਨ ਦੀ ਹਮਾਇਤ ਕੀਤੀ ਸੀ। ਪੁਤੀਨ ਮੇਦਵੇਦੇਵ ਦੀ ਅਦਲਾ-ਬਦਲੀ ਤਾਂ ਬੇਲਿਸਤਨ ਦੇ ਉਨ੍ਹਾਂ ਕਾਰਨਾਮਿਆਂ ਮੂਹਰੇ ਕੁਝ ਵੀ ਨਹੀਂ ਸੀ। ਪੱਛਮੀ ਸਮਾਰਾਜੀਆਂ ਲਈ ਪ੍ਰੇਸ਼ਾਨੀ ਦੀ ਗੱਲ ਇਹ ਸੀ ਕਿ ਵਲਾਦੀਮੀਰ ਪੁਤੀਨ ਰੂਸੀ ਸਾਮਰਾਜੀਆਂ ਦੇ ਹਿੱਤਾਂ ਨੂੰ ਮਜ਼ਬੂਤੀ ਨਾਲ ਅੱਗੇ ਵਧਾ ਰਹੇ ਸਨ ਤੇ ਇਸ ਦੇ ਲਈ ਪੱਛਮੀ ਸਮਾਰਾਜੀਆਂ ਨਾਲ ਖਾਸ ਕਰਕੇ ਅਮਰੀਕੀ ਸਾਮਰਾਜੀਆਂ ਨਾਲ ਆਪਣੀ ਸਮਰਥਾ ਅਨੁਸਾਰ ਟੱਕਰ ਲੈ ਰਹੇ ਸਨ। ਇਸ ਲਈ ਜਦ ਇਸ ਵਾਰ ਪੁਤੀਨ ਰਾਸ਼ਟਰਪਤੀ ਦੇ ਅਹੁਦੇ ਲਈ ਖੜ੍ਹੇ ਹੋਏ ਤਾਂ ਪੱਛਮੀ ਸਾਮਰਾਜੀਆਂ ਨੇ ਖੂਬ ਹੰਗਾਮਾ ਕੀਤਾ। ਉਹਨਾਂ ਨੇ ਚੋਣਾਂ 'ਚ ਧਾਂਦਲੀ ਦਾ ਦੋਸ਼ ਲਾਇਆ। ਉਹਨਾਂ ਨੇ ਆਪਦੇ ਵਲੋਂ ਪਾਲੇ ਪੋਸੇ ਗੈਰ ਸਰਕਾਰੀ ਸੰਗਠਨਾਂ ਤੋਂ ਵਿਰੋਧੀ ਮੁਜਾਹਰੇ ਆਯੋਜਿਤ ਕਰਵਾਏ। ਇਹ ਸਭ ਕੁਝ ਅਜੇ ਵੀ ਚਲ ਰਿਹਾ ਹੈ। ਪੁਤੀਨ ਦੀ ਅਗਵਾਈ 'ਚ ਅੱਜ ਰੂਸੀ ਸਾਮਰਾਜੀਆਂ ਲਈ ਕਈ ਚਣੌਤੀਆਂ ਮੌਜੂਦ ਹਨ। ਫੌਰੀ ਤੌਰ 'ਤੇ ਤਾਂ ਸਭ ਤੋਂ ਵੱਡੀ ਚਣੌਤੀ ਸੀਰੀਆ ਤੇ ਇਰਾਨ ਦੀ ਹੈ। ਇਸ ਤੋਂ ਇਲਾਵਾ ਪੂਰਬੀ ਤੇ ਮੱਧ ਯੂਰਪ ਤੇ ਕੇਂਦਰੀ ਏਸ਼ੀਆ ਹੈ। ਇਹ ਇਸ ਦੇ ਰਵਾਇਤੀ ਅਧਾਰ ਖੇਤਰ ਹਨ। ਇਸ ਦੇ ਨਾਲ ਆਪਣੇ ਦੇਸ਼ ਦੀ

ਮਜ਼ਦੂਰ ਜਮਾਤ ਤੋਂ ਵੀ ਸਖਤ ਚਣੌਤੀ ਮਿਲ ਰਹੀ ਹੈ। ਹੁਣ ਬਾਗੀਆਂ ਦੀ ਵਰਤੋਂ ਕਰਕੇ ਜਦ ਪੱਛਮੀ ਸਾਮਰਾਜੀਆਂ ਨੇ ਲੀਬੀਆਂ ਤੇ ਕਬਜ਼ਾ ਕਰਨ ਦੀ ਯੋਜਨਾ ਬਣਾਈ ਤਾਂ ਰੂਸੀ ਸਾਮਰਾਜੀਆਂ ਨੇ ਇਸ ਨੂੰ ਚੁਪ ਸਹਿਮਤੀ ਦੇ ਦਿੱਤੀ। ਉਹਨਾਂ ਦੀ ਸਮਝਦਾਰੀ ਇਹ ਸੀ ਕਿ ਲੀਬੀਆ 'ਤੇ ਕਬਜ਼ਾ ਕਰਕੇ ਪੱਛਮੀ ਸਾਮਰਾਜੀ ਵੰਡ ਵੰਡਾਰੇ 'ਚ ਉਸ ਦੇ ਹਿੱਸੇ ਦਾ ਵੀ ਖਿਆਲ ਰਖਣਗੇ ਪਰ ਜਲਦੀ ਹੀ ਸਪਸ਼ਟ ਹੋ ਗਿਆ ਕਿ ਪੱਛਮੀ ਸਾਮਰਾਜੀਆਂ ਖਾਸ ਕਰਕੇ ਅਮਰੀਕੀ ਸਾਮਰਾਜੀਆਂ ਦਾ ਅਜੇਹਾ ਕੋਈ ਇਰਾਦਾ ਨਹੀਂ ਸੀ ਤਦ ਰੂਸੀ ਸਾਮਰਾਜੀਆਂ ਨੇ ਖੁਦ ਨੂੰ ਠੱਗਿਆ ਮਹਿਸੂਸ ਕੀਤਾ। ਇਹ ਨਹੀਂ ਉਹਨਾਂ ਇਹ ਵੀ ਪਾਇਆ ਕਿ ਪੱਛਮੀ ਸਾਮਰਾਜੀਆਂ ਦਾ ਇਰਾਦਾ ਤਾਂ ਪੂਰੇ ਇਲਾਕੇ ਦਾ ਪੁਨਰਗਠਨ ਕਰਨ ਦਾ ਹੈ। ਜਿਸ ਦਾ ਰਾਹ ਸੀਰੀਆ ਤੋਂ ਹੁੰਦਾ ਹੋਇਆ ਇਰਾਨ ਤਕ ਜਾਂਦਾ ਹੈ। ਸੀਰੀਆ ਉਸ ਖੇਤਰ 'ਚ ਰੂਸੀ ਸਾਮਰਾਜੀਆਂ ਦਾ ਅਧਾਰ ਇਲਾਕਾ ਹੈ। ਪੱਛਮੀ ਸਾਮਰਾਜੀਆਂ ਦੇ ਇਰਾਦਿਆਂ ਨੂੰ ਭਾਂਪ ਕੇ ਹੁਣ ਉਹਨਾਂ ਨੇ ਆਪਣੇ ਪੈਰ ਜਮ੍ਹਾਂ ਦਿੱਤੇ ਤੇ ਸੀਰੀਆ 'ਚ ਕਿਸੇ ਖੁਲੀ ਬਾਹਰੀ ਦਖਲ ਅੰਦਾਜੀ ਨੂੰ ਵਾਜਬੀਅਤ ਦੇਣ ਤੋਂ ਨਾਂਹ ਕਰ ਦਿੱਤੀ। ਇਸ ਤਰ੍ਹਾਂ ਉਹਨਾਂ ਨੇ ਇਰਾਨ ਦੇ ਹਮਲੇ ਵਿਚ ਵੀ ਪੱਛਮੀ ਸਾਮਰਾਜੀਆਂ ਦਾ ਆਖਾ ਮੰਨਣ ਤੋਂ ਨਾਂਹ ਕਰ ਦਿੱਤੀ। ਇਸ ਦਾ ਮਤਲਬ ਇਹ ਨਹੀਂ ਕਿ ਰੂਸੀ ਸਾਮਰਾਜੀ ਇਰਾਨ ਤੇ ਸੀਰੀਆ ਦੇ ਮਾਮਲੇ 'ਚ ਕਿਸੇ ਬਾਹਰੀ ਖੁਲੀ ਦਖਲ ਅੰਦਾਜੀ ਨੂੰ ਗਲਤ ਮੰਨਦੇ ਹਨ ਅਤੇ ਇਸ ਤਰ੍ਹਾਂ ਅੜੇ ਰਹਿਣਗੇ। ਕੋਈ ਬੇਹਤਰ ਸੌਦੇਬਾਜ਼ੀ ਹੋਣ 'ਤੇ ਉਹ ਆਪਣੀ ਸਥਿਤੀ ਬਦਲ ਵੀ ਸਕਦੇ ਹਨ। ਇਹੀ ਨਹੀਂ ਅਮਰੀਕੀ ਸਾਮਰਾਜੀ 2003 ਵਿਚ ਇਰਾਕ 'ਤੇ ਹਮਲੇ ਵਾਗੂੰ ਹਮਲਾ ਵੀ ਕਰ ਵੀ ਦਿੰਦੇ ਹਨ ਤਦ ਉਹ ਪਿਛੇ ਹਟ ਜਾਣਗੇ। ਪਰ ਇਹ ਆਖਰੀ ਸਥਿਤੀ ਹੋਵੇਗੀ ਤੇ ਇਸ ਦੇ ਹੋਰ ਸਿੱਟੇ ਵੀ ਨਿਕਲਣਗੇ। ਰੂਸੀ ਸਾਮਰਾਜੀ ਨਾਟੋ ਦੇ ਪੂਰਬ ਵੱਲ ਵਿਸਥਾਰ ਦਾ ਵੀ ਪੁਰਜ਼ੋਰ ਵਿਰੋਧ ਕਰਦੇ ਹਨ। ਇਸ ਲਈ ਅਜੇ ਜੀ-8 ਬੈਠਕ 'ਚ ਪੁਤੀਨ ਨੇ ਖੁਦ ਸਮੂਲੀਅਤ ਨਾ ਕਰਕੇ ਉਥੇ ਮੇਦਵੇਦੇਵ ਨੂੰ ਭੇਜ ਦਿੱਤਾ। ਇਸ ਤਰ੍ਹਾਂ ਉਤਰੀ ਕੋਰੀਆ, ਵੇਨਜ਼ੂਵੇਲਾ ਤੋਂ ਲੈ ਕੇ ਕਿਊਬਾ ਤਕ ਰੂਸੀ ਸਾਮਰਾਜੀ ਸਰਗਰਮ ਹਨ। ਰੂਸੀ ਸਾਮਰਾਜੀ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਭਾਂਤ-ਭਾਂਤ ਦੀ ਗੋਲੀ ਬੰਦੀ ਵੀ ਕਰਨ ਵਿਚ ਲੱਗੇ ਹੋਏ ਹਨ। ਸਿੰਘਾਈ ਸਹਿਕਾਰ, ਬ੍ਰਿਕਸ ਆਦਿ ਇਸ ਅਮਲ ਦੇ ਹਿੱਸੇ ਹਨ। ਉਹ ਦੂਰਗਾਮੀ ਤੌਰ 'ਤੇ ਰੂਸ ਚੀਨ ਦਾ ਕੋਈ ਸਰੀਕ ਬਣਨਾ ਚਾਹੁੰਦੇ ਹਨ। ਪਰ ਚੀਨ ਦੇ ਸ਼ਰਮਾਏਦਾਰ ਹਾਕਮਾਂ ਦੇ ਆਪਣੇ ਸਮੀਕਰਨ ਤੇ ਆਪਣੀਆਂ ਮਜ਼ਬੂਰੀਆਂ ਹਨ। ਕੁਲ ਮਿਲਾ ਕੇ ਰੂਸੀ ਸਾਮਰਾਜੀ ਦੁਨੀਆਂ ਭਰ 'ਚ ਲੁਟ-ਘਸੁੱਟ ਲਈ ਪੱਛਮੀ ਸਾਮਰਾਜੀਆਂ ਨਾਲ ਮੁਕਾਬਲੇ 'ਚ ਉਲਝੇ ਹੋਏ ਹਨ। ਪਰ ਆਪਣੀ ਕੰਮਜ਼ੋਰ ਹਾਲਤ ਕਾਰਨ ਬਹੁਤ ਹਾਸਲ ਨਹੀਂ ਕਰ ਪਾ ਰਹੇ ਹਨ। ਇਸ ਦੇ ਬਾਵਜੂਦ ਪੱਛਮੀ ਸਾਮਰਾਜਵਾਦੀਆਂ ਦੀ ਰਾਹ 'ਚ ਰੋੜਾਂ ਤਾਂ ਬਣ ਹੀ ਰਹੇ ਹਨ।

ਦੁਨੀਆਂ ਭਰ ਦੇ ਮਜ਼ਦੂਰਾਂ ਦੀ ਰੂਸੀ ਸਾਮਰਾਜੀਆਂ ਪ੍ਰਤੀ ਕੋਈ ਨਰਮ ਰੁੱਖ ਅਪਣਾਉਣ ਦੀ ਲੋੜ ਨਹੀਂ। ਉਹ ਵੀ ਮਜ਼ਦੂਰਾਂ ਦੇ ਉਹੋ ਜਿਹੇ ਹੀ ਦੁਸ਼ਮਣ ਹਨ ਜਿਵੇਂ ਬਾਕੀ ਸਾਮਰਾਜਵਾਦੀ। ਉਹਨਾਂ ਨੂੰ ਤਹਿਸ-ਨਹਿਸ ਕਰਨ ਲਈ ਵੈਸੇ ਹੀ ਸੰਘਰਸ਼ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਹੋਰ ਸਾਮਰਾਜੀਆਂ ਦੇ ਖਿਲਾਫ਼।

# ਵਿਸ਼ਵ-ਵਿਆਪੀ ਆਰਥਕ ਸੰਕਟ, ਗ੍ਰੀਸ ਤੇ ਸਾਮਰਾਜਵਾਦੀ

ਮਈ ਦੇ ਮਹੀਨੇ 'ਚ ਦੁਨੀਆਂ 'ਚ ਪਿਛਲੇ ਪੰਜ ਸਾਲਾਂ ਤੋਂ ਚਲ ਰਹੇ ਆਰਥਕ ਸੰਕਟ 'ਚ ਘਟਨਾਕ੍ਰਮ ਤੇਜੀ ਨਾਲ ਬਦਲਿਆ ਹੈ। ਇਸ ਦੀ ਸ਼ੁਰੂਆਤ 6 ਮਈ ਨੂੰ ਗ੍ਰੀਸ 'ਚ ਹੋਈਆਂ ਚੋਣਾਂ ਤੋਂ ਹੋਈ। ਗ੍ਰੀਸ ਇਸ ਸਮੇਂ ਯੂਰਪ ਦੇ ਸਭ ਤੋਂ ਵੱਧ ਸੰਕਟ ਗ੍ਰਸਿਤ ਦੇਸ਼ਾਂ 'ਚੋਂ ਇੱਕ ਹੈ। ਸਾਮਰਾਜੀ ਵਿਤੀ ਦਿਓ ਇਸ ਨੂੰ ਹੋਰ ਵੱਧ ਨਿਚੋੜਨ 'ਚ ਲੱਗੇ ਹੋਏ ਹਨ। ਇਸ 'ਚ ਯੂਰਪੀ ਸੰਘ, ਯੂਰਪੀ ਕੇਂਦਰੀ, ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਉਹਨਾਂ ਦੀ ਪੂਰੀ ਮਦਦ ਕਰ ਰਹੇ ਹਨ। ਕੁਝ ਮਹੀਨੇ ਪਹਿਲਾਂ ਜਦ ਇਹ ਸਪੱਸ਼ਟ ਹੋ ਗਿਆ ਕਿ ਗ੍ਰੀਸ ਦੀਆਂ ਪੂੰਜੀਵਾਦੀ ਪਾਰਟੀਆਂ ਦੇ ਨੇਤਾ ਲੋਕਾਂ ਤੋਂ ਡਰਦੇ ਕੁਝ ਹਿਚਕਚਾਹੁਣਗੇ ਤਾਂ ਇਹਨਾਂ ਨੇ ਗ੍ਰੀਸ ਦੀ ਚੁਣੀ ਹੋਈ ਸਰਕਾਰ ਤੋਂ ਹਟ ਕੇ ਇਕ ਅਖੌਤੀ ਟੈਕਨੋਕ੍ਰੇਟਿਕ ਸਰਕਾਰ ਬਿਠਾ ਦਿਤੀ। ਇਸ ਸਰਕਾਰ ਨੇ ਲੋਕਾਂ ਦੇ ਜੀਵਨ ਪੱਧਰ 'ਚ ਅਤੇ ਵੱਧ ਕਟੌਤੀ ਕਰਕੇ ਵਿਤੀ ਦਿਓਆਂ ਦੇ ਮੁਨਾਫੇ ਲਈ ਕਾਫੀ ਕੁਝ ਕੀਤਾ। ਇਸ ਅਖੌਤੀ ਟੈਕਨੋਕਰੇਟਿਕ ਸਰਕਾਰ ਬਾਰੇ ਸਾਰੀਆਂ ਪੂੰਜੀਵਾਦੀ ਪਾਰਟੀਆਂ ਦੀ ਸਹਿਮਤੀ ਸੀ। ਅਸਲ ਵਿਚ ਮਜ਼ਦੂਰ ਜਮਾਤ ਨੂੰ ਹੋਰ ਵੱਧ ਨਿਚੋੜਨ 'ਚ ਇਹਨਾਂ ਦੀ ਵੀ ਸਹਿਮਤੀ ਹੈ ਬਸ ਇਹ ਸਿਰਫ ਇਸ ਦਾ ਪਾਪ ਆਪਣੇ ਸਿਰ ਨਹੀਂ ਲੈਣਾ ਚਾਹੁੰਦੀ ਸੀ। ਟੈਕਨੋਕ੍ਰੇਟਾਂ ਨੇਤਾ ਚੋਣਾਂ ਲੜਨੀਆਂ ਨਹੀਂ ਸਨ ਇਸ ਲਈ ਇਹ 'ਟੈਕਨੋਕਰੇਟਿਕ ਸਰਕਾਰ' ਸਭ ਦੇ ਫਾਇਦੇ ਦੀ ਚੀਜ਼ ਸੀ। ਪਰ ਇਸ ਤਰ੍ਹਾਂ ਦੀ ਸਰਕਾਰ ਹੀ ਅਣਮਿਥੇ ਸਮੇਂ ਲਈ ਨਹੀਂ ਖਿਚਿਆ ਜਾ ਸਕਦਾ ਸੀ। ਚੋਣਾਂ ਕਰਵਾਈਆਂ ਜਾਣੀਆਂ ਸਨ ਤੇ 6 ਮਈ ਨੂੰ ਕਰਵਾਈਆਂ ਗਈਆਂ। ਪਰ ਇਹਨਾਂ ਚੋਣਾਂ ਦੇ ਜੋ ਨਤੀਜੇ ਆਏ ਉਸ ਨਾਲ ਸਾਮਰਾਜੀਆਂ ਦੇ ਸਾਹ ਰੁਕ ਗਏ ਸਨ। ਇਹਨਾਂ ਚੋਣਾਂ 'ਚ ਅਜੇ ਤਕ ਵਾਰੀ-ਵਾਰੀ ਨਾਲ ਹਕੂਮਤ 'ਚ ਆਉਂਦੀਆਂ ਰਹੀਆਂ ਦੋਨੋਂ ਮੁੱਖ ਪੂੰਜੀਵਾਦੀ ਪਾਰਟੀਆਂ ਦੀ ਹਾਲਤ ਬੇਹੱਦ ਖਰਾਬ ਹੋ ਗਈ। ਅਜੇ ਤੱਕ ਇਹਨਾਂ ਦੋਨੋਂ ਪਾਰਟੀਆਂ ਦੇ ਕਰੀਬ 80 ਫੀ ਸਦੀ ਵੋਟਾਂ ਮਿਲਦੀਆਂ ਰਹੀਆਂ ਸਨ ਪਰ ਇਸ ਵਾਰੀ ਅਖੌਤੀ ਸਮਾਜਵਾਦੀ ਪਾਸੋਕ ਨੂੰ ਸਿਰਫ ਇਕ ਤਿਹਾਈ ਵੋਟਾਂ ਹੀ ਮਿਲ ਸਕੀਆਂ। ਇਹ ਸਿਰਫ 15 ਫੀ ਸਦੀ ਵੋਟਾਂ ਤਕ ਸਿਮਟ ਗਈ ਜਦ ਕਿ ਪਹਿਲਾਂ ਚੋਣਾਂ 'ਚ ਇਸ ਨੂੰ 47 ਫੀ ਸਦੀ ਵੋਟਾਂ ਮਿਲੀਆਂ ਸਨ। ਇਹੋ ਹਾਲ ਨਿਊ ਡੈਮੋਕ੍ਰੇਸੀ ਪਾਰਟੀ ਦਾ ਰਿਹਾ ਜਿਸ ਦੀਆਂ ਵੋਟਾਂ ਕਰੀਬ ਅੱਧੀਆਂ ਰਹਿ ਗਈਆਂ (19 ਫੀ ਸਦੀ) ਇਸ ਦੇ ਮੁਕਾਬਲ ਸਿਰਿਜਾ ਨਾਂ ਦੀ ਪਾਰਟੀ ਜੋ ਕਿ ਕਈ ਛੋਟੀਆਂ-ਛੋਟੀਆਂ ਪਾਰਟੀਆਂ ਤੇ ਸਮੂਹਾਂ ਦਾ ਗਠਜੋੜ ਹੈ ਤੇ ਜਿਸ ਨੂੰ ਪੂੰਜੀਵਾਦੀ, ਪਰਜਾ ਤੰਤਰ ਬੇਹੱਦ ਖੱਬੇ ਪੱਖੀ ਪਾਰਟੀ ਦਸ ਰਿਹਾ ਹੈ। ਤੇਜੀ ਨਾਲ ਅੱਗੇ ਵਧੀ ਤੇ ਉਸ ਨੂੰ ਪਹਿਲੀ ਵਾਰ ਦੇ 4.5 ਫੀ ਸਦੀ ਦੇ ਮੁਕਾਬਲੇ ਇਸ ਵਾਰੀ 16.8 ਫੀ ਸਦੀ ਵੋਟਾਂ ਮਿਲੀਆਂ। ਸੀਰਿਜਾ ਦੂਜੇ ਨੰਬਰ 'ਤੇ ਆ ਗਈ। ਗ੍ਰੀਸ ਦੀ ਕਮਿਊਨਿਸਟ ਪਾਰਟੀ ਵੀ ਆਪਣੀ ਵੋਟ ਇਕ ਫੀ ਸਦੀ ਵਧਾ ਕੇ ਕਰੀਬ 8 ਫੀ ਸਦੀ ਤਕ ਪਹੁੰਚਣ 'ਚ ਕਾਮਯਾਬ ਹੋ ਗਈ। ਯਾਦ ਰਹੇ ਕਿ ਇਹਨਾਂ ਚੋਣਾਂ 'ਚ

ਵੋਟ ਪਾਉਣ ਦੀ ਫੀ ਸਦੀ ਵੀ ਡਿੱਗ ਕੇ ਸਿਰਫ 65 ਰਹਿ ਗਈ। ਸੀਰਿਜਾ ਦੀ ਚੋਣਾਂ 'ਚ ਕਾਰਗੁਜਾਰੀ ਸਾਮਰਾਜੀਆਂ ਲਈ ਬੜੀ ਪ੍ਰੇਸ਼ਾਨੀ ਦਾ ਕਾਰਨ ਬਣ ਗਈ। ਸੀਰਿਜਾ ਦੀ ਚੋਣਾਂ 'ਚ ਇਹ ਬੇਹਤਰ ਸਥਿਤੀ ਸਿਰਫ ਇਕ ਕਾਰਨ ਕਰਕੇ ਹੋਈ ਸੀ। ਇਸ ਪਾਰਟੀ ਨੇ ਵਿਤੀ ਦਿਉਆਂ ਵਲੋਂ ਗ੍ਰੀਸ ਦੀ ਮਜ਼ਦੂਰ ਜਮਾਤ 'ਤੇ ਲਾਗੂ ਕੀਤੇ ਜਾ ਰਹੇ ਅਖੌਤੀ ਕਿਫਾਅਤ ਕਦਮਾਂ ਦਾ ਵਿਰੋਧ ਕੀਤਾ ਸੀ। ਮਜ਼ਦੂਰ ਜਮਾਤ ਨੇ ਇਸ ਲਈ ਉਸ ਨੂੰ ਵੋਟ ਦਿੱਤੀ ਸੀ। ਮਹੱਤਵਪੂਰਨ ਗੱਲ ਇਹ ਹੈ ਕਿ ਸਿਰੀਜਾ ਯੂਰਪੀ ਸੰਘ ਤੇ ਯੂਰਪੀ ਖੇਤਰ ਵਿਚ ਰਹਿਣ ਦੇ ਪੱਖ ਵਿਚ ਹੈ ਜਦਕਿ ਉਥੇ ਕਿਆਫ਼ਤ ਕਦਮ ਲਾਗੂ ਕਰਨ ਦਾ ਇਹ ਮੁੱਖ ਸਰੋਤ ਬਣੇ ਹੋਏ ਹਨ। ਗ੍ਰੀਸ ਦੇ ਅਜੀਬੋ-ਗਰੀਬ ਚੁਣਾਵੀ ਨਿਯਮਾਂ ਅਨੁਸਾਰ ਸਭ ਤੋਂ ਵੱਧ ਵੋਟਾਂ ਪਾਉਣ ਵਾਲੀ ਪਾਰਟੀ ਨਿਊ ਡੈਮੋਕਰੇਸੀ ਨੂੰ 300 ਮੈਂਬਰਾਂ ਦੀ ਸੰਸਦ 'ਚ 50 ਤੋਂ ਵੱਧ ਸੀਟਾਂ ਮਿਲੀਆਂ ਪਰ ਇਸ ਦੇ ਬਾਵਜੂਦ ਇਹ ਪਾਸੋਕ ਦੇ ਨਾਲ ਮਿਲ ਕੇ ਵੀ ਸਰਕਾਰ ਬਣਾਉਣ ਦੀ ਹਾਲਤ 'ਚ ਨਹੀਂ ਸੀ। ਇਨ੍ਹਾਂ ਦੋਨੋਂ ਪਾਰਟੀਆਂ ਨੇ ਸੀਰਿਜਾ ਨੂੰ ਵੀ ਆਪਣੇ ਨਾਲ ਸਰਕਾਰ 'ਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਪਰ ਸੀਰਿਜਾ ਨੇ ਮਨਾਂ ਕਰ ਦਿੱਤਾ। ਉਸ ਨੂੰ ਪਤਾ ਸੀ ਕਿ ਇਸ ਸਰਕਾਰ 'ਚ ਸ਼ਾਮਲ ਹੋਣ ਦਾ ਮਤਲਬ ਕਿਫਾਇਤ ਕਦਮਾ ਨੂੰ ਹੋਰ ਵੱਡੇ ਪੈਮਾਨੇ 'ਤੇ ਲਾਗੂ ਕਰਨ ਦਾ ਹੁੰਦਾ ਅਤੇ ਇਹ ਇਸ ਦੀ ਬੇੜੀ ਡਬੋ ਦਿੰਦਾ। ਇਸ ਦੇ ਮੁਕਾਬਲੇ ਇਹ ਸਪਸ਼ਟ ਸੀ ਕਿ ਇਹਨਾਂ ਕਦਮਾਂ ਦਾ ਵਿਰੋਧ ਕਰਦੇ ਰਹਿਣ ਨਾਲ ਇਸ ਦੀ ਸਥਿਤੀ ਬੇਹਤਰ ਹੁੰਦੀ। ਗ੍ਰੀਸ ਦੇ ਰਾਸ਼ਟਰਪਤੀ ਪੋਪਲਿਆਸ ਵਲੋਂ ਸਭ ਪਾਰਟੀਆਂ ਨਾਲ ਸਰਕਾਰ ਬਣਾਉਣ ਦੇ ਕਈ ਚੱਕਰ ਦੇ ਯਤਨਾਂ ਦੇ ਬਾਵਜੂਦ ਸਰਕਾਰ ਨਹੀਂ ਬਣ ਸਕੀ। ਇਸ ਤੋਂ ਇਲਾਵਾਂ ਕੋਈ ਰਾਹ ਨਹੀਂ ਬਚਿਆ ਕਿ ਨਵੀਆਂ ਚੋਣਾਂ ਕਰਵਾਈਆਂ ਜਾਣ ਤੇ 17 ਜੂਨ ਨੂੰ ਨਵੀਆਂ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ ਗਿਆ। ਇਸ ਪਿਛੋਂ ਦੀ ਸਥਿਤੀਆਂ ਹੋਰ ਵੀ ਗੰਭੀਰ ਹੋਣ ਲੱਗੀਆਂ। ਇਸ ਗੱਲ ਦਾ ਡਰ ਮਜ਼ਬੂਤ ਹੋ ਗਿਆ ਕਿ ਕਿਆਫ਼ਤ ਕਦਮਾ ਦੀ ਵਿਰੋਧੀ ਕਮਿਊਨਿਸਟ ਪਾਰਟੀ ਤੇ ਸੀਰਿਜਾ ਪਹਿਲਾਂ ਤੋਂ ਹੀ ਵੱਧ ਬੇਹਤਰ ਸਥਿਤੀ 'ਚ ਆ ਜਾਣ। ਸੀਰਿਜਾ ਦੇ ਪਹਿਲੇ ਨੰਬਰ 'ਤੇ ਆਉਂਦਿਆਂ ਹੀ ਪੰਜਾਹ ਵਾਧੂ ਸੀਟਾਂ ਉਸ ਦੇ ਖਾਤੇ ਵਿਚ ਚਲੀਆਂ ਜਾਣਗੀਆਂ। ਫੇਰ ਜਾਂ ਤਾਂ ਇਕ ਕਿਫ਼ਾਅਤ ਵਿਰੋਧੀ ਸਰਕਾਰ ਬਣੇਗੀ ਜਾਂ ਫਿਰ ਇਕ ਵਾਰੀ ਸਰਕਾਰ ਬਣਾ ਸਕਣਾ ਮੁਸ਼ਕਲ ਹੋ ਜਾਵੇਗਾ। ਇਹ ਦੋਨੋਂ ਹੀ ਚੀਜ਼ਾਂ ਸਮਾਰਾਜੀਆਂ ਲਈ ਖਤਰਨਾਕ ਹੋਣਗੀਆਂ। ਗਰੀਸ ਦੀ ਕਮਿਊਨਿਸਟ ਪਾਰਟੀ ਜੋ ਭਾਰਤ ਦੀ ਭਾਕਪਾ-ਮਾਕਪਾ ਦੀ ਸਹੋਦਰ ਹੈ ਤਾਂ ਗ੍ਰੀਸ ਨੂੰ ਯੂਰਪੀ ਸੰਘ ਤੇ ਯੂਰੋ ਖੇਤਰ ਤੋਂ ਬਾਹਰ ਕਰਨ ਦੀ ਮੰਗ ਕਰ ਰਹੀਆਂ ਹਨ।

ਯੂਰਪੀ ਸਾਮਰਾਜੀਆਂ ਸਮੇਤ ਸਾਰੇ ਹੀ ਸਾਮਰਾਜੀਆਂ ਲਈ ਇਹ ਸਥਿਤੀ ਖਾਸੀ ਪ੍ਰੇਸ਼ਾਨੀ ਵਾਲੀ ਹੈ। ਜੇ ਗ੍ਰੀਸ ਦੀ ਕੋਈ ਸਰਕਾਰ ਕਿਫ਼ਾਇਤ ਕਦਮਾਂ ਨੂੰ ਹੋਰ ਅੱਗੇ ਵਧਾਉਣ ਤੋਂ ਨਾਂਹ ਕਰਦੀ ਹੈ ਤਦ ਇਸ ਨਾਲ ਜੋ ਚੀਜ਼ਾਂ ਸ਼ੁਰੂ ਹੋਣਗੀਆਂ ਉਹ ਫਰਾਂਸ, ਜਰਮਨੀ, ਇੰਗਲੈਂਡ ਤੇ ਅਮਰੀਕਾ ਦੇ ਵਿਤੀ ਅਦਾਰਿਆਂ ਲਈ ਬਹੁਤ ਮੁਸ਼ਕਲਾਂ ਪੈਦਾ ਕਰੇਗੀ। ਅਜੇ ਗ੍ਰੀਸ ਦੇ ਮਜ਼ਦੂਰਾਂ ਨੂੰ ਜੋ ਚੂਸਿਆ ਜਾ ਰਿਹਾ ਹੈ ਉਸ ਨਾਲ ਇਹਨਾਂ ਵਿਤੀ ਸੰਸਥਾਵਾਂ ਨੂੰ ਦਿਵਾਲੀਆ ਹੋਣ ਤੋਂ ਬਚਾਇਆ ਜਾ ਰਿਹਾ ਹੈ। ਅਜੇ ਗ੍ਰੀਸ ਦੇ ਯੂਰੋ ਖੇਤਰ ਤੋਂ ਬਾਹਰ ਹੋ ਜਾਣ ਦਾ ਇਕ ਅਸਲੀ ਖਤਰਾ ਮੌਜੂਦ ਹੈ ਤੇ ਇਸ ਨਾਲ

ਸਾਮਰਾਜੀਆਂ ਨੂੰ ਕੰਬਣੀ ਛੁਟ ਰਹੀ ਹੈ। ਬਿਟ੍ਰੇਨ ਖੁਦ ਯੂਰੋ ਖੇਤਰ ’ਚ ਸ਼ਾਮਲ ਨਹੀਂ ਹੈ ਪਰ ਉਸ ਦੇ ਪ੍ਰਧਾਨ ਮੰਤਰੀ ਡੈਵਿਡ ਕੈਮਰੂਨ ਲਗਾਤਾਰ ਗ੍ਰੀਸ ਦੇ ਲੋਕਾਂ ਨੂੰ ਡਰਾ ਰਹੇ ਹਨ ਕਿ ਗ੍ਰੀਸ ਦੇ ਯੂਰੋ ਖੇਤਰ ਤੋਂ ਬਾਹਰ ਹੋ ਜਾਣ ਦੇ ਗੰਭੀਰ ਨਤੀਜੇ ਹੋਣਗੇ। ਉਹਨਾਂ ਦੀ ਪੂਰੇ ਖੇਤਰ ਸਬੰਧੀ ਇਹ ਚਿੰਤਾ ਬ੍ਰਿਟੇਨ ਦੇ ਬੈਂਕਾਂ ਅਤੇ ਵਿਤੀ ਸੰਸਥਾਵਾਂ ਕਾਰਨ ਹੈ। ਜੇ ਗ੍ਰੀਸ ਯੂਰੋ ਖੇਤਰ ਤੋਂ ਬਾਹਰ ਹੁੰਦਾ ਹੈ ਤਾਂ ਉਸ ਨਾਲ ਜੋ ਉਥਲ-ਪੁਥਲ ਮਚੇਗੀ ਉਹ ਬ੍ਰਿਟੇਨ ਦੀਆਂ ਵਿਤੀ ਸੰਸਥਾਵਾਂ ਨੂੰ ਵੀ ਤਬਾਹੀ ਵੱਲ ਲੈ ਜਾਵੇਗੀ। ਯੂਰਪੀ ਸੰਘ ਤੇ ਯੂਰੋ ਖੇਤਰ ਯੂਰਪ ਦੇ ਸਾਮਰਾਜੀ ਪੂੰਜੀਪਤੀਆਂ ਦੇ ਹਿੱਤ ਵਿਚ ਗਠਿਤ ਕੀਤੇ ਗਏ ਹਨ। ਇਸ ਦੇ ਜ਼ਰੀਏ ਯੂਰਪ ਦੀ ਵਿਤੀ ਪੂੰਜੀ ਨੇ ਆਪਣੇ ਲਈ ਲੁਟ ਦਾ ਵੱਡਾ ਖੇਤਰ ਹਾਸ਼ਲ ਕਰ ਲਿਆ ਹੈ। ਇਹ ਮਜ਼ਦੂਰ ਜਮਾਤ ਦੀ ਕੀਮਤ ’ਤੇ ਹੋਇਆ ਹੈ। ਇਸ ਲਈ ਸ਼ਰਮਾਏਦਾਰ ਜਮਾਤ ਦੇ ਸਾਰੇ ਪ੍ਰਚਾਰ ਦੇ ਬਾਵਜੂਦ ਇਹਨਾਂ ਦੋਹਾਂ ਸੰਗਠਨਾਂ ਦਾ ਅਮਲ ਕਾਫੀ ਮੱਠਾ ਰਿਹਾ ਹੈ। ਹੁਣ ਇਸ ਸੰਕਟ ਨੇ ਇਹਨਾਂ ਦੋਹਾਂ ਦੇ ਅੰਤਰ ਵਿਰੋਧਾਂ ਨੂੰ ਤਿੱਖੇ ਢੰਗ ਨਾਲ ਉਜਾਗਰ ਕਰ ਦਿੱਤਾ ਹੈ। ਗ੍ਰੀਸ ਵੈਸੇ ਤਾਂ ਇਕ ਛੋਟਾ ਜਿਹਾ ਖੇਤਰ ਹੈ ਪਰ ਜੇ ਗ੍ਰੀਸ ਯੂਰੋ ਖੇਤਰ ਯੂਰਪੀ ਸੰਘ ਤੋਂ ਵੱਖ ਹੁੰਦਾ ਹੈ ਤਾਂ ਸਮੁੱਚੀ ਏਕੀਕਰਨ ਦੀ ਉਲਟੀ ਪ੍ਰੀਕ੍ਰਿਆ ਸ਼ੁਰੂ ਹੋ ਜਾਵੇਗੀ। ਜ਼ਿਕਰਯੋਗ ਹੈ ਕਿ ਸਾਮਰਾਜੀਆਂ ਨੇ ਇਸ ਦੇ ਉਲਟ ਅਮਲ ਲਈ ਕੋਈ ਤਿਆਰੀ ਨਹੀਂ ਕਰਕੇ ਰਖੀ ਹੈ। ਇਥੋਂ ਤਕ ਕਿ ਕਿਸੇ ਦੇਸ਼ ਦੇ ਬਾਹਰ ਹੋ ਜਾਣ ਦਾ ਪਹਿਲਾਂ ਤੋਂ ਕੋਈ ਵਿਵਸਥਾ ਵੀ ਨਹੀਂ ਹੈ। ਸੁਆਲ ਇਹ ਨਹੀਂ ਹੈ ਕਿ ਗ੍ਰੀਸ ਵਰਗਾ ਕੋਈ ਛੋਟਾ ਜਿਹਾ ਦੇਸ਼ ਬਾਹਰ ਹੋ ਜਾਵੇਗਾ। ਸੁਆਲ ਇਸ ਤੋਂ ਵੀ ਵੱਡਾ ਹੈ। ਸੁਆਲ ਉਸ ਵੱਡੇ ਸੰਕਟ ਦਾ ਹੈ ਜਿਸ ਦੇ ਸਿਟੇ ਵਜੋਂ ਗ੍ਰੀਸ ਬਾਹਰ ਹੋ ਰਿਹਾ ਹੈ। ਗ੍ਰੀਸ ਦੇ ਬਾਹਰ ਹੋ ਜਾਣ ਦੇ ਅਮਲ ’ਚ ਯੂਰਪ-ਅਮਰੀਕਾ ਦੇ ਕਈ ਵਿਤੀ ਅਦਾਰੇ ਦਿਵਾਲੀਆ ਹੋ ਜਾਣਗੇ। ਇਸ ਦੇ ਨਾਲ ਸਪੇਨ, ਪੁਰਤਗਾਲ ਤੇ ਇਟਲੀ ਵਰਗੇ ਵੱਡੇ ਦੇਸ਼ ਵੀ ਗ੍ਰੀਸ ਦੀ ਸਥਿਤੀ ਵਿਚ ਪਹੁੰਚ ਜਾਣਗੇ ਅਤੇ ਤਦ ਯੂਰਪੀ ਸੰਘ ਤੇ ਯੂਰੋ ਖੇਤਰ ਦਾ ਸਮੁੱਚਾ ਢਾਂਚਾ ਖਤਰੇ ’ਚ ਪੈ ਜਾਵੇਗਾ। ਗ੍ਰੀਸ ਅੱਜ ਮਕਾਨ ਦੀ ਉਸ ਇੱਟ ਵਾਗੂੰ ਹੈ ਜਿਸ ਦੇ ਖਿਸਕਦੇ ਹੀ ਬਹੁਤ ਸਾਰੀਆਂ ਇੱਟਾਂ ਖਿਸਕਣ ਲੱਗਣਗੀਆਂ ਤੇ ਪੂਰਾ ਮਕਾਨ ਹੀ ਢਹਿ ਢੇਰੀ ਹੋ ਜਾਣ ਵੱਲ ਵਧੇਗਾ। ਅੱਜ ਗ੍ਰੀਸ 1930 ਦੇ ਦਹਾਕੇ ਦੀ ਮਹਾਂਮੰਦੀ ਵਰਗੀ ਮਹਾਂਮੰਦੀ ਦਾ ਸ਼ਿਕਾਰ ਹੈ। ਪਿਛਲੇ 5 ਸਾਲਾਂ ਤੋਂ ਉਥੋਂ ਦੀ ਪੈਦਾਵਾਰ 27 ਫੀ ਸਦੀ ਡਿਗ ਚੁੱਕੀ ਹੈ। ਬੇਰੁਜ਼ਗਾਰੀ ਦੀ ਦਰ ਉਥੇ 22 ਫੀ ਸਦੀ ਹੈ। ਯੂਰੋ ਖੇਤਰ ਅਤੇ ਨੌਜਵਾਨਾਂ ’ਚ ਬੇਰੁਜ਼ਗਾਰੀ ਦੀ ਦਰ 50 ਫੀ ਸਦੀ ਹੈ। ਅਜੇਹੀ ਹਾਲਤ ’ਚ 1930 ਦੇ ਦਹਾਕੇ ਦੀ ਮਹਾਂਮੰਦੀ ’ਚ ਅਮਰੀਕਾ, ਬ੍ਰਿਟੇਨ ਵਰਗੇ ਦੇਸ਼ਾਂ ਦੀ 1933 ’ਚ ਸੀ। ਪਰ ਗ੍ਰੀਸ ਦਾ ਕੇਸ ਕੋਈ ਅਪਵਾਦ ਨਹੀਂ ਹੈ। ਯੂਰੋ ਖੇਤਰ ਦੇ ਅੱਧੇ ਦੇਸ਼ ਇਸ ਸਮੇਂ ਅਧਿਕਾਰਿਤ ਤੌਰ ’ਤੇ ਡਬਲਡਿਪ ਮੰਦੀ ’ਚ ਜਾ ਚੁੱਕੇ ਹਨ। ਪਰ ਯੂਰੋ ਖੇਤਰ ਸਮੁੱਚੇ ਤੌਰ ’ਤੇ ਜੀਰੋ ਵਾਧਾ ਦਰ ਦਰਸਾ ਰਿਹਾ ਹੈ। ਯੂਰੋ ਖੇਤਰ ਦੇ ਬਾਹਰ ਬ੍ਰਿਟੇਨ ਵੀ ਡਬਲਡਿੱਪ ਮੰਦੀ ’ਚ ਜਾ ਚੁੱਕਿਆ ਹੈ। ਡਬਲ ਡਿੱਪ ਮੰਦੀ ਦਾ ਸਿੱਧਾ ਜਿਹਾ ਮਤਲਬ ਹੈ ਕਿ 2008 ਦੇ ਅੰਤ ਵਿਚ ਜੋ ਮੰਦੀ ਸ਼ੁਰੂ ਹੋਈ ਸੀ ਉਸ ’ਚੋਂ ਪੂਰੀ ਤਰ੍ਹਾਂ ਉਭਰਨ ਦੇ ਬਦਲ ਇਹ ਅਰਥਚਾਰੇ ਫਿਰ ਮੰਦੀ ’ਚ ਜਾ ਚੁੱਕੇ ਹਨ। ਯਾਨੀ ਇਹਨਾਂ ਵਿਚ ਕੁਲ ਪੈਦਾਵਾਰ 2008 ਦੇ ਪੱਧਰ ਤੋਂ ਹੇਠਾਂ ਹੈ। ਬੇਰੁਜ਼ਗਾਰੀ ਦੀ ਹਾਲਤ ਤਾਂ ਹੋਰ ਵੀ ਬੁਰੀ ਹੈ। ਜ਼ਿਆਦਾਤਰ

ਦੇਸ਼ਾਂ ਵਿਚ ਇਹ 2009 ਤੋਂ ਹੀ ਉਚਤਮ ਪੱਧਰ ’ਤੇ ਟਿਕੀ ਹੋਈ ਹੈ। ਜੋ ਰੁਜ਼ਗਾਰ ਪੈਦਾ ਵੀ ਹੋ ਰਹੇ ਹਨ ਉਹ ਘੱਟ ਤਨਖਾਹ ਵਾਲੇ ਹਨ। ਇਹਨਾਂ ਨੂੰ ਹੀ ਬੇਰਾਕ ਓਬਾਮਾ ਵਰਗੇ ਠੱਗ ਆਪਣੀ ਪ੍ਰਾਪਤੀ ਦਸ ਰਹੇ ਹਨ। 2010 ’ਚ ਪੈਦਾਵਾਰ ’ਚ ਥੋੜੀ ਜਿਹੀ ਬੇਹਤਰੀ ਹੋਈ ਤਾਂ ਸ਼ਾਮਰਾਜੀਆਂ ਨੇ ਐਲਾਨ ਕਰ ਦਿੱਤਾ ਸੀ ਕਿ ਉਹ ਮੰਦੀ ਤੇ ਆਰਥਕ ਸੰਕਟ ’ਚੋਂ ਬਾਹਰ ਨਿਕਲ ਆਏ ਹਨ ਅਤੇ ਉਹਨਾਂ ਨੇ ਉਸ ਤੋਂ ਉਲਟ ਕੰਮ ਕਰਨਾ ਸ਼ੁਰੂ ਕਰ ਦਿੱਤਾ ਜੋ ਉਹਨਾਂ ਨੇ 2007 ਤੋਂ 2009 ਦੇ ਵਿਚਕਾਰ ਕੀਤਾ ਸੀ। ਆਰਥਕ ਸੰਕਟ ਦੀ ਸ਼ੁਰੂਆਤ 2007 ’ਚ ਵਿਤੀ ਸੰਕਟ ਨਾਲ ਹੋਈ ਸੀ। ਇਹ ਵਿੱਤੀ ਸੰਕਟ ਸਤੰਬਰ-ਅਕਤੂਬਰ ਤਕ ਬਹੁਤ ਗੰਭੀਰ ਹੋ ਗਿਆ ਅਤੇ ਸਮੁੱਚੀ ਵਿਸ਼ਵ ਵਿਤੀ ਵਿਵਸਥਾ ਢਹਿ ਢੇਰੀ ਹੋਣ ਕਿਨਾਰੇ ਪਹੁੰਚ ਗਈ। ਇਸ ਨੂੰ ਬਚਾਉਣ ਲਈ ਦੁਨੀਆਂ ਭਰ ਦੀਆਂ ਸਰਕਾਰਾਂ ਨੇ ਖੂਬ ਪੈਸੇ ਖਰਚ ਕੀਤੇ। ਇਕ ਅੰਕੜੇ ਅਨੁਸਾਰ ਸਰਕਾਰਾਂ ਨੇ ਇਹਨਾਂ ਸਭ ’ਤੇ ਕੁਲ ਕਰੀਬ 20 ਹਜ਼ਾਰ ਅਰਬ ਡਾਲਰ ਖਰਚ ਕੀਤੇ ਯਾਨੀ ਦੁਨੀਆਂ ਭਰ ਦੀ ਸਲਾਨਾ ਪੈਦਾਵਾਰ ਦਾ ਇਕ ਤਿਹਾਈ। ਸਰਕਾਰ ਦੇ ਇਹਨਾਂ ਯਤਨਾਂ ਦਾ ਹੀ ਨਤੀਜਾ ਹੋਇਆ ਕਿ ਵਿਤੀ ਵਿਵਸਥਾ ਢਹਿ-ਢੇਰੀ ਹੋਣ ਤੋਂ ਬਚ ਗਈ ਤੈ ਪੈਦਾਵਾਰ ’ਚ ਹੋ ਰਹੀ ਤੇਜ਼ ਗਿਰਾਵਟ ’ਚ ਕੁਝ ਰੁਕ ਗਈ। ਪਰ ਇਸ ਅਮਲ ’ਚ ਸਰਕਾਰਾਂ ਦੀ ਆਪਣੀ ਵਿਤੀ ਹਾਲਤ ਖ਼ਰਾਬ ਹੋ ਗਈ। ਨਿਜੀ ਵਿੱਤੀ ਅਦਾਰਿਆਂ ਦਾ ਸੰਕਟ ਹੁਣ ਸਰਕਾਰ ਦੇ ਵਿਤੀ ਸੰਕਟ ’ਚ ਤਬਦੀਲ ਹੋ ਗਿਆ ਸੀ। ਸਰਕਾਰਾਂ ਦਾ ਵਿਤੀ ਘਾਟਾ ਤੇ ਸਮੁੱਚਾ ਕਰਜਾ ਹੁਣ ਸਾਰੀਆਂ ਹੱਦਾਂ ਤੋੜਣ ਲੱਗਿਆ। 2009 ਦੇ ਅੰਤ ਤੋਂ ਦੁਨੀਆਂ ਭਰ ਦੇ ਸੱਟੇਬਾਜ਼ੀ ਤੇ ਕੌਮਾਂਤਰੀ ਵਿਤੀ ਅਦਾਰਿਆਂ ਨੇ ਸਰਕਾਰ ਤੇ ਉਲਟਾ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ। ਉਹਨਾਂ ਕਹਿਣਾ ਸ਼ੁਰੂ ਕੀਤਾ ਕਿ ਸਰਕਾਰਾਂ ਦਾ ਕਰਜ਼ਾ ਬਹੁਤ ਜ਼ਿਆਦਾ ਹੈ ਅਤੇ ਉਹਨਾਂ ਦਾ ਖਰਚ ਵੀ। ਇਸ ਲਈ ਸਰਕਾਰਾਂ ਨੂੰ ਇਸ ਨੂੰ ਘਟਾਉਣਾ ਚਾਹੀਦਾ ਹੈ। ਇਸ ਲਈ ਸਰਕਾਰਾਂ ਦੀ ਬਚੀ-ਖੁਚੀ ਸਰਕਾਰੀ ਕੰਪਨੀਆਂ ਦੀ ਵਿਕਰੀ ਕਰਨੀ ਚਾਹੀਦੀ ਹੈ ਤੇ ਸਰਕਾਰੀ ਮੁਲਾਜਮਾਂ ਦੀਆਂ ਤਨਖਾਹਾਂ ਘਟਾਉਣੀਆਂ ਚਾਹੀਦੀਆਂ ਹਨ। ਮਜ਼ਦੂਰ ਜਮਾਤ ਤੇ ਹੋਰਾਂ ਨੂੰ ਦਿਤੀ ਜਾਂਦੀ ਸਰਕਾਰੀ ਰਾਹਤ ’ਚ ਕਟੌਤੀ ਕੀਤੀ ਜਾਣੀ ਚਾਹੀਦੀ ਹੈ। ਇਨਾਂ ਹੀ ਨਹੀਂ ਨਿਜੀ ਖੇਤਰ ਦੇ ਮਜ਼ਦੂਰਾਂ ਦੀਆਂ ਤਨਖਾਹਾਂ-ਸਹੂਲਤਾਂ ’ਚ ਵੀ ਕਟੌਤੀ ਕੀਤੀ ਜਾਣੀ ਚਾਹੀਦੀ ਹੈ। ਸਰਕਾਰਾਂ ਤੋਂ 20 ਹਜ਼ਾਰ ਅਰਬ ਡਾਲਰ ਡਕਾਰਨ ਪਿਛੋਂ ਇਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਜਿਵੇਂ ਇਹਨਾਂ ਲਈ ਕਾਫੀ ਨਹੀਂ ਸਨ। ਸੱਟੇਬਾਜਾਂ ਨੇ ਉਹਨਾਂ ਹੀ ਸੱਟੇਬਾਜ਼ਾਂ ਨੇ ਜਿਹਨਾਂ ਨੂੰ ਸਰਕਾਰ ਨੇ ਬਚਾਇਆ ਸੀ ਹੁਣ ਸਰਕਾਰ ਦੀ ਵਿਤੀ ਹਾਲਤ ’ਤੇ ਹੀ ਸੱਟੇਬਾਜ਼ੀ ਕਰਨੀ ਸ਼ੁਰੂ ਕਰ ਦਿਤੀ। ਸਰਕਾਰਾਂ ਦੀ ਵਿਤੀ ਹਾਲਤ ’ਤੇ ਵੱਡੇ ਪੱਧਰ ਦੀ ਸੱਟੇਬਾਜ਼ੀ ਕੰਮਜ਼ੋਰ ਦੇਸ਼ਾਂ ਦੀਆਂ ਸਰਕਾਰਾਂ ’ਤੇ ਕਹਿਰ ਢਾਹੁਣ ਲੱਗੀਆਂ ਕਿਉਂਕਿ ਉਹਨਾਂ ਨੂੰ ਬਾਜ਼ਾਰ ਤੋਂ ਕਰਜ਼ਾ ਮਿਲਣਾ ਮੁਸ਼ਕਲ ਹੋ ਗਿਆ ਤੇ ਕਰਜ਼ੇ ਤੇ ਵਿਆਜ ਦਰਾਂ ਵਧਣ ਲੱਗੀਆਂ।

ਵਿਤੀ ਵੱਡਿਆਂ ਨੇ ਸਰਕਾਰਾਂ ’ਤੇ ਜੋ ਦਬਾਅ ਬਣਾਇਆ ਉਸ ਦੇ ਸਿੱਟੇ ਵਜੋਂ 2010 ਤੋਂ ਸਰਕਾਰਾਂ ਨੇ ਆਪਣੀਆਂ ਨੀਤੀਆਂ ’ਚ ਤਬਦੀਲੀ ਕੀਤੀ ਤੇ ਖਰਚਿਆਂ ’ਚ ਕਟੌਤੀ ਕਰਨੀ ਸ਼ੁਰੂ ਕਰ ਦਿੱਤੀ। ਇਸ ਦਾ ਸਿੱਧਾ ਸਿੱਟਾ ਇਹ ਹੋਇਆ ਕਿ ਜੋ ਆਰਥਕ ਵਾਧਾ ਥੋੜਾ ਬਹੁਤ ਹੋਣਾ ਸ਼ੁਰੂ ਹੋਇਆ ਸੀ ਉਹ ਖਟਾਈ ’ਚ ਪੈ ਗਿਆ। ਇਸ ਤੋਂ ਵੀ ਮਾੜੀ

ਗੱਲ ਇਹ ਹੋਈ ਕਿ ਮਜ਼ਦੂਰ ਜਮਾਤ ਦੀ ਕਾਰਜ ਸ਼ਕਤੀ ’ਚ ਕਟੌਤੀ ਕਾਰਨ ਬਾਜ਼ਾਰ ’ਚ ਮੰਗ ਹੋਰ ਘਟ ਗਈ। ਇਸ ਨੇ ਆਰਥਕ ਵਾਧੇ ’ਤੇ ਹੋਰ ਵੀ ਵੱਧ ਬੁਰਾ ਅਸਰ ਪਾਇਆ। ਇਸ ਤਰ੍ਹਾਂ ਹੋਇਆ ਇਹ ਕਿ 2010 ’ਚੋਂ ਜੋ ਵਾਧੇ ਦੇ ਆਸਾਰ ਦਿਸ ਰਹੇ ਸਨ ਉਹ 2011 ’ਚ ਹਲਕੇ ਪੈ ਗਏ ਅਤੇ 2012 ’ਚ ਤਾਂ ਮਾਮਲਾ ਸਿੱਧਾ ਦੁਬਾਰਾ ਮੰਦੀ ਵੱਲ ਚਲਾ ਗਿਆ। ਅਰਥਚਾਰੇ ਦੀ ਇਸ ਹਾਲਤ ਪਿਛੇ ਲੰਮੇ ਦਾਅ ਤੋਂ ਕਾਰਕਾਂ ਦੀ ਗੱਲ ਕਰੀਏ ਤਾਂ ਉਹ ਸਾਰੇ ਦੇ ਸਾਰੇ ਲਗਭਗ ਜਿਉਂ ਦੇ ਤਿਉਂ ਹਨ ਬਲਕਿ ਪਿਛਲੇ 5 ਸਾਲਾਂ ਦੇ ਸੰਕਟ ਦੌਰਾਨ ਮਜ਼ਦੂਰ ਜਮਾਤ ਤੇ ਹੋਰ ਮੇਹਨਤਕਸ਼ ਲੋਕਾਂ ਦੇ ਹਾਲਤ ਜਿਸ ਹੱਦ ਤਕ ਬੁਰੇ ਹੋਏ ਹਨ ਉਸ ਹੱਦ ਤਕ ਇਹ ਕਾਰਕ ਹੋਰ ਵੱਧ ਮਾਰਕ ਹੋਏ ਹਨ। ਸਮੁੱਚੀ ਪੂੰਜੀਪਤੀ ਜਮਾਤ ਉਸ ਰਾਹ ’ਤੇ ਹੋਰ ਵਧ ਚਲਣਾ ਚਾਹੁੰਦੀ ਹੈ ਜਿਸ ਨੇ ਸਮੁੱਚੀ ਦੁਨੀਆਂ ਦੇ ਅਰਥਚਾਰੇ ਨੂੰ ਇੱਥੋਂ ਤਕ ਪਹੁੰਚਾ ਦਿੱਤਾ ਹੈ ਉਹ ਪਿਛੇ ਹਟਣ ਲਈ ਤਿਆਰ ਨਹੀਂ ਹੈ। ਇਹੀ ਮਜ਼ਦੂਰ ਜਮਾਤ ਪੂੰਜੀਪਤੀਆਂ ਖਿਲਾਫ ਖੜੇ ਹੋਣ ਨਾਲ ਧੱਕ ਰਹੀ ਹੈ। ਪਿਛਲੇ ਸਾਲ ਵੱਡੀ ਪੱਧਰ ਦੇ ਵਿਰੋਧੀ ਮੁਜਾਹਰੇ ਇਸ ਦਾ ਸਿੱਟਾ ਹੈ। ਗ੍ਰੀਸ ਦੇ ਆਰਥਕ ਸੰਕਟ ਦੀ ਰਾਜਸੀ ਸੰਕਟ ’ਚ ਤਬਦੀਲੀ ਵੀ ਇਸ ਦੀ ਪ੍ਰਛਾਈਂ ਹੈ। ਆਉਣ ਵਾਲੇ ਦਿਨਾਂ ’ਚ ਸੰਕਟ ਹੋਰ ਡੂੰਘਾ ਹੋਵੇਗਾ ਤੇ ਇਸ ਦੇ ਨਾਲ ਮਜ਼ਦੂਰ ਜਮਾਤ ਦਾ ਵਿਰੋਧ ਵੀ।

# ਸਾਮਰਾਜ, ਬਸਤੀਵਾਦ ਤੇ ਨਵ-ਬਸਤੀਵਾਦ

ਦੂਜੀ ਸੰਸਾਰ ਜੰਗ ਪਿਛੋਂ ਦੇ ਪਹਿਲੇ 25 ਸਾਲਾਂ ਦੌਰਾਨ, ਉਸ ਸਮੇਂ ਸਮਾਜਵਾਦ ਤੇ ਕੌਮੀ ਮੁਕਤੀ ਅੰਦੋਲਨਾਂ ਦੀ ਮੌਜੂਦਗੀ ਦੇ ਮੱਦੇਨਜ਼ਰ, ਅਮਰੀਕੀ ਅਗਵਾਈ 'ਚ ਸਾਮਰਾਜ ਨੇ ਕੌਮਾਂਤਰੀ ਕੀਂਸਵਾਦ ਦਾ ਮਖੌਟਾ ਲਾਹ ਕੇ ਨਵੀ-ਬਸਤੀਵਾਦੀ, ਲੁੱਟ ਦਾ ਰਾਹ ਅਪਣਾਇਆ ਸੀ। ਇਸ ਅਰਸੇ ਦੌਰਾਨ, ਜਿਥੇ ਇਕ ਪਾਸੇ ਪੂੰਜੀ ਦਾ ਵਿਸ਼ਵ ਪੱਧਰੀ ਵਿਸਥਾਰ ਹੋ ਰਿਹਾ ਸੀ ਤੇ ਨਵ-ਬਸਤੀਵਾਦ ਦੇਸ਼ਾਂ 'ਚ ਉਸ ਦਾ ਬਹੁਪੱਖੀ ਘੁਸਪੈਂਠ ਤੇਜ਼ ਹੋ ਰਹੀ ਸੀ। ਉਥੇ ਦੂਜੇ ਪਾਸੇ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਲਈ ਦਰਾਮਦ ਮੁੜ ਸਥਾਪਤੀ, ਹਕੂਮਤ ਦੀ ਅਗਵਾਈ 'ਚ ਵਿਕਾਸ ਕਾਰਜ, ਜਨਤਕ ਖੇਤਰ, ਕਲਿਆਣਕਾਰੀ ਰਾਜ ਵਰਗੇ ਨਾਹਰੇ ਤਾਬੜ-ਤੋੜ ਉਛਾਲੇ ਜਾ ਰਹੇ ਸਨ। ਉਸ ਦੌਰ 'ਚ ਕੀਨਸਵਾਦ ਉਹ ਛੱਤਰੀ ਬਣ ਗਿਆ ਸੀ ਜਿਸ ਤਹਿਤ ਪ੍ਰਗਤੀਸ਼ੀਲ ਟੈਕਸ ਪ੍ਰਣਾਲੀ ਅਪਣਾ ਕੇ ਅਤੇ ਘਾਟੇ ਦਾ ਬਜ਼ਟ ਪੇਸ਼ ਕਰਕੇ ਸਰਕਾਰੀ ਖ਼ਜਾਨੇ 'ਚ ਦੌਲਤ ਦਾ ਇਕ ਵੱਡਾ ਹਿੱਸਾ ਜਮ੍ਹਾਂ ਕੀਤਾ ਗਿਆ ਤੇ ਇਸ ਦੀ ਵਰਤੋਂ ਜ਼ਰੂਰੀ ਬੁਨਿਆਦੀ ਢਾਂਚੇ ਦੀ ਉਸਾਰੀ ਲਈ ਕੀਤੀ ਗਈ ਤਾਂ ਕਿ ਕਾਰਪੋਰੇਟ ਪੂੰਜੀ ਸੰਚਾਰੂ ਰੂਪ 'ਚ ਅਤੇ ਬਿਨ੍ਹਾਂ ਕਿਸੇ ਜੋਖਿਮ ਦੇ ਆਪਣਾ ਕੰਮ ਕਰ ਸਕੇ। 'ਸੰਕਟ ਮੁਕਤ ਪੂੰਜੀਵਾਦ' ਦੀ ਛਵੀ ਵੀ ਬਣਾਈ ਗਈ ਜਿਸ ਤੋਂ ਹੌਂਸਲਾ ਫੜ ਕੇ ਸਾਮਰਾਜੀ ਸਿਧਾਂਤਕਾਰ ਇਸ ਨੂੰ ਪੂੰਜੀਵਾਦ ਦਾ 'ਸੁਨਹਿਰੀ ਯੁੱਗ' ਕਹਿਣ ਲੱਗ ਪਏ। ਇਸ ਦੌਰਾਨ ਨਵ-ਉਪਨਿਵੇਸ਼ਕ ਖੇਤੀ 'ਚ ਵਿਤੀ ਪੂੰਜੀ ਦੀ ਘੁਸਪੈਂਠ ਸ਼ੁਰੂ ਹੋ ਗਈ ਸੀ ਜਿਸ ਲਈ ਸੰਸਾਰ ਬੈਂਕ ਅਮਰੀਕੀ ਕੌਮਾਂਤਰੀ ਵਿਕਾਸ ਏਜੰਸੀ ਤੇ ਰਾਕ ਫੇਲਰ, ਫਰੋਡ ਫਾਊਂਡੇਸ਼ਨਾਂ ਦੀ ਸ਼ਹਿ 'ਤੇ ਨਵੀ-ਬਸਤੀਵਾਦੀ ਦੇਸ਼ਾਂ ਦੇ ਦਲਾਲ ਹਕੂਮਤੀ ਢਾਂਚੇ ਨੇ ਹਰੇ ਇਨਕਲਾਬ ਦੀ ਸ਼ੁਰੂਆਤ ਕੀਤੀ ਸੀ। ਇਸ ਨਾਲ ਖੇਤੀ ਵਪਾਰਕ ਬਹੁਕੌਮੀ ਕੰਪਨੀਆਂ ਨੇ ਖੇਤੀ ਖੇਤਰ ਦੇ ਲਾਗਤ-ਉਤਪਾਦ ਬਾਜ਼ਾਰ (ਇਨਪੁੱਟ-ਆਊਟਪੁਟ ਮਾਰਕਿਟ) 'ਤੇ ਪੂਰੀ ਤਰ੍ਹਾਂ ਇਜ਼ਾਰੇਦਾਰੀ ਕਾਇਮ ਕਰਨ ਦਾ ਮੌਕਾ ਮਿਲਿਆ। ਬਸਤੀਵਾਦੀ ਕਾਲ 'ਚ ਸਾਮਰਾਜ ਦੇ ਸਮਾਜਕ ਅਧਾਰ ਵਜੋਂ ਸੇਵਾ ਕਰਨ ਵਾਲੇ ਜਾਗੀਰੂ ਵਰਗਾਂ ਦੀ ਥਾਂ, ਸਾਮਰਾਜਵਾਦ ਨੇ ਏਸ਼ੀਆ, ਅਫ਼ਰੀਕਾ ਤੇ ਦੱਖਣੀ ਅਮਰੀਕਾ ਦੇ ਦੇਸ਼ਾਂ ਦੀ ਨਵੀ-ਬਸਤੀਵਾਦੀ ਲੁੱਟ 'ਚ ਆਪਣੇ ਪੱਕੇ ਸਹਿਯੋਗੀ ਵਜੋਂ ਹਰੇ ਇਨਕਲਾਬ ਰਾਹੀਂ ਦਲਾਲ ਸ਼ਰਮਾਏਦਾਰੀ ਜਮਾਤ ਨੂੰ ਖੜ੍ਹਾ ਕਰਨ ਵੱਲ ਖਾਸ਼ ਧਿਆਨ ਦਿੱਤਾ। ਇਹ ਜਮਾਤ ਵਪਾਰਕ ਖੇਤੀ ਦੀ ਵਿਚਾਰਧਾਰਾ ਤੇ ਤਕਨੀਕ ਨਾਲ ਲੈਂਸ ਸੀ। ਇਸ ਦੇ ਸਿੱਟੇ ਵਜੋਂ ਜਾਗੀਰੂ ਸਬੰਧਾਂ ਦੇ ਬਦਲਾਅ ਸਮੇਤ ਭੂਮੀ ਸਬੰਧਾਂ 'ਚ ਜੋ ਫੇਰਬਦਲ ਆਇਆ ਉਸ ਕਾਰਨ ਇਕ ਪਾਸੇ ਤਾਂ ਨਵੇਂ ਭੋਇ ਮਾਲਕਾਂ ਦੇ ਹੱਥਾਂ 'ਚ ਜ਼ਮੀਨ ਹੋਰ ਵੱਧ ਇੱਕਠੀ ਹੁੰਦੀ ਗਈ ਅਤੇ ਦੂਜੇ ਪਾਸੇ ਅਸਲ 'ਚ ਜ਼ਮੀਨ ਵਾਹੁਣ ਵਾਲੇ ਕਿਸਾਨਾਂ ਦੀ ਇਕ ਵੱਡੀ ਅਬਾਦੀ ਕੰਗਾਲ ਹੋ ਗਈ ਤੇ ਬੇਜ਼ਮੀਨਿਆਂ ਦੀ ਕਤਾਰ 'ਚ ਸ਼ਾਮਲ ਹੋ ਗਈ। ਹਾਲ ਦੀ ਘੜੀ ਕੀਨਸਵਾਦ ਦਵਾ ਦੀ ਵਰਤੋਂ (ਪ੍ਰਯੋਗ) ਇਕ ਖਾਸ ਕੌਮਾਂਤਰੀ ਪਿਠਭੂਮੀ 'ਚ ਕੀਤਾ ਗਿਆ ਸੀ ਜੋ ਅਨੇਕਾਂ ਘਟਨਾਂ ਨਾਲ ਮਿਲ ਕੇ ਬਣਿਆ ਸੀ। ਇਸ ਤੋਂ ਲਗਭਗ 25 ਸਾਲਾਂ ਤਕ ਸਵਰਨ ਯੁੱਗ ਵਰਗਾ ਪ੍ਰਤੀਤ ਹੋਣ ਦਾ ਮਾਹੌਲ ਬਣਾਇਆ

ਸੀ। ਪਰ ਇਹ ਵਿਤੀ ਪੂੰਜੀ ਦੀ ਉਸ ਜਨਮ ਜਾਤ ਬੀਮਾਰੀ ਨੂੰ ਦੂਰ ਨਹੀਂ ਕਰ ਸਕਿਆ ਜਿਸ ਨੂੰ ਲੈਨਿਨ ਨੇ ਪੈਦਾਵਾਰ 'ਚ ਸਥਿਰਤਾ ਤੇ ਜੁਆੜੀ ਪ੍ਰਜੀਵੀਪਣ ਵਜੋਂ ਟਿਕਿਆ ਸੀ। ਡਾਲਰ ਦੀ ਬੇਲਗਾਮ ਛਪਾਈ ਤੇ ਮੁਦਰਾ ਬਾਜ਼ਾਰ 'ਚ ਉਸ ਨੂੰ ਛੱਡਣ ਦੇ ਸਿਟੇ ਵਜੋਂ ਮੁਦਰਾ ਦਾ ਪਸਾਰਾ (ਵਿੱਤ ਪਸਾਰਾ) ਹੋਇਆ ਅਤੇ ਸੱਟੇਬਾਜ਼ੀ ਦੇ ਰੁਝਾਣਾਂ ਨੂੰ ਹੱਲਾਸ਼ੇਰੀ ਮਿਲੀ। ਨਵੀਂ ਬਸਤੀਵਾਦੀ ਚਰਨ (ਪੜਾਅ) ਨਾਲ ਜੁੜੀਆਂ ਇਹਨਾਂ ਗੱਲਾਂ 'ਚ ਨਵੀਆਂ ਸਮਸਿਆਵਾਂ ਨੂੰ ਜਨਮ ਦਿੱਤਾ। ਜੰਗ ਪਿਛੋਂ ਉਛਾਲ ਦੇ ਸ਼ੁਰੂਆਤੀ ਸਾਲਾਂ ਵਿਚ ਇਸ ਵਿਤੀ ਪਸਾਰ ਦੇ ਨਾਲ ਪੈਦਾਵਾਰ 'ਚ ਵਾਧਾ ਹੋਇਆ ਸੀ ਪਰ ਅੱਗੇ ਚਲ ਕੇ ਵਿਤੀ ਪੂੰਜੀ ਦੇ ਵਾਧੇ 'ਤੇ ਵਾਧਾ ਦਰ ਤੋਂ ਵੱਧ ਹੋ ਗਈ। ਇਸ ਦੇ ਚਲਦਿਆਂ ਜੋ ਹਾਲਾਤ ਬਣੇ ਉਸ ਨੂੰ ਸਿਥਰਾਸਫਿਤੀ ਦਾ ਨਾਂ ਦਿੱਤਾ ਗਿਆ। ਯਾਨੀ ਕਿ ਉਤਪਾਦਨ 'ਚ ਸਥਿਰਤਾ ਤੇ ਮੁਦਰਾ ਦੀ ਭਰਪੂਰ ਸਪਲਾਈ ਜਾਂ ਸਿਕੇ ਦਾ ਫੈਲਾਅ, ਦੂਜੇ ਸ਼ਬਦਾਂ 'ਚ ਕਿਹਾ ਜਾਵੇ ਤਾਂ ਤਪਦਿਕ ਰੋਗ ਜਿਵੇਂ ਜੜ੍ਹ ਜਮਾਈ ਪੈਦਾਵਾਰ ਦੀ ਸਥਿਰਤਾ ਦੀ ਬੀਮਾਰੀ ਲਈ 1930 ਦੇ ਦਹਾਕੇ 'ਚ ਨਿਊ ਡੀਲ ਦੇ ਰਾਹੀਂ ਵਿਤੀ ਪਸਾਰ ਲਈ ਜੋ ਕੀਨਸਵਾਦੀ ਦਵਾ ਪਿਲਾਉਣ ਦੀ ਸ਼ੁਰੂਆਤ ਕੀਤੀ ਗਈ ਸੀ, ਉਹ 1970 ਦੇ ਦਹਾਕੇ 'ਚ ਇਕ ਦੂਜੇ ਲਾਇਲਾਜ ਸੰਕਟ ਵਜੋਂ ਫੁਟ ਪਿਆ ਸੀ। ਸਿੱਟੇ ਵਜੋਂ ਕੀਨਸਵਾਦ ਦਾ ਹੀ ਤਿਆਗ ਕਰ ਦਿੱਤਾ ਗਿਆ। ਡਾਲਰ ਦਾ ਸੋਨੇ 'ਚ ਤਬਾਦਲਾ ਦਾ ਅੰਤ ਅਤੇ ਡਾਲਰ 'ਤੇ ਅਧਾਰਿਤ ਬ੍ਰੇਟਨਵੁਡਜ਼ ਦੀ ਮੁਦਰਿਕ ਵਿਵਸਥਾ ਦਾ ਢਹਿਣਾ ਇਸ ਸਾਮਰਾਜੀ ਸੰਕਟ ਦਾ ਜ਼ਰੂਰੀ ਹਿੱਸਾ ਸੀ। ਇਸ ਸੰਕਟ ਦੀ ਵਜਾਹ ਕਰਕੇ 1970 ਦੇ ਦਹਾਕੇ 'ਚ ਨਵ-ਬਸਤੀਵਾਦੀ ਢਾਂਚੇ ਦੇ ਅਮਲ 'ਚ ਬਦਲਾਅ ਜਰੂਰੀ ਹੋ ਗਿਆ ਸੀ। ਰਾਜਕੀ ਦਖਲਅੰਦਾਜ਼ੀ ਦੇ ਕੀਨਸਵਾਦੀ ਨੁਸਖੇ ਦੀ ਕੁਝ ਆਪਣੀ ਸੀਮਾ ਸੀ ਜੋ ਵਿਤੀ ਪੂੰਜੀ ਦੁਆਰਾ ਬੇਲਗਾਮ ਸੱਟੇਬਾਜ਼ੀ ਰਾਹੀਂ ਧਨ ਇੱਕਠਾ ਕਰਨ ਦੀ ਰਾਹ 'ਚ ਇਕ ਰੋੜੇ ਵਰਗਾ ਸੀ। ਇਸ ਕੌਮਾਂਤਰੀ ਪੱਧਰ 'ਤੇ ਮਜ਼ਦੂਰ ਜਮਾਤ ਨੂੰ ਵਿਚਾਰਧਾਰਿਕ ਖੋਰਿਆਂ ਦਾ ਫਾਇਦਾ ਉਠਾਉਂਦਿਆ ਸਾਮਰਾਜੀ ਵਿਤੀ ਪੂੰਜੀ ਨੇ 1980 ਦੇ ਦਹਾਕੇ 'ਚ ਵੱਡੇ ਪੈਮਾਨੇ 'ਤੇ ਫਾਇਦਾ ਉਠਾਉਂਦੇ ਹੋਇਆ, ਸਾਮਰਾਜੀ ਵਿਤੀ ਪੂੰਜੀ ਨੇ 1980 ਦੇ ਦਹਾਕੇ 'ਚ ਵੱਡੇ ਪੈਮਾਨੇ 'ਤੇ ਮੁੜ ਉਸਾਰੀ ਦਾ ਕੰਮ ਹੱਥ 'ਚ ਲਿਆ। ਜਿਸ ਦੀ ਸ਼ੁਰੂਆਤ ਬ੍ਰਿਟੇਨ 'ਚ ਥੈਚਰਵਾਦ ਤੇ ਅਮਰੀਕਾ 'ਚ ਰੀਗਨਵਾਦ ਤੋਂ ਕੀਤੀ ਗਈ। ਇਸ ਨੂੰ ਨਵ-ਉਦਾਰਵਾਦ ਜਾਂ ਮੁਦਰਾਵਾਦ ਦਾ ਨਾਂ ਦਿੱਤਾ ਗਿਆ। ਇਸ ਨਵ-ਉਦਾਰਵਾਦੀ ਢਾਂਚੇ ਦੀ ਪ੍ਰੀਕ੍ਰਿਆ ਦੇ ਘਟਕ ਹੇਠ ਲਿਖੇ ਹਨः-

1. ਸਨਅਤੀਕਰਨ ਦਾ ਅਮਲ ਜਾਂ ਪੈਦਾਵਾਰੀ ਉਦਯੋਗ ਦੀਆਂ ਕਈ ਸ਼ਾਖਾਵਾਂ ਦਾ ਵਿਨਾਸ਼ ਤੇ ਮਜ਼ਦੂਰ ਜਮਾਤ 'ਤੇ ਨਵ-ਅਨੁਦਾਰਵਾਦੀ ਹਮਲਾ ਜਿਸ ਨਾਲ ਬੇਹੱਦ ਬੇਰੁਜ਼ਗਾਰੀ ਤੇ ਅਰਧ-ਬੇਰੁਜ਼ਗਾਰੀ ਦੀ ਸਥਿਤੀ ਉਸਾਰੀ ਜੋ 'ਰੋਜ਼ਗਾਰ ਵਾਂਝੇ ਵਿਕਾਸ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

2. ਇਕ ਨਵੀਂ ਕੌਮਾਂਤਰੀ ਕਿਰਤ ਦੀ ਵੰਡ ਜਿਸ ਨੂੰ ਉਤਰ-ਫੋਰਡਵਾਦ ਜਾਂ ਲਚੀਲੀ ਮੁਹਾਰਾਤ ਕਿਹਾ ਜਾਂਦਾ ਹੈ, ਜਿਸ ਦੇ ਤਹਿਤ ਟਰਾਂਸਪੋਰਟ, ਸੰਚਾਰ, ਸੂਚਨਾ ਤੇ ਪ੍ਰਸੰਸਾਕਰਣ ਤਕਨੀਕੀ ਦੇ ਖੇਤਰ 'ਚ ਨਵੇਂ ਵਿਕਾਸਾਂ ਦੀ ਵਰਤੋਂ ਕੀਤੀ ਗਈ। ਇਸ ਦੇ ਤਹਿਤ ਬਹੁਕੌਮੀ ਕੰਪਨੀਆਂ ਨੇ ਆਊਟ ਸੋਰਸਿੰਗ ਰਾਹੀਂ ਕਿਰਤ ਦੇ ਸਭ ਤੋਂ ਸਸਤੇ ਸਰੋਤ ਨਾਲ ਕੰਮ ਕੀਤਾ ਤੇ ਇਸ ਤਰ੍ਹਾਂ ਮਜ਼ਦੂਰੀ ਦੀਆਂ ਦਰਾਂ ਨੂੰ ਕਾਫੀ

ਘੱਟ ਕਰਕੇ ਉਹ ਅਤੀ-ਮੁਨਾਫ਼ਾ (ਸੁਪਰ ਪ੍ਰਾਫਿਟ) ਕਮਾਉਣ 'ਚ ਸਮਰਥ ਹੋਈ।

3. ਸਟੀਰਿਓ ਪੂੰਜੀ ਦੀ ਖੇਡ ਦੇ ਨਵੇਂ ਮੈਦਾਨਾਂ ਵਜੋਂ ਵਿਤੀ ਤਰੀਕਿਆਂ ਤੇ ਔਜ਼ਾਰਾਂ ਦਾ ਵਿਕਾਸ, ਸੰਖੇਪ 'ਚ ਕਿਹਾ ਜਾਏ ਤਾਂ ਨਵ-ਉਦਾਰਵਾਦ ਦੇ ਤਹਿਤ ਪੈਸ ਸੰਚੈ ਦੀ ਸੰਚਾਲਿਕਾ ਸ਼ਕਤੀ ਪੈਦਾਵਾਰ ਦੇ ਖੇਤਰ ਤੋਂ ਹਟ ਕੇ ਵਿਤੀ ਸਟੇਬਾਜ਼ੀ ਦਾ ਖੇਤਰ ਹੋ ਗਿਆ ਹੈ। ਨਵ-ਉਦਾਰਵਾਦ ਜਾਂ ਮੁਦਰਾਵਾਦ ਦੇ ਦੌਰ 'ਚ ਵਿਤੀ ਵਟਾਂਦਰੇ, ਮਾਲੀਆ ਘਾਟੇ 'ਚ ਕਟੌਤੀ ਵਪਾਰ ਉਦਾਰੀਕਰਣ ਤੇ ਨਿਜੀਕਰਣ ਦੇ ਅਮਲ ਰਾਹੀਂ ਨਵ-ਬਸਤੀਵਾਦੀ ਲੁੱਟ ਵੱਧ ਤੇਜ਼ ਹੋਈ ਹੈ। ਰਾਜ ਦੀ ਪਹਿਲਾਂ ਜੋ ਵਿਕਾਸ ਮੂਲਕ ਭੂਮਿਕਾ ਸੀ ਉਹ ਬਦਲ ਕੇ ਇਸ ਦੌਰ 'ਚ ਸਹੂਲਤ ਪ੍ਰਦਾਨ ਕਰਤਾ (ਸਰਵਿਸ ਪ੍ਰੋਵਾਈਡਰ) ਦੀ ਭੂਮਿਕਾ 'ਚ ਆ ਗਈ। ਇਕ ਪਾਸੇ ਕੀਨਸਵਾਦ ਨੂੰ ਅਲਵਿਦਾ ਕਰ ਦਿੱਤਾ ਗਿਆ ਤੇ ਰਾਜ ਦੇ ਅਰਥਚਾਰੇ ਵਿਚ ਭੂਮਿਕਾ 'ਚ ਕਟੌਤੀ ਕੀਤੀ ਗਈ ਅਤੇ ਉਹ ਆਪਣੇ ਕਦਮ ਵਾਪਸ ਲੈਣ ਲੱਗੀ ਤੇ ਦੂਜੇ ਪਾਸੇ ਨਵ-ਉਦਾਰਵਾਦ ਦਾ ਦਬਦਬਾ ਕਾਇਮ ਹੋ ਗਿਆ ਤੇ ਸਟੀਰਿਓ ਪੂੰਜੀ ਦੀ ਸੀਮਾ ਦੇ ਆਰ-ਪਾਰ ਬੇਰੋਕ ਸਰਕੂਲੇਸ਼ਨ ਹੋਣ ਲਗਿਆ। ਆਈ.ਐਮ.ਐਫ ਤੋਂ ਸੰਸਾਰ ਬੈਂਕ ਵਲੋਂ ਆਪਸ 'ਚ ਤਾਲਮੇਲ ਕਰਕੇ ਨਿਭਾਈ ਗਈ ਮੰਦਕ ਭੂਮਿਕਾ ਤੇ ਨਵ-ਬਸਤੀਵਾਦ ਦੇ ਨਵ-ਉਦਾਰਵਾਦੀ ਥੰਮ ਵਜੋਂ ਉਭਰੇ ਵਿਸ਼ਵ ਵਪਾਰ ਸੰਗਠਨ (WTO) ਨਾਮਕ ਨਵੇਂ ਕੌਮਾਂਤਰੀ ਸੰਗਠਨ ਨੇ ਇਸ ਦਾ ਰਾਹ ਮੋਕਲਾ ਕੀਤਾ। ਨਵ-ਬਸਤੀਵਾਦੀ ਦੇਸ਼ਾਂ ਨੂੰ ਦਰਾਮਦ ਕੀਤੀਆਂ ਰਾਖਵੀਆਂ ਨੀਤੀਆਂ ਤੋਂ ਕਿਨਾਰਾ ਕਰਨ ਤੇ ਬਰਾਮਦ ਮੁਖੀ ਨੀਤੀ ਤੇ ਅਮਲ ਕਰਨ ਲਈ ਕਿਹਾ ਗਿਆ। ਉਹਨਾਂ ਨੂੰ ਕਿਹਾ ਗਿਆ ਕਿ ਉਹ ਆਪਣੇ ਅਰਥਚਾਰਿਆਂ ਦੇ ਦਰਵਾਜੇ ਮੁਕਤ ਬਾਜ਼ਾਰ ਤੇ ਸਟੋਰਿਓ ਵਿਤ ਪੂੰਜੀ ਦੇ ਬੇਰੋਕ, ਪ੍ਰਵਾਹ ਲਈ ਖੋਹਲ ਦੇਣ। ਮੁਕਤ ਵਪਾਰ ਖੇਤਰ, ਬਰਾਮਦ ਪ੍ਰੋਸੈਸਕਰਨ ਖੇਤਰ, ਵਿਸ਼ੇਸ਼ ਆਰਥਿਕ ਖੇਤਰ, ਵਰਗੇ ਨਾਵਾਂ ਨਾਲ ਸਾਰੇ ਅਜੇਹੇ ਖੇਤਰ ਹੋਂਦ 'ਚ ਆਏ ਜਿਥੇ ਟੈਕਸਾਂ, ਕਰਾਂ, ਕਿਰਤ ਕਨੂੰਨਾਂ ਤੋਂ ਛੋਟ ਦਿਤੀ ਗਈ ਤੇ ਕਾਰਪੋਰੇਟ ਪੂੰਜੀ ਨੂੰ ਦੇਸ਼ ਕਨੂੰਨ ਤੋਂ ਪਰੇ ਅਧਿਕਾਰ ਦਿਤੇ ਗਏ। ਆਈ.ਐਮ.ਐਫ ਤੇ ਸੰਸਾਰ ਬੈਂਕ ਵਲੋਂ ਸ਼ਰਤ ਲਾਉਣ ਦੇ ਜਿਸ ਸਿਧਾਂਤ 'ਤੇ ਅਮਲ ਕੀਤਾ ਜਾ ਰਿਹਾ ਸੀ, ਡਬਲਯੂ.ਟੀ.ਓ ਉਹ ਕਰ ਲੱਗਿਆ। ਇਹਨਾਂ ਸੰਸਥਾਵਾਂ ਦੀ ਤਾਲਮੇਲ ਪੂਰਨ ਕਾਰਵਾਈ ਨੇ ਨਵ-ਬਸਤੀਵਾਦੀ ਦੇਸ਼ ਦੇ ਖੇਤੀ, ਉਦਯੋਗ ਤੇ ਸੇਵਾ ਖੇਤਰਾਂ ਸਮੇਤ ਹਰੇਕ ਚੀਜ਼ ਨੂੰ ਨਿਗਲ ਜਾਣ ਲਈ ਖੋਹਲ ਦਿੱਤਾ। ਇਸ ਤਰ੍ਹਾਂ ਸਾਮਰਾਜਵਾਦ ਇਹਨਾਂ ਦੇਸ਼ਾਂ ਦੀ ਬਚੀ-ਖੁਚੀ ਅਖੰਡਤਾ ਨੂੰ ਵੀ ਵਿਤੀ ਪੂੰਜੀ ਦੀ ਹੁਕਮਸ਼ਾਹੀ ਦੀ ਪੂਰਨ ਅਧੀਨਤਾ ਦੇ ਮਾਤਹਿਤ ਲਿਆਉਣ 'ਚ ਕਾਮਯਾਬ ਹੋ ਗਿਆ।

**ਨਵੀ-ਬਸਤੀਵਾਦ ਦਾ ਸੰਕਟ:-** ਅੱਜ ਨਵ-ਉਦਾਰਵਾਦ ਦੇ ਤਹਿਤ, ਨਵ-ਉਪਨਿਵੇਸ਼ਕ ਉਸਾਰੀ ਦਾ ਅਮਲ ਸੰਸਾਰ ਅਰਥਚਾਰੇ ਲਈ ਭਿਅੰਕਰ ਵਿਨਾਸ਼ਕਾਰੀ ਸ਼ਕਤੀ ਬਣ ਗਿਆ ਹੈ। ਕੀਨਸਵਾਦੀ ਦੌਰ ਵਿਚ, ਵਿਤ ਪੂੰਜੀ ਦਾ ਵਿਸਥਾਰ, ਪੈਦਾਵਾਰ ਤੇ ਰੁਜ਼ਗਾਰ ਦੇ ਵਿਕਾਸ ਦੇ ਨਾਲ ਕੁਲ ਮਿਲਾ ਕੇ ਕਦਮ ਮਿਲਾ ਕੇ ਚਲਦਿਆਂ ਹੋਇਆ ਸੀ ਪਰ ਸਾਮਰਾਜੀ ਭੂ ਮੰਡਲੀਕਰਨ ਦੇ ਤਹਿਤ ਵਿਤ ਪੂੰਜੀ ਤੇ ਅਸਲੀ (ਉਤਪਾਦਕ) ਅਰਥਚਾਰੇ ਦੇ ਵਿਚ ਦੋ ਫਾੜ 'ਚ ਵੰਡ ਸਾਫ ਦਿਸ ਰਹੀ ਹੈ ਅਤੇ ਵਿਤੀ ਪੂੰਜੀ ਨੇ ਬੇਲਗਾਮ ਸੱਟੇਬਾਜ਼ੀ ਦੇ ਜ਼ਰੀਏ ਸਵ-ਪ੍ਰਸਾਰ ਲਈ ਆਪਣੇ-ਆਪ ਨੂੰ ਤਿਆਰ ਕਰਨਾ

ਸ਼ੁਰੂ ਕਰ ਦਿੱਤਾ ਹੈ। ਜਿਥੇ ਪਹਿਲਾਂ ਉਤਪਾਦਕ ਅਰਥਚਾਰੇ ਦੇ ਵਿਤੀ ਪਸਾਰੇ ਲਈ ਆਹਾਰ ਦਾ ਕੰਮ ਕਰਦੀ ਸੀ, ਉਥੇ ਅੱਜ ਖੜੌਤ ਅਰਥਚਾਰੇ ਦੇ ਉਪਰ ਵਿਸ਼ਵੀ ਸੱਟੇਬਾਜ਼ੀ ਦਾ ਗੁਬਾਰਾ ਫੁਲ ਰਿਹਾ ਹੈ ਅਤੇ ਖੇਤੀ ਤੇ ਉਦਯੋਗ ਸਮੇਤ ਅਰਥਚਾਰੇ ਦੇ ਉਤਪਾਦਕ ਖੇਤਰਾਂ 'ਤੇ ਵਿਤੀ ਪੂੰਜੀ ਹਾਵੀ ਹੁੰਦੀ ਜਾ ਰਹੀ ਹੈ। ਵਿਤੀ ਪੂੰਜੀ ਦੇ ਵਿਸਫੋਟਿਕ ਵਿਕਾਸ ਦਾ ਫੌਰੀ ਕਾਰਨ ਹੈ ਕਿ 1970 ਦੇ ਦਹਾਕੇ 'ਚ ਕੀਨਸਵਾਦ ਨੂੰ ਹਟਾ ਕੇ ਉਸ ਦੀ ਥਾਂ ਆਏ ਮੁਦਰਾਵਾਦ ਦੀ ਮੁਕਤ ਬਾਜ਼ਾਰ ਵਿਚਾਰਧਾਰਾ ਦੇ ਅਧਾਰ 'ਤੇ ਸੰਪੂਰਣ ਵਿਤੀ ਤਾਣੇ-ਬਾਣੇ ਨੂੰ ਕੰਟਰੋਲ ਰਖਣ ਵਾਲੇ ਵਿਤੀ ਪੂੰਜੀਪਤੀਆਂ ਦੀ ਇੱਛਾ ਸੀ ਕਿ ਵਿਤੀ ਬਾਜ਼ਾਰਾਂ ਦਾ ਵਟਾਂਦਰਾ ਹੋਵੇ। ਇਸ ਦਾ ਕਾਰਨ ਇਹ ਸੀ ਕਿ ਅਸਲੀ (ਉਤਪਾਦਕ) ਅਰਥਚਾਰੇ 'ਚ ਮੁਨਾਫੇ ਦੀ ਦਰ 'ਚ ਕਮੀ ਆਉਣ ਲੱਗੀ ਸੀ, ਜੋ ਪੂੰਜੀਵਾਦੀ ਉਤਪਾਦਨ ਸਬੰਧਾਂ ਦੇ ਤਹਿਤ ਲਾਜ਼ਮੀ ਹੈ। ਵਿਤਰਣ ਦੀਆਂ ਮਾੜੀਆਂ ਹਾਲਤ ਕਰਕੇ ਕੀਮਤਾਂ ਦੇ ਇਕ ਪੱਧਰ ਦੇ ਪਿਛੋਂ ਜਨ ਸਮੂਹ ਦੀ ਖਪਤ (ਜਾਂ ਕਾਰਜ) ਸ਼ਕਤੀ ਏਨੀ ਕਾਫੀ ਨਹੀਂ ਰਹਿ ਜਾਂਦੀ ਹੈ ਕਿ ਉਹ ਸ਼ਰਮਾਏਦਾਰਾਂ ਲਈ ਸੰਤੋਸ਼ਜਨਕ ਮੁਨਾਫ਼ੇ ਦੀ ਗਾਰੰਟੀ ਕਰ ਸਕੇ। ਇਸ ਲਈ ਬਹੁਕੌਮੀ ਕੰਪਨੀਆਂ ਤੇ ਵਿਸ਼ਾਲ ਸਨਅਤੀ ਘਰਾਣੇ ਜੋ ਪੈਦਾਵਾਰੀ ਵਸੀਲਿਆਂ 'ਤੇ ਕੰਟਰੋਲ ਰਖਦੇ ਹਨ, ਉਹ ਵਿਆਪਕ ਲੋਕਾਂ ਦੀ ਖਪਤ ਦੀਆਂ ਵਸਤੂਆਂ ਦੀ ਪੈਦਾਵਾਰ ਵਧਾਉਣ 'ਚ ਬਹੁਤ ਘੱਟ ਰੁਚੀ ਰਖਦੇ ਹਨ। ਘੱਟ ਤੋਂ ਘੱਟ ਸਮੇਂ 'ਚ ਵੱਧ ਤੋਂ ਵੱਧ ਮੁਨਾਫਾ ਕਮਾਉਣ ਪਿਛੇ ਭਜਣ ਵਾਲੇ ਸ਼ਰਮਾਏਦਾਰਾਂ ਲਈ ਇਸੇ ਅੜਿਕੇ ਨੂੰ ਦੂਰ ਕਰਨ ਦਾ ਸਭ ਤੋਂ ਸੌਖਾ ਰਸਤਾ ਹੁੰਦਾ ਹੈ, ਵਿਤੀ ਅਦਾਰਿਆਂ 'ਚ ਨਿਵੇਸ਼ ਕਰਨਾ। ਪਰ ਵਪਾਰਕ ਬੈਂਕਾਂ 'ਚ ਨਿਵੇਸ਼ ਵਰਗੀਆਂ ਰਵਾਇਤੀ ਵਿਤੀ ਸਰਗਰਮੀਆਂ ਜ਼ਰੀਏ ਇੱਕਠੇ ਕੀਤੇ, ਮੁਨਾਫੇ ਦੀ ਇਕ ਹੱਦ ਹੁੰਦੀ ਹੈ ਕਿਉਂਕਿ ਇਹ ਸਰਗਰਮੀਆਂ ਉਤਪਾਦਕ ਅਰਥਚਾਰੇ ਦੇ ਨਾਲ ਕਦਮ ਨਾਲ ਕਦਮ ਮਿਲਾ ਕੇ ਚਲਦੀਆਂ ਹਨ। ਇਸ ਲਈ ਨਵ-ਬਸਤੀਵਾਦੀ ਉਸਾਰੀ ਨੂੰ ਤੇਜ਼ੀ ਨਾਲ ਜਾਰੀ ਰਖਣ ਲਈ ਵਿਤੀ ਤੰਤਰ ਦਾ ਵਟਾਂਦਰਾ ਤੇ ਨਵੇਂ ਵਿਤੀ ਅਦਾਰਿਆਂ ਤੇ ਔਜਾਰਾਂ ਦਾ ਲਾਜ਼ਮੀ ਹੋ ਗਿਆ ਹੈ। ਇਸ ਦੇ ਲਈ ਕਿਰਤ ਸ਼ਕਤੀ ਦੇ ਕੈਜ਼ੂਅਲੀਕਰਣ ਸਮੇਤ ਪੈਦਾਵਾਰ ਤੇ ਵੰਡ ਦੋਨੋਂ ਖੇਤਰਾਂ ਦਾ ਇਸ ਤਰ੍ਹਾਂ ਪੁਨਰਗਠਨ ਤੇ ਪੁਨਰ ਉਸਾਰੀ ਕੀਤੀ ਜਾਂਦੀ ਹੈ ਕਿ ਜਾਇਦਾਦ ਸਾਂਚੈ ਦਾ ਮੂਲ ਨਿਰਮਾਣ ਨਾਲ ਰਿਸ਼ਤਾ ਖਤਮ ਹੋ ਜਾਂਦਾ ਹੈ। ਇਸ ਨੇ ਵਿਤੀਕਰਨ ਦੇ ਅਮਲ ਨੂੰ ਇਸ ਹੱਦ ਤਕ ਤੇਜ਼ ਕਰ ਦਿੱਤਾ ਹੈ ਕਿ ਵਿਤੀ ਪੂੰਜੀ ਦਾ ਬੁਲਬਲਾ ਅਰਥਚਾਰਾ ਪੈਦਾਵਾਰ ਦੇ ਅਸਲੀ ਅਰਥਚਾਰੇ ਤੋਂ ਕਈ ਗੁਣਾ ਵੱਧ ਵੱਡੀ ਹੋ ਗਈ ਹੈ ਇਸ 'ਚ ਸੰਪੂਰਨ ਸਾਮਰਾਜੀ ਅਰਥਚਾਰੇ ਦੀ ਸਥਿਰਤਾ ਲਈ ਵੱਡੇ ਖਤਰੇ ਸਮੋਏ ਹੋਏ ਹਨ। ਹਾਲ ਦੀ ਘੜੀ ਇਕ ਪਾਸੇ ਮਜ਼ਦੂਰਾਂ ਦੇ ਕੱਚੇ ਕਰਣ (ਕੈਸ਼ੂਅਲੀਕਰਣ) ਤੇ ਮੇਹਨਤਕਸ਼ ਲੋਕਾਂ ਨੂੰ ਡਰਪੋਕ ਬਣਾਉਣ ਅਤੇ ਦੂਜੇ ਪਾਸੇ ਵਿਤੀਕਰਣ ਤੇ ਵਿਤੀ ਥੈਲੀਸ਼ਾਹਾਂ ਨੂੰ ਅਮੀਰ ਬਣਾਉਣ ਦਾ ਇਹ ਅਮਲ ਪੂੰਜੀਵਾਦੀ ਸਾਮਰਾਜੀ ਪ੍ਰਬੰਧ ਦੇ ਆਪਣੇ ਅੰਤਰ ਵਿਰੋਧਾਂ ਕਰਕੇ ਨਿਰਵਿਘਨ ਜਾਰੀ ਰਹਿ ਸਕਦੀ ਹੈ। ਅੱਜ ਨਵ-ਬਸਤੀਵਾਦੀ ਸੰਸਾਰਕ ਪ੍ਰਬੰਧ ਜਿਸ ਜਟਿਲ ਸੰਕਟ ਨਾਲ ਜੂਝ ਰਿਹਾ ਹੈ, ਉਸ ਇਸ ਦਾ ਪ੍ਰਛਾਵਾਂ ਹੈ।

ਦਿਉ ਕੱਦ ਸਟੋਰਿਓ, ਜੋ ਇਸ ਸੰਕਟ ਲਈ ਖੁਦ ਜਿੰਮੇਵਾਰ ਹਨ, ਉਹਨਾਂ ਦੀਆਂ ਦੌਲਤਾਂ ਨੂੰ ਸਹਾਰਾ ਦੇਣ ਲਈ ਸਰਕਾਰੀ ਖਜਾਨੇ ਤੋਂ ਭਾਰੀ ਧਨਰਾਸ਼ੀ ਦੇ ਤਬਾਦਲੇ

ਦੇ ਦੂਜੇ ਮਾਅਨੇ ਵੀ ਹਨ। ਇਸ ਨਾਲ ਦੇਸ਼ ਦੇ ਮਾਲੀਏ ਦੀ ਪਹਿਲਾਂ ਹੀ ਮੰਦੀ ਹਾਲਤ ਹੋਰ ਵੀ ਖਰਾਬ ਹੁੰਦੀ ਜਾ ਰਹੀ ਹੈ ਅਤੇ ਜਨਤਕ ਕਰਜਾ ਵੱਧ ਜਾਂਦਾ ਹੈ। ਇਸ ਤਰ੍ਹਾਂ ਜਮ੍ਹਾਂ ਕਰਜ਼ੇ ਦੇ ਭਾਰੀ ਬੋਝ ਦੇ ਨਾਂ ਹੇਠ ਸਮਾਜਕ ਤੇ ਜਨ ਕਲਿਆਣ ਦੇ ਕੰਮਾਂ ’ਤੇ ਸਰਕਾਰੀ ਖਰਚ ’ਚ ਪਹਿਲਾਂ ਤੋਂ ਵੱਧ ਕਟੌਤੀ ਲਈ ਆਈ.ਐਮ.ਐਫ ਸੰਸਾਰ ਬੈਂਕ ਤੇ ਹੋਰ ਨਵ-ਬਸਤੀਵਾਦੀ ਅਦਾਰਿਆਂ ਵਲੋਂ ‘ਟੈਕਸਾਂ ਦੇ ਕਟੜ ਸਿਧਾਂਤਾ’ ਦੇ ਤਹਿਤ ਮਾਲੀਆ ਘਾਟੇ ਨੂੰ ਸੀਮਤ ਰਖਣ ਦਾ ਜੋ ਫਰਮਾਨ ਜਾਰੀ ਕੀਤਾ ਗਿਆ ਹੈ, ਉਸ ਨੂੰ ਮੰਨਣ ਦੀ ਮਜ਼ਬੂਰੀ ਦਾ ਬਹਾਨਾ ਬਣਾਇਆ ਜਾਂਦਾ ਹੈ। ਇਸ ਦੀ ਆੜ ’ਚ ਮਜ਼ਦੂਰਾਂ ਤੇ ਉਤ ਪੀੜਤ ਲੋਕਾਂ ਦੇ ਜੀਵਨ ਦਸ਼ਾ ’ਤੇ ਜ਼ਬਰਦਸਤ ਹਮਲੇ ਨੂੰ ਵੀ ਸਹੀ ਦੱਸਿਆ ਜਾਂਦਾ ਹੈ। ਸਿੱਟੇ ਵਜੋਂ ਵਿਆਪਕ ਲੋਕ ਸਮੂਹ ਦੀ ਕਾਰਜ ਸ਼ਕਤੀ ਤੇ ਖਪਤ ਦਾ ਪੱਧਰ ਲਗਾਤਾਰ ਹੇਠਾਂ ਡਿੱਗ ਰਿਹਾ ਹੈ। ਜਦਕਿ ਪ੍ਰਜੀਵੀ ਵਿਤੀ ਥੈਲੀਸ਼ਾਹਾਂ ਦੀ ਗੈਰ ਉਪਜਾਊ, ਦਿਖਾਵੇ ਭਰੀ ਖਪਤ ਤੇਜ਼ੀ ਨਾਲ ਵਧ ਰਹੀ ਹੈ। ਇਸ ਘਟਨਾਕ੍ਰਮ ਦੀ ਵਜ੍ਹਾ ਕਰਕੇ ਵਿਸ਼ਵ ਪੱਧਰ ’ਤੇ ਆਮ ਤੌਰ ’ਤੇ ਨਵ-ਬਸਤੀਵਾਦੀ ਦੇਸ਼ਾਂ ਵਲੋਂ ਅਤੇ ਗਰੀਬ ਤੇ ਲੁਟੀ ਘਸੁਟੀ ਜਾਂਦੀ ਜਨਤਾ ਤੋਂ ਅਮੀਰ ਤੇ ਉਤ ਪੀੜਤ ਵਿਅਕਤੀਆਂ ਦੀ ਅਤੇ ਜਾਇਦਾਦ ਤੇ ਆਮਦਨੀ ਦੀ ਮੁੜ ਵੰਡ ਹੋ ਰਹੀ ਹੈ। ਵਿਤੀ ਪੂੰਜੀ ਵਲੋਂ ਪੈਦਾ ਕੀਤੇ ਗਏ ਇਸ ਸੰਕਟ ਦੇ ਕਈ ਮਾਅਨੇ ਹਨ ਜਿਸ ’ਚ ਸਭ ਚੀਜ਼ਾਂ ਦੀ ਸੱਟੇਬਾਜ਼ੀ ਦੇ ਕਾਰਣ ਮਹਿੰਗਾਈ, ਸਟੋਰਿਓ ਵਿਤੀ ਪੂੰਜੀ ਦੀ ਸੜਨ ਤੇ ਪ੍ਰਜੀਵਤਾ ਨਾਲ ਸਿੱਧੇ ਤੌਰ ’ਤੇ ਸਬੰਧਤ ਭ੍ਰਿਸ਼ਟਾਚਾਰ, ਨਵ-ਉਦਾਰਵਾਦੀ ਨਿਰਮਾਣ ਨਾਲ ਸਿੱਧੇ ਤੌਰ ’ਤੇ ਜੁੜੇ ਭਿਆਨਕ ਵਾਤਾਵਰਣੀ ਸੰਕਟ ਆਦਿ ਸਭ ਗੱਲਾਂ ਸ਼ਾਮਲ ਹਨ। ਭਾਰਤ ਇਕ ਠੇਠ ਨਵ-ਬਸਤੀਵਾਦੀ ਦੇਸ਼ ਹੈ। ਬਸਤੀਵਾਦੀ ਕਾਲ ’ਚ, ਬ੍ਰਿਟਿਸ਼ ਸਾਮਰਾਜਵਾਦ ਨੇ ਆਪਣੇ ਸਹਿਯੋਗੀ ਵਜੋਂ ਦਲਾਲ ਵੱਡੀ ਸ਼ਰਮਾਏਦਾਰੀ, ਦਲਾਲ ਨੌਕਰਸ਼ਾਹ ਸ਼ਰਮਾਏਦਾਰੀ ਤੇ ਜਾਗੀਰੂ ਤਾਕਤਾਂ ਨੂੰ ਪਾਲਪੋਸ਼ ਕੇ ਵੱਡਾ ਕੀਤਾ ਸੀ। ਬ੍ਰਿਟਿਸ਼ ਵਿਤੀ ਪੂੰਜੀ ਦੀ ਪਤਨਸ਼ੀਲ ਅਵਸਥਾ ’ਚ ਉਹਨਾਂ ਦੀ ਛਤਰ-ਛਾਇਆ ਤੇ ਦੇਖ-ਰੇਖ ਵਿਚ ਇਹਨਾਂ ਤਾਕਤਾਂ ਨੇ ਜਨਮ ਲਿਆ ਸੀ ਅਤੇ ਵਧੀਆ ਫੁਲੀਆਂ ਸਨ। ਇਹਨਾਂ ਤਾਕਤਾਂ ਨੇ ਦਲਾਲ ਦੀ ਹੈਸ਼ੀਅਤ ਨਾਲ ਸਾਮਰਾਜ ਦੀ ਨਿਸ਼ਟਾਪੂਰਵਕ ਸੇਵਾ ਕੀਤੀ। ਇਤਿਹਾਸਕ ਤੌਰ ’ਤੇ ਇਕ ਅਜ਼ਾਦ ਵਰਗ ਵਜੋਂ ਵਿਕਸ਼ਤ ਹੋਣ ’ਚ ਸਮਰਥ ਭਾਰਤੀ ਵੱਡੇ ਪੂੰਜੀਪਤੀਆਂ ਨੇ ਬ੍ਰਿਟਿਸ਼ ਸ਼ਰਮਾਏਦਾਰਾਂ ਵਲੋਂ ਤਿਆਰ ‘ਮੈਨੇਜਿੰਗ ਏਜੰਸੀ ਸਿਸਟਮ’ ਦੀ ਛਤਰ ਛਾਇਆ ਵਿਚ ਉਪ-ਲੁਟੇਰੇ ਵਜੋਂ ਅੱਗੇ ਵਧਣਾ ਪਸੰਦ ਕੀਤਾ। ਪਹਿਲੀ ਸੰਸਾਰ ਜੰਗ ਦੇ ਪਿਛੋਂ ਦੇ ਅਰਸੇ ’ਚ ਬ੍ਰਿਟਿਸ਼ ਸਾਮਰਾਜਵਾਦ ਵਲੋਂ ਭਾਰੀ ਉਦਯੋਗਾਂ ਦੇ ਵਿਕਾਸ ਪ੍ਰਤੀ ਮੁਕਾਬਲਤਨ ਲਚਕੀਲਾਪਣ ਵਿਖਾਇਆ ਗਿਆ ਸੀ। ਇਸ ਦੇ ਬਾਵਜੂਦ ਭਾਰਤੀ ਵੱਡੇ ਪੂੰਜੀਪਤੀ ਕਪੜਾ ਤੇ ਸ਼ਕਰ ਵਰਗੀਆਂ ਕੁਝ ਕੁ ਖਪਤਕਾਰੀ ਵਸਤੂਆਂ ਨੂੰ ਛੱਡ ਕੇ ਪੂੰਜੀਗਤ ਵਸਤੂਆਂ ਦੇ ਉਦਯੋਗਾਂ ’ਚ ਦਾਖਲ ਹੋਣ ਲਈ ਇਛੁੱਕ ਨਹੀਂ ਸਨ। ਸਿੱਟੇ ਵਜੋਂ ਆਕਾਸ਼ ਤੇ ਇਕਾਂਗੀ ਸਨਅਤੀ ਢਾਂਚਾ ਵੱਧ ਫੇਰਬਦਲ ਕੀਤੇ ਬਗੈਰ ਜਿਉਂ ਦਾ ਤਿਉਂ ਜਾਰੀ ਰਿਹਾ। ਇਥੋਂ ਤਕ ਕਿ ਖਪਤਕਾਰ ਵਸਤੂਆਂ ਦੇ ਖੇਤਰ ਵਿਚ ਵੀ ਸਾਮਰਾਜੀ ਪੂੰਜੀ ਤੇ ਤਕਨੀਕੀ ’ਤੇ ਨਿਰਭਰਤਾ ਸਾਫ ਦਿਸਦੀ ਸੀ ਅਤੇ ਭਾਰਤੀ ਵੱਡੇ ਪੂੰਜੀਪਤੀ ਸਾਮਰਾਜ ਦੇ ਦਲਾਲ ਵਜੋਂ ਆਪਣੇ ਆਪ ’ਚ ਸੰਤੁਸ਼ਟ ਸਨ। ਸਮਾਂ ਬੀਤਣ ਦੇ ਨਾਲ ਬ੍ਰਿਟੇਨ ਦੇ ਮੈਨੇਜਿੰਗ ਏਜੰਸੀ ਸਿਸਟਮ ਦੀ ਨਕਲ

ਕਰਦੇ ਹੋਇਆ, ਭਾਰਤ ਦੇ ਵੱਡੇ ਬਿਜਨਸ਼ ਘਰਾਣਿਆਂ ਨੇ ਵੀ ਆਪਣੀਆਂ ਖੁਦ ਦੀਆਂ ਮੈਨੇਜਿੰਗ ਏਜੰਸੀਆਂ ਦੀ ਸਥਾਪਨਾ ਕੀਤੀ, ਜਿਹਨਾਂ ਦਾ ਕੰਪਨੀਆਂ ਦੇ ਸ਼ੇਅਰਾਂ 'ਚ ਸੱਟੇਬਾਜ਼ੀ ਤੇ ਜੁਗਾੜੀ ਸਰਗਰਮੀਆਂ ਪ੍ਰਤੀ ਵੱਧ ਝੁਕਾਅ ਸੀ। 1940 ਦੇ ਦਹਾਕੇ 'ਚ ਅਮਰੀਕੀ ਸਾਮਰਾਜ ਵਲੋਂ ਜਦ ਸੰਸਾਰ ਪੱਧਰ 'ਤੇ ਅਨਿਵੇਸ਼ੀਕਰਣ ਦੀ ਸ਼ੁਰੂਆਤ ਕੀਤੀ ਗਈ ਸੀ ਤਾਂ ਉਸ ਸਮੇਂ ਤਕ ਭਾਰਤ ਦੀ ਦਲਾਲ ਨੌਕਰਸ਼ਾਹ ਸ਼ਰਮਾਏਦਾਰੀ ਤੇ ਜਾਗੀਰੂ ਤਾਕਤਾਂ ਵਿਚਕਾਰ ਗਠਜੋੜ ਮਜ਼ਬੂਤ ਹੋ ਕੇ ਇਸ ਹੱਦ ਤਕ ਪਹੁੰਚ ਗਿਆ ਸੀ ਕਿ ਉਹ ਬ੍ਰਿਟਿਸ਼ ਬਸਤੀਵਾਦੀ ਪ੍ਰਭੂਆਂ 'ਤੇ ਇਸ ਗੱਲ ਲਈ ਦਬਾਅ ਪਾਉਣ ਲੱਗੇ ਸਨ ਕਿ ਭਾਰਤ 'ਚ ਉਹਨਾਂ ਵਲੋਂ ਕੀਤੀ ਜਾ ਰਹੀ ਲੁੱਟ 'ਚ ਉਹਨਾਂ ਨੂੰ ਵੀ ਹਿੱਸਾ ਦਿੱਤਾ ਜਾਵੇ। "ਅਪ ਨਿਵੇਸ਼ੀਕਰਣ" ਦੇ ਅਮਲ ਦੀ ਪਿਠ ਭੂਮੀ 'ਚ 1944 'ਚ ਭਾਰਤ ਵੱਡੀ ਸ਼ਰਮਾਏਦਾਰ ਜਮਾਤ ਦੇ ਮੋਹਰੀ ਲੋਕਾਂ ਨੇ ਭਾਰਤ ਦੇ ਵਿਕਾਸ ਲਈ ਭਵਿੱਖ ਦੀ ਮਾਰਗ ਦਿਸ਼ਾ ਤਿਆਰ ਕੀਤੀ ਸੀ ਜਿਸ ਦਾ ਸਿਰਲੇਖ ਸੀ 'ਭਾਰਤ ਦੇ ਆਰਥਕ ਵਿਕਾਸ ਦੀ ਯੋਜਨਾ' ਜੋ ਬੰਬੇ ਪਲਾਨ ਜਾਂ ਟਾਟਾ-ਬਿਰਲਾ ਪਲਾਨ ਦੇ ਨਾਂ ਹੇਠ ਮਸ਼ਹੂਰ ਹੈ। ਉਸ 'ਚ ਬਸਤੀਵਾਦੀ ਪ੍ਰਭੂਆਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਬਸਤੀਵਾਦੀ ਹਕੂਮਤ ਦੇ ਢਾਂਚੇ ਅੰਦਰ ਰਹਿ ਕੇ ਇਕ ਐਸੀ ਸਰਕਾਰ ਦਾ ਗਠਨ ਸੰਭਵ ਹੈ ਜੋ ਕੀਨਸਵਾਦੀ ਨੁਸਖਿਆ ਦੇ ਅਧਾਰ 'ਤੇ ਆਰਥਕ ਵਿਕਾਸ ਦੇ ਪ੍ਰੋਗਰਾਮਾਂ ਨੂੰ ਸਫਲਪੂਰਵਕ ਲਾਗੂ ਕਰ ਸਕੇ। ਬ੍ਰਿਟਿਸ ਸਾਮਰਾਜ ਵਲੋਂ ਭਾਰਤੀ ਹਾਕਮ ਜਮਾਤ ਦੇ ਹੱਥਾਂ ਨੂੰ ਸੱਤਾ ਤਬਦੀਲੀ ਨਵੇਂ ਰੂਪਾਂ 'ਚ ਸਾਮਰਾਜੀ ਲੁੱਟ ਨੂੰ ਜਾਰੀ ਰੱਖਣ ਲਈ ਸੋਚ ਸਮਝ ਕੇ ਬਣਾਈ ਗਈ। ਨਵ-ਬਸਤੀਵਾਦੀ ਰਣਨੀਤੀ ਦਾ ਸਿੱਟਾ ਸੀ। ਪਰ ਇਸ ਦਾ ਗੰਭੀਰਤਾ ਨਾਲ ਮੁਲਅੰਕਣ ਕਰਨ ਦੀ ਬਜਾਏ, ਭਾਕਪਾ ਦੀ ਕੇਂਦਰੀ ਕਮੇਟੀ ਨੇ ਜੂਨ 1947 'ਚ ਦੇ ਆਪਣੇ ਮਸੌਦੇ 'ਚ ਇਹ ਸਿੱਟਾ ਕੱਢਿਆ ਸੀ ਕਿ ਮਾਊਂਟਬੇਟਨ ਪਲਾਨ ਨਾਲ 'ਕੌਮੀ ਪ੍ਰਗਤੀ ਲਈ ਨਵੇਂ ਮੌਕਿਆਂ' ਦਾ ਦਰਵਾਜਾ ਖੁਲ੍ਹ ਗਿਆ ਹੈ ਪਰ ਜਦ ਕਮਿਊਨਿਸ਼ਟ ਸੂਚਨਾ ਬਿਊਰੋ (ਕੋਮਿਨਫਰਮ) ਨੇ ਸਤੰਬਰ 1947 ਨੂੰ ਇਕ ਮਸੌਦਾ ਜਾਰੀ ਕੀਤਾ ਤਾਂ ਇਸ ਪ੍ਰਸਤਾਵ ਦੇ ਅਧਾਰ 'ਤੇ ਮਾਕਪਾ ਨੇ ਦਸਬੰਰ 1947 'ਚ ਇਹ ਮਤ ਪ੍ਰਵਨ ਕੀਤਾ ਕਿ 'ਮਾਊਂਟਬੇਟਨ ਸਮਝੌਤਾ ਮੁਕੰਮਲ ਗੋਡੇ ਟੇਕਣਾ ਸੀ ਅਤੇ ਭਾਰਤੀ ਲੀਡਰਸ਼ਿਪ ਵਲੋਂ ਮੁਕੰਮਲ ਤੌਰ 'ਤੇ ਆਤਮ ਸਮਰਪਣ ਸੀ"। ਇਸ ਤਰ੍ਹਾਂ ਭਕਾਪਾ ਦੇ ਸੱਤਾ ਤਬਦੀਲੀ ਪਿਛੋਂ ਜੋ ਸਰਕਾਰ ਬਣੀ ਉਸ ਨੂੰ 'ਸਹਿਯੋਗੀਆਂ' ਦੀ ਸਰਕਾਰ ਦਸਿਆ ਅਤੇ ਰਾਜ ਦਾ ਕਿਰਦਾਰ ਚਿਤਵਦਿਆਂ ਕਿਹਾ ਕਿ 'ਸਾਮਰਾਜਵਾਦ, ਜਾਗੀਰਦਾਰਾਂ ਤੇ ਸ਼ਰਮਾਏਦਾਰਾਂ ਦੇ ਗਠਜੋੜ' ਸਤਾ ਤੇ ਕਾਬਜ ਹਨ। ਅੱਗੇ ਚੱਲ ਕੇ 1947 'ਚ ਆਯੋਜਿਤ ਭਾਰਤੀ ਕਮਿਊਨਿਸ਼ਟ ਪਾਰਟੀ (ਸੀ.ਪੀ.ਆਈ) ਦੇ ਦੂਜੇ ਸੰਮੇਲਨ 'ਚ ਮੰਜੂਰ ਕੀਤੇ ਗਏ ਰਾਜਸੀ ਮਸੌਦੇ 'ਚ ਇਸ ਰਾਤ ਦੀ ਪੁਸ਼ਟੀ ਕੀਤੀ ਗਈ ਸੀ। ਸਟਾਲਿਨ ਦੇ ਮਾਰਗ ਦਰਸ਼ਨ 'ਚ ਤਿਆਰ ਤੇ 1951 'ਚ ਭਾਕਾਪਾ ਪ੍ਰਵਾਨਿਤ ਪਾਰਟੀ ਪ੍ਰੋਗਰਾਮਾਂ 'ਚ ਵੀ ਇਨ੍ਹਾਂ ਸੱਤਾ ਦੀ ਨਕਲ ਹੋਈ ਸੀ। ਪਰ ਖੁਰਸਚੇਵੀ ਸੋਧਵਾਦ ਦੇ ਨਾਲ ਉਹ ਦ੍ਰਿਸ਼ਟੀਕਣ ਤੋਂ ਬਦਲ ਗਏ। 1956 'ਚ ਭਾਕਾਪਾ ਦੀ ਚੌਥੀ ਕਾਂਗਰਸ ਆਯੋਜਿਤ ਹੋਈ ਸੀ ਜਿਸ ਵਿਚ 'ਭਾਰਤ ਦੀ ਰਾਜਸੀ ਆਜ਼ਾਦੀ' ਮਿਲੀ ਹੈ ਵਰਗੇ ਗੈਰ ਵਿਗਿਆਨਕ ਸੂਤਰੀ ਕਰਨ ਨੂੰ ਮੰਨਿਆ ਗਿਆ। ਜਿਵੇਂ-ਜਿਵੇਂ ਸੋਵੀਅਤ ਸੰਘ 'ਚ ਸੋਧਵਾਦ ਦੀ ਜੜ੍ਹ ਮਜ਼ਬੂਤ ਹੁੰਦੀ ਗਈ ਤੇ ਭਾਕਾਪਾ ਤੇ ਮਾਕਪਾ

’ਚ ਸੱਜੇ ਪੱਖੀ ਭਟਕਾਅ ਮਜ਼ਬੂਤ ਹੁੰਦੇ ਗਏ। ਤਿਉਂ-ਤਿਉਂ ਸੱਤਾ ਤਬਦੀਲੀ ਬਾਰੇ ਇਹ ਮੌਕਾਪ੍ਰਸ਼ਤ ਤੇ ਗੈਰ-ਇਤਿਹਾਸਕ ਰੁਖ ਸਥਾਈ ਭਾਵ ਲੈਂਦਾ ਗਿਆ। ਇਥੋਂ ਤਕ ਕਿ ਮੋਹਰੀ ਸੋਵੀਅਤ ਸਿਧਾਂਤਕਾਰ ਵੀ ‘ਨਹਿਰੂ ਦੇ ਗੈਰ ਪੂੰਜੀਵਾਦੀ ਰਾਹ’ ਦੇ ਕਟੜ ਹਮਾਇਤੀ ਬਣ ਗਏ ਸਨ। ਦੋ ਸਦੀ ਲੰਮੀ ਬਸਤੀਵਾਦੀ ਹਕੂਮਤ ਨੇ ਭਾਰਤ ਨੂੰ ਠੇਠ ਬਸਤੀ ’ਚ ਤਬਦੀਲ ਕਰ ਦਿੱਤਾ ਸੀ ਜੋ ਕੱਚੇ ਮਾਲ ਦੇ ਸਰੋਤ ਬਣੀਆਂ ਤਿਆਰ ਵਸਤੂਆਂ ਲਈ ਬਾਜ਼ਾਰ ਤੇ ਸਾਮਰਾਜੀਆਂ ਵਲੋਂ ਪੂੰਜੀ ਬਰਾਮਦ ਦੇ ਗਨੀਮਤ ਸਥਾਨ ਵਜੋਂ ਕੰਮ ਕਰ ਰਿਹਾ ਸੀ। ਪਰ ਇਹ ਕਹਿਣ ਦਾ ਅਰਥ ਇਹ ਨਹੀਂ ਹੈ ਕਿ ਸੰਪੂਰਨ ਸਮਾਜਕ ਸੰਗਠਨ ਜਾਂ ‘ਪੈਦਾਵਾਰ ਦੀ ਵਿਧੀ’ ਖਤਮ ਹੋ ਗਈ ਸੀ। ਲੰਮੇ ਸਮੇਂ ਤਕ ਚਲੇ ਬਸਤੀਵਾਦੀ ਤੇ ਸਾਮਰਾਜੀ ਹਮਲਿਆਂ ਦੇ ਸਿੱਟੇ ਵਜੋਂ ਇਥੇ ਅਰਥਚਾਰੇ ਦਾ ਪੂਰਾ ਢਾਂਚਾ ਆਪਣੇ ਵਿਕਾਸ ਦੇ ਸੁਭਾਵਿਕ ਰਸਤੇ ਤੋਂ ਭਟਕ ਕੇ ਉਪਰੋਂ ਠੋਸੀਆਂ ਹਾਲਤਾਂ ’ਚ ਵਿਗੜਿਆ ਰੂਪ ਲੈਣ ਲੱਗਿਆ ਸੀ। ਹਾਲਾਂਕਿ ਪਿੰਡਾਂ ’ਚ ਪੈਦਾਵਾਰ ਦੀ ਮੁੱਖ ਵਿਧੀ ਵਜੋਂ ਜਾਗੀਰਦਾਰੀ ਤਦ ਵੀ ਬਣ ਰਹੀ, ਪਰ ਸਾਮਾਰਾਜੀ ਬਾਜ਼ਾਰ ਦੇ ਨਾਲ ਦੇਸ਼ ਦੇ ਵਧਦੇ ਏਕੀਕਰਨ ਨੇ ਸਥਾਨਕ ਪੱਧਰ ’ਤੇ ਪੈਦਾਵਾਰ ਤੇ ਸਥਾਨਕ ਪੱਧਰ ਦੀ ਵਰਤੋਂ ਦੀ ਜਾਗੀਰੂ ਵਿਧੀ ਨੂੰ ਕਾਫੀ ਹੱਦ ਤਕ ਬਦਲ ਦਿੱਤਾ ਸੀ। ਇਹ ਜਰੂਰ ਹੈ ਕਿ ਇਸ ਨੇ ਅਜ਼ਾਦ ਪੂੰਜੀਵਾਦੀ ਵਿਕਾਸ ਹੋਣ ਨਹੀਂ ਦਿੱਤਾ। ਬਰਾਮਦ ਤੇ ਘਰੇਲੂ ਬਾਜ਼ਾਰ ਦੀਆਂ ਲੋੜਾਂ ਦੇ ਅਨੁਸਾਰ ਨਗਦੀ ਫਸਲਾਂ ਦੀ ਖੇਤੀ ਦੇ ਨਾਲ ਤਾਲਮੇਲ ਰਖਦੇ ਹੋਏ ਵਸਤਾਂ ਦੀ ਪੈਦਾਵਾਰ ’ਚ ਆਏ ਤੇਜ਼ ਉਛਾਲ ਕਰਕੇ ਪੇਂਡੂ ਇਲਾਕਿਆਂ ਵਿਚ ਜਾਗੀਰੂ ਪੈਦਾਵਾਰੀ ਵਿਧੀ ’ਚ ਤਬਦੀਲੀ ਆਉਣ ਲੱਗੀ ਸੀ। ਇਸ ਦਾ ਸਾਫ਼ ਨਜ਼ਰ ਆਉਣ ਵਾਲਾ ਅਸਰ ਸੀ ਖੇਤੀ ਖੇਤਰ ’ਚ ਪੂੰਜੀਵਾਦੀ ਤੇ ਅਰਧ-ਜਾਗੀਰੂ ਸਬੰਧਾਂ ਦੀ ਸ਼ੁਰੂਆਤ ਤੇ ਗਰੀਬ ਕਿਸਾਨਾਂ ਦਾ ਵੱਡੇ ਪੈਮਾਨੇ ’ਤੇ ਉਜਾੜਾ ਜੋ ਬੇਜ਼ਮੀਨੇ ਗਰੀਬ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਕਤਾਰ ’ਚ ਸ਼ਾਮਲ ਹੋ ਕੇ ਪੇਂਡੂ ਅਬਾਦੀ ਦਾ ਸਭ ਤੋਂ ਵੱਡਾ ਹਿੱਸਾ ਬਣ ਗਏ ਸਨ। ਠੀਕ-ਠਾਕ ਕਹੀਏ ਤਾਂ ਜਿਥੇ ਲੰਮੇ ਸਮੇਂ ਤਕ ਚਲੇ ਬਸਤੀਵਾਦੀ ਕਰਣ ਦੇ ਅਮਲ 1940 ਦੇ ਦਹਾਕੇ ’ਚ ਨਵ-ਬਸਤੀਵਾਦੀ ਕਰਣ ਦੇ ਅਮਲ ’ਚ ਤਬਦੀਲ ਹੋ ਗਈ ਸੀ ਉਥੇ ਹੋਰ ਬਸਤੀਵਾਦੀ, ਅਰਧ ਬਸਤੀਵਾਦੀ ਦੇਸ਼ਾਂ ਵਾਗੂੰ ਭਾਰਤ ਵੀ ਇਕ ਨਵੀ ਬਸਤੀਵਾਦੀ ਲੁਟ ਦਾ ਅੱਡਾ ਬਣ ਗਿਆ ਸੀ। ਤਿਲੰਗਾਨਾ ਕਿਸਾਨ ਸੰਘਰਸ਼ ਨੂੰ ਬੇਰਹਿਮਤੀ ਨਾਲ ਕੁਚਲ ਦੇਣ ਤੇ ਜ਼ਮੀਨ ਹਲਵਾਹਕ ਦੀ ਜ਼ਮੀਨ ਦੇ ਅਸੂਲ ਦੇ ਅਧਾਰ ’ਤੇ ਭੂਮੀ ਸਬੰਧਾਂ ’ਚ ਕਿਸੇ ਕਿਸਮ ਦਾ ਮੌਲਿਕ ਬਦਲਾਅ ਕਰਨ ਤੋਂ ਇਨਕਾਰ ਕਰ ਦੇਣ ਪਿਛੋਂ ਨਹਿਰੂ ਸਰਕਾਰ ਵਲੋਂ ਇਕ ਪਾਸੇ ਤਾਂ ਭੂਮੀ ਸਬੰਧਾਂ ’ਚ ਜਿੰਮੀਦਾਰੀ ਹਟਾਉਣ ਵਰਗੇ ਕੁਝ ਕੁ ਦਿਖਾਵੇ ਭਰੇ ਬਦਲਾਅ ਲਿਆਂਦੇ ਗਏ ਅਤੇ ਦੂਜੇ ਪਾਸੇ ਅਮਰੀਕਨ ਐਗਰੀਕਲਚਰਲ ਮਿਸ਼ਨ, ਫੋਰਡ ਫਾਊਂਡੇਸ਼ਨ ਦੇ ਸਮਾਜੀ ਵਿਕਾਸ ਪ੍ਰੋਗਰਾਮ ਤੇ ਭੂਦਾਨ ਅੰਦੋਲਨ ਦੀਆਂ ਸੇਵਾਵਾਂ ਦੀ ਵਰਤੋਂ ਕੀਤੀ ਗਈ। ਜਿੰਮੀਦਾਰੀ ਹਟਾਓ ਐਕਟ ਦੇ ਲਾਗੂ ਹੋਣ ’ਤੇ ਜਿੰਮੀਦਾਰਾਂ ਸਮੇਤ ਖੇਤੀ ਖੇਤਰ ਦੇ ਪ੍ਰਜੀਵੀ ਤਬਕਿਆਂ ਨੇ ਕਿਸਾਨਾਂ ਤੇ ਰਾਜ ਵਿਚਕਾਰ ‘ਵਿਚੋਲਿਆਂ’ ਦੀ ਭੂਮਿਕਾ ਨਿਭਾਉਣੀ ਬੰਦ ਕਰ ਦਿਤੀ ਤੇ ਉਹ ਆਪ ਜ਼ਮੀਨ ਦੇ ਮਾਲਕ ਬਣ ਗਏ। ਉਹਨਾਂ ਨੇ ਜ਼ਮੀਨ ’ਤੇ ਸਥਾਈ ਤੇ ਉਸ ਨੂੰ ਵਿਰਾਸਤ ’ਚ ਪਾਉਣ ਦਾ ਅਧਿਕਾਰ ਮਿਲ ਗਿਆ। ਇਸ ਨਾਲ ਖੇਤੀ ਸ਼ਰਮਾਏਦਾਰਾਂ (ਜਾਂ ਅਰਧ ਜਾਗੀਰੂ ਪੂੰਜੀਪਤੀਆਂ) ਦੇ ਉਭਰਨ ਦਾ

ਰਾਹ ਸਾਫ ਹੋ ਗਿਆ ਜਿਸ ਨੇ 1960 ਦੇ ਦਹਾਕੇ ’ਚ ਸ਼ੁਰੂ ਕੀਤੇ ਗਏ ਹਰੇ ਇਨਕਲਾਬ ਦੀ ਨਵ-ਬਸਤੀਵਾਦੀ ਖੇਤੀ ਰਣਨੀਤੀ ਲਈ ਸਮਾਜਕ ਅਧਾਰ ਦਾ ਕੰਮ ਕੀਤਾ। ਵਿਕਾਸ ਦਾ ਨਹਿਰੂਵਾਦੀ ਮਾਡਲ ਕੌਮਾਂਤਰੀ ਕੀਨਸਵਾਦ ਦਾ ਭਾਰਤੀ ਰੂਪ ਸੀ। ਜਿਸ ਇਤਿਹਾਸਕ ਪਿਠ ਭੂਮੀ ਨੇ ਅਮਰੀਕੀ ਅਗਵਾਈ ਵਾਲੀਆਂ ਸਾਮਰਾਜੀ ਸ਼ਕਤੀਆਂ ਨੂੰ 1970 ਦੇ ਦਹਾਕੇ ਤਕ ਕਲਿਆਣਕਾਰੀ ਰਾਜ ਦੀਆਂ ਕੀਨਸਵਾਦੀ ਨੀਤੀਆਂ ’ਤੇ ਅਮਲ ਕਰਦੇ ਰਹਿਣ ਲਈ ਮਜ਼ਬੂਰ ਕੀਤਾ ਸੀ, ਠੀਕ ਉਸੇ ਪਿਠ ਭੂਮੀ ਨੇ ਦਲਾਲ ਭਾਰਤੀ ਨੌਕਰਸ਼ਾਹ ਸ਼ਰਮਾਏਦਾਰੀ ਜਮਾਤ ਨੂੰ ‘ਰਾਜ ਦੀ ਅਗਵਾਈ ’ਚ ਵਿਕਾਸ’ ਦੀ ਨਹਿਰੂਵਾਦੀ ਰਣਨੀਤੀ ਅਪਣਾਉਣ ਲਈ ਪ੍ਰੇਰਿਤ ਕੀਤਾ ਸੀ, ਉਸ ਦੌਰ ’ਚ ਅਖੌਤੀ ‘ਅੰਤਰਮੁਖੀ ਸਨਅਤੀਕਰਨ’ ਦੇ ਨਾਂ ਹੇਠ ਸਰਹੱਦੀ ਟੈਕਸਾਂ ’ਤੇ ਸੁਰਖਿਆਵਾਦ ਦੀ ਉਚੀ ਕੰਧ ਖੜ੍ਹੀ ਕੀਤੀ ਗਈ ਸੀ। ਪਰ ਦਰਾਮਦ ਕਰਨ ਦੀ ਥਾਂ ਵਸਤੂਆਂ ਦੇ ਨਿਰਮਾਣ ਲਈ ਸਨਅਤਾਂ ਦੀ ਸਥਾਪਨਾ ਕਰਨਾ ਅਤੇ ‘ਆਤਮ ਨਿਰਭਰਤਾ’ ਦੀ ਛਵੀ ਪੇਸ਼ ਕਰਨ ਵਾਲੇ ਜਨਤਕ ਕਾਰਖਾਨਿਆਂ ਦੀ ਆੜ ’ਚ ਵਿਦੇਸ਼ੀ ਪੂੰਜੀ ਲਈ ਇਸ ਕੰਧ ਨੂੰ ਢਾਹ ਸਕਣਾ ਸੰਭਵ ਸੀ। ਸਭ ਅਰਥਾਂ ’ਚ ਇਹ ਨਹਿਰੂਵਾਦੀ ਮਾਡਲ ਪੂਰੀ ਤਰ੍ਹਾਂ ਉਸ ਨਵ-ਬਸਤੀਵਾਦੀ ਰਣਨੀਤੀ ਦੇ ਅੰਦਰ ਦੀ ਚੀਜ਼ ਸੀ, ਜਿਸ ਦੀ ਸੰਸਾਰ ਪੱਧਰ ’ਤੇ ਸੀਮਾ ਰੇਖਾ, ਰਾਜਕੀ ਦਖਲ ਅੰਦਾਜ਼ੀ ਤੇ ਕੀਨਸਵਾਦੀ ਨੀਤੀਆਂ ਦੇ ਜ਼ਰੀਏ ਖਿਚੀ ਗਈ ਸੀ। ਇਸ ਦੌਰਾਨ ‘ਅਰਥਕ ਮਦਦ’ ਦੀ ਨੀਤੀ ਤੇ ਇਸ ਨਾਲ ਸਬੰਧਤ ਵੱਖ-ਵੱਖ ਪ੍ਰਬੰਧਾਂ ਨੇ ਅਮਰੀਕੀ ਸਾਮਰਾਜ ਨੂੰ ਇਸ ਗੱਲ ਦੇ ਲਈ ਸਮਰੱਥ ਬਣਾ ਦਿੱਤਾ ਸੀ ਕਿ ਉਹ ਬ੍ਰੇਟਨਵੁਡਸ ਸੰਸਥਾਵਾਂ (ਆਈ.ਐਮ.ਐਫ ਤੇ ਸੰਸਾਰ ਬੈਂਕ) ਦੇ ਰਾਹੀਂ ਭਾਰਤ ਦੀ ਆਰਥਕ ਨੀਤੀ ਨਿਰਧਾਰਣ ਦੇ ਖੇਮੇ ’ਚ ਦਾਖਲ ਹੋ ਜਾਵੇ ਅਤੇ ਇਸ ਦੀਆਂ ਯੋਜਨਾਵਾਂ ਦੀਆਂ ਤਰਜੀਹਾਂ ਨੂੰ ਸਿੱਧੇ ਤੌਰ ’ਤੇ ਅਸਰ ਅੰਦਾਜ਼ ਕਰ ਸਕੇ। ਇਸ ਨੂੰ ਠੰਡੀ ਜੰਗ ਦੌਰਾਨ ਅਮਰੀਕੀ ਸਾਮਰਾਜਵਾਦ ਨੂੰ ਭਾਰਤ ਦੇ ਰਣਨੀਤਕ ਖੇਤਰ ’ਚ ਮਜ਼ਬੂਤੀ ਨਾਲ ਪੈਰ ਪਸਾਰਨ ’ਚ ਸੋਵੀਅਤ ਸੰਘ ’ਤੇ ਇਕ ਨਿਸ਼ਚਤ ਵਧਾਰੇ ਨੂੰ ਵੀ ਹੱਲਾਸ਼ੇਰੀ ਦਿਤੀ ਸੀ। 1960 ਦੇ ਦਹਾਕੇ ਦੇ ਉਤਰਾਅ ’ਚ ਨਕਸਲਵਾੜੀ ਕਿਸਾਨ ਲੋਕ ਉਭਾਰ ਸਮੇਤ ਵੱਖ-ਵੱਖ ਜੁਝਾਰੂ ਸੰਘਰਸ਼ ਹੋਏ ਸਨ। ਜਿਸ ਨੇ ਇੰਦਰਾ ਗਾਂਧੀ ਨੂੰ ਫਿਰ ਦੁਬਾਰਾ ਨਹਿਰੂਵਾਦੀ ਲੋਕ ਮੁਖੀ ਮਖੌਟਾ ਪਾਉਣ ਲਈ ਮਜ਼ਬੂਰ ਕਰ ਦਿੱਤਾ ਸੀ ਜਦਕਿ ਸਾਮਰਾਜ ਮੂਹਰੇ ਮੁਕੰਮਲ ਗੋਡੇ ਟੇਕਣਾ ਜਾਰੀ ਸੀ। ਉਸ ਦੌਰ ’ਚ ਭੂਮੀ ਸੁਧਾਰਾਂ ਦੀ ਲੋੜ ਬਾਰੇ ਅਕਸਰ ਹੀ ਵੱਡੀਆਂ-ਵੱਡੀਆਂ ਗੱਲਾਂ ਸੁਣੀਆਂ ਜਾਂਦੀਆਂ ਸਨ, ਬਟਾਈਦਾਰਾਂ ਦੀ ਰਾਖੀ ਦੇ ਮੁੱਦੇ ਉਠਾਏ ਜਾਂਦੇ ਸਨ ਤੇ ਉਹਨਾਂ ਨੂੰ ਜ਼ਮੀਨ ਤੋਂ ਬੇਦਖਲ ਨਾ ਕਰਨ ਦੀਆਂ ਗੱਲਾਂ ਕਹੀਆਂ ਜਾਂਦੀਆਂ ਸਨ। ਪਰ ਇਹ ਗੱਲਾਂ ‘ਜ਼ਮੀਨ ਹਲਵਾਹਕ ਦੀ’ ਦੇ ਬੁਨਿਆਦੀ ਸੁਆਲ ਨੂੰ ਪਾਸੇ ਰਖ ਕੇ ਸੁਧਾਰਵਾਦੀ ਨਜ਼ਰੀਏ ਤੋਂ ਕੀਤੀਆਂ ਜਾਂਦੀਆਂ ਸਨ।

ਲੋਕਾਂ ਦੀਆਂ ਅੱਖਾਂ ’ਚ ਘੱਟਾ ਪਾਉਣ ਲਈ ਇੰਦਰਾ ਗਾਂਧੀ ਸਰਕਾਰ ਨੇ ਕਈ ਬਹੁਚਰਚਿਤ ਕਾਨੂੰਨਾਂ ਦਾ ਸਹਾਰਾ ਲਿਆ ਸੀ ਤੇ ‘ਗਰੀਬੀ ਹਟਾਓ’ ਵਰਗਾ ਨਾਹਰਾ ਦਿੱਤਾ ਸੀ। ਇਸ ਸਭ ਰੁਪਏ ਦੀ ਕਦਰ ਘਟਾਈ 1956 ਦੀ ਸਨਅਤੀ ਨੀਤੀ ’ਚ ਪਲੀਤਾ ਲਾਉਣ ਤੇ ਸਭ ਤੋਂ ਵੱਧ ਕੇ ਹਰੇ ਇਨਕਲਾਬ ਰਾਹੀਂ ਖੇਤੀ ਖੇਤਰ ਨੂੰ ਸਾਮਰਾਜੀ ਵਿਤੀ ਪੂੰਜੀ ਲਈ ਖੋਹਲਣ ਵਰਗੀਆਂ ਕਾਰਵਾਈਆਂ ’ਤੇ ਪੜਦਾ ਪਾਉਣ ਲਈ ਕੀਤਾ ਗਿਆ ਸੀ। ਸਿਟੇ ਵਜੋਂ ਸਾਬਕਾ ਜਾਗੀਰੂ ਰਾਜਿਆਂ ਦੇ ਪ੍ਰੀਵੀ ਪਰਸ

ਦਾ ਹੱਲ (1971) ਬੈਂਕਾਂ ਦਾ ਕੌਮੀਕਰਣ (1969) ਅਜ਼ਾਰੇਦਾਰ ’ਤੇ ਪਾਬੰਦੀ ਯਾਫ਼ਤਾ ਵਪਾਰ ਵਿਹਾਰ (MRTP) ਐਕਟ (1970) ਤੇ ਵਿਦੇਸ਼ੀ ਵਟਾਂਦਰੇ ਨਿਯਮਨ ਜਾਂ ਫੈਰਾ ਐਕਟ (1973) ਵਰਗੇ ਕਈ ਕਾਨੂੰਨ ਹੋਂਦ ’ਚ ਆਏ ਸਨ। ਵਿਡੰਬਨਾ ਹੈ ਕਿ ਇਸ ਦੌਰ ’ਚ ਅਤੇ ਇਹਨਾਂ ਕਾਨੂੰਨਾਂ ਦੇ ਬਣਨ ਪਿਛੋਂ ਸਾਮਰਾਜਵਾਦ ਦਾ ਨਵ-ਬਸਤੀਵਾਦ ਕਰਣ ਕਿਤੇ ਵੱਧ ਤੇਜ਼ ਰਫ਼ਤਾਰ ਨਾਲ ਅੱਗੇ ਵਧਿਆ ਜੈਸਾ ਕਿ ਇਸ ਅਰਸੇ ਦੇ ਵਸਤੂਗਤ ਮੁਲਅੰਕਣ ਤੋਂ ਸਾਫ ਦਿਸਦਾ ਹੈ। ਅੰਦਰੂਨੀ ਐਮਰਜੈਂਸੀ ਦੇ ਫਾਂਸੀਵਾਦੀ ਤੇ ਬੇਹੱਦ ਪਿਛਾਖੜੀ ਦਿਨਾਂ ਦੇ ਗੁਜ਼ਰ ਜਾਣ ਪਿਛੋਂ ਜਦ ਇੰਦਰਾ ਗਾਂਧੀ ਫੇਰ 1980 ’ਚ ਹਕੂਮਤ ’ਚ ਆਈ ਤਾਂ ਉਹਨਾਂ ਨੇ ਨਾ ਸਿਰਫ ਆਪਣੇ ਪਹਿਲਾਂ ਦੇ ਲੋਕ ਪ੍ਰਤੀ ਕ੍ਰਿਆਵਾਦੀ ਮਖੌਟੇ ਨੂੰ ਉਲਆ ਦਿੱਤਾ ਬਲਕਿ ਦੇਸ਼ ਨੂੰ ਆਈ.ਐਮ.ਐਫ ਦੀ ਛੱਤਰ ਛਾਇਆ ’ਚ ਲਿਆ ਖੜ੍ਹਾ ਕੀਤਾ ਅਤੇ ਉਹਨਾਂ ਨੇ 1981 ’ਚ ਭਾਰੀ ਵਿਦੇਸ਼ੀ ਕੋਸ਼ ਸੁਵਿਧਾ ਦੀ ਬਜਾਏ ਕੌਮਾਂਤਰੀ ਮੁਦਰਾ ਕੋਸ਼ (IMF) ਦੀ ਢਾਂਚਾ ਢਲਾਈ ਦੀਆਂ ਸ਼ਰਤਾਂ ਨੂੰ ਮੰਨ ਲਿਆ।

1980 ਦੇ ਦਹਾਕੇ ਦੇ ਮੱਧ ’ਚ ਰਾਜੀਵ ਗਾਂਧੀ ਦੇ ਸੀਨ ’ਤੇ ਆਉਣ ਅਤੇ 1986 ’ਚ ‘ਨਵੀਆਂ ਆਰਥਕ ਨੀਤੀਆਂ’ ਦੇ ਐਲਾਨ ਦੇ ਨਾਲ ‘ਆਤਮ ਨਿਰਭਰਤਾ’ ਵਰਗੀਆਂ ਧਾਰਨਾਵਾਂ ਨੂੰ ਆਖਰੀ ਵਿਦਾਇਗੀ ਦੇ ਦਿਤੀ ਗਈ ਤੇ ‘ਬਰਾਮਦ ਮੁਖੀ ਹੱਲਾਸ਼ੇਰੀ’ ‘ਅਧੁਨੀਕੀ ਕਰਣ’ ਵਰਗੇ ਭਰਮਾਊ ਨਾਹਰਿਆਂ ਨੇ ਉਹਨਾਂ ਦੀ ਥਾਂ ਲੈ ਲਈਆਂ। ਰਾਜੀਵ ਗਾਂਧੀ ਦੀ ਉਦਾਰ ਸਨਅਤੀ ਨੀਤੀ ਦਾ ਫਾਇਦਾ ਉਠਾਉਂਦਿਆ ਭਾਰਤ ’ਚ ਵਧਦੇ-ਫੁਲਦੇ ਮੱਧ ਵਰਗੀ ਬਾਜ਼ਾਰ ’ਤੇ ਨਜ਼ਰ ਗੱਡੀ ਬਹੁਕੌਮੀ ਕੰਪਨੀਆਂ ਤਰ੍ਹਾਂ-ਤਰ੍ਹਾਂ ਦੀਆਂ ਖਪਤਕਾਰੀ ਵਸਤੂਆਂ ਦੀ ਪੈਦਾਵਾਰ ਦੇ ਲਈ ਦੌੜ ਪਈਆਂ। ਇਹੀ ਕਾਰਨ ਹੈ ਕਿ ਕਈ ਅਰਥ ਸਾਸ਼ਤਰੀਆਂ ਤੇ ਦਲਾਲ ਬੁਧੀਜੀਵੀਆਂ ਨੇ 1980 ਦੇ ਦਹਾਕੇ ਨੂੰ ‘ਸਨਅਤੀ ਵਿਕਾਸ ਦਾ ਦਹਾਕਾ’ ਵਜੋਂ ਚਿਤਰਤ ਕੀਤਾ ਗਿਆ ਹੈ। 1980 ਦੇ ਦਹਾਕੇ ’ਚ ਇਸ ਬਰਾਮਦ ਮੁਖੀ ਖਪਤਕਾਰੀ ਵਸਤਾਂ ਦੀ ਪੈਦਾਵਾਰ ਦੇ ਅਮਲ ਦੇ ਨਾਲ ਤਾਲਮੇਲ ਰਖਦੇ ਹੋਇਆ ਵਿਦੇਸ਼ੀ ਨਿਵੇਸ਼ ’ਚ ਲਗਾਤਾਰ ਵਾਧਾ ਹੋ ਰਿਹਾ ਸੀ ਤੇ ਬਹੁਕੌਮੀ ਕੰਪਨੀਆਂ ਦੀਆਂ ਭਾਰਤੀ ਭਾਈਵਾਲ ਕੰਪਨੀਆਂ ਵਲੋਂ ਭਾਰੀ ਲਾਗਤ ’ਤੇ ਇਥੇ ਪੁਰਾਤਨ ਵਿਦੇਸ਼ੀ ਤਕਨਾਲੋਜੀ ਦੀ ਇਹ ਦਰਾਮਦ ਵਾਰ-ਵਾਰ ਕੀਤੀ ਜਾ ਰਹੀ ਸੀ। ਪੂੰਜੀ ਤੇ ਤਕਨੀਕ ਦੀ ਇਹ ਦਰਾਮਦ ਰੁਜ਼ਗਾਰ ਪੈਦਾ ਕਰਨ ਤੇ ਜਨਤਾ ਦੀ ਅਸਲ ਆਮਦਨੀ ਵਧਾਉਣ ਵਰਗੀਆਂ ਸਮਾਜਕ-ਆਰਥਕ ਲੋੜਾਂ ਨੂੰ ਧਿਆਨ ’ਚ ਰਖ ਕੇ ਨਹੀਂ ਕੀਤਾ ਜਾ ਰਿਹਾ ਸੀ। ਵਿਦੇਸ਼ੀ ਪੂੰਜੀ ਦੇ ਇਸ ਭਾਰੀ ਵਹਾਅ ਦੇ ਕਾਰਨ, ਲਾਇਲਟੀ ਤਕਨੀਕੀ ਗਿਆਨ ਟੈਕਸ ਪ੍ਰਬੰਧਕੀ, ਖਰਚ, ਡਿਵੀਡੈਂਟ ਮੁਨਾਫ਼ਾ ਆਦਿ ਵਜੋਂ ਆਮ ਤੌਰ ’ਤੇ ਬਾਹਰੀ ਦੇਸ਼ਾਂ ’ਚ ਹੋਣ ਵਾਲੇ ਭੁਗਤਾਨ ਤੋਂ ਇਲਾਵਾ ਇਸ ਅਰਸੇ ’ਚ ਪੁਰਾਤਨ ਤਕਨੀਕੀ ਨੂੰ ਤਬਦੀਲ ਕਰਨ ਦੀ ਕੀਮਤ ਤਹਿ ਕਰਨ ਦਾ ਨੁਕਸਾਨਦੇਹ ਆਚਰਣ ਵੀ ਨਵੀ-ਬਸਤੀਵਾਦੀ ਲੁੱਟ ਦਾ ਇਕ ਮੁੱਖ ਤਰੀਕਾ ਬਣ ਗਿਆ ਸੀ। 1980 ਦੇ ਦਹਾਕੇ ’ਚ ਮੁਨਾਫ਼ੇ ਨੂੰ ਆਪਣੇ ਦੇਸ਼ ਵਾਪਸ ਭੇਜਣ ਲਈ ਬੇਹੱਦ ਢਿੱਲੀਆਂ ਤੇ ਸੁਖਾਲੀਆਂ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ ਸਨ। ਇਸ ਦਾ ਫਾਇਦਾ ਉਠਾ ਕੇ ਬਹੁਕੌਮੀ ਕੰਪਨੀਆਂ ਵਲੋਂ ਇਕ ਤੋਂ ਡੇਢ ਸਾਲ ਦੇ ਥੋੜੇ ਸਮੇਂ ਵਿਚ ਹੀ ਆਪਣੇ ਪੂੰਜੀਗਤ ਨਿਵੇਸ਼ ਦੀ ਪੂਰੀ ਰਾਸ਼ੀ ਨੂੰ ਮੁਨਾਫ਼ੇ ਵਜੋਂ

ਆਪਣੇ ਦੇਸ਼ ਵਾਪਸ ਭੇਜਿਆ ਜਾਣ ਲੱਗਿਆ। ਅਮਰੀਕੀ ਬਹੁਕੌਮੀ ਕੰਪਨੀਆਂ ਤਾਂ ਇਕ ਸਾਲ ਦੇ ਅੰਦਰ ਹੀ ਨਿਵੇਸ਼ ਦੀ ਪੂਰੀ ਰਕਮ ਆਪਣੇ ਦੇਸ਼ ਵਾਪਸ ਭੇਜਣ ਲੱਗੀਆਂ ਕਿਉਂਕਿ 1980 ਦੇ ਦਹਾਕੇ ਦੇ ਉਤਰਾਅ 'ਚ ਲਾਗਤ ਪੂੰਜੀ ਤੇ ਮੁਨਾਫ਼ੇ ਦਾ ਔਸਤ ਅਨੁਪਾਤ 100 ਫੀ ਸਦੀ ਦੇ ਆਸ-ਪਾਸ ਪਹੁੰਚ ਗਿਆ ਸੀ। 1980 ਦੇ ਦਹਾਕੇ ਦੀ ਕੌਮਾਂਤਰੀ ਪੱਧਰ 'ਤੇ ਇਕ ਗੌਰ ਕਰਨ ਵਾਲੀ ਇਕ ਹੋਰ ਖਾਸੀਅਤ ਇਹ ਸੀ ਕਿ ਸਾਮਰਾਜੀ ਦੇਸ਼ਾਂ ਵਲੋਂ ਦਿਤੀ ਜਾਣ ਵਾਲੀ 'ਸਰਕਾਰੀ ਮਦਦ' ਦੀ ਹਿਸੇਦਾਰੀ ਘੱਟ ਹੋਣ ਲੱਗੀ ਸੀ ਤੇ ਵਪਾਰਕ ਉਧਾਰ ਵਧਣ ਲੱਗਿਆ ਸੀ ਤੇ ਆਈ.ਐਮ.ਐਫ ਤੇ ਸੰਸਾਰ ਬੈਂਕ ਦੀਆਂ ਸ਼ਰਤਾਂ ਵਲੋਂ ਇਸ ਉਧਾਰ ਦਾ ਭੁਗਤਾਨ ਯਕੀਨੀ ਬਣਾਇਆ ਜਾਣ ਲੱਗਿਆ ਸੀ। ਇਹ ਰੁਝਾਣ ਉਦੋਂ ਤੋਂ ਲਗਾਤਾਰ ਮਜ਼ਬੂਤ ਹੁੰਦਾ ਗਿਆ ਹੈ। ਇਹ ਤਬਦੀਲੀ ਕੀਨਸਵਾਦ ਤੇ ਅਰਥਚਾਰੇ ਤੋਂ ਸਰਕਾਰ ਦੇ ਪਿਛੇ ਹਟ ਜਾਣ ਦੇ ਰੁਝਾਣ ਦੇ ਪੂਰੀ ਤਰ੍ਹਾਂ ਅਨੁਕੂਲ ਰਹੀ ਹੈ। ਨਾਲ ਹੀ ਇਹ ਨਵ-ਉਦਾਰਵਾਦ ਦੇ ਉਭਾਰ ਨਾਲ ਵੀ ਮੇਲ ਖਾਂਦਾ ਹੈ ਜੋ ਕੌਮਾਂਤਰੀ ਵਿਤੀ ਪੂੰਜੀ ਦੇ ਵਟਾਂਦਰੇ ਤੇ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਉਸ ਦੀ ਖੁਲੀ ਸਰਕੂਲੇਸ਼ਨ ਦਾ ਪੱਖੀ ਹੈ। ਸਿੱਟੇ ਵਜੋਂ ਅਸੀਂ ਵੇਖਦੇ ਹਾਂ ਕਿ ਭਾਰਤ ਦੀ ਦਲਾਲ ਹਕੂਮਤ ਵਲੋਂ ਪਾਰ ਕੌਮੀ ਬੈਂਕਾਂ ਤੇ ਹੋਰ ਵੱਖ-ਵੱਖ ਵਿਦੇਸ਼ੀ ਮੁਦਰਾ ਸਰੋਤਾਂ ਤੋਂ ਭਾਰਤੀ ਵਿਆਜ ਦਰ 'ਤੇ ਵੱਡੇ ਪੈਮਾਨੇ 'ਤੇ ਵਪਾਰਕ ਕਰਜਾ ਲਿਆ ਜਾਣ ਲੱਗਿਆ ਜਿਸ ਕਾਰਨ 1980 ਦੇ ਦਹਾਕੇ ਦੇ ਅੰਤ ਵਿਚ ਕਰਜ਼ੇ ਦਾ ਸੰਕਟ ਪੈਦਾ ਹੋ ਗਿਆ ਸੀ। 1980 ਦੇ ਦਹਾਕੇ ਦੀ ਇਸ ਤੇਜ਼ ਨਵ-ਬਸਤੀਵਾਦੀ ਲੁੱਟ ਦਾ ਸਾਡੇ ਦੇਸ਼ ਅੰਦਰ ਅਸਰ ਇਹ ਹੋਇਆ ਕਿ ਦੇਸ਼ ਜਿਹਨਾਂ ਆਰਥਕ ਤੇ ਸਮਾਜਕ ਸੰਕਟਾਂ ਨਾਲ ਜੂਝ ਰਿਹਾ ਸੀ ਉਹ ਪਹਿਲਾਂ ਨਾਲੋਂ ਵੱਧ ਡੂੰਘਾ ਹੋ ਗਿਆ। 1980 ਦੇ ਦਹਾਕੇ ਦਾ ਅਖੌਤੀ 'ਸਨਅਤੀ ਵਿਕਾਸ' ਖਪਤਕਾਰੀ ਵਸਤੂਆਂ ਦੀ ਸਨਅਤ ਤਕ ਹੀ ਸੀਮਤ ਸੀ ਤੇ ਇਸ ਦਾ ਨਿਰਮਾਣ ਦੇ ਇਕ ਵੱਡੇ ਖੇਤਰ ਨਾਲ ਕੋਈ ਵਾਹ-ਵਾਸਤਾ ਨਹੀਂ ਸੀ। ਦੂਜੇ ਪਾਸੇ ਇਸ ਅਰਸੇ 'ਚ ਭਾਰਤ ਵਿਚ 'ਬੀਮਾਰ ਸਨਅਤੀ ਇਕਾਈਆਂ' ਦੀ ਗਿਣਤੀ 'ਚ ਤੇਜ਼ ਵਾਧਾ ਵੇਖਿਆ ਗਿਆ ਸੀ। ਇਹ ਮੌਜੂਦ ਸਨਅਤਾਂ ਦੀ ਸਮਰਥਾ ਦੀ ਪੂਰੀ ਵਰਤੋਂ ਨਾ ਕਰਕੇ ਜਾਣਬੁਝ ਕੇ ਅਪਣਾਈ ਗਈ ਸਨਅਤਾਂ ਦੇ ਵਿਨਾਸ਼ ਦੀ ਨੀਤੀ ਦਾ ਸਿੱਟਾ ਸੀ। ਬਰਾਮਦ ਮੁਖੀ ਸਨਅਤੀਕਰਣ ਦੇ ਬਹਾਨੇ ਰਵਾਇਤੀ ਸਨਅਤ ਤੇ ਨਿਰਮਾਣ ਉਦਯੋਗ ਦੇ ਕਈ ਖੇਤਰਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ। ਬਹੁਕੌਮੀ ਨਿਗਮਾਂ ਦੇ ਨਾਲ ਸਹਿਯੋਗ ਲਈ ਅਜੇਹੇ ਅਨੇਕਾਂ ਸਮਝੌਤੇ ਕੀਤੇ ਗਏ ਜੋ ਬੇਹੱਦ ਪੂੰਜੀ ਭਰਪੂਰ ਸਨ ਤੇ ਕਿਰਤ ਸ਼ਕਤੀ ਨੂੰ ਘੱਟ ਕਰਨ ਵਾਲੇ ਸਨ। ਸਿੱਟੇ ਵਜੋਂ ਚੌਤਰਫਾ ਆਟੋ ਮੇਸ਼ਨ ਤੇ ਕਮਪਿਊਟ ਰਾਈਜੇਸ਼ਨ ਦਾ ਦੌਰ ਸ਼ੁਰੂ ਹੋਇਆ ਤੇ ਰੇਲਵੇ, ਬੈਂਕਾਂ ਤੇ ਸਨਅਤ ਸਮੇਤ ਸਭ ਖੇਤਰਾਂ 'ਚ ਫੈਲ ਗਿਆ। ਇਸ ਦੇ ਕਾਰਨ 1980 ਦੇ ਦਹਾਕੇ 'ਚ ਮਜ਼ਦੂਰਾਂ ਦੀ ਛਾਂਟੀ ਤੇ 'ਗੋਲਡਨ ਹੈਂਡ ਸੈਕ' ਆਮ ਵਰਤਾਰਾ ਹੋ ਗਿਆ ਸੀ। 1980 ਦੇ ਦਹਾਕੇ 'ਚ ਪੰਜਾਬ ਹਰਿਆਣਾ ਤੇ ਉਤਰਪ੍ਰਦੇਸ਼ ਸਮੇਤ ਭਾਰਤ ਦੇ ਉਤਰ ਪੱਛਮੀ ਆਂਚਲ ਨੂੰ ਛੱਡ ਕੇ ਅਨਾਜਾਂ ਦੀ ਪੈਦਾਵਾਰ ਤੇ ਖੇਤੀ ਉਤਪਾਦਿਕਤਾ 'ਚ ਅਸਲ 'ਚ ਗਿਰਾਵਟ ਆਈ ਸੀ।

ਅਰਥ ਸ਼ਾਸ਼ਤਰੀਆਂ ਵਲੋਂ ਕੀਤਾ ਗਿਆ ਅਧਿਐਨ ਦਰਸਾਉਂਦਾ ਹੈ ਕਿ 1980 ਦੇ ਦਹਾਕੇ 'ਚ ਕੁਝ ਕੁ ਸੂਬਿਆਂ 'ਚ ਉਚੀ ਵਿਕਾਸ ਦਰ ਦਿਖਾਉਣ ਵਾਲੇ ਸਰਕਾਰੀ

ਅੰਕੜੇ ਕਿਸ ਤਰ੍ਹਾਂ ਮਹਿਜ 'ਅੰਕੜਿਆਂ ਦਾ ਭਰਮਜਾਲ' ਸੀ। ਨਵੀਆਂ ਖੇਤੀ ਤਕਨੀਕਾਂ ਦੇ ਸਿਟੇ ਵਜੋਂ ਕਿਰਤ ਖਰੀਦਣ ਵਾਲੇ ਮੁਠੀਭਰ ਧਨੀ ਕਿਸਾਨਾਂ ਦੇ ਕੋਲ ਜ਼ਮੀਨ ਤੇ ਦੌਲਤ ਦਾ ਕੇਂਦਰੀਕਰਣ ਹੁੰਦਾ ਗਿਆ। ਜਦਕਿ ਬਹੁਮਤ ਹੇਠਲੇ ਤਬਕਿਆਂ ਦੇ ਕਿਸਾਨ ਆਮਦਨੀ ਦੀ ਗਰੀਬੀ ਰੇਖਾ ਦੇ ਕਰੀਬ ਵੀ ਪਹੁੰਚ ਸਕਣ 'ਚ ਅਸਫਲ ਰਹੇ। 1990 ਦੇ ਦਹਾਕੇ ਦੇ ਸ਼ੁਰੂ 'ਚ ਜਦ ਮੁਦਰਾ ਦੀ ਸੱਟੇਬਾਜ਼ੀ ਕਾਰਣ ਭਾਰਤ ਤੋਂ ਵਿਦੇਸ਼ੀ ਮੁਦਰਾ ਦਾ ਪਲਾਇਨ ਤੇਜ਼ ਹੋ ਜਾਣ ਦੀ ਵਜਾਹ ਕਰਕੇ ਭੁਗਤਾਨ ਸੰਤੁਲਨ ਦੀ ਸਮਸਿਆ ਨੇ ਵਿਕਰਾਲ ਰੂਪ ਧਾਰ ਲਿਆ ਸੀ ਤਾਂ ਆਈ.ਐਮ.ਐਫ ਤੇ ਸੰਸਾਰ ਬੈਂਕ ਨੇ ਮਨਮੋਹਨ ਸਿੰਘ ਦੇ ਵਿਤ ਮੰਤਰੀ ਵਜੋਂ ਉਪਰੋਂ ਠੋਸ ਕੇ ਭਾਰਤ 'ਚ ਸਿੱਧੀ ਦਖਲ ਅੰਦਾਜ਼ੀ ਕੀਤੀ ਗਈ। ਇਹ ਉਹ ਮਨਮੋਹਨ ਸਿੰਘ ਸਨ ਜਿਹਨਾਂ ਨੇ 1986 'ਚ ਰਾਜੀਵ ਗਾਂਧੀ ਦੀਆਂ ਨਵੀਆਂ ਆਰਥਕ ਨੀਤੀਆਂ ਦਾ ਖਾਕਾ ਤਿਆਰ ਕੀਤਾ ਸੀ, ਜਿਸ ਦਾ ਸਾਰ ਸੀ, ਦੇਸ਼ ਦੀਆਂ ਸਰਹੱਦਾਂ ਦੇ ਆਰ-ਪਾਰ ਮੁਕਤ ਵਪਾਰ 'ਚ ਆਉਣ-ਜਾਣ ਵਾਲੀ ਜੁਗਾੜੀ ਵਿਤੀ ਪੂੰਜੀ ਲਈ ਵੱਧ ਤੋਂ ਵੱਧ ਮੁਨਾਫੀ ਯਕੀਨੀ ਬਣਾਉਣਾ। ਨਵ-ਉਦਾਰਵਾਦੀ ਪ੍ਰੋਗਰਾਮ ਦੇ ਇਹਨਾਂ ਵੀਹ ਸਾਲਾਂ ਦੌਰਾਨ ਆਰਥਕ ਨੀਤੀਆਂ 'ਚ ਬੁਨਿਆਦੀ ਬਦਲਾਅ ਆ ਚੁਕਿਆ ਹੈ। ਰਾਜ ਦੀ ਭੂਮਿਕਾ ਆਰਥਕ ਸਰਗਰਮੀਆਂ ਲਈ ਪਹਿਲ ਕਰਨ ਵਾਲੇ ਤੋਂ ਬਦਲ ਕੇ ਖੇਤੀ ਤੋਂ ਲੋਕ ਸਨਅਤ ਅਤੇ ਸੇਵਾ ਖੇਤਰ ਤਕ ਅਰਥਚਾਰੇ ਦੇ ਹਰੇਕ ਖੇਤਰ ਵਿਚ ਕਾਰਪੋਰੇਟ ਪੂੰਜੀ ਤੇ ਸੱਟੇਬਾਜ ਬਾਜ਼ਾਰ ਦੀਆਂ ਤਾਕਤਾਂ ਲਈ ਸਿਹਤ ਸਹੂਲਤਾਂ ਮੁਹੱਈਆਂ ਕਰਾਉਣ ਵਾਲਿਆਂ ਦੀ ਹੋ ਗਈ ਹੈ। ਇਸ ਅਮਲ ਦੀਆਂ ਵਿਸਥਾਰਪੂਰਵਕ ਗੱਲਾਂ 'ਤੇ ਇਸ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਪਹਿਲਾਂ ਵਿਆਪਕ ਚਰਚਾ ਹੋ ਚੁਕੀ ਹੈ ਤੇ ਇਹ ਲੋਕਾਂ ਨੂੰ ਅੱਛੀ ਤਰ੍ਹਾਂ ਪਤਾ ਹੈ।

# ਨਵ-ਬਸਤੀਵਾਦੀ ਪ੍ਰਤੀ ਮਾਰਕਸੀ ਲੈਨਿਜੀ ਨਜ਼ਰੀਆ

ਹੁਣ ਅਮਰੀਕੀ ਅਗਵਾਈ 'ਚ ਸਾਮਰਾਜਵਾਦ ਨੇ ਨਵ-ਬਸਤੀਵਾਦੀ ਕਰਣ ਦੇ ਅਮਲ ਦੀ ਸ਼ੁਰੂਆਤ ਕੀਤੀ ਸੀ ਜਿਸ ਨੂੰ ਚੀਨ ਦੀ ਕਮਿਊਨਿਸਟ ਪਾਰਟੀ ਨੇ ਬਸਤੀਵਾਦ ਦਾ 'ਜ਼ਿਆਦਾ ਘ੍ਰਿਣਤ ਤੇ ਘਾਤਕ ਰੂਪ' ਦਸਿਆ ਸੀ ਤਾਂ ਉਸ ਸਮੇਂ ਦਾ ਵਿਸ਼ਵ ਕਮਿਊਨਿਸਟ ਅੰਦੋਲਨ 1940 ਦੇ ਦਹਾਕੇ 'ਚ ਹੋਏ ਇਸ ਯੁਗਾਂਤਰਕਾਰੀ ਰੁਪਾਂਤਰਣ ਦਾ ਠੋਸ ਮੁਲਅੰਕਣ ਕਰ ਸਕਣ 'ਚ ਅਸਫਲ ਰਿਹਾ ਸੀ। ਜੂਨ 1943 'ਚ ਕਮਿਊਨਿਸਟ ਕੌਮਾਂਤਰੀ (ਕੌਮਿੰਟਰਨ) ਨੂੰ ਭੰਗ ਕਰ ਦਿੱਤਾ ਗਿਆ ਸੀ। ਟ੍ਰਮੇਨ ਦੀ ਮਾਰਸ਼ਲ ਪਲਾਨ ਵਰਗੀਆਂ ਨਵ-ਬਸਤੀਵਾਦੀ ਸਾਜ਼ਿਸ਼ਾਂ ਦੇ ਰਾਜਸੀ ਦਬਾਅ ਵਜੋਂ 1947 'ਚ ਕਮਿਊਨਿਸਟ ਸੂਚਨਾ ਕੇਂਦਰ (ਕੋਮਿਨਫਰਮ) ਦੀ ਸਥਾਪਨਾ ਕੀਤੀ ਗਈ ਸੀ। ਅਮਰੀਕੀ-ਬ੍ਰਿਟਿਸ ਸਾਮਰਾਜ ਨੇ 'ਨਵੀਂ ਵਿਸ਼ਵ ਵਿਵਸਥਾ' ਕਾਇਮ ਕਰਨ ਦਾ ਜੋ ਦਾਅ ਖੇਡਿਆ ਸੀ, ਕੋਮਿਨਫਰਮ ਨੇ ਉਸ ਖਿਲਾਫ ਸ਼ਕਤੀਸ਼ਾਲੀ ਮੋੜਵਾਂ ਵਿਰੋਧ ਖੜਾ ਕਰਨ ਦੇ ਕੰਮ ਨੂੰ ਕਮਿਊਨਿਸਟ ਪਾਰਟੀਆਂ ਦਾ ਮੁੱਖ ਕਾਰਜ ਭਾਰ ਦਸਿਆ ਸੀ। ਪਰ ਖਰੁਸਚੇਵੀ ਸੋਧਵਾਦੀ ਉਭਾਰ ਪਿਛੋਂ ਉਸ ਨੇ ਵਿਤੀ ਪੂੰਜੀ ਦੀ ਤੇਜ਼ ਹੁੰਦੀ ਘੁਸਪੈਂਠ 'ਤੇ ਪੜਦਾ ਪਾਉਣ ਤੇ ਨਵ-ਬਸਤੀਵਾਦ 'ਤੇ ਰੰਗ-ਰੋਗਨ ਕਰਨ ਦਾ ਕੰਮ ਕੀਤਾ ਤੇ ਉਪ ਨਿਵੇਸ਼ਵਾਦ ਨੂੰ ਬੀਤੇ ਜਮਾਨੇ ਦੀ ਚੀਜ਼ ਵਜੋਂ ਪੇਸ਼ ਕੀਤਾ। ਅੱਗੇ ਚਲ ਕੇ 1960 ਦੇ ਦਹਾਕੇ ਦੇ ਸ਼ੁਰੂ 'ਚ ਮਾਓ-ਸੇ-ਤੁੰਗ ਦੀ ਅਗਵਾਈ 'ਚ ਚੀਨ ਦੀ ਕਮਿਊਨਿਸਟ ਪਾਰਟੀ ਨੇ ਜਦ ਖਰੁਸਚਵੀ ਸੋਧਵਾਦ ਖਿਲਾਫ ਤਿੱਖਾ ਵਿਚਾਰਧਾਰਕ ਸੰਘਰਸ਼ ਛੇੜ ਦਿੱਤਾ ਸੀ ਤਾਂ ਇਸ ਦੇ ਹਿੱਸੇ ਵਜੋਂ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਅਮਰੀਕਾ ਦੀ ਅਗਵਾਈ 'ਚ ਸਾਮਰਾਜੀਆਂ ਵਲੋਂ ਏਸ਼ੀਆ, ਅਫਰੀਕਾ ਤੇ ਲਤੀਨੀ ਅਮਰੀਕਾ ਦੇ ਦੇਸ਼ਾਂ 'ਚ ਘ੍ਰਿਣਤ ਨਵ-ਬਸਤੀਵਾਦੀ ਲੁਟ ਕੀਤੀ ਜਾ ਰਹੀ ਹੈ। ਪਰ ਨਵ-ਬਸਤੀਵਾਦ ਬਾਰੇ ਪ੍ਰੇਰਣਾਦਾਈ ਸੂਤਰੀਕਰਨ ਪੇਸ਼ ਕਰਨ ਦੇ ਬਾਵਜੂਦ, ਚੀਨ ਦੀ ਕਮਿਊਨਿਸਟ ਪਾਰਟੀ 'ਚ ਖੱਬੇਪੱਖੀ ਤੰਗ ਨਜ਼ਰੀ ਦੇ ਉਭਾਰ ਕਰਕੇ ਕਈ ਮਾਰਕਸੀ-ਲੈਨਿਨੀ ਪਾਰਟੀਆਂ ਨੇ ਵੀ ਨਵ-ਬਸਤੀਵਾਦ ਨੂੰ ਇਕ ਇਤਿਹਾਸਕ ਕੈਟੇਗਰੀ ਵਜੋਂ ਦੇਖਣ ਤੋਂ ਇਨਕਾਰ ਕਰ ਦਿੱਤਾ। ਅਨੇਕਾਂ ਵਿਦਵਾਨਾਂ ਨੇ ਅਨੇਕਾਂ ਪ੍ਰਕਾਰ ਦੀ ਇਸ ਦੀ ਵਿਆਖਿਆ ਕੀਤੀ ਜਿਸ 'ਚ ਨਿਰਭਰਤਾ ਦੇ ਸਿਧਾਂਤ ਤੋਂ ਲੈ ਕੇ ਪੈਦਾਵਾਰੀ ਵਿਧੀ ਬਾਰੇ ਉਤਰ ਅਧੁਨਿਕਤਾ ਨਜ਼ਰੀਏ ਨਾਲ ਪੇਸ਼ ਵੱਖ-ਵੱਖ ਸਿਧਾਂਤਾ ਦਾ ਸੁਮੇਲ ਸੀ। ਪਰ ਇਹਨਾਂ ਸਾਰੀਆਂ ਵਿਆਖਾਵਾਂ 'ਚ ਵਿਤੀ ਪੂੰਜੀ ਦੇ ਜਨਮ ਤੇ ਵਿਕਾਸ ਬਾਰੇ ਤੇ ਪੂੰਜੀ ਦੇ ਕੌਮਾਂਤਰੀ ਕਰਨ ਦੇ ਨਾਲ ਇਸ ਦੇ ਅਟਕਾਅ ਸਬੰਧਾਂ ਬਾਰੇ ਲੈਨਿਨ ਦੇ ਸਿਧਾਂਤ ਦਾ ਤੱਤ ਗਾਇਬ ਸੀ। ਇਸ ਪਿਠ ਭੂਮੀ 'ਚ ਨਵ-ਬਸਤੀਵਾਦ ਨੂੰ ਦੂਜੀ ਸੰਸਾਰ ਜੰਗ ਪਿਛੋਂ ਪੂੰਜੀ ਨਿਰਮਾਣ ਦੇ ਅਮਲ ਵਜੋਂ ਹੀ ਸਮਝਣਾ ਪਵੇਗਾ। ਇਹ ਵਿਤੀ ਪੂੰਜੀ ਦੀ ਸੱਤਾ ਦਾ ਸਕੇਂਦਰੀਕਰਣ ਹੀ ਹੈ ਜੋ ਆਪਣੇ ਆਰਥਕ, ਰਾਜਸੀ, ਫੌਜੀ ਤੇ ਸਭਿਆਚਾਰਕ ਰੂਪਾਂ 'ਚ ਆਪਸ 'ਚ ਗੁੰਦਿਆਂ ਹੋਇਆ ਹੈ। ਇਸ ਪ੍ਰਸੰਗ 'ਚ ਲੈਨਿਨਵਾਦੀ ਅਸੂਲਾਂ ਦੇ ਅਧਾਰ 'ਤੇ ਨਵ-ਬਸਤੀਵਾਦੀ ਪੜਾਅ 'ਚ ਸਾਮਰਾਜਵਾਦ ਦਾ ਠੋਸ ਮੁਲਅੰਕਣ ਕਰਨਾ ਤੇ ਮਾਰਕਸਵਾਦੀ ਸਿਧਾਂਤ ਦਾ ਅੱਗੇ ਵਿਕਾਸ ਕਰਨਾ ਦੁਨੀਆਂ ਦੀ ਮਜ਼ਦੂਰ ਜਮਾਤ ਤੇ ਪੀੜਤ ਮੇਹਨਤਕਸ਼ ਲੋਕਾਂ ਦੀ ਇਨਕਲਾਬੀ ਪਹਿਲ ਕਦਮੀ ਲਈ ਲਾਜ਼ਮੀ ਕਦਮ ਹੈ।

# ਤੋਮਰੀ 'ਤੇ ਤਾਲਾ ਕਿਉਂ ਲੱਗਿਆ? ਫੁਕੂਸਿਮਾ ਹਾਦਸੇ ਦੇ ਸਬਕ ਵਜੋਂ ਪ੍ਰਮਾਣੂ ਬਿਜਲੀ ਕਾਰਖਾਨਾ ਬੰਦ ਕਰਨਾ ਪਿਆ ਹੈ।

ਜਪਾਨ ਦੇ ਹਜ਼ਾਰਾਂ ਵਾਤਾਵਰਣ ਪ੍ਰੇਮੀਆਂ ਤੇ ਉਹਨਾਂ ਦੇ ਅਣਥਕ ਵਿਰੋਧੀ ਮੁਜਾਹਰਿਆਂ ਨਾਲ ਪਿਛਲੇ ਪੰਜ ਦਹਾਕਿਆਂ ਤੋਂ ਜੋ ਕੰਮ ਨਹੀਂ ਹੋ ਸਕਿਆ ਉਸ ਨੂੰ ਬੀਤੇ ਸਾਲ ਦੀ ਹਾਹਾਕਾਰੀ ਸੁਨਾਮੀ ਨੇ 13 ਮਹੀਨਿਆਂ ਅੰਦਰ ਕਰ ਦਿੱਤਾ। ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਆਰਥਕ ਸ਼ਕਤੀ ਵਜੋਂ ਸ਼ਾਮਲ ਹੋਣ ਵਾਲੇ ਜਪਾਨ ਨੂੰ ਆਪਣੀਆਂ ਆਸ਼ਾ ਭਰਪੂਰ ਪ੍ਰਮਾਣੂ ਬਿਜਲੀ ਯੋਜਨਾਵਾਂ ਤੋਂ ਪਿਛੇ ਹਟਣਾ ਪਿਆ। ਸਰਕਾਰ ਨੇ ਆਪਣੇ ਸਾਰੇ 54 ਪ੍ਰਮਾਣੂ ਕਾਰਖਾਨਿਆਂ ਨੂੰ ਬੰਦ ਕਰ ਦਿੱਤਾ। ਉਤਰੀ ਜਪਾਨ ਦੇ ਇਬਾਰਾਕੀ ਸਥਿਤ ਅੰਤਿਮ ਪ੍ਰਮਾਣੂ ਕਾਰਖਾਨੇ ਤੋਮਾਰੀ 'ਤੇ ਪਿਛਲੀ 5 ਅਪ੍ਰੈਲ ਨੂੰ ਤਾਲਾ ਲਾ ਦਿਤਾ ਗਿਆ। ਹਾਲਾਂਕਿ ਇਹ ਸਭ ਅਸਾਨੀ ਨਾਲ ਨਹੀਂ ਹੋਇਆ ਹੈ। ਰਾਜਨੀਤਿਕ ਤੋਂ ਲੈ ਕੇ ਸਮਾਜਕ ਪੱਧਰ 'ਤੇ ਧੂੰਆਂਧਾਰ ਬਹਿਸ ਚਲੀ। ਲੋਕਾਂ ਦੇ ਭਾਰੀ ਵਿਰੋਧ ਤੇ ਫੁਕੂਸਿਮਾ ਪ੍ਰਮਾਣੂ ਹਾਦਸੇ ਤੋਂ ਮਿਲੇ ਸਬਕ ਕਾਰਨ ਸਰਕਾਰ ਨੂੰ ਪ੍ਰਮਾਣੂ ਬਿਜਲੀ ਦਾ ਮੋਹ ਤਿਆਗਣਾ ਪਿਆ। ਜਪਾਨ ਆਪਣੀ ਲੋੜ ਦੀ 30 ਫੀ ਸਦੀ ਬਿਜਲੀ ਪ੍ਰਮਾਣੂ ਕਾਰਖਾਨਿਆਂ ਤੋਂ ਹਾਸਲ ਕਰਦਾ ਹੈ। ਇਸ ਨੂੰ ਸੰਨ 2030 ਤਕ 50 ਫੀ ਸਦੀ ਕਰਨ ਦੀ ਯੋਜਨਾ 'ਤੇ ਕੰਮ ਚਲਾ ਰਿਹਾ ਸੀ ਪਰ ਪਿਛਲੇ ਸਾਲ ਦੀ ਸੁਨਾਮੀ ਤੇ ਫੁਕੂਸਿਮਾ ਹਾਦਸੇ ਨੇ ਸਾਰੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ। ਫੁਕੂਸਿਮਾ ਦੁਰਘਟਨਾ ਪਿਛੋਂ ਵਾਤਾਵਰਣ ਕਾਰਕੁੰਨ ਤੇ ਆਮ ਲੋਕ ਸਰਕਾਰ ਦੀ ਪ੍ਰਮਾਣੂ ਊਰਜਾ ਨੀਤੀ ਦੇ ਵਿਰੋਧ ਵਿਚ ਸੜਕਾਂ 'ਤੇ ਉਤਰਨ ਲੱਗੇ ਸਨ। ਬੀਤੇ ਇਕ ਸਾਲ ਵਿਚ ਰਾਜਧਾਨੀ ਟੋਕੀਓ ਸਮੇਤ ਸਾਰੇ ਸ਼ਹਿਰਾਂ ਵਿਚ ਦਰਜਨਾਂ ਵੱਡੇ ਵਿਰੋਧ ਮੁਜਾਹਰੇ ਹੋਏ। ਮੀਡੀਆ 'ਚ ਕੁਝ ਜਨਮਤ ਸੰਗ੍ਰਹਿ ਵੀ ਪ੍ਰਕਾਸ਼ਿਤ ਹੋਏ ਜਿਸ 'ਚ 70 ਫੀ ਸਦੀ ਜਪਾਨੀਆਂ ਨੇ ਪ੍ਰਮਾਣੂ ਕਾਰਖਾਨਿਆਂ ਦਾ ਵਿਰੋਧ ਕੀਤਾ। ਸਰਕਾਰ ਨੂੰ ਪ੍ਰਮਾਣੂ ਐਮਰਜੈਂਸੀ ਦਾ ਐਲਾਨ ਕਰਨਾ ਪਿਆ। ਫੁਕੂਸਿਮਾ ਦੇ 40 ਕਿਲੋਮੀਟਰ ਦੇ ਘੇਰੇ 'ਚ ਵਸੇ ਹਜ਼ਾਰਾਂ ਲੋਕਾਂ ਨੂੰ ਉਥੋਂ ਹਟਾਉਣਾ ਪਿਆ ਅਤੇ ਕਹਿਣ ਪਿਆ ਕਿ ਫੁਕੂਸਿਮਾ ਹਾਦਸਾ ਚੇਰਨੋਬਿਨ ਤੋਂ ਛੋਟਾ ਨਹੀਂ ਹੈ। ਉਸ ਵੇਲੇ ਦੇ ਜਪਾਨੀ ਪ੍ਰਧਾਨ ਮੰਤਰੀ ਨਚਤੋ ਕਾਨ ਨੇ ਹਾਦਸੇ ਦੇ ਇਕ ਮਹੀਨੇ ਪਿਛੋਂ ਪੱਤਰਕਾਰਾਂ ਨੂੰ ਕਿਹਾ "ਫੁਕੂਸਿਮਾ ਦੂਜੀ ਸੰਸਾਰ ਜੰਗ (ਨਾਗਾਸਾਕੀ ਅਤੇ ਹੀਰੋ ਸੀਮਾ) ਪਿਛੋਂ ਇਹ ਸਭ ਤੋਂ ਵੱਡੀ ਨਿਊਕਲੀਅਰ ਤਾਸਦੀ ਹੈ"। ਪ੍ਰਮਾਣੂ ਊਰਜਾ ਦੀ ਵਿਰੋਧੀ ਜਪਾਨ ਸਰਕਾਰ ਦੇ ਇਸ ਕਦਮ ਤੋਂ ਉਤਸ਼ਾਹਿਤ ਹਨ ਪਰ ਕਈ ਸੁਆਲ ਅਜੇ ਵੀ ਅਣਸੁਲਝੇ ਹਨ। ਅਜੇ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਕਾਰਖਾਨੇ ਪੱਕੇ ਤੌਰ 'ਤੇ ਬੰਦ ਕੀਤੇ ਗਏ ਹਨ ਜਾਂ ਆਰਮੀ ਤੌਰ 'ਤੇ। ਪਰੀਖਿਨਾਂ ਦਾ ਮੰਨਣਾ ਹੈ ਕਿ ਕਾਰਖਾਨਿਆਂ ਨੂੰ ਪਿਛਲੇ ਸਾਲ ਦੀ 'ਸਟੇਸ ਟੈਸਟ' ਨੀਤੀ ਤਹਿਤ ਬੰਦ ਕੀਤਾ ਗਿਆ ਹੈ। ਇਸ ਬੰਦੀ ਦੇ ਰਾਜਸੀ ਕਾਰਨ ਵੀ ਹਨ। ਯਾਦ ਰਹੇ ਕਿ ਪਿਛਲੇ ਸਾਲ ਉਥੇ ਪ੍ਰਧਾਨ ਮੰਤਰੀ ਦੀ ਚੋਣ ਹੋਈ ਸੀ। ਡੈਮੋਕਰੇਟਿਕ ਪਾਰਟੀ ਦੇ ਨੇਤਾ ਯੋਸ਼ਿਕਾ ਨੋਕਾ

ਪ੍ਰਮਾਣੂ ਬਿਜਲੀ ਤੋਂ ਪ੍ਰਮਾਣੂ ਵਿਰੋਧ ਮੁੱਦੇ ’ਤੇ ਹੀ ਪ੍ਰਧਾਨ ਮੰਤਰੀ ਚੁਣੇ ਗਏ ਸਨ। ਉਹਨਾਂ ਨੇ ਆਪਣੇ ਪਹਿਲੇ ਸੰਬੋਧਨ ’ਚ ਵਾਅਦਾ ਕੀਤਾ ਸੀ ਕਿ ‘ਮੇਰੀ ਸਰਕਾਰ ਪੜਾਅ ਵਾਰ ਪ੍ਰਮਾਣੂ ਬਿਜਲੀ ਤੋਂ ਮੁਕਤੀ ਹਾਸਲ ਕਰੇਗੀ। ਪੁਰਾਣੇ ਕਾਰਖਾਨੇ ਬੰਦ ਕੀਤੇ ਜਾਣਗੇ ਅਤੇ ਨਵੇਂ ਨਹੀਂ ਲਾਏ ਜਾਣਗੇ’। ਪਰ ਹੁਣ ਨੋਦਾ ਨੇ ਚੁਪ ਸਾਧ ਲਈ ਹੈ। ਇਹੀ ਕਾਰਨ ਹੈ ਕਿ ਇਹਨਾਂ ਕਾਰਖਾਨਿਆਂ ਦੇ ਭਵਿੱਖ ’ਚ ਫਿਰ ਤੋਂ ਖੁਲ੍ਹਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਜੋ ਵੀ ਹੋਵੇ ਜਪਾਨ ਦੇ ਪ੍ਰਮਾਣੂ ਊਰਜਾ ਦੇ ਪੈਰੋਕਾਰ ਜਪਾਨ ਸਰਕਾਰ ਤੋਂ ਫੈਸਲਾ ਲੈ ਸਕਣ ਦੀ ਹਾਲਤ ਵਿਚ ਹਨ। ਹਾਲਾਂਕਿ ਉਹਨਾਂ ਵਲੋਂ ਕੋਈ ਅਧਿਕਾਰਿਤ ਬਿਆਨ ਨਹੀਂ ਆਇਆ ਹੈ। ਪਰ ਸ਼ੱਕ ਨਹੀਂ ਹੈ ਕਿ ਇਹ ਇਕ ਇਤਿਹਾਸਕ ਫੈਸਲਾ ਹੈ। ਫੁਕੂਸਿਮਾ ਹਾਦਸੇ ਪਿਛੋਂ ਪ੍ਰਮਾਣੂ ਊਰਜਾ ਨਾਲ ਲੈਂਸ ਸਾਰੇ ਦੇਸ਼ਾਂ ਨੇ ਐਲਾਨ ਕੀਤਾ ਸੀ ਕਿ ਅਸੀਂ ਆਪਣੇ ਪ੍ਰਮਾਣੂ ਕਾਰਖਾਨਿਆਂ ਦੇ ਸੁਰਖਿਆ ਦੇ ਮਾਪਦੰਡਾਂ ਦਾ ਨਿਰੀਖਣ ਕਰਨਗੇ। ਪਰ ਫਰਾਂਸ, ਜਰਮਨੀ (ਦੋਨੋਂ ਦੇਸ਼ਾਂ ਨੇ ਕੁਝ ਪੁਰਾਣੇ ਕਾਰਖਾਨੇ ਬੰਦ ਕੀਤੇ ਹਨ) ਨੂੰ ਛੱਡ ਕੇ ਕਿਸੇ ਵੀ ਦੇਸ਼ ਨੇ ਇਸ ’ਤੇ ਗੰਭੀਰਤਾ ਨਾਲ ਅਮਲ ਨਹੀਂ ਕੀਤਾ ਹੈ। ਜਪਾਨ ਦੇ ਇਸ ਫੈਸਲੇ ਨਾਲ ਪ੍ਰਮਾਣ ਊਰਜਾ ਦੀ ਆੜ ਵਿਚ ਵਪਾਕ ਬਾਜ਼ਾਰ ਦੀ ਸੰਭਾਵਨਾ ਤਲਾਸ਼ ਰਹ ਵਿਕਸ਼ਤ ਦੇਸ਼ਾਂ ਨੂੰ ਡੂੰਘਾ ਧੱਕ ਲੱਗਿਆ ਹੈ। ਯਾਦ ਰਹੇ ਕਿ ਪਿਛਲੇ ਦੋ-ਤਿੰਨ ਦਾਹਿਆਂ ਤੋਂ ਪ੍ਰਮਾਣੂ ਸਮਰਥਕ ਲਾਬੀ ਨਿਊਕਲੀਅਰ ਊਰਜਾ ਨੂੰ ਰਵਾਇਤੀ ਊਰਜਾ ਦਾ ਬਦਲ ਕਸ ਰਹੀ ਹੈ। ਇਹ ਤਾਂ ਆਉਣ ਵਾਲਾ ਸਮਾਂ ਹੀ ਦਸੇਗਾ ਕਿ ਜਪਾਨ ਦੇ ਫੈਸਲੇ ਨਾਲ ਭਾਰਤ ਸਮੇਤ ਦੂਜੇ ਦੇਸ਼ ਕੋਈ ਸਬਕ ਲੈਂਦੇ ਹਨ ਜਾਂ ਨਹੀਂ?

# ਮਾਰਕਸਵਾਦ ਇਕ ਵਿਗਿਆਨਕ ਵਿਚਾਰਧਾਰਾ ਹੈ

ਸੋਵੀਅਤ ਸੰਘ ਦੇ ਟੁੱਟਣ ਪਿਛੋਂ ਕੌਮਾਂਤਰੀ ਪੱਧਰ ਦੇ ਕਈ ਪਿਛਾਖੜੀ ਲੇਖਕਾਂ ਨੇ ਇਹ ਲਿਖਿਆ ਸੀ ਹੁਣ ਮਾਰਕਸਵਾਦ ਦੀ ਪ੍ਰਸੰਗਕਿਤਾ ਖਤਮ ਹੋ ਗਈ ਹੈ। ਇਸ ਦੌਰ 'ਚ ਉਹਨਾਂ ਦੀ ਕਲਮ ਦੀ ਨੋਕ ਤੇਜ਼ ਹੋ ਗਈ ਸੀ। ਉਹਨਾਂ ਨੂੰ ਲੱਗਿਆ ਕਿ ਹੁਣ ਦੁਨੀਆਂ ਦੇ ਅੰਦਰ ਬੇਸਹਾਰਿਆਂ ਦੇ ਖਿਲਾਫ ਮਜ਼ਦੂਰਾਂ ਦੀ ਲੁਟਦੇ ਖਿਲਾਫ ਤੇ ਜ਼ੋਰ-ਜ਼ੁਲਮ ਦੇ ਖਿਲਾਫ ਬੋਲਣ ਜਾਂ ਆਵਾਜ਼ ਉਠਾਉਣ ਵਾਲਿਆਂ ਦਾ ਵੀ ਅੰਤ ਹੋ ਗਿਆ ਹੈ। ਇਕੋ-ਇਕ ਸਾਮਰਾਜੀ ਸ਼ਕਤੀਆਂ ਪੂਰੀ ਦੁਨੀਆਂ 'ਚ ਆਪਣੀ ਪੂੰਜੀ ਦਾ ਜਾਲ ਵਿਛਾ ਕੇ ਰਾਜ ਕਰਨਗੀਆਂ। ਉਹਨਾਂ ਅੰਦਰ ਅਜੇਹੀ ਭਾਵਨਾ ਦਾ ਵਧਣਾ-ਫੁਲਣਾ ਸੁਭਾਵਿਕ ਹੀ ਸੀ ਕਿਉਂਕਿ ਮਾਰਕਸਵਾਦੀ ਉਹਨਾਂ ਦੇ ਜ਼ੋਰ-ਜ਼ੁਲਮ ਦੀ ਲਗਾਮ ਨੂੰ ਪਕੜ ਕੇ ਰਖ ਰਹੀ ਸੀ। ਉਹਨਾਂ ਨੂੰ ਇਹ ਲਗਾਮ ਟੁਟਦੀ ਨਜ਼ਰ ਆਈ। ਸੋਵੀਅਤ ਸੰਘ ਜਦ ਆਪਣੀ ਹੋਂਦ 'ਚ ਸੀ ਤਾਂ ਉਸ ਸਮੇਂ ਪੂਰੀ ਦੀਆਂ ਧਰੁਵਾਂ 'ਚ ਵੰਡੀ ਹੋਈ ਸੀ। ਭਾਵੇਂ 1950 ਤੋਂ ਹੀ ਸੋਵੀਅਨ ਯੂਨੀਅਨ ਸਮਾਜਕ-ਸਾਮਰਾਜ 'ਚ ਤਬਦੀਲ ਹੋ ਕੇ ਇਕ ਸਾਮਰਾਜੀ ਮਹਾਂ ਸ਼ਕਤੀ ਬਣ ਗਿਆ ਸੀ। ਦੋ ਮਹਾਂ ਸ਼ਕਤੀਆਂ ਅਮਰੀਕਾ ਤੇ ਸੋਵੀਅਤ ਸੰਘ ਆਪਚ 'ਚ ਭਿੜ ਰਹੀਆਂ ਸਨ। ਕੁਝ ਲੋਕ ਸੋਵੀਅਤ ਦੇ ਟੁੱਟਣ ਤਕ ਇਸ ਨੂੰ ਸਮਾਜਵਾਦੀ ਕੈਂਪ ਸਮਝਣ ਦਾ ਭਰਮ ਹੀ ਪਾਲਦੇ ਰਹੇ ਜਦ ਕਿ ਅੰਦਰੋਂ ਇਸ ਦਾ ਕਿਰਦਾਰ ਇਕ ਸਾਮਰਾਜੀ ਮਹਾਂ ਸ਼ਕਤੀ ਤਬਦੀਲ ਹੋ ਚੁਕਿਆ ਸੀ। ਸੋਵੀਅਤ ਦੇ ਟੁਟਣ ਪਿਛੋਂ ਲਿਖਣ ਵਾਲੇ ਲੇਖਕਾਂ ਨੂੰ ਇਹ ਤਾਂ ਯਾਦ ਹੀ ਨਹੀਂ ਰਿਹਾ ਕਿ ਮਾਰਕਸਵਾਦ ਦੀ ਵਧ ਦੀ ਤੇ ਫੈਲਦੀ ਰੌਸ਼ਨੀ ਨਾਲ ਰੂਸ ਅੰਦਰ ਜ਼ਾਰ ਸ਼ਾਹੀ ਹਕੂਮਤ ਦਾ ਖਾਤਮਾ ਹੋਇਆ ਸੀ। ਉਸ ਸਮੇਂ ਸੋਵੀਅਤ ਸੰਘ ਨੇ ਨਾ ਸਿਰਫ ਆਪਣਾ ਵਿਕਾਸ ਕੀਤਾ ਬਲਕਿ ਦੁਨੀਆਂ 'ਚ ਕਈ ਬਸਤੀਵਾਦੀ ਮੁਲਕਾਂ 'ਚ ਸਹਿਯੋਗ ਕੀਤਾ। ਇਕ ਜ਼ਮਾਨਾ ਸੀ ਜਦ ਅੰਗਰੇਜਾਂ ਦੇ ਰਾਜ ਵਿਚ ਕਦੀ ਸੂਰਜ ਨਹੀਂ ਡੁਬਦਾ ਸੀ। ਉਸ ਦੌਰ 'ਚ ਸੋਵੀਅਤ ਸੰਘ 'ਚ ਮਜ਼ਬੂਤ ਸਮਾਜਵਾਦੀ ਵਿਵਸਥਾ ਕਾਇਮ ਕਰਨ ਪਿਛੋਂ ਤੋਂ ਕਿਸੇ ਵੀ ਦੇਸ਼ 'ਚ ਜਦ ਸਾਮਰਾਜੀ ਹਮਲਾ ਹੁੰਦਾ ਸੀ ਤਾਂ ਉਸ ਦੇਸ਼ ਦੇ ਲੋਕਾਂ ਦੀਆਂ ਅੱਖਾਂ ਆਸ਼ਾਭਰੀ ਇਕ ਮਦਦ ਦੀ ਨਜ਼ਰ ਨਾਲ ਸੋਵੀਅਤ ਸੰਘ ਵੱਲ ਹੁੰਦੀਆਂ ਸਨ। ਸੋਵੀਅਤ ਸੰਘ ਭਾਵੇਂ ਇਕ ਸਮਾਜਕ ਸਾਮਰਾਜਵਾਦ ਬਣਨ ਪਿਛੋਂ ਅਮਰੀਕੀ ਸਾਮਰਾਜੀਆਂ ਨਾਲ ਭਿੜਦਾ ਰਿਹਾ। 1956 ਤਕ ਇਸ ਨੇ ਲੋਕਾਸ਼ਾਹੀ ਦੇਸ਼ਾਂ ਦੀ ਸਥਾਪਨਾ ਤੇ ਵਿਕਾਸ ਲਈ ਤੇ ਉਹਨਾਂ ਨੂੰ ਆਤਮ ਨਿਰਭਰ ਬਣਾਉਣ ਲਈ ਭਰਪੂਰ ਮਦਦ ਕੀਤੀ। ਇਸ ਨੇ ਆਪਣੇ ਦੇਸ਼ ਵਿਚ ਵਿਗਿਆਨ ਤੇ ਤਕਨੋਲੋਜੀ ਦਾ ਵਿਕਾਸ ਕਰਦਿਆ ਸਾਮਰਿਕ ਸ਼ਕਤੀ ਦੇ ਖੇਤਰ 'ਚ ਅਜਿਹਾ ਵਿਕਾਸ ਕੀਤਾ ਸੀ ਕਿ ਉਸ ਦੌਰ 'ਚ ਸਾਮਰਾਜੀ ਦੇਸ਼ਾਂ ਨੂੰ ਵੀ ਉਸ ਨਾਲ ਲੋਹਾ ਲੈਣ ਲਈ ਸੌ ਵਾਰੀ ਸੋਚਣਾ ਪੈਂਦਾ ਸੀ। ਖਾਸ਼ ਕਰਕੇ ਭਾਰਤ ਦੇ ਵਿਕਾਸ ਵਿਚ ਸੋਵੀਅਤ ਸੰਘ ਦੀ ਭੂਮਿਕਾ ਸਲਾਹੁਣਯੋਗ ਰਹੀ ਹੈ। ਭਾਰਤ ਅੰਦਰ ਪੰਜ ਸਾਲਾਂ ਯੋਜਨਾਵਾਂ ਦੀ ਸ਼ੁਰੂਆਤ (ਨਹਿਰੂ ਮਾਡਲ) ਵੀ ਸਮਾਜਕ ਸਾਮਰਾਜੀ ਦੇਸ਼ ਸੋਵੀਅਤ ਸੰਘ ਨੇ ਸ਼ੁਰੂ ਕਰਵਾਇਆ ਸੀ। ਕਿਊਬਾ ਨੂੰ ਕੁਚਲਣ ਦੀ ਕੋਸ਼ਿਸ਼ ਵੀ ਸੋਵੀਅਤ ਸੰਘ ਨੇ ਨਾਕਾਮ ਕੀਤੀ ਸੀ। ਵਿਅਤ

ਨਾਮੀਆਂ ਨੂੰ ਵੀ ਰੂਸੀ ਮਦਦ ਪਹੁੰਚ ਦੀ ਰਹੀ। ਮਾਰਕਸਵਾਦ ਖਿਲਾਫ ਲਿਖਣ ਵਾਲਿਆਂ ਨੂੰ ਇਤਿਹਾਸ ਨੂੰ ਨਹੀਂ ਭੁੱਲ ਜਾਣਾ ਚਾਹੀਦਾ। ਸਮਾਜਵਾਦੀ ਚੀਨ ਦਾ ਰੋਲ ਵੀ ਕੌਮਾਂਤਰੀ ਪੱਧਰ 'ਤੇ 1976 ਤਕ ਮਾਓ-ਜੇ-ਤੁੰਗ ਦੀ ਅਗਵਾਈ 'ਚ ਵਿਕਾਸ ਮੁਖੀ ਤੇ ਸਮਾਜਵਾਦ ਦੀ ਉਸਾਰੀ ਵਾਲਾ ਰਿਹਾ ਸਿੱਟੇ ਵਜੋਂ ਚੀਨ ਦੁਨੀਆਂ 'ਚ ਇਕ ਗਿਨਣਯੋਗ ਸ਼ਕਤੀ ਬਣ ਗਿਆ। ਬੀਤੇ ਦੋ ਸਾਲਾਂ ਅੰਦਰ ਅਮਰੀਕਾ 'ਚ ਸਾਮਰਾਜੀ ਸੰਕਟ ਡੂੰਘਾ ਹੋਇਆ ਤਾਂ ਉਸ ਸਮੇਂ ਅਮਰੀਕਾ ਦੇ ਵੱਡੇ-ਵੱਡੇ ਬੈਂਕਾਂ ਦਾ ਦਿਵਾਲਾ ਨਿਕਲ ਗਿਆ। ਭਿਆਨਕ ਮੰਦੀ ਦਾ ਦੌਰ ਸ਼ੁਰੂ ਹੋ ਗਿਆ ਸੀ। ਉਸ ਸਮੇਂ ਉਥੋਂ ਦੇ ਅਰਥਸਾਸ਼ਤਰੀਆਂ ਦੀਆਂ ਅੱਖਾਂ ਖੁਲ੍ਹੀਆਂ। ਉਹ ਮਾਰਕਸ ਦੀ 'ਕੈਪੀਟਲ' ਪੜਨ ਲੱਗੇ। ਮਾਰਕਸਵਾਦ ਇਕ ਵਿਗਿਆਨਕ ਦਰਸ਼ਨ ਹੈ, ਇਕ ਵਿਚਾਰਧਾਰਾ ਹੈ। ਉਹਨਾਂ ਨੂੰ ਮਾਰਕਸ ਦੀ 'ਕੈਪੀਟਲ' 'ਚ ਉਹਨਾਂ ਦੀਆਂ ਸਮੱਸਿਆਵਾਂ ਨੂੰ ਉਭਾਰਨ ਲਈ ਅਧਿਐਨ ਕਰਨ ਦੀ ਲੋੜ ਪੈ ਗਈ ਹੈ। ਇਸ ਘਟਨਾ ਦੀ ਜਾਣਕਾਰੀ ਭਾਰਤ ਦੇ ਲੇਖਕਾਂ ਨੂੰ ਵੀ ਹੈ ਜੋ ਲਗਾਤਾਰ ਮਾਰਕਸਵਾਦ ਦੀ ਪ੍ਰਸੰਗਿਕਤਾ ਖਿਲਾਫ ਲਿਖ ਰਹੇ ਹਨ। ਉਹਨਾਂ ਨੂੰ ਆਪਣੀ ਕਲਮ ਨੂੰ ਨਿਰਪੱਖ ਬਣਾਉਣਾ ਚਾਹੀਦਾ ਹੈ। ਵਿਚਾਰਧਾਰਾ ਕਦੀ ਮਰਦੀ ਨਹੀਂ। ਉਹਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ 21ਵੀਂ ਸਦੀ 'ਚ ਲੈਟਿਨ ਅਮਰੀਕਾ 'ਚ ਮਾਰਕਸਵਾਦੀ ਵਿਚਾਰਧਾਰਾ ਨੂੰ ਮੰਨਣ ਵਾਲਿਆਂ ਦੀ ਸਰਕਾਰ ਚਲ ਰਹੀ ਹੈ। ਅਮਰੀਕਾ ਅੰਦਰ ਆਈ ਮੰਦੀ ਤੇ ਉਹਨਾਂ ਦੇ ਇੱਥੇ ਵੱਡੇ-ਵੱਡੇ ਬੈਂਕਾਂ ਦੇ ਦਿਵਾਲਿਆ ਹੋ ਜਾਣ ਪਿਛੋਂ ਤੋਂ ਕੁਝ ਪਿਛਾਖੜੀਆਂ ਦਾ ਹਮਲਾ ਤੇਜ਼ ਮਾਰਕਸਵਾਦ ਖਿਲਾਫ ਲਿਖਣ 'ਚ ਕੰਮਜ਼ੋਰ ਹੋਇਆ ਹੈ। ਪਰ ਭਾਰਤ ਅੰਦਰ ਕਈ ਲੇਖਕ ਜੋ ਸੰਸਦ ਮੈਂਬਰ ਬਣਨ ਲਈ ਬੇਚੈਨ ਹਨ ਉਹ ਮਾਰਕਸਵਾਦ ਦੇ ਬੁਰਕੇ ਹੇਠ ਚਲ ਰਹੀਆਂ ਬੰਗਾਲ ਤੇ ਕੇਰਲਾ ਦੀਆਂ ਸਰਕਾਰ ਦੀ ਹਾਰ ਪਿਛੋਂ ਕਾਫੀ ਖੁਸ਼ ਨਜ਼ਰ ਆ ਰਹੇ ਹਨ। ਇਸ ਖੁਸ਼ੀ 'ਚ ਅਨਰਗਲ ਪ੍ਰਲਾਪ ਆਪਣੇ ਲੇਖ ਰਾਹੀਂ ਆਪਣੇ ਨੇਤਾਵਾਂ ਦੇ ਸਾਹਮਣੇ ਆਪਣਾ ਸੀ.ਸੀ.ਆਰ ਠੀਕ ਕਰਨ 'ਚ ਲੱਗੇ ਹੋਏ ਹਨ। ਉਹਨਾਂ ਨੂੰ ਇਹ ਵੀ ਲਿਖਣਾ ਚਾਹੀਦਾ ਹੈ ਕਿ ਸੋਵੀਅਤ ਸੰਘ 'ਚ 1917 ਤੋਂ 1956 ਤਕ ਸਮਾਜਵਾਦੀ ਵਿਵਸਥਾ ਕਾਇਮ ਰਹੀ ਜਦਕਿ ਚੀਨ 'ਚ 1948 ਤੋਂ 1976 ਤਕ ਇਹ ਵਿਵਸਥਾ ਵਧਦੀ ਫੁਲਦੀ ਰਹੀ ਇਹਨਾਂ ਦੋਹਾਂ ਦੇਸ਼ ਨੇ ਇਸ ਅਰਸੇ ਦੌਰਾਨ ਸਮਾਜਵਾਦੀ ਉਸਾਰੀ ਕਰਦਿਆ ਦੇਸ਼ ਦਾ ਚੌਪੱਖੀ ਵਿਕਾਸ ਕੀਤਾ ਪਰ ਵਿਦੇਸ਼ਾਂ ਤੋਂ ਆਉਣ ਵਾਲੀਆਂ ਅੰਗਰੇਜੀ ਪੁਸਤਕਾਂ ਤੇ ਰਸਾਲਿਆਂ 'ਚ ਏਧਰ ਕਾਫੀ ਲਿਖਿਆ ਜਾ ਰਿਹਾ ਹੈ ਪਰ ਸਾਡੇ ਦੇਸ਼ 'ਚ ਇਸ ਦੀ ਚਰਚਾ ਤਕ ਨਹੀਂ ਹੁੰਦੀ।

ਲਗਦਾ ਹੈ ਕਿ ਸੱਭਿਆਚਾਰ 'ਤੇ ਗੱਲ ਕਰਨ ਦਾ ਠੇਕਾ ਜਿਵੇਂ ਇਕ ਖਾਸ ਤਰ੍ਹਾਂ ਦੀ ਰਾਜਨੀਤੀ ਕਰਨ ਵਾਲਿਆਂ ਨੇ ਹੀ ਲੈ ਲਿਆ ਹੈ। ਉਹਨਾਂ ਨੂੰ ਸਮਝਣ ਦੀ ਜ਼ਰੂਰਤ ਹੈ। ਸਭਿਆਚਾਰ ਦੀ ਕੋਈ ਇਕ ਪ੍ਰੀਭਾਸ਼ਾ ਨਹੀਂ ਹੈ। ਵੱਖ-ਵੱਖ ਲੋਕ ਵੱਖ-ਵੱਖ ਅਰਥਾਂ 'ਚ ਸਭਿਆਚਾਰ ਦੀ ਗੱਲ ਕਰਦੇ ਹਨ। ਪੁਰਾਣੇ ਜਮਾਨੇ 'ਚ ਇਸ ਨੂੰ ਖੇਤੀਬਾੜੀ ਨਾਲ ਜੋੜ ਕੇ ਐਗਰੀਕਲਚਰ ਤੇ ਹਰਟੀਕਲਚਰ ਵਰਗੇ ਸ਼ਬਦ ਅੱਜ ਤਕ ਚਲ ਰਹੇ ਹਨ। ਅੱਜ ਸਭਿਆਚਾਰ ਨੂੰ ਅਧੁਨਿਕ ਸ਼ਬਦਾਂ 'ਚ ਵੇਖਣ ਦੀ ਲੋੜ ਹੈ। ਪੂੰਜੀਵਾਦ ਦੇ ਵਿਕਾਸ ਦੇ ਪ੍ਰਸੰਗ 'ਚ ਸਨਅਤੀ ਇਨਕਲਾਬ ਦੇ ਪ੍ਰਸੰਗ 'ਚ, ਬਸਤੀਵਾਦ ਦੇ ਪ੍ਰਸੰਗ 'ਚ ਅਤੇ ਪੂੰਜੀਵਾਦ ਦੀਆਂ ਵਿਰੋਧੀ ਵਿਚਾਰਧਾਰਾਵਾਂ ਦੇ ਪ੍ਰਸੰਗ

’ਚ ਇਸ ਨੂੰ ਸਮਝਣ ਦੀ ਲੋੜ ਹੈ। ਸਭਿਆਚਾਰ ਦੀ ਚਰਚਾ ਪੱਛਮੀ ਦੇਸ਼ਾਂ ’ਚ ਉਸ ਸਮੇਂ ਸ਼ੁਰੂ ਹੋਈ ਸੀ ਜਦ ਸਮਾਜ ’ਚ ਪੂੰਜੀਵਾਦੀ ਤੇ ਮਜ਼ਦੂਰ ਜਮਾਤਾਂ ਨਾਲ ਦੇ ਦੋ ਨਵੇ ਵਰਗ ਪੈਦਾ ਹੋਏ ਸਨ। ਇਸ ਦੀ ਜਿਉਂਦੀ ਜਾਗਦੀ ਮਿਸਾਲ ਭਾਰਤ ’ਚ ‘ਅਜ਼ਾਦੀ’ ਤੋਂ ਪਿਛੋਂ ਵੀ ਕਈ ਦਹਾਕਿਆਂ ਤਕ ਜਾਗੀਰਦਾਰੀ ਅਜੇ ਖਤਮ ਨਹੀਂ ਹੋਈ। ਅਰਧ ਜਾਗੀਰੂ-ਅਰਧ ਬਸਤੀਵਾਦੀ ਹਕੂਮਤ ਅਜੇ ਵੀ ਸ਼ਰਮਾਏਦਾਰੀ ਚਲਾ ਰਹੀ ਹੈ। ਜਾਗੀਰੂ ਹਾਕਮ ਸਭਿਅਤਾ ਤੇ ਸਭਿਆਚਾਰ ਦੇ ਮਾਮਲਿਆਂ ’ਚ ਪੂੰਜੀਵਾਦੀ ਤੇ ਸਮਾਜਵਾਦੀ ਹਾਕਮਾਂ ਤੋਂ ਬਹੁਤ ਉੱਚਾ ਸਮਝਦੇ ਸਨ। ਇਸ ਲਈ ਮਾਰਕਸਵਾਦ ਖਿਲਾਫ ਸੋਚ ਰਖਣ ਵਾਲੇ ਲੇਖਕਾਂ ਨੂੰ ਥੋੜਾਂ ਇਤਿਹਾਸ ਦੇ ਪੁਰਾਣੇ ਪੰਨਿਆਂ ’ਤੇ ਝਾਤ ਮਾਰਨੀ ਚਾਹੀਦੀ ਹੈ ਉਸ ਦੌਰ ਦੀਆਂ ਹਾਕਮ ਜਮਾਤਾਂ ਪਾਸ ਕੋਈ ਰਵਾਇਤਾਂ ਨਹੀਂ ਸਨ, ਇਸ ਨੂੰ ਅੰਗਰੇਜੀ ’ਚ ‘ਮਾਡਰਨ ਕਲਚਰ’ ਜਾਂ ‘ਬੁਰਜੂਆ ਕਲਚਰ’ ਕਿਹਾ ਗਿਆ। ਉਸ ਦੌਰ ’ਚ ਇਕ ਨਵੀਂ ਜਮਾਤ ਮਜ਼ਦੂਰ ਜਮਾਤ ਵੀ ਬਣੀ ਸੀ। ਇਸ ਜਮਾਤ ਕੋਲ ਸਾਹਿਤ, ਸੰਗੀਤ, ਕਲਾ ਆਦਿ ਨਹੀਂ ਸੀ, ਇਥੋਂ ਤਕ ਕਿ ਇਸ ਜਮਾਤ ’ਚ ਸਿਖਿਆ ਦਾ ਵੀ ਘੋਰ ਸੰਕਟ ਸੀ। ਉਸ ਸਮੇਂ ਉਹ ਘਟੀਆ ਚੀਜ਼ਾਂ ਨਾਲ ਆਪਣਾ ਮਨੋਰੰਜ਼ਨ ਕਰਦੇ ਸਨ। ਪੂੰਜੀਵਾਦ ਨੇ ਇਸ ਨੂੰ ਸਮਝਣ ’ਚ ਦੇਰ ਨਹੀਂ ਕੀਤੀ। ਉਸ ਨੇ ਸਸਤੀਆਂ ਤੇ ਘਟੀਆ ਚੀਜ਼ਾਂ ਦੀ ਪੈਦਾਵਾਰ ਕਰਕੇ ਅਥਾਹ ਮੁਨਾਫ਼ਾ ਕਮਾਉਣ ਦੀ ਖੇਡ ਸ਼ੁਰੂ ਕਰ ਦਿੱਤੀ। ਅੱਗੇ ਚਲ ਕੇ ਨਵੀਂ ਤਕਨੀਕੀ ਨੇ ਵੱਡੇ ਪੈਮਾਨੇ ’ਤੇ ਪੈਦਾਵਾਰ ਸ਼ੁਰੂ ਕਰ ਦਿੱਤੀ। ਇਸ ਨੂੰ ਰੇਡਿਓ, ਅਖ਼ਬਾਰਾਂ ਤੇ ਫਿਲਮਾਂ ਰਾਹੀਂ ਅਤੇ ਪਿਛੋਂ ਟੈਲੀਵਿਜ਼ਨ ਰਾਹੀਂ ਕਾਫੀ ਪ੍ਰਚਾਰਿਆ ਗਿਆ। ਇਹੀ ‘ਮਾਸ ਕਲਚਰ’ ਅਖਵਾਇਆ। ਵਿਗਿਆਨ ਨੇ ਵੀ ਥਾਵਾਂ ਨੂੰ ਜੋੜਨ ਦਾ ਕੰਮ ਕੀਤਾ ਤੇ ਭਾਰਤੀ ਵਿਗਿਆਨ, ਯੂਰਪੀਅਨ, ਵਿਗਿਆਨ, ਪੂਰਬੀ ਵਿਗਿਆਨ ਜਾਂ ਪੱਛਮੀ ਵਿਗਿਆਨ ਪਰ ਸੱਭਿਆਚਾਰ ਦੇ ਖੇਤਰ ਵਿਚ ਸਮਾਜ ਨੂੰ ਤੋੜਨ ਦਾ ਕੰਮ ਉਸ ਸਮੇਂ ਤੋਂ ਲੈ ਕੇ ਅੱਜ ਤਕ ਹੋ ਰਿਹਾ ਹੈ। ਮਾਰਕਸ ਨੇ ਹੀ ਸਭ ਤੋਂ ਪਹਿਲਾਂ ਮਜ਼ਦੂਰ ਦੀ ਕਿਰਤ ਸ਼ਕਤੀ ਦੀ ਚਰਚਾ ਕਰਕੇ ਪੂਰੀ ਦੁਨੀਆਂ ਦੇ ਮਜ਼ਦੂਰਾਂ ਨੂੰ ਇਕ ਹੋਣ ਦਾ ਸੱਦਾ ਦਿੱਤਾ ਸੀ। ਮਜ਼ਦੂਰ ਆਪਣੀ ਕਿਰਤ ਸ਼ਕਤੀ ਸ਼ਰਮਾਏਦਾਰਾਂ ਕੋਲ ਵੇਚਦਾ ਹੈ। ਅੱਜ ਵੀ ਇਹ ਕਿਰਤ ਸ਼ਕਤੀ ਬਾਜ਼ਾਰ ’ਚ ਵਿਕ ਰਹੀ ਹੈ। ਮਾਰਕਸਵਾਦੀਆਂ ਨੇ ਸੰਸਾਰ ਪੱਧਰ ’ਤੇ ਇਹ ਐਲਾਨ ਕੀਤਾ ਕਿ ਕਿਰਤ ਸ਼ਕਤੀ ਦੇ ਨਾਲ ਖਿਲਵਾੜ ਕਰਨ ਦੀ ਆਜ਼ਾਦੀ ਕਿਸੇ ਨੂੰ ਵੀ ਨਹੀਂ ਦਿੱਤੀ ਜਾ ਸਕਦੀ ਹੈ। ਇਹ ਸ਼ਬਦ ਦਾ ਸਬੰਧ ਅਰਥ ਸਾਸ਼ਤਰ ਦੇ ਇਕ ਮਹੱਤਵਪੂਰਨ ਸੁਆਲ ਨਾਲ ਹੈ। ਅਨਪੜ੍ਹ ਮਜ਼ਦੂਰ ਜਿਹਨਾਂ ਲਈ ਔਖੇ ਤੋਂ ਔਖੇ ਆਰਥਕ ਵਿਸਲੇਸ਼ਣ ਵੀ ਸਰਲ ਬਣਾ ਦਿੰਦੇ ਹਨ। ਪਰ ਸਿਖਿਅਤ ਤੇ ਚਾਲਕ ਵਰਗ ਉਹਨਾਂ ਮਜ਼ਦੂਰਾਂ ਦੀ ਲੁੱਟ ਆਪਣੇ ਹਿੱਤ ਵਿਚ ਕਰਦੇ ਰਹੇ ਹਨ। ਪੂੰਜੀਵਾਦੀ ਅਰਥ ਸਾਸ਼ਤਰ ਨੂੰ ਉਲਝਾਂਦੀ ਵਜਾਹ ਕਰਕੇ ਮਜ਼ਦੂਰਾਂ ਨੂੰ ਉਤਪਾਦਿਤ ਮਾਲ ’ਤੇ ਉਹਨਾਂ ਦੀ ਕਿਰਤ ਦਾ ਵਾਜਬ ਮੁੱਲ ਨਹੀਂ ਮਿਲਣਾ ਹੀ ਕਿਰਤ ਦੀ ਲੁੱਟ ਅਖਵਾਉਂਦਾ ਹੈ। ਇਸ ਤਰ੍ਹਾਂ ਦੀ ਲੁੱਟ ਅੱਜ ਵੀ ਕੁਲ ਮਿਲਾ ਕੇ ਬਦਸੂਤਰ ਜਾਰੀ ਹੈ। ਪੂੰਜੀਵਾਦੀ ਅਰਥ-ਸਾਸ਼ਤਰੀਆਂ ਨੇ ਕਿਹਾ ਕਿ ਕਿਸੇ ਵੀ ਮਾਲ ਦਾ ਮੁੱਲ ਉਸ ਦੀ ਪੈਦਾਵਾਰ ਦੇ ਖਰਚੇ ਦੇ ਬਰਾਬਰ ਹੁੰਦਾ ਹੈ ਪਰ ਕਿਰਤ ਦੇ ਪੈਦਾਵਾਰ ਦੇ ਖਰਚ ਨੂੰ ਗੌਣ ਕਰ ਦਿੱਤਾ ਜਾਂਦਾ ਹੈ। ਸਭਿਆਚਾਰਕ ਸਾਮਰਾਜੀ ਸ਼ਕਤੀਆਂ ਅੱਜ ਵੀ ਸਭਿਆਚਾਰ ਤੇ ਰਵਾਇਤ ਦੀ ਦੁਹਾਈ ਦੇ ਕੇ ਅਸਿੱਧੇ

ਤੌਰ 'ਤੇ ਸਭਿਆਚਾਰਕ ਸਾਮਰਾਜਵਾਦ ਲਿਆਉਣ ਦੀ ਤਿਆਰੀ ਵਿਚ ਹੀ ਉਹਨਾਂ ਦੇ ਚਿੰਤਕ ਤੇ ਵਿਚਾਰਕ ਸਰਗਰਮ ਭੂਮਿਕਾ ਨਿਭਾ ਰਹੇ ਹਨ। ਸਭਿਆਚਾਰਕ ਸਾਮਰਾਜਵਾਦ ਦਾ ਮਤਲਬ ਹੈ ਇਕ ਸਭਿਆਚਾਰ ਦਾ ਦੂਜੇ ਸਭਿਆਚਾਰ ਵਿਚ ਘੁਸ ਕੇ ਉਹਨਾਂ ਦੀ ਲੁੱਟ ਕਰਨਾ। ਇਹ ਦੂਜੇ ਸਭਿਆਚਾਰ ਦੀ ਲੁੱਟ ਆਪਣੇ ਆਰਥਕ ਤੇ ਰਾਜਸੀ ਉਦੇਸ਼ਾਂ ਲਈ ਕਰਦੇ ਹਨ। ਸਾਮਰਾਜਵਾਦ ਦੀ ਦੋ ਰੂਪ ਹੁੰਦੇ ਹਨ। ਇਕ ਪ੍ਰਤੱਖ ਤੇ ਦੂਜਾ ਲੁਕਵਾਂ। ਪ੍ਰਤੱਖ ਤੌਰ 'ਤੇ ਵਰਤੋਂ ਕਰਨ ਦਾ ਦੌਰ ਲਗਭਗ ਖਤਮ ਹੋ ਗਿਆ ਹੈ ਪਰ ਕਿਤੇ-ਕਿਤੇ ਇਸ ਦਾ ਨੰਗਾ ਚਿੱਟਾ ਰੂਪ ਦੀ ਮਿਸਾਲ ਮਿਲ ਜਾਂਦੀ ਹੈ। ਜਿਵੇਂ ਅਮਰੀਕਾ ਵਲੋਂ ਅਮਰੀਕਾ ਵਲੋਂ ਇਰਾਕ ਤੇ ਹਮਲਾ, ਅਫਗਾਨਿਸਤਾਨ ਅੰਦਰ ਅਮਰੀਕੀ ਫੌਜੀਆਂ ਦਾ ਇੱਕਠ। ਲੁਕਵੇਂ ਰੂਪ 'ਚ ਇਸ ਦਾ ਹਥਿਆਰ ਹੋ ਗਿਆ ਹੈ ਸਭਿਆਚਾਰ। ਇਸੇ ਸਭਿਆਚਾਰਕ ਦੋਸ਼ ਮਾਰਕਸਵਾਦੀ ਸਾਂਸਦ 'ਤੇ ਨਹੀਂ ਲੱਗਿਆ ਹੈ। ਕੌਮੀ ਅੰਦੋਲਨ ਦੇ ਮਹਾਨ ਇਨਕਲਾਬੀ ਸ਼ਹੀਦੇ-ਏ-ਆਜ਼ਮ ਸ੍ਰ. ਭਗਤ ਸਿੰਘ ਲੈਨਿਨ ਦੇ ਵਿਚਾਰਾਂ ਅਤੇ ਮਾਰਕਸਵਾਦ ਤੋਂ ਪ੍ਰਭਾਵਿਤ ਹੋ ਕੇ ਇਨਕਲਾਬ ਦੇ ਰਾਹ 'ਤੇ ਤੁਰੇ, ਅੰਗਰੇਜੀ ਸਾਮਰਾਜ ਨਾਲ ਟੱਕਰ ਲਈ ਅਤੇ ਸਮਾਜਵਾਦ ਦੀ ਸਥਾਪਨਾ ਲਈ ਹਸਦੇ-ਹਸਦੇ ਫਾਂਸੀ ਨੂੰ ਅਪਣਾਇਆ। ਕੀ ਉਹ ਬਾਹਰ ਦਾ ਮਾਰਕਸਵਾਦੀ ਵਿਚਾਰ ਸੀ ਇਸ ਲਈ ਭਗਤ ਸਿੰਘ ਦੀ ਸ਼ਹਾਦਤ ਦਾ ਕੋਈ ਮਹੱਤਵ ਨਹੀਂ ਹੈ? ਮਨੁਖੀ ਕਦਰਾਂ ਕੀਮਤਾਂ ਨੂੰ ਪ੍ਰਫ਼ਲਿਤ ਕਰਨ ਵਾਲੇ ਵਿਚਾਰ ਪੂਰਬ ਦੇ ਹੋਣ ਜਾਂ ਪੱਛਮ ਦੇ, ਉਤਰ ਦੇ ਹੋਣ ਜਾਂ ਦੱਖਣ ਦੇ, ਉਸ ਨੂੰ ਅਪਣਾਉਣ 'ਚ ਕੋਈ ਸੰਕੋਚ ਨਹੀਂ ਕਰਨਾ ਚਾਹੀਦਾ। ਵਿਚਾਰ ਦਰਾਮਦ-ਬਰਾਮਦ ਦੀ ਵਸਤੂ ਨਹੀਂ ਹੈ, ਇਸ ਨੂੰ ਕੈਦ ਕਰਕੇ ਨਹੀਂ ਰਖਿਆ ਜਾਣਾ ਚਾਹੀਦਾ। ਵਿਗਿਆਨ ਦੀਆਂ ਅਨੇਕਾਂ ਖੋਜ਼ਾਂ ਪੱਛਮਾਂ 'ਚ ਹੋਈਆਂ ਪਰ ਹੌਲੀ-ਹੌਲੀ ਸਾਰੀ ਦੁਨੀਆਂ ਨੇ ਅਪਣਾਈਆਂ, ਦੁਨੀਆਂ ਦਾ ਵਿਕਾਸ ਹੀ ਵਿਚਾਰਾਂ ਦੇ ਵਟਾਂਦਰੇ ਨਾਲ ਹੋਇਆ ਹੈ। ਮਈ ਦਿਵਸ ਸਾਰੀ ਦੁਨੀਆਂ 'ਚ ਮਨਾਇਆ ਜਾਂਦੈ ਕੁਝ ਦੇਰ ਲਈ ਬੱਦਲਾਂ 'ਚ ਸੂਰਜ ਢਕਿਆ ਰਹਿ ਸਕਦਾ ਹੈ ਪਰ ਸਥਾਈ ਤੌਰ 'ਤੇ ਨਹੀਂ। ਉਚੇ ਵਿਚਾਰਾਂ ਦਾ ਡੂੰਘਾ ਅਧਿਐਨ ਸਾਨੂੰ ਅਸਫਲ ਨਹੀਂ ਹੋਣ ਦਿੰਦਾ। ਮਾਰਕਸਵਾਦ ਦੇ ਸਮਰਥਕ ਅੱਜ ਵੀ ਦੁਨੀਆਂ ਦੇ ਅਨੇਕਾਂ ਦੇਸ਼ਾਂ 'ਚ ਮਨੁਖੀ ਸਰਕਾਰਾਂ ਲਈ ਜ਼ੁਲਮ ਅਤੇ ਲੁੱਟ-ਘਸੁੱਟ ਲਈ ਸੰਘਰਸ਼ਸ਼ੀਲ ਹਨ। ਵਿਆਪਕ ਨਜ਼ਰੀਏ ਨਾਲ ਹੀ ਮਾਰਕਸਵਾਦ ਨੂੰ ਸਮਝਿਆ ਜਾ ਸਕਦਾ ਹੈ। ਅੱਜ ਵੀ ਮਜ਼ਦੂਰ ਜਮਾਤ ਤੇ ਕਿਸਾਨੀ ਸੰਘਰਸ਼ਾਂ ਦੇ ਆਗੂ ਮਾਰਕਸਵਾਦੀ ਹੀ ਹਨ ਅਤੇ ਇਸ ਨਾਲ ਹੀ ਲੁੱਟ ਤੇ ਮੁਨਾਫੇ ਤੋਂ ਰਹਿਤ ਸਮਾਜ ਦੀ ਸਿਰਜਨਾ ਕਰਨਾ ਚਾਹੁੰਦੇ ਹਨ। ਅੱਜ ਵੀ ਲੋਕ ਜਲ, ਜੰਗਲ ਤੇ ਜ਼ਮੀਨ ਦੀ ਰਾਖੀ ਲਈ ਮਾਰਕਸਵਾਦ ਨੂੰ ਪ੍ਰਣਾ ਕੇ ਦੇਸ਼ ਦੀ ਦਲਾਲ ਨੌਕਰਸ਼ਾਹੀ ਹਕੂਮਤ ਨਾਲ ਟੱਕਰ ਲੈ ਰਹੇ ਹਨ। ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਘਸੁੱਟ ਵੀ ਮਾਰਕਸਵਾਦ ਨੂੰ ਲਾਗੂ ਕਰਕੇ ਹੀ ਖਤਮ ਕੀਤੀ ਜਾ ਸਕਦੀ ਹੈ।

# ਵਪਾਰੀ ਸਵੀਵ ਜਾਬਸ ਸਾਡਾ ਕੀ ਲੱਗਦਾ ਸੀ?

ਬੀਤੇ 5 ਅਕਤੂਬਰ ਨੂੰ ਸਵੀਵ ਜਾਬਸ ਮਰ ਗਿਆ, ਲੰਬੇ ਸਮੇਂ ਤੋਂ ਕੈਂਸਰ ਸੀ ਉਸ ਨੂੰ, ਮੀਡੀਆ ਨੇ ਇਸ ਘਟਨਾ ਨੂੰ ਇਸ ਤਰ੍ਹਾਂ ਪ੍ਰਸਾਰਿਤ ਕੀਤਾ ਜਿਵੇਂ ਉਹ ਅਨਾਥ ਹੋ ਗਿਆ ਹੋਵੇ। ਦੁਨੀਆਂ ਦਾ ਸਭ ਤੋਂ ਵੱਡਾ 'ਅੰਨਦਾਨਾ' ਹੁਣ ਨਹੀਂ ਰਿਹਾ। ਏਪਲ ਦੇ ਸਾਬਕਾ ਸੀ. ਈ. ਓ. ਤੇ 'ਫਿਕਸਰ' ਦੇ ਬਾਨੀ ਨੂੰ ਬੁਰਜੁਆ ਮੀਡੀਆ ਨੇ ਇੱਕ ਸੱਚੇ ਹੀਰੋ ਵਰਗੀ ਸ਼ਰਧਾਂਜਲੀ ਭੇਂਟ ਕੀਤੀ। ਇਹ ਸੱਚ ਹੈ ਕਿ ਸਵੀਵ ਜਾਬਸ ਇੱਕ ਸੱਚੇ ਨਾਇਕ ਸਨ। ਪਰ ਸੁਆਲ ਇਹ ਹੈ ਕਿ ਕਿਹਨਾਂ ਲਈ? ਆਓ ਸਮਝੀਏ ਮੁਨਾਫ਼ੇ ਲਈ ਉਸ ਦੀ ਨਜ਼ਰ ਸਦਾ ਆਪਣੇ ਵਿਰੋਧੀਆਂ (ਕਈ ਵਾਰ ਸਹਿਯੋਗੀਆਂ) ਦੀ ਗਰਦਨ 'ਤੇ ਟਿਕੀ ਰਹਿੰਦੀ ਸੀ ਤੇ ਮੌਕਾ ਮਿਲਦਿਆਂ ਹੀ ਛੁਰਾ ਚਲਾਉਣ 'ਚ ਉਹ ਕਾਫੀ ਮਾਹਿਰ ਸਨ। ਉਹ ਮੀਡੀਆ ਦੇ ਸੇਲਿਬ੍ਰਿਟੀ ਸਨ ਯਾਨੀ ਕਿ ਮੀਡੀਆ ਜਿਹਨਾਂ ਦਾ ਜ਼ਸਨ ਮਨਾਉਂਦਾ ਹੈ ਜਾਂ ਇਉ ਕਹੋ ਕਿ ਅਜਿਹੇ ਬੰਦੇ ਜਿਹਨਾਂ ਦੇ ਨਿਜੀ ਪਤਨ ਤੇ ਰੋਜ ਮਰਾ ਦੀਆਂ ਸਰਗਰਮੀਆਂ ਨੂੰ ਵੀ ਮੀਡੀਆ ਸੈਲਿਬ੍ਰਟ ਕਰਦਾ ਹੈ। ਦੇਖੋ ਕਿਵੇਂ। ਇਹ ਉਹ ਸਵੀਵ ਜਾਬਸ ਹੈ ਜਿਹਨਾਂ ਨੂੰ 1978 'ਚ ਜਨਮੀ ਬੱਚੀ ਲਿਸਾ ਨੂੰ ਇਹ ਕਹਿ ਕੇ ਆਪਣੀ ਬੱਚੀ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਨਿਪੁੰਸਕ ਹੈ (ਤਾਂ ਕਿ ਪਾਲਣ ਪੋਸ਼ਣ ਦਾ ਖਰਚਾ ਦੇਣ ਤੋਂ ਬਚਿਆ ਜਾ ਸਕੇ!!) ਵਾਕਿਆ ਹੀ ਅਜਿਹੀ ਬੁੱਧੀ ਦੀ ਦਾਦ ਦੇਣੀ ਪਵੇਗੀ। ਆਪਣੇ ਸਾਥੀ ਨਵੋਨਮੇਸ਼ਕ ਵੋਜਿਨਅਕ ਨੂੰ ਉਹਨਾਂ ਦੀ ਸਾਂਝੀ ਕੰਪਨੀ ਤੋਂ ਕੱਢਣ ਦਾ ਮਸਲਾ ਹੋਵੇ ਜਾਂ ਜੋਨ ਸਕਲੀ ਦੇ ਨਾਲ ਵਿਵਾਦ, ਉਹਨਾਂ ਨੇ ਆਪਣੀ ਕਾਰਪੋਰੇਟ ਭਾਵਨਾ ਨੂੰ ਵਾਰੀ-ਵਾਰੀ ਸਾਬਤ ਕੀਤਾ। ਹਰ ਰਿਸ਼ਤਾ ਹਰ ਨੈਤਿਕਤਾ ਸਿਰਫ ਪੈਸੇ 'ਚ ਤੋਲੀ ਜਾਂਦੀ ਹੈ -ਸਵੀਵ ਜਾਬਸ ਨੇ ਇਸ ਨੂੰ ਜ਼ਿੰਦਗੀ ਦੇ ਹਰ ਪੜਾਅ 'ਤੇ ਨਿਸ਼ਟਾ ਨਾਲ ਲਾਗੂ ਕੀਤਾ। ਸਵੀਵ ਜਾਬਸ ਨੂੰ ਉਹਨਾਂ ਦੀ ਕੰਪਨੀ 'ਚ 'ਤਾਨਾਸ਼ਾਹ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਉਹਨਾਂ ਦੀ ਕੰਪਨੀ ਏਪਲ, ਆਈ. ਪੈਡ, ਲੈਪ-ਟਾਪ, ਪੀ. ਸੀ., ਸਾਫਟ ਵੇਅਰ ਆਦਿ ਵਸਤਾਂ ਬਣਾਉਂਦੀ ਹੈ। ਖਪਤਕਾਰਾਂ ਸਾਹਮਣੇ ਉਹ ਸਦਾ ਅਜਿਹੀਆਂ ਵਸਤਾਂ ਲਿਆਉਂਦੇ ਸਨ ਜਿਹਨਾਂ ਨਾਲ ਉਹਨਾਂ ਦੀ ਜ਼ਿੰਦਗੀ 'ਚ ਫੈਸਲਾ ਕੁੰਨ ਤਬਦੀਲੀ ਆ ਜਾਵੇ। ਜਿਵੇਂ ਕਿ ਆਈ. ਪੈਡ ਨੇ ਕਈ ਉਚ ਮੱਧਵਰਗੀ ਤੇ ਉਚ ਵਰਗੀ ਨੌਜਵਾਨਾਂ ਦੀ ਸਖਸ਼ੀਅਤ ਦਾ ਫੈਸਲਾ ਕੀਤਾ ਹੋਵੇਗਾ। ਪਹਿਲਾ ਪਹਿਲੂ-ਮੁਨਾਫੇ ਦੀ ਦੌੜ 'ਚ ਸਵੀਵ ਜਾਬਸ ਨੇ ਉਹਨਾਂ ਲੱਖਾਂ ਮਜ਼ਦੂਰਾਂ ਨੂੰ ਜੋ ਉਹਨਾਂ ਦੀ ਫੈਕਟਰੀ ਜਾਂ ਉਹਨਾਂ ਦੀ ਠੇਕਾ ਕੰਪਨੀ 'ਚ ਕੰਮ ਕਰ ਰਹੇ ਸਨ, ਮੁਨਾਫੇ ਦੀ ਭੇਂਟ ਚੜ੍ਹਾਇਆ। ਚੀਨ ਦੀ ਫਾਕਸਕਾਨ ਅਤੇ ਇੰਵੇਟੇਕ ਏਪਲੇ ਮੁੱਖ ਠੇਕਾ ਕੰਪਨੀਆਂ ਹਨ। ਇੱਥੇ ਮਜ਼ਦੂਰਾਂ ਨੂੰ ਨਰਕੀ ਹਾਲਤਾਂ 'ਚ ਮੁਨਾਫ਼ੇ ਦੀ ਭੇਂਟ ਚੜ੍ਹਾਇਆ ਜਾਂਦਾ ਹੈ। ਫਾਕਸ ਕਾਨ 'ਚ ਮਜ਼ਦੂਰਾਂ ਤੋਂ 16-16 ਘੰਟੇ ਤੱਕ ਕੰਮ ਕਰਵਾਇਆ ਜਾਂਦਾ ਹੈ। ਮਜ਼ਦੂਰਾਂ 'ਤੇ ਨਜ਼ਰ ਰੱਖਣ ਲਈ ਹਰ ਥਾਂ ਕੈਮਰੇ ਲੱਗੇ ਹੁੰਦੇ ਹਨ। ਇੱਥੇ ਮਜ਼ਦੂਰਾਂ ਦੀ ਭਿਅੰਕਰ ਲੁੱਟ ਹੁੰਦੀ ਹੈ। ਕੰਪਨੀ ਦੇ ਸੁਪਰਵਾਈਜਰਾਂ ਦੇ ਦੁਰਵਰਤਾਅ ਤੇ ਗੈਰਮਨੁੱਖੀ ਹਾਲਤਾਂ ਤੋਂ ਤੰਗ ਆ ਕੇ ਕਈ ਮਜ਼ਦੂਰ ਇੱਥੇ ਆਤਮ ਹੱਤਿਆ ਕਰ ਚੁੱਕੇ ਹਨ। ਮਜ਼ਦੂਰਾਂ ਦੇ ਸਰੀਰ ਤੋਂ ਖੂਨ ਦੀ ਆਖਰੀ

ਬੂੰਦ ਤਕ ਨਚੋੜ ਲੈਣ ਲਈ ਏਪਲ ਵਰਗੀਆਂ ਕੰਪਨੀਆਂ ਫਾਕਸਕਾਨ ਵਰਗੇ ਨਰਕੀ ਮਜ਼ਦੂਰ ਕੈਂਪਾਂ ਨੂੰ ਚੁਣਦੀ ਹੈ। ਏਪਲ ਦਾ ਸਾਰਾ ਮੁਨਾਫ਼ਾ ਚੀਨ ਤੇ ਹੋਰ ਤੀਜੀ ਦੁਨੀਆਂ ਦੇ ਦੇਸ਼ਾਂ ਤੇ ਖੁਦ ਅਮਰੀਕਾ ਦੇ ਮਜ਼ਦੂਰਾਂ ਦੀ ਲੁੱਟ ਨਾਲ ਪੈਦਾ ਹੁੰਦਾ ਹੈ। ਸਵੀਵ ਜਾਬਸ ਨੂੰ ਇਸ ਕਲਾ 'ਚ ਮਹਾਰਾਤ ਹਾਸਲ ਸੀ ਕਿ ਕਿਹੜੇ ਅਜਿਹੇ ਨਵੇਂ ਤਰੀਕੇ ਹਨ ਜਿਹਨਾਂ ਨਾਲ ਕੰਪਨੀ ਦਾ ਮੁਨਾਫਾ ਤੇ ਮਜ਼ਦੂਰਾਂ ਦੀ ਲੁੱਟ ਵਧੇ।

ਦੂਸਰਾ ਪਹਿਲੂ - ਏਪਲ ਵਰਗੀਆਂ ਕੰਪਨੀਆਂ ਮਸ਼ੀਨਰੀ ਤੇ ਤਕਨੀਕ ਦੇ ਵਿਕਾਸ ਦੀ ਵਰਤੋਂ ਮਨੁੱਖਤਾ ਦੇ ਜੀਵਨ ਹੋਰ ਵੱਧ ਵਧੀਆ ਬਨਾਉਣ ਲਈ ਨਹੀਂ ਬਲਕਿ ਇਸ ਦੇ ਜ਼ਰੀਏ ਮਜ਼ਦੂਰਾਂ ਦੀ ਲੁੱਟ ਵਧਾਉਂਦੀਆਂ ਹਨ। ਇਹ ਗੱਲ ਸਟੀਵ ਜਾਬਸ ਦੀ ਏਪਲ ਦੇ ਨਾਲ ਉਹਨਾਂ ਸਾਰੀਆਂ ਕੰਪਨੀਆਂ ਲਈ ਵੀ ਲਾਗੂ ਹੁੰਦੀ ਹੈ ਜੋ ਆਟੋਮੇਟਿਡ ਮਸ਼ੀਨਰੀ, ਰੋਬੋਟਿਕ ਮਸ਼ੀਨਰੀ ਦੀ ਪੈਦਾਵਾਰ 'ਚ ਲੱਗੀਆਂ ਹੋਈਆਂ ਹਨ। ਇਹ ਉਹ ਦੂਜਾ ਤਰੀਕਾ ਹੈ ਜਿਸ ਨਾਲ ਪੂੰਜੀਵਾਦੀ ਮਜ਼ਦੂਰਾਂ ਦੀ ਲੁੱਟ ਕਰਦਾ ਹੈ। ਬੇਹਤਰ ਮਸ਼ੀਨਰੀ ਪੈਦਾਵਾਰ ਨੂੰ ਵਧਾਉਂਦੀ ਹੈ ਯਾਨੀ ਹੁਣ ਮਜ਼ਦੂਰ ਦੀ ਇਕ ਦਿਨ ਦੀ ਕਿਰਤ ਸ਼ਕਤੀ ਪਹਿਲਾਂ ਤੋਂ ਵੱਧ ਪੈਦਾਵਾਰ ਕਰਦੀ ਹੈ। ਕਿਰਤ ਦੀ ਉਤਪਾਦਕਤਾ ਜਿਸ ਰਫਤਾਰ ਨਾਲ ਵਧਦੀ ਹੈ। ਮਜ਼ਦੂਰੀ ਉਨੀ ਰਫਤਾਰ ਨਾਲ ਨਹੀਂ ਵਧਦੀ ਅਤੇ ਜਿਵੇਂ ਜਿਵੇਂ ਉਤਪਾਦਕਤਾ ਵਧਦੀ ਹੈ ਮਜ਼ਦੂਰਾਂ ਦੀ ਇੱਕ ਗਿਣਤੀ ਕੰਮ ਤੋਂ ਬਾਹਰ ਹੁੰਦੀ ਜਾਂਦੀ ਹੈ। ਇਹ ਸੰਖਿਆ ਮਜ਼ਦੂਰਾਂ ਦੀ ਰਿਜ਼ਰਵ ਆਰਮੀ ਦੀ ਉਸਾਰੀ ਕਰਦੀ ਹੈ। ਤੇ ਇਸ ਦੇ ਕਾਰਣ ਪੂੰਜੀਪਤੀਆਂ ਦੀ ਸੌਦੇਬਾਜੀ ਕਰਨ ਦੀ ਯੋਗਤਾ (ਸਮਰਥਾ) ਵਧ ਜਾਂਦੀ ਹੈ। ਸਿੱਟੇ ਵਜੋਂ ਜੋ ਬੇਰੁਜ਼ਗਾਰ ਨਹੀਂ ਹੁੰਦੇ ਉਹ ਦਰਿੰਦਰ ਹੁੰਦੇ ਜਾਂਦੇ ਹਨ। ਸਿੱਕੇ ਦੇ ਪਸਾਰ ਰਾਹੀਂ ਵੈਸੇ ਵੀ ਸਰਮਾਏਦਾਰ ਆਪਣਾ ਮੁਨਾਫ਼ਾ ਵਧਾਉਂਦਾ ਹੈ ਅਤੇ ਮਜ਼ਦੂਰ ਦੀ ਅਸਲੀ ਮਜ਼ਦੂਰੀ ਘਟਾਉਂਦਾ ਹੈ ਜੇ ਤੁਸੀਂ ਸਿੱਕੇ ਦੇ ਫੈਲਾਅ ਦਾ ਹਿਸਾਬ ਲਾ ਲਵੋ ਤਾਂ ਪਾਓਗੇ ਕਿ ਅੱਜ ਤੋਂ 5 ਸਾਲ ਪਹਿਲਾਂ ਇੱਕ ਮਜ਼ਦੂਰ ਨੂੰ ਅੱਜ ਤੋਂ ਵੱਧ ਮਜ਼ਦੂਰੀ ਮਿਲਦੀ ਸੀ। ਆਈ. ਬੀ. ਐਮ., ਮਾਈਕਰੋਸਾਫਟ, ਏਪਲ, ਐਚ. ਪੀ. ਕਾਵਾਸਾਕੀ, ਕੂਕਾ ਤੇ ਹੋਰ ਜਪਾਨੀ ਕੰਪਨੀਆਂ ਅੱਜ ਮੁੱਖ ਤੌਰ 'ਤੇ ਤਕਨੋਲੋਜੀ ਦੇ ਵੱਖ-ਵੱਖ ਖੇਤਰਾਂ ਦੇ ਵਿਸਥਾਰ 'ਚ ਲੱਗੀਆਂ ਹੋਈਆ ਹਨ। ਮਜ਼ਦੂਰ ਦੀ ਕਿਰਤ ਦੀ ਵਿਆਪਕ ਤੇ ਬੇਥਾਹ ਲੁਟ ਦੇ ਨਵੇਂ-ਨਵੇਂ ਤਰੀਕੇ ਖੋਜਣ ਲਈ ਕਾਰਪੋਰੇਟ ਮੀਡੀਆ ਦੇ ਹੀਰੋ ਹਨ। ਤਾਂ ਇਸ 'ਚ ਹੈਰਾਨੀ ਕਾਹਦੀ?

ਤੀਜਾ ਪਹਿਲੂ :- ਏਪਲ ਵਰਗੀਆਂ ਕੰਪਨੀਆਂ (ਸੈਮਸੰਗ, ਸੋਨੀ, ਤੋਸ਼ਿਬਾ, ਮਾਈਕਰੋਸਾਫਟ ਆਦਿ) ਦੀਆਂ ਵਸਤਾਂ ਦੀ ਸ਼੍ਰੇਣੀ ਵਿੱਚ ਮੁੱਖ ਤੌਰ 'ਤੇ ਆਈ-ਪੈਡ ਆਈ ਫੋਨ, ਐਕਸ-ਬੌਕਸ, ਲੈਪਟਾਪ, ਹੋਮ ਅਪਲਾਇੰਸ ਤੇ ਸਾਰੇ ਅਜਿਹੇ ਉਤਪਾਦ ਆਉਂਦੇ ਹਨ ਜਿਹਨਾਂ ਦੀ ਵਰਤੋਂ ਵਿਹਾਰਕ ਵਰਤੋਂ ਲਈ ਹੁੰਦੇ ਹਨ। ਇਹ ਉਹ ਉਤਪਾਦ ਹਨ ਜਿਹਨਾਂ ਦੀ ਵਰਤੋਂ ਅੱਜ ਮੁੱਖ ਤੌਰ 'ਤੇ ਮਨੁੱਖ ਦੀ ਕਿਰਤ ਸੰਸਕ੍ਰਿਤੀ ਤੇ ਸਮਾਜਿਕਤਾ ਤੋਂ ਦੂਰ ਕਰਦੇ ਹਨ ਅਤੇ ਵਿਅਕਤੀਵਾਦ, ਵਿਲਾਸਤਾ, ਅਲਗਾਅ, ਤੇ ਖਪਤਕਾਰਵਾਦ ਨੂੰ ਹਾਵੀ ਕਰਦੇ ਹਨ। ਨਿਸ਼ਚੈ ਹੀ ਤਕਨੋਲੋਜੀ ਨੇ ਬੰਦੇ ਨੂੰ ਆਜ਼ਾਦ ਕੀਤਾ ਹੈ। ਮਨੋਰਜੰਨ ਦੇ ਸਾਧਨਾ, ਸੂਚਨਾਵਾਂ ਦਾ ਵਟਾਂਦਰਾ ਕਲਾ ਤੇ ਖੁਦ ਵਿਗਿਆਨ ਨੂੰ ਡੂੰਘੇ ਤੇ ਨਵੇਂ ਪੱਧਰ ਤੱਕ ਵਿਕਸਤ ਕਰਨ 'ਚ ਭੂਮਿਕਾ ਨਿਭਾਈ ਹੈ। ਪਰ ਮਨੁੱਖਾ-ਕੇਂਦਰਿਤ ਪ੍ਰਬੰਧ ਇਹ ਸਭ ਉਹਨਾਂ ਲੋਕਾਂ ਨੂੰ ਮੁਹਈਆ ਕਰਾਉਂਦੀ

ਹੈ ਜਿਨਾਂ ਕੋਲ ਖਰੀਦਣ ਸ਼ਕਤੀ ਹੈ। ਇਸ ਨੇ ਵਿਕਾਸ ਦੀ ਥਾਂ ਵਿਨਾਸ਼ ਕੀਤਾ ਹੈ। ਲੈਪਟਾਪ, ਇੰਟਰਨੈਟ, ਆਈ-ਪੈਡ, ਮੋਬਾਇਲ ਆਦਿ 'ਤੇ ਵੀਡੀਓ ਗੈਸ, ਸੋਸ਼ਲ ਨੈਟਵਰਕਿੰਗ ਸਾਈਟ ਪੋਰਨੋਗ੍ਰਾਫੀ ਫ਼ਿਲਮਾਂ ਗਾਣੇ ਆਦਿ ਰਾਹੀਂ ਮੱਧਵਰਗ ਦੀ ਆਬਾਦੀ ਦੇ ਦਿਮਾਗ ਨੂੰ ਅੱਜ ਤਰ੍ਹਾਂ-ਤਰ੍ਹਾਂ ਦੇ ਨਸ਼ੇ ਦੀਆਂ ਖੁਰਾਕਾਂ ਦਿੱਤੀਆਂ ਜਾ ਰਹੀਆਂ ਹਨ। 'ਖਾਓ ਪੀਓ ਐਸ਼ ਕਰੋ','ਲਾਲਚ ਅੱਛਾ ਹੈ' ਆਦਿ ਅੱਜ ਨੌਜਵਾਨ ਅਬਾਦੀ ਵਿਚਕਾਰ ਇਥੋਂ ਹੀ ਪੋਸੇਪਾਲੇ ਜਾ ਰਹੇ ਹਨ। ਓਪਰੋ ਹਰ ਸਾਲ ਨਵੀਂ ਤਕਨੀਕ ਨਾਲ ਲੈਸ ਉਪਕਰਣ ਲੈ ਕੇ ਏਪਲ ਵਰਗੀਆਂ ਕੰਪਨੀਆਂ ਆਪਣੇ ਪੁਰਾਣੇ ਉਪਕਰਣਾਂ ਨੂੰ ਘਟੀਆ ਤੇ ਪੁਰਾਣਾ ਦੱਸਦੀਆਂ ਹਨ। ਤੇ ਨਵੇਂ ਖਰੀਦਣ ਲਈ ਹੱਲਾਸ਼ੇਰੀ ਦਿੰਦੀਆਂ ਹਨ। ਇੱਕ ਬੰਦੇ ਦੀ ਪਹਿਚਾਣ ਉਸ ਕੋਲ ਮੌਜੂਦ ਸਾਰੇ ਇਲੈਕਟ੍ਰਾਨਿਕ ਉਪਕਰਣਾਂ ਤੋਂ ਹੁੰਦੀ ਹੈ। ਅੱਜ ਸਾਰੀ ਇਸ਼ਤਿਹਾਰਬਾਜ਼ੀ ਜਗਤ ਇਹਨਾਂ ਵਸਤਾਂ ਦੇ ਮੁਕਾਬਲੇ ਦਾ ਖੇਤਰ ਹੈ। ਸਾਰੇ ਮੀਡੀਆ ਨੂੰ ਇਹੀ ਕੰਪਨੀਆਂ ਇਸ਼ਤਿਹਾਰ ਜਾਂ ਹੋਰ ਪ੍ਰਚਾਰ ਪ੍ਰੋਗ੍ਰਾਮਾਂ ਬਦਲੇ ਪੈਸੇ ਦਿੰਦੀਆਂ ਹਨ। ਅਜਿਹੇ 'ਚ ਤਾਜਬ ਕੋਈ ਪਾਗਲ ਹੀ ਕਰੇਗਾ ਕਿ ਮੀਡੀਆ ਸਵੀਵ ਜਾਬਸ ਲਈ ਅੱਥਰੂ ਕਿਉਂ ਵਹਾ ਰਿਹਾ ਹੈ। ਮੀਡੀਆ ਸਦਾ ਹੀ ਕਾਰਪੋਰੇਟ ਜਗਤ ਦੇ ਸਟੀਵ ਜਾਬਸ, ਬਿਲ ਗੇਟਸ ਤੇ ਹੋਰ ਲੁਟੇਰਿਆਂ ਨੂੰ ਮਹਾਨ ਮੰਨਦਾ ਹੈ ਤੇ ਮਨੁੱਖਤਾ ਨੂੰ ਨਵੀਆਂ ਬੁਲੰਦੀਆਂ ਤੱਕ ਲੈ ਜਾਣ ਵਾਲੇ ਹੀਰੋ ਵਾਗੂੰ ਪੇਸ਼ ਕਰਦੀ ਹੈ, ਖੈਰ ਬੁਰਜੁਆ ਮੀਡੀਆ ਦਾ ਆਪਣਾ ਮਾਲਕ ਮੂਹਰੇ ਪੂਛ ਹਿਲਾਉਣਾ ਲਾਜ਼ਮੀ ਹੈ। ਸਵੀਵ ਜਾਬਸ ਘੱਟੋ ਘੱਟ ਉਹਨਾਂ ਦਾ ਨਾਇਕ ਤਾਂ ਹੈ ਹੀ।

# ਅਰਬ ਲੋਕ ਉਭਾਰ ਕਿਧਰ ਨੂੰ ?

## *ਗਦਾਫੀ ਦੀ ਮੌਤ ਪਿੱਛੋਂ*

ਅਕਤੂਬਰ 'ਚ ਨੈਸ਼ਨਲ ਟ੍ਰਾਂਜਿਸ਼ਨਲ ਕਾਊਂਸਿਲ ਦੇ ਬਾਗੀਆਂ ਨੇ ਗਦਾਫੀ ਨੂੰ ਉਨ੍ਹਾਂ ਦੇ ਸਿਰਤੇ ਸ਼ਹਿਰ 'ਚ ਮਾਰ ਦਿੱਤਾ। ਗਦਾਫੀ ਦੀ ਮੌਤ ਦਾ ਵੀਡੀਓ ਦਾ ਵਿਸ਼ਾ ਘੰਟਿਆਂ ਪਿੱਛੋਂ ਇੰਟਰਨੈਟ ਦੇ ਜ਼ਰੀਏ ਪੂਰੀ ਦੁਨੀਆਂ 'ਚ ਚਰਚਾ ਦਾ ਵਿਸ਼ਾ ਬਣ ਗਿਆ। ਜਿਸ ਬੇਕਿਰਕ ਤਰੀਕੇ ਨਾਲ ਗਦਾਫੀ ਦੀ ਹੱਤਿਆ ਕੀਤੀ ਗਈ ਉਹ ਸਾਫ ਤੌਰ 'ਤੇ ਦਰਸਾ ਰਿਹਾ ਸੀ ਕਿ ਉਹ ਕਿਸੇ ਜਥੇਬੰਦ ਤੇ ਅਸੂਲਾਂ 'ਤੇ ਚਲ ਰਹੇ ਅੰਦੋਲਨ ਦੀ ਸਫਲਤਾ ਨਹੀਂ ਬਲਕਿ ਇਕ ਅਰਾਜਕਤਾ-ਪੂਰਨ ਪਾਸ਼ਵਿਕ ਗ੍ਰਹਿਯੁੱਧ ਦੀ ਪ੍ਰਨਿਤੀ ਸੀ। ਪੂਰੀ ਦੁਨੀਆਂ 'ਚ ਇੱਕ ਅਜੀਬ ਕਿਸਮ ਦੀ ਢੀਠਤਾ ਨਾਲ ਸਾਡੇ ਲੋਕ ਇਸ ਵੀਡੀਓ ਨੂੰ ਦੇਖ ਰਹੇ ਸਨ। ਗਦਾਫੀ ਦੀ ਮੌਤ ਲੀਬੀਆ ਲਈ ਇੱਕ ਯੁੱਧ ਦਾ ਅੰਤ ਸੀ ਅਤੇ ਕਹਿਣਾ ਚਾਹੀਦਾ ਹੈ ਕਿ ਕਾਫੀ ਹੱਦ ਤਕ ਗਦਾਫੀ ਦੀ ਹੋਣੀ ਇਤਿਹਾਸ ਨੇ ਪਹਿਲਾਂ ਹੀ ਨਿਸ਼ਚਤ ਕਰ ਦਿੱਤੀ ਸੀ। ਗਦਾਫੀ ਅਰਬ ਅਫਰੀਕਾ ਦੇ ਉਹਨਾਂ ਨੇਤਾਵਾਂ ਦੀ ਕਤਾਰ 'ਚ ਆਖਰੀ ਸਨ ਜੋ ਮਿਸ਼ਰ ਦੇ ਜਨਰਲ ਨਾਸਿਰ ਤੋਂ ਸ਼ੁਰੂ ਹੁੰਦੀ ਹੈ। ਮਿਸ਼ਰ 'ਚ ਨਾਸਿਰ ਦੀ ਅਗਵਾਈ 'ਚ ਕੌਮੀ ਕ੍ਰਾਂਤੀ ਤੋਂ ਪਿਛੋਂ ਹੁਣ ਅਫਰੀਕਾ ਵਿੱਚ ਹੀ ਨਹੀਂ ਬਲਕਿ ਪੂਰੇ ਅਫਰੀਕਾ 'ਚ ਇਕ ਰੁਝਾਣ ਦੀ ਸ਼ੁਰੂਆਤ ਹੋਈ। ਮਿਸ਼ਰ ਦੀ ਨਾਸਿਰ ਦੀ ਅਗਵਾਈ ਵਾਲੀ ਕ੍ਰਾਂਤੀ ਰੈਡੀਕਲ ਕੌਮੀ ਪੂੰਜੀਵਾਦੀ ਕ੍ਰਾਂਤੀ ਸੀ ਜਿਸ ਦਾ ਬਸਤੀਵਾਦੀ ਵਿਰੋਧ ਮੁਖ ਸੀ। ਇਸ ਪਿੱਛੋਂ ਅਜਿਹੇ ਇਨਕਲਾਬ ਲੀਬੀਆ ਅਲਜ਼ੀਰੀਆ ਆਦਿ ਵਰਗੇ ਕਈ ਅਫਰੀਕੀ ਦੇਸ਼ਾਂ ਵਿੱਚ ਹੋਈਆਂ। ਇਹਨਾਂ ਸਾਰੇ ਦੇਸ਼ਾਂ ਵਿੱਚ ਕ੍ਰਾਂਤੀ ਪਿੱਛੋਂ ਇੱਕ ਰੈਡੀਕਲ ਕੌਮੀ ਪੂੰਜੀਵਾਦੀ ਜਮਾਤ ਸਤਾ 'ਚ ਆ ਗਈ। ਮਿਸ਼ਰ 'ਚ ਨਾਸਿਰ, ਲੀਬੀਆ 'ਚ ਗਦਾਫੀ, ਅਲਜੀਰੀਆ 'ਚ ਬੇਨਬੇਲਾ ਅਜਿਹੇ ਹੀ ਨੇਤਾ ਸਨ। ਇਹਨਾਂ ਨੇਤਾਵਾਂ ਨੇ ਸ਼ੀਤ ਯੁੱਧ ਦੇ ਦੌਰ ਵਿੱਚ ਕਿਸੇ ਵੀ ਇੱਕ ਸਾਮਰਾਜੀ ਕੈਂਪ ਦੇ ਨਾਲ ਆਪਣੇ ਆਪ ਨੂੰ ਨੱਥੀ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਕਈ ਮੌਕਿਆਂ 'ਤੇ ਸਾਮਰਾਜ ਵਿਰੋਧੀ ਨੀਤੀ ਅਪਣਾਈ। ਪਰ ਨਾਲ ਹੀ ਇਹਨਾਂ ਨੇਤਾਵਾਂ ਨੇ ਆਪਣੇ ਦੇਸ਼ ਦੇ ਅੰਦਰ ਕਿਸੇ ਵੀ ਕਿਸਮ ਦੇ ਵਿਰੋਧ ਨੂੰ ਸਖਤੀ ਨਾਲ ਕੁਚਲਿਆ। ਹਰ ਤਰ੍ਹਾਂ ਦੇ ਰਾਜਸੀ ਵਿਰੋਧ ਨੂੰ ਮਸਲ ਕੇ ਰੱਖ ਦਿੱਤਾ ਗਿਆ। ਬਹੁਤੇ ਦੇਸ਼ਾਂ 'ਚ ਰਾਜਸੀ ਵਿਰੋਧ ਦੀ ਨੁਮਾਇੰਦਗੀ, ਇਨਕਲਾਬੀ ਕਮਿਊਨਿਸਟ ਤਾਕਤਾਂ ਕਰ ਰਹੀਆਂ ਸਨ। ਅਸਲ 'ਚ ਇੰਡੋਨੇਸ਼ੀਆ ਤੇ ਭਾਰਤ ਵਿੱਚ ਵੀ ਅਜ਼ਾਦੀ ਪਿੱਛੋਂ ਹੋਂਦ 'ਚ ਆਈ ਦਲਾਲ ਨੌਕਰਸ਼ਾਹ ਸਰਮਾਏਦਾਰੀ ਨੇ ਵੀ ਕਮਿਊਨਿਸਟਾਂ ਦਾ ਬੇਰਹਿਮ ਦਮਨ ਕੀਤਾ। ਇਸ ਰੈਡੀਕਲ ਕੌਮੀ ਸਰਮਾਏਦਾਰੀ ਜਮਾਤ ਨੇ ਬਹੁਤੇ ਕੇਸਾਂ 'ਚ ਆਪਣੇ-ਆਪਣੇ ਦੇਸ਼ਾਂ ਵਿੱਚ ਵੱਖ-ਵੱਖ ਕਿਸਮ ਦੇ 'ਕਲਿਆਣਕਾਰੀ' ਪੂੰਜੀਵਾਦੀ ਰਾਜ ਤੇ ਅਰਥਚਾਰੇ ਦੀ ਸਥਾਪਨਾ ਕੀਤੀ। ਹੁਣ ਅਫਰੀਕਾ 'ਚ ਇਸ ਕਿਸਮ ਦੇ ਰੁਝਾਣ ਦੀ ਸਭ ਤੋਂ ਵੱਡੀ ਮਿਸਾਲ ਸੀ ਨਾਸਿਰ ਦਾ ਮਿਸ਼ਰ। ਇਸ ਉਦਾਹਰਣ ਦਾ ਲੀਬੀਆ ਤੇ ਅਲਜੀਰੀਆ ਤੋਂ ਲੈ ਕੇ ਸਾਰੇ ਦੇਸ਼ਾਂ 'ਚ ਵੱਖ-ਵੱਖ ਮਾਤਰਾ 'ਚ ਅਨੁਸਰਣ ਕੀਤਾ ਗਿਆ। ਗਦਾਫੀ ਦਾ ਲੀਬੀਆ ਉਸ 'ਚ ਇੱਕ ਸੀ। ਕੌਮੀ ਮੁਕਤੀ ਤੋਂ ਬਾਅਦ ਦੇ ਕਰੀਬ ਦੋ ਤਿੰਨ ਹਫਤੇ

ਇਹਨਾਂ ਸਾਰੇ ਦੇਸ਼ਾਂ ਵਿੱਚ ਇਹ ਪੂੰਜੀਵਾਦੀ "ਕਲਿਆਣਵਾਦ" ਆਰਾਮ ਨਾਲ ਚਲਦਾ ਰਿਹਾ ਪਰ ਇਸ ਪਿੱਛੋਂ ਪੂੰਜੀ ਸੰਚੈ ਦੇ ਅਮਲ ਵਿੱਚ ਜਨਤਕ ਖੇਤਰ ਤੇ "ਕਲਿਆਣਕਾਰੀ" ਰਾਜ ਵਿੱਚ ਫਸਣ ਲੱਗਿਆ। ਇਸ ਦਾ ਸਿੱਟਾ ਇਹਨਾਂ ਦੇਸ਼ਾਂ ਵਿੱਚ ਉਸ ਰੈਡੀਕਲ ਕੌਮੀ ਬਜ਼ੁਰਗ ਵਰਗ ਦੇ ਪਤਿਤ ਤੇ ਭ੍ਰਿਸ਼ਟ ਹੋਣ ਦੇ ਅਮਲ ਦੀ ਸ਼ੁਰੂਆਤ ਦੇ ਨਾਲ ਸਾਹਮਣੇ ਆਇਆ। ਮਿਸ਼ਰ 'ਚ ਮੁਬਾਰਕ ਦੀ ਸਤਾ, ਟਿਊਨੀਸ਼ੀਆ 'ਚ ਆਬਾਦੀ-ਨੀ ਅਲੀ ਦੀ ਸਤਾ, ਅਤੇ ਇੱਕ ਦੂਜੀ ਤਰ੍ਹਾਂ ਨਾਲ ਅਤੇ ਅਲੱਗ ਮਾਤਰਾ 'ਚ ਲੀਬੀਆ 'ਚ ਗਦਾਫੀ ਦੀ ਸਤਾ ਅਰਬ ਅਫਰੀਕਾ ਦੇ ਇਸ ਨਾ ਸਿਰਵਾਦੀ ਰੈਡੀਕਲ ਕੌਮੀ ਬਜ਼ੁਰਗ ਬੁਰਜੂਆ ਵਰਗ ਦੇ ਨਾਇਕਤਵ ਦੇ ਖੰਡਣ ਹੋਣ ਦੀ ਕਹਾਣੀ ਕਹਿ ਰਹੀ ਸੀ। ਇਹਨਾਂ ਸਾਰੇ ਦੇਸ਼ਾਂ ਵਿੱਚ ਰੈਡੀਕਲ ਸੁਰਖਿਆ ਬੁਰਜੂਆ ਵਰਗ ਨੇ ਸਾਮਰਾਜ ਦੀ ਵਿਰੋਧਤਾ ਕੀਤੀ ਪਰ ਪੂੰਜੀਵਾਦੀ ਵਿਵਸਥਾ ਦੇ ਵਿਕਲਪ ਵਜੋਂ ਸਮਾਜਵਾਦ ਨੂੰ ਅਪਣਾਉਣ ਦੀ ਬਜਾਏ ਜਨਤਕ ਖੇਤਰ ਵਾਲੇ "ਕਲਿਆਣਕਾਰੀ" ਪੂੰਜੀਵਾਦ ਦਾ ਰਾਹ ਅਪਣਾਇਆ ਅਤੇ ਅਜਿਹੇ "ਕਲਿਆਣਕਾਰੀ" ਪੂੰਜੀਵਾਦ ਦੀ ਪ੍ਰਣੀਤੀ ਹਰ ਥਾਂ ਜਨਤਕ ਖੇਤਰ ਦੇ ਨਿਜੀਕਰਣ ਤੇ ਪੂਰੀ ਵਿਵਸਥਾ ਦੇ ਉਦਾਰੀਕਰਣ ਵਜੋਂ ਸਾਹਮਣੇ ਆਉਂਦੀ ਹੈ। ਕਿਤੇ ਇਹ ਰਾਜਸੀ ਉਥਲ ਪੁਥਲ ਤੇ ਹਿੰਸਕ ਅੰਦੋਲਨਾਂ ਬਿਨਾਂ ਹੁੰਦਾ ਹੈ ਅਤੇ ਕਿਤੇ ਇਹ ਜਬਰਦਸਤ ਉਥਲ-ਪੁਥਲ ਤੇ ਬਗਾਵਤ ਦੇ ਸਿੱਟੇ ਵਜੋਂ ਹੁੰਦਾ ਹੈ। (ਜਿਵੇਂ ਹੁਣ ਅਫ਼ਰੀਕੀ ਦੇਸ਼ਾਂ 'ਚ ਹੋ ਰਿਹਾ ਹੈ। ਨਿਸਚੈ ਹੀ ਅਰਬ ਅਫਰੀਕੀ ਦੇਸ਼ਾਂ ਵਿੱਚ ਇਹ ਤਾਨਾਸ਼ਾਹੀ ਦੇ ਪਤਨ ਤੇ ਪੂੰਜੀਵਾਦੀ ਉਦਾਰ-ਸੰਸਦੀ ਲੋਕਰਾਜ ਦੀ ਸਥਾਪਨਾ ਵਜੋਂ ਹੋ ਰਿਹਾ ਹੈ। ਪਰ ਹੋ ਇਹੀ ਰਿਹਾ ਹੈ। ਨਾਸਿਰਵਾਦ ਦੇ ਪਤਨ ਵਜੋਂ ਗਦਾਫੀ ਦੀ ਨੀਅਤ ਕਾਫੀ ਪਹਿਲਾਂ ਤੋਂ ਹੀ ਯਕੀਨੀ ਹੋ ਗਈ ਸੀ। ਇਹ ਕਿਸੇ ਨਾ ਕਿਸੇ ਰੂਪ 'ਚ ਕਦੀ ਨਾ ਕਦੀ ਹੋਣਾ ਹੀ ਸੀ। ਜਿੱਥੋਂ ਤੱਕ ਅਰਬ ਲੋਕ ਉਭਾਰ ਦੇ ਇੱਕ ਅੰਗ ਵਜੋਂ ਲੀਬੀਆ ਦੀ ਬਗਾਵਤ ਦਾ ਸੁਆਲ ਹੈ। ਲੀਬੀਆ ਦੀ ਬਗਾਵਤ ਉਸ ਸਮੇਂ ਲੋਕ ਬਗਾਵਤ ਤੋਂ ਵੱਖ ਹੋ ਗਈ ਸੀ ਜਦ ਨੈਸ਼ਨਲ ਟਰਾਜੀਸ਼ਨਲ ਕਾਂਊਸਿਲ ਨੇ ਗਦਾਫੀ ਹਮਾਇਤੀਆਂ ਤੋਂ ਹਾਰ ਪਿੱਛੋਂ ਹਾਰ ਦਾ ਸਾਹਮਣਾ ਕਰਨ ਪਿੱਛੋਂ ਨਾਟੋ ਦੀ ਫੌਜੀ ਸਹਾਇਤਾ ਲੈਣੀ ਮੰਨ ਲਈ ਸੀ। ਇਸ ਤੋਂ ਪਹਿਲਾਂ ਗਦਾਫੀ ਵਿਰੋਧੀ ਸ਼ਕਤੀਆਂ ਨੇ ਸਾਫ ਸ਼ਬਦਾਂ ਵਿੱਚ ਸਾਮਰਾਜੀ ਦੇਸ਼ਾਂ ਤੋਂ ਮਦਦ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦੌਰਾਨ ਨਾਟੋ ਨੇ ਇਕ ਪੱਖੀ ਤਰੀਕੇ ਨਾਲ ਲੀਬੀਆ 'ਚ ਸਾਮਰਾਜੀ ਦਖਲਅੰਦਾਜੀ ਦਾ ਮਸੌਦਾ ਪਾਸ ਕਰ ਲਿਆ ਤੇ ਲੀਬੀਆ 'ਚ ਸਾਮਰਾਜੀ ਦਖਲਅੰਦਾਜ਼ੀ ਦੀ ਸ਼ੁਰੂਆਤ ਹੋ ਗਈ। ਬਾਗੀਆਂ ਪਾਸ ਵੀ ਗਦਾਫੀ ਨੂੰ ਹਰਾਉਣ ਲਈ ਇਸ ਦਖਲਅੰਦਾਜ਼ੀ ਦੀ ਵਰਤੋਂ ਕਰਨ ਤੋਂ ਇਲਾਵਾ ਕੋਈ ਰਾਹ ਨਹੀਂ ਸੀ। ਪਰ ਇਸ ਦਖਲਅੰਦਾਜ਼ੀ ਨੂੰ ਵਿਦਰੋਹੀਆਂ ਦੀ ਹਮਾਇਤ ਦੇ ਨਾਲ ਹੀ ਲੀਬੀਆ ਦਾ ਵਿਦਰੋਹ ਅਰਬ ਲੋਕ ਬਗਾਵਤ ਦਾ ਹਿੱਸਾ ਨਹੀਂ ਰਹਿ ਗਿਆ। ਜਿੱਥੇ ਬਿਨਾਂ ਕਿਸੇ ਬਾਹਰੀ ਸਾਮਰਾਜੀ ਦਖਲਅੰਦਾਜ਼ੀ ਦੇ ਜਨਤਾ ਨੇ ਆਪਣੇ ਦੇਸ਼ ਦੇ ਤਾਨਾਸ਼ਾਹੀ ਦੀ ਸਤਾ ਨੂੰ ਉਲਟਾ ਦਿੱਤਾ। ਇਹ ਗੱਲ ਵੱਖਰੀ ਹੈ ਕਿ ਕੋਈ ਸਪੱਸ਼ਟ ਵਿਚਾਰਧਾਰਾ ਤੇ ਸੰਗਠਨ ਨਾ ਹੋਣ ਕਰਕੇ ਉਹ ਪੂਰੀ ਪੂੰਜੀਵਾਦੀ ਵਿਵਸਥਾ ਦਾ ਵਿਕਲਪ ਨਹੀਂ ਦੇ ਸਕੀ। ਮਿਸ਼ਰ ਤੇ ਟਿਊਨੀਸ਼ੀਆਂ 'ਚ ਅੱਜ ਜੋ ਹੋ ਰਿਹਾ ਹੈ ਉਹ ਇਨਕਲਾਬ ਦਾ ਢਹਿ ਢੇਰੀ ਹੋਣਾ ਹੀ ਕਿਹਾ ਜਾ ਸਕਦਾ ਸੀ। ਇਕ ਨੰਗੇ ਚਿੱਟੇ ਅਤਿਆਚਾਰੀ ਵਿਅਕਤੀ

ਅਧਾਰਤ ਪੂੰਜੀਵਾਦੀ ਤਾਨਾਸ਼ਾਹੀ ਤੋਂ ਇੱਕ ਉਦਾਰਵਾਦੀ ਪੂੰਜੀਵਾਦੀ ਪਾਰਲੀਮਾਨੀ ਤੰਤਰ 'ਚ ਤਬਦੀਲੀ, ਜੋ ਇੱਕ ਦੂਜੇ ਨਰਮ ਚੇਹਰੇ ਵਿੱਚ ਸਰਮਾਏਦਾਰ ਜਮਾਤ ਦੀ ਹੀ ਤਾਨਾਸ਼ਾਹੀ ਹੋਵੇਗੀ- ਇਸ ਤੋਂ ਵੱਧ ਮਿਸ਼ਰ, ਟਿਊਨੀਸ਼ੀਆ, ਤੇ ਅਲਜੀਰੀਆ ਵਿੱਚ ਜਨਤਾ ਕੁਝ ਨਹੀਂ ਹਾਸਲ ਕਰ ਸਕੀ। ਇੱਕ ਇਨਕਲਾਬੀ ਹਾਲਤ ਜ਼ਰੂਰ ਤਿਆਰ ਹੋਈ ਸੀ। ਪਰ ਰਾਜਸੀ ਖਲਾਅ ਨੂੰ ਭਰਨ ਲਈ ਕੋਈ ਇਨਕਲਾਬੀ ਤਾਕਤ ਮੌਜੂਦ ਨਾ ਹੋਣ ਕਰਕੇ ਉਸ ਨੂੰ ਕਿਤੇ ਫੌਜ ਤੇ ਇਸਲਾਮਿਕ ਕਟੜ ਪੰਥੀਆਂ ਦੇ ਗਠਜੋੜ ਨੇ ਭਰਿਆ ਤਾਂ ਕਿਤੇ ਉਦਾਰ ਪੂੰਜੀਵਾਦੀ ਤਾਕਤਾਂ ਅਤੇ ਅਰਾਜਕਤਾਵਾਦੀਆਂ ਦੇ ਗਠਜੋੜ ਨੇ ਤੇ ਹੁਣ ਉਹ ਇਨਕਲਾਬੀ ਘੜੀ ਬੀਤ ਚੁੱਕੀ ਹੈ। ਮੌਕਾ ਗੰਵਾਇਆ ਜਾ ਚੁੱਕਿਆ ਹੈ। ਲੀਬੀਆ ਦੀਆਂ ਘਟਨਾਵਾਂ ਇੱਕ ਵਾਰੀ ਫਿਰ ਸਾਮਰਾਜੀਆਂ ਦੇ ਮੂੰਹੇਪਣ ਤੇ ਦੋ ਗਲੇਪਣ ਨੂੰ ਸਾਫ ਤੌਰ 'ਤੇ ਨੰਗਾ ਕਰ ਦਿੰਦੀਆਂ ਹਨ। ਲੋਕਰਾਜ ਦੇ ਨਾਂ ਹੇਠ ਇੱਕ ਪਾਸੇ ਲੀਬੀਆ 'ਚ ਅਮਰੀਕਾ, ਫ਼ਰਾਂਸ, ਬ੍ਰਿਟੇਨ, ਜਰਮਨੀ, ਇਟਲੀ ਵਰਗੇ ਸਾਮਰਾਜੀ ਦੇਸ਼ ਤਾਨਾਸ਼ਾਹੀ ਦਾ ਵਿਰੋਧ ਕਰਦੇ ਹਨ। ਉਥੇ ਦੂਸਰੇ ਪਾਸੇ ਸਾਊਦੀ ਅਰਬ, ਯਮਨ, ਬਹਿਰੀਨ ਆਦਿ ਵਰਗੇ ਦੇਸ਼ਾਂ ਵਿੱਚ ਸ਼ਾਹਾਂ ਤੇ ਸਲਤਾਨਾ ਦੀ ਜਾਲਮ ਗੈਰ ਜਮਹੂਰੀ ਸੱਤਾਵਾਂ ਦੀ ਪੂਰੀ ਹਮਾਇਤ ਕਰਦੇ ਹਨ। ਅੱਜ ਸਾਰੀ ਦੁਨੀਆਂ ਜਾਣਦੀ ਹੈ ਕਿ ਇਰਾਕ 'ਚ ਲੋਕ ਕਤਲੇਆਮ ਦੇ ਕੋਈ ਹਥਿਆਰ ਨਹੀਂ ਸਨ ਤੇ ਇਰਾਕੀ ਲੋਕਾਂ ਦਾ ਕਤਲੇਆਮ ਸਿਰਫ ਤੇਲ ਸਰੋਤਾਂ 'ਤੇ ਕਬਜਾ ਕਰਨ ਲਈ ਸੀ। ਇਰਾਕ 'ਚ ਲੋਕਾਂ ਵੱਲੋਂ ਚੁਣੀ ਗਈ ਹਕੂਮਤ ਨੂੰ ਅਮਰੀਕਾ ਨੇ ਨਿਸ਼ਾਨਾ ਬਣਾਇਆ ਕਿਉਂਕਿ ਉਹ ਉਸ ਦੇ ਵਿਸ਼ਵੀ ਹਿੱਤਾਂ ਦੇ ਨਕਸ਼ੇ 'ਚ ਕਿਧਰੇ ਫਿੱਟ ਨਹੀਂ ਬੈਠ ਰਹੀ ਸੀ ਪਰ ਸਾਮਰਾਜੀਆਂ ਨੂੰ ਅਰਬ ਦੇ ਸੇਖਾਂ ਦੀਆ ਹਕੂਮਤਾਂ ਨਹੀਂ ਦਿੱਸਦੀਆਂ, ਜਿੱਥੇ ਜਮਹੂਰੀਅਤ ਨਾਂ ਦੀ ਕੋਈ ਚੀਜ਼ ਹੈ ਹੀ ਨਹੀਂ ਹੈ। ਲੀਬੀਆ 'ਚ ਗਦਾਫੀ ਦੀ ਸਰਕਾਰ ਦੇ ਜਿੰਨੇ ਵਿਰੋਧੀ ਸਨ ਉਸ ਤੋਂ ਘੱਟ ਸਮਰਥਕ ਵੀ ਨਹੀਂ ਸਨ। ਕਾਰਨ ਇਹ ਕਿ ਗਦਾਫੀ ਦੇ ਦੇਸ਼ ਦੇ ਲੋਕਾਂ ਨੂੰ ਮੁਫਤ ਰਿਹਾਇਸ਼, ਇਲਾਜ, ਸਿੱਖਿਆ ਤੇ ਸਾਰੀਆਂ ਸ਼ਹਿਰੀ ਸਹੂਲਤਾਂ ਮੁਹਈਆ ਕਰ ਰੱਖੀਆਂ ਸਨ। ਤੇਲ ਦੀ ਅਮੁਕ ਸੰਸਥਾ ਤੋਂ ਆਉਣ ਵਾਲੀ ਆਮਦਨ ਨੂੰ ਗਦਾਫੀ ਲੀਬੀਆਈ ਨਾਗਰਿਕਾਂ ਦੇ ਬੈਂਕ ਖਾਤਿਆਂ ਵਿੱਚ ਇੱਕੋ ਜਿਹਾ ਤਬਦੀਲ ਕਰ ਦਿੰਦੇ ਸਨ ਇਹ ਹੀ ਉਹ ਕਾਰਨ ਸਨ ਜਿਸ ਕਾਰਨ ਸੰਯੁਕਤ ਰਾਸ਼ਟਰ ਦੇ ਮਨੁੱਖੀ ਵਿਕਾਸ ਸੂਚਕਾਰਾਂ 'ਚ ਲੀਬੀਆ ਦੀ ਪਹਿਲੀ ਥਾਂ ਹੁੰਦੀ ਸੀ। ਪਰ 2001 'ਚ ਬੁਸ਼ ਦੇ ਮੂਹਰੇ ਸਮਝੌਤਾ ਕਰਨ ਪਿੱਛੋਂ ਗਦਾਫੀ ਲਈ ਇਹਨਾਂ ਕਲਿਆਣਕਾਰੀ ਨੀਤੀਆਂ ਨੂੰ ਜਾਰੀ ਰੱਖ ਸਕਣਾ ਮੁਸ਼ਕਿਲ ਹੋ ਰਿਹਾ ਸੀ। ਇਕ ਸੰਸਾਰੀਕ੍ਰਿਤ ਵਿਸ਼ਵ 'ਚ ਗਦਾਫੀ ਨੇ ਜੋ ਰਾਹ ਚੁਣਿਆ ਸੀ। ਉਸ 'ਤੇ ਇਕੱਲੇ ਹਮੇਸ਼ਾ ਲਈ ਟਿਕੇ ਰਹਿ ਸਕਣਾ ਸੰਭਵ ਨਹੀਂ ਸੀ। ਪੱਛਮ ਵੱਲੋਂ ਸਵੀਕਾਰ ਕੀਤੇ ਜਾਣ ਦੀ ਚਾਹਤ ਅਸਲ ਵਿੱਚ ਗਦਾਫੀ ਦੀ ਸੀ। 2001 'ਚ ਬੁਸ਼ ਦੀ ਧਮਕੀ ਮੂਹਰੇ ਗੋਡੇ ਟੇਕਣ ਪਿੱਛੋਂ ਗਦਾਫੀ ਦੀ ਸੱਤਾ ਨੂੰ ਮੰਜ਼ੂਰੀ ਲੀਬੀਆ ਦੇ ਲੋਕਾਂ 'ਚ ਘਟਣ ਲੱਗੀ। ਇਕ ਹੱਦ ਤਕ ਨਵਉਦਾਰਵਾਦੀ ਨੀਤੀਆਂ ਦੀ ਸ਼ੁਰੂਆਤ ਨੇ ਲੀਬੀਆ ਦੇ ਲੋਕਾਂ 'ਚ ਗਰੀਬੀ, ਬੇਰੁਜ਼ਗਾਰੀ ਤੇ ਬੇਘਰੀ ਨੂੰ ਵਧਾਇਆ ਤੇ ਤੇਲ ਦੀ ਆਮਦ 'ਚ ਕਮੀ ਆਉਣੀ ਸ਼ੁਰੂ ਹੋਈ ਦੂਜੇ ਪਾਸੇ ਇਹ ਵੀ ਸੱਚ ਹੈ ਕਿ ਲੀਬੀਆ ਕਦੀ ਇੱਕ ਸੰਗਠਿਤ ਇੱਕ ਜਾਤੀ ਦੇਸ਼ ਰਿਹਾ ਹੀ ਨਹੀਂ। ਇਹ ਕਬੀਲਿਆਂ 'ਚ ਵੰਡਿਆ ਸਮਾਜ ਸੀ ਜਿਸ ਨੂੰ ਦੇਸ਼ ਦੀ ਖੁਸ਼ਹਾਲੀ ਤੇ "ਕਲਿਆਣਵਾਦ" ਨੇ ਇਕ

ਸੂਤਰ 'ਚ ਪ੍ਰੋ ਰੱਖਿਆ ਸੀ। ਜਿਉ ਹੀ ਏਕੀਕਰਣ ਦੀਆਂ ਇਹ ਤਾਕਤਾਂ ਕੰਮਜ਼ੋਰ ਹੋਈਆਂ ਤਿਉਂ ਹੀ ਇਤਿਹਾਸਕ ਤੌਰ 'ਤੇ ਮੌਜੂਦ ਪੂਰਬ ਤੇ ਪੱਛਮ ਦਾ ਬਟਵਾਰਾ ਇੱਕ ਵਿਰੋਧ 'ਚ ਤਬਦੀਲ ਹੋ ਗਿਆ। ਹਾਲੀਆ ਗ੍ਰਹਿ ਯੁੱਧ ਅਸਲ ਵਿੱਚ ਗਦਾਫੀ ਸਮਰਥਕ ਪੱਛਮੀ ਲੀਬੀਆ ਤੇ ਬਾਗੀ ਪੂਰਬੀ ਲਿਬੀਆ 'ਚ ਦਾ ਸੰਘਰਸ਼ ਸੀ। ਗਦਾਫੀ ਦਾ ਪਤਨ ਇਹਨਾਂ ਕਾਰਨਾਂ ਕਰਕੇ ਹੀ ਅਟਲ ਸੀ। ਸਾਮਰਾਜ ਵੱਲੋਂ ਹਮਾਇਤ ਪ੍ਰਾਪਤ ਟ੍ਰਾਂਜਿਸਨਾਲ ਕਾਊਂਸਲ ਜਿਸ ਨੇ ਕਿ ਅੱਠ ਮਹੀਨਿਆਂ 'ਚ ਚੋਣਾਂ ਕਰਾਉਣ ਦਾ ਵਾਅਦਾ ਕੀਤਾ ਹੈ ਇੱਕ ਅਜਿਹੇ ਲੀਬੀਆ 'ਚ ਸੱਤਾ ਹੀਣ ਹੋਈ ਹੈ ਜੋ ਪਹਿਲਾਂ ਤੋਂ ਕਿਤੇ ਵਧੇ ਖੰਡਿਤ ਤੇ ਵੰਡਿਆ ਹੋਇਆ ਸਮਾਜ ਹੈ। ਪੱਛਮ ਤੇ ਪੂਰਬ ਦਾ ਵਿਰੋਧ ਭਿਅੰਕਰ ਹਿੰਸਕ ਰੂਪ 'ਚ ਫੁਟ ਦਾ ਰਹੇਗਾ। ਭਾਸ਼ਾਈ ਤੇ ਜਾਤੀ (ਏਥਨਿਕ) ਟਕਰਾਅ ਹੁਣ ਤੋਂ ਹੀ ਸਿਰ ਉਠਾਉਣ ਲੱਗੇ ਹਨ। ਲੀਬੀਆਈ ਅਰਬ ਜਨਤਾ ਤੇ ਲੀਬੀਆਈ ਤੁਆਰੋਗ ਲੋਕਾਂ ਵਿਚਲਾ ਵਿਰੋਧ ਪਹਿਲਾਂ ਹੀ ਮੌਜੂਦ ਸੀ ਤੇ ਹੁਣ ਹੋਰ ਵੱਧ ਡੂੰਘਾ ਹੋ ਗਿਆ ਹੈ। ਨਸਲਵਾਦ ਵੀ ਸਿਰ ਉਠਾ ਰਿਹਾ ਹੈ। ਕਿਉਂਕਿ ਨੈਸ਼ਨਲ ਟਰਾਂਜਿਸਨਲ ਕਾਊਂਸਿਲ ਅਵਛੇਤ ਲੀਬੀਆਈ ਲੋਕਾਂ 'ਤੇ ਇਹ ਬੋਲ ਕੇ ਹਮਲਾ ਕਰ ਰਹੀ ਹੈ ਕਿ ਅਵਛੇਤ ਲੋਕ ਗਦਾਫੀ ਦੀ ਮਦਦ ਕਰ ਰਹੇ ਸਨ। ਅਵਛੇਤ ਲੀਬੀਆਈ ਤੇ ਸਬ ਸਹਾਰਨ ਅਫਰੀਕੀ ਦੇਸ਼ਾਂ ਤੋਂ ਆਏ ਪ੍ਰਵਾਸੀ ਮਜ਼ਦੂਰਾਂ ਦਾ ਭਿਅਕੰਰ ਦਮਨ ਸ਼ੁਰੂ ਹੋ ਚੁੱਕਿਆ ਹੈ। ਤੇ ਇਸ ਦਾ ਨਸਲੀ ਕਿਰਦਾਰ ਨਸਲਵਾਦੀ ਟਕਰਾਵਾਂ ਨੂੰ ਜਨਮ ਦੇਣ ਵਾਲਾ ਹੈ। ਕਬੀਲਿਆਂ ਤੇ ਜਾਤੀ ਗੁੱਟਾਂ ਵਿਚਕਾਰ ਵੀ ਟਕਰਾਅ ਦਾ ਵਧਣਾ ਆਸਾਨ ਹੈ ਤੇ ਸਿਰਫ ਸਮੇਂ ਦੀ ਗੱਲ ਹੈ। ਕੁਲ ਸਿੱਟਾ ਇਹ ਹੈ ਕਿ ਸਾਮਰਾਜ ਨੇ ਆਪਣੇ ਕੰਟਰੋਲ ਤੇ ਤੇਲ ਦੌਲਤ ਤੇ ਕਬਜੇ ਲਈ ਇੱਕ ਹੋਰ ਦੇਸ਼ ਨੂੰ ਅਰਾਜਕਤਾ ਦੀ ਦਲਦਲ 'ਚ ਧੱਕ ਦਿੱਤਾ ਹੈ। ਲੀਬੀਆ ਹਮੇਸ਼ਾਂ ਤੋਂ ਖੰਡਿਤ, ਵਿਭਾਜਿਤ, ਅਰਾਜਕਤਾਪੂਰਨ ਤੇ ਵਿਨਾਸ਼ਪੂਰਨ ਹਾਲਤ 'ਚ ਹੈ। ਗਦਾਫੀ ਦੇ ਪਿੱਛੋਂ ਲੀਬੀਆ ਪਹਿਲਾਂ ਤੋਂ ਕਿਤੇ ਵੱਧ ਬੁਰੀ ਹਾਲਤ ਵਿੱਚ ਹੈ। ਇਹ ਇੱਕ ਸੱਚ ਹੈ। ਜੇ ਦੇਸ਼ ਅੰਦਰ ਜਾਰੀ ਬਗਾਵਤ ਬਿਨਾਂ ਕਿਸੇ ਬਾਹਰੀ ਦਖਲਅੰਦਾਜ਼ੀ ਦੇ ਜਾਰੀ ਰਹਿੰਦੀ ਹੈ ਤਾਂ ਅੰਤ 'ਚ ਜੋ ਸਿੱਟਾ ਹੋਵੇਗਾ ਇਸ ਤੋਂ ਤਾਂ ਬੇਹਤਰ ਹੀ ਹੋਵੇਗਾ। ਪੂਰਾ ਅਰਬ ਜਨ ਉਭਾਰ ਅਸਲ ਵਿੱਚ ਉਸ ਘੜੀ ਤੋਂ ਅੱਗੇ ਜਾ ਚੁੱਕਿਆ ਹੈ ਜਿਸ ਨੂੰ ਅਸਲ ਵਿੱਚ ਇਨਕਲਾਬੀ ਘੜੀ ਕਿਹਾ ਜਾ ਸਕਦਾ ਹੈ। ਮਿਸ਼ਰ ਹੀ ਇਸ ਵਾਰ ਵੀ ਮੋਹਰੀ ਕਤਾਰ ਵਿੱਚ ਹੈ ਤੇ ਉਥੇ ਕੋਈ ਵੀ ਲੋਕ ਇਨਕਲਾਬ ਪੂਰੇ ਅਰਬ ਵਿਸ਼ਵ 'ਚ ਇੱਕ 'ਚੇਨਰਿਐਕਸ਼ਨ' ਸ਼ੁਰੂ ਕਰ ਸਕਦੀ ਸੀ। ਪਰ ਕਿਸੇ ਵਿਕਲਪ, ਵਿਚਾਰਧਾਰਾ, ਸੰਗਠਨ ਤੇ ਇਨਕਾਲਬੀ ਅਗਵਾਈ ਦੀ ਗੈਰ ਮੌਜੂਦਗੀ ਵਿੱਚ ਇਹ ਘੜੀ ਬੀਤ ਗਈ ਹੈ। ਇਹ ਆਉਣ ਵਾਲੇ ਸਮੇਂ 'ਚ ਸਭ ਲੋਕ ਸੰਘਰਸ਼ਾਂ ਲਈ ਇੱਕ ਮਹੱਤਵਪੂਰਨ ਸਬਕ ਦੇ ਗਿਆ ਹੈ। ਜਨ ਅੰਦੋਲਨ ਤੇ ਪੂੰਜੀਵਾਦ ਵਿਰੋਧ ਕਾਫੀ ਨਹੀਂ ਹੈ, ਬਦਲ ਦਾ ਸਪੱਸ਼ਟ ਢਾਂਚਾ ਤੇ ਉਸ ਨੂੰ ਲਾਗੂ ਕਰ ਸਕਣ ਲਈ ਸਹੀ ਵਿਚਾਰਧਾਰਾਤਮਕ ਸਮਝ ਵਾਲੀ ਲੀਡਰਸ਼ਿਪ ਤੇ ਸੰਗਠਨ ਲਾਜ਼ਮੀ ਹੈ, ਜੇ ਅਸੀਂ ਅਸਲ 'ਚ ਬੇਹਤਰ ਸਮਾਜ 'ਚ ਦਾਖਲ ਹੋਣਾ ਚਾਹੁੰਦੇ ਹਾਂ।

# ਡਾਵਾਂਡੋਲ ਅਰਥਚਾਰੇ ਨਾਲ ਵਧਦੀ ਬੇਰੁਜ਼ਗਾਰੀ

ਅਮਰੀਕਾ ਤੇ ਯੂਰਪੀ ਦੇਸ਼ਾਂ ’ਤੇ ਮੰਡਰਾ ਰਹੇ ਆਰਥਕ ਸੰਕਟ ਨਾਲ ਆਮ ਆਦਮੀ ਲਈ ਫਿਰ ਉਹ ਲਾਚਾਰੀ ਯੂਰੋ ਕਰੰਸੀ ਵਾਲੇ 17 ’ਚੋਂ 9 ਦੇਸ਼ਾਂ ਦੀ ਸ਼ਾਖ ਡਿਗਣ ਨਾਲ ਹੀ ਇਹ ਲਗਭਗ ਤਹਿ ਹੋ ਗਿਆ ਹੈ ਕਿ ਚਾਰ ਸਾਲ ਦੇ ਅੰਦਰ-ਅੰਦਰ ਦੁਨੀਆਂ ਦੂਸਰੀ ਆਰਥਕ ਮੰਦੀ ਵਲ ਵਧ ਚੁੱਕੀ ਹੈ। ਵਿਸ਼ਵੀ ਅਰਥਚਾਰੇ ਦੇ ਪੀੜਤਾਂ ਦੀ ਮੰਨੀਏ ਤਾਂ ਇਸ ਵਾਰੀ ਵੀ ਕੋਈ ਦੇਸ਼ ਇਸ ਮੰਦੀ ਦੀ ਮਾਰ ਤੋਂ ਬਚਿਆ ਨਹੀਂ ਰਹੇਗਾ। ਇਹ ਗੱਲ ਦੂਰ ਦੀ ਹੈ ਕਿ ਕਿਤੇ ਇਸ ਦਾ ਅਸਰ ਘੱਟ ਹੋਵੇਗਾ ਤਾਂ ਕਿਸੇ ਮੁਲਕ ਦਾ ਪੂਰਾ ਅਰਥ ਢਾਂਚਾ ਹੀ ਖੋਖਲਾ ਹੋ ਜਾਵੇ। ਅਮਰੀਕਾ ’ਚ ਸਾਲ 2008 ’ਚ ਆਈ ਮੰਦੀ ਨੇ ਪੂਰੀ ਦੁਨੀਆਂ ਤੇ ਐਸਾ ਖਤਰਨਾਕ ਪ੍ਰਭਾਵ ਛੱਡਿਆ ਕਿ ਅੱਜ ਵੀ ਕਈ ਦੇਸ਼ ਉਸ ਤੋਂ ਉਭਰ ਨਹੀਂ ਸਕੇ। ਅਮਰੀਕੀ ਅਰਥਚਾਰੇ ਦੀ ਹਾਲਤ ਫਿਲਹਾਲ ਖਸਤਾ ਹੈ। ਦੇਸ਼ 14.6 ਅਰਬ ਡਾਲਰ ਦੇ ਕਰਜੇ ਹੇਠ ਦੱਬੀ ਹੈ ਅਤੇ ਇਸ ’ਚੋਂ ਉਭਰਨ ਦਾ ਕੋਈ ਕਾਰਗਰ ਰਸਤਾ ਵੀ ਕਾਂਗਰਸ (ਅਮਰੀਕੀ ਸੰਸਦ) ਕੋਲ ਨਹੀਂ ਦਿਸਦਾ। ਇਸ ਡੋਲ ਦੇ ਅਰਥਚਾਰੇ ਦਾ ਖਮਿਆਜਾ ਸਭ ਤੋਂ ਪਹਿਲਾਂ ਉਹਨਾਂ ਮੁਲਾਜਮਾਂ ਨੂੰ ਭੁਗਤਣਾ ਪੈ ਰਿਹਾ ਹੈ ਜਿਹਨਾਂ ਨੂੰ ਸੰਵਿਧਾਨ ਦੇ ਅਧਾਰ ’ਤੇ ਸਰਕਾਰੀ ਜਾਂ ਜਨਤਕ ਖੇਤਰਾਂ ’ਚ ਕੰਮ ਮਿਲ ਰਿਹਾ ਹੈ। ਅਮਰੀਕੀ ਅਰਥਚਾਰੇ ਤੇ ਨਜ਼ਰ ਰੱਖਣ ਵਾਲੀ ਸੰਸਥਾ ਸਨਲਾਈਟ ਫਾਊਂਡੇਸ਼ਨ ਨੇ ਕੁਝ ਤਾਜ਼ੇ ਅੰਕੜੇ ਜਾਰੀ ਕੀਤੇ ਹਨ। ਜਿਸ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਕਾਂਗਰਸ ਨੇ ਇਥੇ ਛਾਂਟੀ ਸ਼ੁਰੂ ਕਰ ਦਿੱਤੀ ਹੈ। ਲਗਭਗ 17 ਫੀਸਦੀ ਨਿਯਮਤ ਕਰਮਚਾਰੀਆਂ ਦੀ ਛਾਂਟੀ ਦਾ ਫੈਸਲਾ ਤਾਂ ਲਿਆ ਹੀ ਗਿਆ ਹੈ, ਨਾਲ ਹੀ ਪਾਰਟ-ਟਾਈਮ ਕੰਮ ਕਰ ਰਹੇ ਕਰਮਚਾਰੀਆਂ ਵਿੱਚੋਂ 15-6 ਫੀਸਦੀ ਦੀ ਛਾਂਟੀ ਦੀ ਹਦਾਇਤ ਦਿੱਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਕੰਪਿਊਟਰ ਦੇ ਖਰਚੇ ’ਚ 62 ਫੀਸਦੀ ਅਤੇ ਦਫ਼ਤਰ ਦੇ ਕੰਮ ਲਈ ਖਰਚ ਹੋਣ ਵਾਲੀ ਰਾਸ਼ੀ ਵਿੱਚੋਂ 30 ਫੀਸਦੀ ਦੀ ਕਟੌਤੀ ਕਰ ਦਿੱਤੀ ਗਈ ਹੈ ਇਹ ਸਰਕਾਰੀ ਮਹਿਕਮੇ ਦਾ ਹਾਲ ਹੈ। ਨਿਜੀ ਖੇਤਰ ਵੀ ਫੂਕ ਫੂਕਕੇ ਕਦਮ ਰੱਖ ਰਹੇ ਹਨ। ਜ਼ਿਆਦਾਤਰ ਅਦਾਰੇ ਆਪਣੇ ਇੱਥੇ ਕਰਮਚਾਰੀਆਂ ਦੀ ਨਿਯੁਕਤੀ ਤੋਂ ਪ੍ਰਹੇਜ ਕਰ ਰਹੇ ਹਨ ਅਤੇ ਜ਼ਿਆਦਾਤਰ ਅਦਾਰਿਆਂ ’ਚ ਕਰਮਚਾਰੀਆਂ ਦਾ ਮੁੱਲ ਅੰਕਣ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਦੂਜੇ ਪਾਸੇ ਮੌਜੂਦਾ ਸੰਕਟ ਗ੍ਰੀਸ, ਪੁਰਤਗਲ, ਸਪੇਨ, ਫ੍ਰਾਂਸ ਆਦਿ ਦੇਸ਼ਾਂ ਨੂੰ ਆਰਥਕ ਪੱਖੋਂ ਖੋਖਲਾ ਕਰ ਰਿਹਾ ਹੈ। ਗ੍ਰੀਸ ਤਾਂ ਕਰਜੇ ਸੰਕਟ ਤੋਂ ਉਭਰਨ ਲਈ ਯੂਰੋਜੋਨ ਸਹਾਇਤਾ ਰਾਸ਼ੀ ਫੰਡ ’ਤੇ ਪੂਰੀ ਤਰ੍ਹਾਂ ਨਾਲ ਨਿਰਭਰ ਹੈ। ਹਾਲਾਂਕਿ ਗ੍ਰੀਸ ਨੂੰ ਸੰਕਟ ਤੋਂ ਉਭਰਨ ਲਈ ਜਿਸ ਫੰਡ ਦਾ ਗਠਨ ਕੀਤਾ ਗਿਆ ਹੈ, ਉਸ ਦੀ ਸ਼ਾਖ ਕੌਮਾਂਤਰੀ ਰੇਟਿੰਗ ਏਜੰਸੀ ਸਟੈਂਡਰਡ ਐਂਡ ਪੁਅਰਸ ਨੇ ਘਟਾ ਦਿੱਤੀ ਹੈ। ਇਸ ਏਜੰਸੀ ਨੇ ਪਹਿਲਾਂ ਸਹਾਇਤਾ ਫੰਡ ਨੂੰ ਟ੍ਰਿਪਲ-ਏ-ਸ੍ਰੇਣੀ ਵਿੱਚ ਰਖਿਆ ਸੀ ਪਰ ਕਰਜ਼ਾ ਮੋੜਣ ਦੀ ਗ੍ਰੀਸ ਦੀ ਘਟਦੀ ਸਮਰਥਾ ਦੇ ਡਰ ਦੇ ਮੱਦੇਨਜ਼ਰ ਇਸ ਦੀ ਰੇਟਿੰਗ ਘਟਾ ਕੇ ਡਬਲ-ਏ-ਕਰ ਦਿੱਤੀ ਗਈ ਹੈ। ਸ਼ਾਖ ਡਿੱਗਣ ਪਿੱਛੋਂ ਯੂਰੋ ਜੋਨ ਦੇ ਸਾਹਮਣੇ ਬਾਜ਼ਾਰ ਤੋਂ ਲੈਣ ਦੀ ਸਮੱਸਿਆ ਪੈਦਾ ਹੋ ਗਈ ਹੈ। ਉਸ ਦੇ ਸਾਹਮਣੇ ਚੁਣੌਤੀ ਹੁਣ ਇਸ ਗੱਲ ਦੀ ਹੈ ਕਿ ਨਿਜੀ ਨਿਵੇਸ਼ਕਾਂ

ਨੂੰ 50 ਫੀਸਦੀ ਤਕ ਦੇ ਸਵੈ-ਇੱਛਤ ਆਰਥਕ ਹਰਜੇ ’ਤੇ ਰਾਜੀ ਕਰ ਲਿਆ ਜਾਵੇ। ਹਾਲਾਂਕਿ ਇਹ ਕੋਸ਼ਿਸ਼ ਵੀ ਤਿੰਨ ਵਾਰੀ ਨਾਕਾਮ ਹੋ ਚੁੱਕੀ ਹੈ। ਯੂਰਪ ’ਚ ਆਏ ਸੰਕਟ ਨੂੰ ਖੁਦ ਯੂਰੋ ਦੇਸ਼ਾਂ ਨੇ ਹੀ ਸੱਦਿਆ ਹੈ।

ਅਸਲ ’ਚ ਪਹਿਲੀ ਜਨਵਰੀ 1999 ’ਚ ਜਦ ਯੂਰੋ ਜੋਨ ਦਾ ਗਠਨ ਹੋ ਰਿਹਾ ਸੀ। ਉਸ ਸਮੇਂ ਇਸ ਦੇ 17 ਮੈਂਬਰ ਦੇਸ਼ਾਂ ਨੇ ਵਿਤੀ ਅਨੁਸਾਸ਼ਣਾ ਦੀ ਵਚਣਬੱਧਤਾ ਸਬੰਧੀ ਕਾਫੀ ਵੱਡੀਆਂ-ਵੱਡੀਆਂ ਗੱਲਾਂ ਕੀਤੀਆਂ ਸਨ। ਪਰ ਉਸ ਦੀ ਉਲੰਘਣਾ ਜਰਮਨੀ ਤੇ ਫਰਾਂਸ ਵਰਗੇ ਵੱਡੇ ਮੈਂਬਰ ਦੇਸ਼ਾਂ ਨੇ ਹੀ ਕਰਨੀ ਸ਼ੁਰੂ ਕਰ ਦਿੱਤੀ। ਉਹਨਾਂ ਦੀ ਦੇਖਾ-ਦੇਖੀ ਛੋਟੇ ਦੇਸ਼ ਵੀ ਮੁਦਰਿਕ-ਨੀਤੀਆਂ ਦੀ ਅਣਦੇਖੀ ਕਰਨ ਲੱਗੇ। ਇਸ ਹਨੇਰਗਰਦੀ ਕਾਰਨ ਸਮੁੱਚਾ ਯੂਰੋ ਜੋਨ ਸੰਕਟ ’ਚ ਘਿਰ ਗਿਆ। ਕਰਜਾ ਸੰਕਟ ਦੇ ਨਾਲ-ਨਾਲ ਮਹਿੰਗਾਈ ਦੀ ਮਾਰ ਤੇ ਨਕਦੀ ਦੀ ਕਮੀ ਨੇ ਜਿਸ ਹੱਦ ਤਕ ਯੂਰਪ ਨੂੰ ਹਿਲਾ ਕੇ ਰੱਖ ਦਿੱਤਾ ਹੈ, ਉਸ ਤੋਂ ਖਹਿੜਾ ਛੁਡਾਉਣ ਲਈ ਇਹਨਾਂ ਦੇਸ਼ਾਂ ਨੂੰ ਕਈ ਕਠੋਰ ਫੈਸਲੇ ਲੈਣੇ ਪੈਣਗੇ। ਕਰਜਾ ਸਮੱਸਿਆ ਨਾਲ ਗ੍ਰਸਿਤ ਦੇਸ਼ਾਂ ’ਚ ਇਟਲੀ, ਸਪੇਨ, ਗ੍ਰੀਸ ਤੇ ਹੋਰਾਂ ਲਈ ਆਉਣ ਵਾਲਾ ਦੌਰ ਕਾਫੀ ਕਠਿਨਾਈ ਭਰਿਆ ਹੋਵੇਗਾ। ਇਹਨਾਂ ਦੇਸ਼ਾਂ ’ਚ ਵਿਤੀ ਅਨੁਸਾਸ਼ਨ ਦੀ ਪਾਲਣਾ ਕਰਨ ਦਾ ਮਤਲਬ ਹੋਵੇਗਾ ਕਿ ਉਥੇ ਸਮਾਜਕ ਸੁਰਖਿਆ ਦੇ ਖਰਚੇ ਘੱਟ ਕੀਤੇ ਜਾਣ ਅਤੇ ਟੈਕਸ ਵਧਾ ਦਿੱਤਾ ਜਾਣ। ਜਿਉਂ ਹੀ ਇਹਨਾਂ ਦੋਨਾਂ ਯੋਜਨਾਵਾਂ ’ਤੇ ਅਮਲ ਸ਼ੁਰੂ ਹੋਵੇਗਾ, ਤਿਉਂ ਹੀ ਰੁਜ਼ਗਾਰ ’ਚ ਕਟੌਤੀ ਦੀ ਮਾਰ ਲੋਕਾਂ ਉਪਰ ਕਹਿਰ ਬਣ ਕੇ ਡਿਗੇਗੀ। ਵੈਸੇ ਰੁਜ਼ਗਾਰ ’ਚ ਕਮੀ ਦੀ ਕੁਹਾੜੀ ਹੁਣ ਤੋਂ ਹੀ ਚਲਣੀ ਸ਼ੁਰੂ ਹੋ ਗਈ ਹੈ। ਜਪਾਨ ਤੋਂ ਲੈ ਕੇ ਬ੍ਰਿਟੇਨ ਤਕ ਦੀਆਂ ਕੰਪਨੀਆਂ ਅਮਰੀਕਾ ਸਮੇਤ ਸਮੁੱਚੇ ਯੂਰਪ ’ਚ ਆਪਣੇ ਇੱਥੇ ਸਥਿਤ ਕਾਰਖਾਨਿਆਂ ’ਚ ਛਾਂਟੀ ਦਾ ਐਲਾਨ ਕਰ ਚੁੱਕੀ ਹੈ। ਬ੍ਰਿਟੇਨ ਦੀ ਤਨਖਾਹਾਂ ਤੇ ਪੈਨਸ਼ਨ ਦੀ ਨੀਤੀ ’ਤੇ ਨਵਾਂ ਕਾਨੂੰਨ ਲਿਆਉਣਾ ਪੈ ਰਿਹਾ ਹੈ। ਇਸ ਨਾਲ ਡਾਕਟਰਾਂ ਤੇ ਦੂਜੇ ਮੈਡੀਕਲ ਕਰਮਚਾਰੀਆਂ ਦੇ ਸੰਗਠਨਾਂ ਨੇ ਤੀਹ ਸਾਲ ’ਚ ਪਹਿਲੀ ਵਾਰੀ ਸਮੁੱਚੇ ਬ੍ਰਿਟੇਨ ’ਚ ਹੜਤਾਲ ਦੀ ਧਮਕੀ ਦੇ ਦਿੱਤੀ ਹੈ। ਉਥੇ 13000 ਡਾਕਟਰਾਂ ਨੂੰ ਮਿਲਣ ਵਾਲੀ ਤਰੱਕੀ ਦੀ ਨੀਤੀ ’ਚ ਤਬਦੀਲੀ ਲਿਆ ਕੇ ਸਰਕਾਰੀ ਖਜ਼ਾਨੇ ਨੂੰ ਹੋ ਰਹੀ ਭਾਰੀ ਆਰਥਕ ਹਾਨੀ ਨੂੰ ਘੱਟ ਕਰਨ ਦੀ ਕੋਸ਼ਿਸ਼ ’ਚ ਜੁਟੀ ਹੈ। ਇਹ ਕਿਹਾ ਜਾ ਸਕਦਾ ਹੈ ਕਿ ਆਰਥਕ ਸੰਕਟ ਨਾਲ ਘਿਰੇ ਮੁਲਕਾਂ ਦੀਆਂ ਸਰਕਾਰਾਂ ਬੌਖਲਾਹਟ ’ਚ ਕਾਰਜ ਯੋਜਨਾਵਾਂ ਤਹਿ ਕਰਦੀਆਂ ਨਜ਼ਰ ਆ ਰਹੀਆਂ ਹਨ। ਇਸ ਦਾ ਖਮਿਆਜਾ ਆਮ ਆਦਮੀ ਨੂੰ ਹੀ ਭੁਗਤਣਾ ਪਵੇਗਾ, ਜੋ ਪਹਿਲਾਂ ਤੋਂ ਹੀ ਆਪਣੇ ਨਿਵੇਸ਼ ’ਚ ਭਾਰੀ ਘਾਟਾ ਝੱਲ ਰਿਹਾ ਹੈ।

# ਯੂਰੋਜੋਨ ਦਾ ਕਰਜਾ ਸੰਕਟ ਹੈ ਕੀ?

ਯੂਨਾਨ ਤੇ ਇਟਲੀ ਦੀਆਂ ਸਰਕਾਰਾਂ ਡਿੱਗ ਪਈਆਂ ਹਨ, ਸਪੇਨ ਦੀ ਹਾਲਤ ਵੀ ਬੇਹਤਰ ਨਹੀਂ ਦਿਸਦੀ। ਜੋ ਸੰਕਟ ਯੂਰਪ ਦੇ ਸਭ ਤੋਂ ਕੰਮਜੋਰ ਅਰਥਚਾਰਿਆਂ ਤੋਂ ਸ਼ੁਰੂ ਹੋਇਆ ਸੀ ਉਹ ਹੁਣ ਕੁਝ ਵੱਡਿਆਂ ਨੂੰ ਆਪਣੀ ਲਪੇਟ 'ਚ ਲੈ ਚੁਕਿਆ ਹੈ। ਸਪੇਨ ਤੇ ਇਟਲੀ ਨੂੰ (ਇੰਗਲੈਂਡ ਨੂੰ ਛੱਡ ਕੇ ਕਿਉਂਕਿ ਉਸ ਦੇ ਅਰਥਚਾਰੇ ਦਾ ਰਿਸ਼ਤਾ ਯੂਰਪ ਦੇ ਅਰਥਚਾਰੇ ਨਾਲ ਉਨਾ ਨਹੀਂ ਹੈ ਜਿੰਨਾ ਅਮਰੀਕੀ ਧੁਰੀ ਨਾਲ ਹੈ) ਜਰਮਨੀ ਤੇ ਫ੍ਰਾਂਸ ਪਿੱਛੋਂ ਯੂਰਪ ਦਾ ਸਭ ਤੋਂ ਵੱਡਾ ਅਰਥਚਾਰਾ ਮੰਨਿਆ ਜਾਂਦਾ ਹੈ। ਯੂਰਪੀ ਸੰਘ ਦੇ ਕੁਲ ਘਰੇਲੂ ਪੈਦਾਵਾਰ ਦਾ 17ਫੀਸਦੀ ਇਟਲੀ ਦੇ ਅਰਥਚਾਰੇ ਤੋਂ ਆਉਂਦਾ ਹੈ। ਅਜਿਹੇ 'ਚ ਜੇ ਇਟਲੀ ਦੀ ਅਰਥਚਾਰਾ ਦਿਵਾਲੀਆ ਹੁੰਦਾ ਹੈ ਤਾਂ ਨਿਸਚੈ ਹੀ ਯੂਰੋਜੋਨ ਨੂੰ ਖਤਰੇ 'ਚ ਪਾ ਦੇਵੇਗਾ। ਇਸ ਖਤਰੇ ਦੇ ਹਕੀਕਤ 'ਚ ਤਬਦੀਲ ਹੋ ਜਾਣ ਦੀ ਅੱਛੀ ਖਾਸੀ ਸੰਭਾਵਨਾ ਹੈ। ਮੌਜੂਦਾ ਸੰਕਟ ਅਸਲ ਵਿੱਚ ਅਮਰੀਕਾ 'ਚ 2007 'ਚ ਸ਼ੁਰੂ ਹੋਇਆ ਸਬ-ਪ੍ਰਾਈਮ ਸੰਕਟ ਦਾ ਹੀ ਇਕ ਵਿਸਥਾਰ ਹੈ। ਸਬਪ੍ਰਾਈਮ ਸੰਕਟ ਦੌਰਾਨ ਅਮਰੀਕਾ ਦੇ ਸਾਰੇ ਵਿਤੀ ਅਦਾਰਿਆਂ ਨੇ ਖਰਾਬ, ਆਰਥਕ ਸਥਿਤੀ ਵਾਲੇ ਲੋਕਾਂ ਨੂੰ ਆਮ ਤੌਰ 'ਤੇ ਘਰ ਖਰੀਦਣ ਲਈ ਕਰਜੇ ਦਿੱਤੇ, ਅਤੇ ਉਹਨਾਂ ਖਰਾਬ ਕਰਜਿਆਂ ਨੂੰ ਅੱਛੀ ਤੇ ਦਰਮਿਆਨੀ ਸ੍ਰੇਣੀ ਨਾਲ ਮਿਲਾ ਕੇ ਇਕ ਨਵਾਂ ਵਿਤੀ ਮਾਲ ਜਾਂ ਉਪਕਰਣ ਬਣਾਇਆ ਜਿਸ ਨੂੰ 'ਕੋਲੇਟਰਲ ਡੇਟ ਆਬਿਲਗੇਸ਼ਨ' ਆਖਿਆ ਗਿਆ। ਫਿਰ ਇਹਨਾਂ ਪੈਕਜਾਂ ਨੂੰ ਪੂਰੇ ਸੰਸਾਰ ਦੇ ਹੋਰ ਬੈਂਕਾਂ ਤੇ ਵਿਤੀ ਅਦਾਰਿਆਂ ਨੂੰ ਵੇਚਿਆ ਗਿਆ ਤਾਂ ਕਿ ਕਰਜੇ ਨਾਲ ਜੁੜਿਆ ਜੋਖਮ ਸਮਝਿਆ ਜਾ ਸਕੇ। ਇਹਨਾਂ ਨੂੰ ਖਰੀਦਣ ਵਾਲੇ ਬੈਂਕਾਂ ਨੂੰ ਨਹੀਂ ਪਤਾ ਸੀ ਕਿ ਇਹਨਾਂ ਪੈਕਜਾਂ 'ਚ ਖਰਾਬ ਕਰਜਾ ਵੀ ਸ਼ਾਮਲ ਹੈ। ਉਹਨਾਂ ਨੇ ਇਸ ਨੂੰ ਬੇਝਿਕ ਖਰੀਦਿਆ। ਇਹ ਸਭ ਕਰਨ ਪਿੱਛੋਂ ਅਮਰੀਕਾ ਦੇ ਵਿਤੀ ਅਦਾਰਿਆਂ ਦੀ ਇਕ ਮਜ਼ਬੂਰੀ ਸੀ- ਪੂੰਜੀ ਦੀ ਬਹੁਲਤਾ। ਇਸ ਵਿਤੀ ਪੂੰਜੀ ਦੇ ਅੰਬਾਰ ਨੂੰ ਜੇ ਸਰਕੂਲੇਸ਼ਨ 'ਚ ਨਾ ਉਤਾਰਿਆ ਜਾਂਦਾ ਤਾਂ ਇਹ ਅਦਾਰੇ ਬਰਬਾਦ ਹੋ ਜਾਂਦੇ। ਸਿੱਟੇ ਵਜੋਂ ਅਮਰੀਕੀ ਸਰਕਾਰ ਨੇ ਨਾਹਰਾ ਦਿੱਤਾ ਕਿ ਉਹ ਇਕ ਇਨਕਲਾਬੀ ਕੰਮ ਕਰ ਰਹੀ ਹੈ। ਯਾਨੀ ਅਮਰੀਕੀ ਸਮਾਜ ਦੇ ਗਰੀਬ ਲੋਕਾਂ ਤਕ ਇਸ ਕਰਜੇ ਨੂੰ ਪਹੁੰਚਾ ਰਹੀ ਹੈ। ਪਰ ਇਸ ਪਿੱਛੇ ਸੱਚਾਈ ਇਹ ਸੀ ਕਿ ਇਹਨਾਂ ਕਰਜ਼ਿਆਂ 'ਤੇ ਮਿਸ਼ਰਤ ਵਿਆਜ ਦਰਾਂ ਲਾਈਆਂ ਗਈਆਂ ਸਨ। ਯਾਨੀ ਅਜਿਹੀਆਂ ਦਰਾਂ ਜਿਹਨਾਂ ਨੂੰ ਬੈਂਕ ਜਾਂ ਵਿਤੀ ਅਦਾਰੇ ਆਪਣੀਆਂ ਲੋੜ ਮੁਤਾਬਕ ਵਧਾ ਸਕਦੇ ਸਨ। ਇਸ ਤਰ੍ਹਾਂ ਜਦ ਵੀ ਅਮਰੀਕੀ ਕੇਂਦਰੀ ਬੈਂਕ ਫੈਡਰਲ ਰਿਜ਼ਰਵ ਬੈਂਕਾਂ ਨੂੰ ਦਿੱਤੇ ਜਾਣ ਵਾਲੇ ਕਰਜਿਆਂ ਤੇ ਵਿਆਜ ਦਰਾਂ 'ਚ ਵਾਧਾ ਕਰਦਾ। ਤਦ-ਤਦ ਇਹਨਾਂ ਮਿਸ਼ਰਤ ਵਿਆਜ ਵਾਲੇ ਕਰਜ਼ਿਆਂ ਤੇ ਵਿਆਜ ਦਰਾਂ 'ਚ ਵਾਧਾ ਕਰਦਾ। 2007 'ਚ ਇਹ ਵਿਆਜ ਦਰਾਂ 30 ਫੀਸਦੀ ਤਕ ਪਹੁੰਚਣ ਲੱਗੀਆਂ। ਸਿੱਟੇ ਵਜੋਂ ਆਮ ਨਿਮਨ ਮੱਧ ਵਰਗੀ ਅਮਰੀਕੀ ਲਈ ਵਿਆਜ ਮੋੜਨਾ ਵੀ ਮੁਸ਼ਕਿਲ ਹੋ ਗਿਆ। ਉਸ ਦੇ ਘਰ ਦਾ ਸੁਪਨਾ ਚਕਨਾ ਚੂਰ ਹੋ ਗਿਆ, ਜਿਸ ਨੂੰ ਬੈਂਕ ਨੇ ਜ਼ਬਤ ਕਰ ਲਿਆ। ਪਰ ਇਹੀ ਅਮਲ ਵੱਡੇ ਪੈਮਾਨੇ 'ਤੇ ਹੋਇਆ ਤੇ ਵੱਡੀ ਗਿਣਤੀ 'ਚ ਲੋਕਾਂ ਨੇ ਕਰਜੇ

ਦਾ ਮੂਲ ਧਨ ਤਾਂ ਦੂਰ, ਉਸ ਦੇ ਵਿਆਜ ਦੀ ਅਦਾਇਗੀ 'ਚ ਵੀ ਅਸਮਰਥਾ ਜਾਹਿਰ ਕਰ ਦਿੱਤੀ। ਸਿੱਟੇ ਵਜੋਂ ਇਹ ਬੈਂਕ ਤੇ ਵਿਤੀ ਅਦਾਰੇ ਸੰਕਟ 'ਚ ਆ ਗਏ ਜਿਹਨਾਂ ਨੂੰ ਸਬਪ੍ਰਾਈਮ ਕਰਜਾ ਦਿੱਤਾ ਗਿਆ ਸੀ।

ਪਰ ਇਹ ਤਾਂ ਸਿਰਫ ਸ਼ੁਰੂਆਤ ਸੀ ਕਿਉਂਕਿ ਇਹਨਾਂ ਬੈਂਕਾਂ ਨੇ ਪੂਰੀ ਦੁਨੀਆਂ ਦੇ ਸਾਰੇ ਬੈਕਾਂ ਤੇ ਵਿਤੀ ਅਦਾਰਿਆਂ ਨੂੰ ਕੋਲੇਟਰੇਲ ਤੇਟ ਅਬਲੀਗੇਸ਼ਨ ਪੈਕੇਜ ਵੇਚਕੇ ਇਹ ਖਤਰਨਾਕ ਵਿੱਤੀ ਕਚਰਾ ਪੂਰੀ ਦੁਨੀਆਂ 'ਚ ਫੈਲਾਅ ਦਿੱਤਾ ਸੀ। ਅੰਤ 'ਚ ਜੋ ਹੋਣਾ ਸੀ ਉਹੀ ਹੋਇਆ। ਜਿਉਂ ਹੀ ਅਮਰੀਕਾ 'ਚ ਕਰਜਾ ਦਿਵਾਲੀਆਪਣ ਤੇਜੀ ਨਾਲ ਵਧਿਆ ਵੈਸੇ ਹੀ ਸਾਰੇ ਬੈਂਕ ਤੇ ਵਿਤੀ ਅਦਾਰੇ ਦਿਵਾਲੀਆ ਹੋਣ ਲੱਗੇ। ਹੁਣ ਕਿਉਂਕਿ ਵਿਤੀ ਪੂੰਜੀ ਦੀ ਹਕੂਮਤ ਦੇ ਇਸ ਦੌਰ 'ਚ ਉਦਯੋਗ, ਤਾਣੇ-ਬਾਣੇ ਤੇ ਸਰਕਾਰੀ ਖਰਚ ਆਦਿ 'ਚ ਹੋਣ ਵਾਲਾ ਨਿਵੇਸ਼ ਵੀ ਵਿਤੀ ਪੂੰਜੀ ਦੇ ਕੰਟਰੋਲ 'ਚ ਰਹਿੰਦਾ ਹੈ, ਇਸ ਲਈ ਵਿਤੀ ਬਜ਼ਾਰ ਦਾ ਇਹ ਸੰਕਟ ਦੇਖਦੇ-ਦੇਖਦੇ ਅਖੌਤੀ 'ਅਸਲੀ ਅਰਥਚਾਰੇ' ਤਕ ਫੈਲ ਗਿਆ ਅਤੇ ਇਕ ਪੂਰੇ ਦਾ ਪੂਰਾ ਆਰਥਕ ਸੰਕਟ ਬਣ ਗਿਆ। ਅਮਰੀਕਾ ਤੇ ਯੂਰਪ ਦੇ ਬੈਂਕਾਂ ਨੂੰ ਤਬਾਹ ਹੋਣ 'ਤੇ ਨਿਸ਼ਚੈ ਹੀ ਸਰਕਾਰ ਇਹਨਾਂ ਨੂੰ ਬਚਾਉਣ ਆਉਂਦੀ ਤੇ ਉਹ ਆਈ ਵੀ। ਅਮਰੀਕਾ ਤੋਂ ਲੈ ਕੇ ਯੂਰਪ ਤਕ ਲੋਕਾਂ ਦੇ ਖਜ਼ਾਨੇ ਤੋਂ ਸਰਕਾਰ ਨੇ ਕਈ ਖਰਬ ਡਾਲਰ ਦੇ ਬੇਲ ਆਊਟ ਪੈਕੇਜ ਦੇ ਕੇ ਬਜ਼ਾਰ 'ਚ ਫਿਰ ਤੋਂ ਤਰਲਤਾ ਨੂੰ ਪੰਪ ਕੀਤਾ ਅਤੇ ਇਹਨਾਂ ਬੈਂਕਾਂ ਨੂੰ ਬਚਾਇਆ। ਕੋਈ ਨੌ ਸੁਖਿਆ ਹੀ ਦਸ ਸਕਦਾ ਹੈ ਕਿ ਸੱਟੇਬਾਜ ਤੇ ਜੂਆਘਰ ਅਸਲਾ 'ਚ ਇਹ ਪੈਸਾ ਵੀ ਜੂਏ ਤੇ ਸੱਟੇਬਾਜੀ 'ਚ ਲੱਗਣਾ ਸੀ ਇਸ ਨਾਲ ਸੰਕਟ ਦੂਰ ਹੋਣਾ ਤਾਂ ਦੂਰ ਦੀ ਗੱਲ ਸੰਕਟ ਹੋਰ ਵਧਣਾ ਹੀ ਸੀ। ਅਸਲ 'ਚ ਯੂਰੋਜੋਨ ਦਾ ਸੰਕਟ ਇਸ ਦੂਜੇ ਪੜਾਅ ਦੀ ਭ੍ਰਾਂਤੀ ਹੈ ਜਿਸ 'ਚ ਸੰਕਟ ਰਾਜ ਅਤੇ ਅਸਲ ਅਰਥਚਾਰੇ ਤਕ ਪਹੁੰਚ ਚੁਕਿਆ ਹੈ।

ਮੌਜੂਦਾ ਸੰਕਟ ਹੈ ਕਿਉਂ, ਕਦੋਂ ਤਕ ਰਹੇਗਾ ਅਤੇ ਇਹ ਸੰਕਟ ਹੈ ਕੀ?

ਯੂਰਪ 'ਚ ਹੁਣ ਜੋ ਹੋ ਰਿਹਾ ਹੈ। ਉਸ ਦੀ ਘਟਨਾ ਲੜੀ ਕੁਝ ਇਸ ਤਰ੍ਹਾਂ ਹੈ। ਪਹਿਲਾਂ ਬੈਂਕ ਤਬਾਹ ਹੋਏ। ਫੇਰ ਬੈਕਾਂ ਨੂੰ ਬਚਾਉਣ ਲਈ ਉਹਨਾਂ ਸਰਕਾਰਾਂ ਨੇ ਬੇਲ ਆਊਟ ਪੈਕੇਜ ਦਿੱਤੇ, ਇਹਨਾਂ ਪੈਕੇਜਾਂ ਕਾਰਨ ਸਰਕਾਰੀ ਖਜਾਨੇ ਨੂੰ ਭਾਰੀ ਬੋਝ ਝਲਣਾ ਪਿਆ। ਇਸ ਘਾਟੇ ਨਾਲ ਨਿਪਟਣ ਲਈ ਸਰਕਾਰਾਂ ਕੋਲ ਆਮ ਤੌਰ 'ਤੇ ਤਿੰਨ ਰਾਹ ਹੁੰਦੇ ਹਨ, ਜੇ ਅਰਥਚਾਰੇ ਦੀ ਹਾਲਤ ਅੱਛੀ ਹੋਵੇ। ਇਹਨਾਂ ਤਿੰਨਾਂ ਰਾਹਾਂ ਦੀ ਗੱਲ ਆਪਾਂ ਅੱਗੇ ਕਰਾਂਗੇ। ਹਾਲ ਦੀ ਘੜੀ ਏਨਾ ਦੱਸਣਾ ਜ਼ਰੂਰੀ ਹੋਵੇਗਾ ਕਿ ਯੂਰਪ ਦੇ ਮੁਕਾਬਲਤਨ ਕੰਮਜ਼ੋਰ ਅਰਥਚਾਰਿਆਂ ਕੋਲ ਇਹ ਤਿੰਨੋ ਹੀ ਰਾਹ ਨਹੀਂ ਸਨ। ਘੱਟੋ-ਘੱਟ ਯੂਰੋ ਜੋਨ ਦੇ ਅੰਦਰ ਰਹਿੰਦਿਆਂ ਤਾਂ ਨਹੀਂ ਸਨ। ਇਸ ਲਈ ਪਹਿਲਾਂ ਆਪਣੇ ਆਪ ਨੂੰ ਵਿਸ਼ਵੀ ਵਿਤੀ ਬਾਜ਼ਾਰ ਦੇ ਸੰਕਟ ਵਜੋਂ ਸ਼ੁਰੂ ਹੋਏ ਸਾਮਰਾਜੀ ਸੰਕਟ ਨੇ ਇਸ ਵਾਰੀ ਕਰਜਾ ਸੰਕਟ ਵਜੋਂ ਆਪਣੇ ਆਪ ਨੂੰ ਪੇਸ਼ ਕੀਤਾ ਹੈ ਅਤੇ ਇਸ ਭੁਚਾਲ ਦਾ ਕੇਂਦਰ ਇਸ ਵਾਰੀ ਯੂਰੋ ਜੋਨ ਹੈ। ਯੂਰਪੀ ਦੇਸ਼ਾਂ, ਖਾਸ ਕਰਕੇ ਯੁਨਾਨ, ਪੁਰਤਗਾਲ, ਸਪੇਨ ਤੇ ਇਟਲੀ ਦੀਆਂ ਸਰਕਾਰਾਂ ਨੇ ਬੈਂਕਾਂ ਨੂੰ ਦਿੱਤੇ ਗਏ ਬੇਲ ਆਊਟ ਨਾਲ ਪਏ ਘਾਟਿਆਂ ਨਾਲ ਨਿਪਟਣ ਲਈ ਕਰਜਾ ਲੈਣਾ ਸ਼ੁਰੂ ਕੀਤਾ। ਇਹ ਕਰਜੇ ਸਰਕਾਰੀ ਬਾਂਡਾ ਵਜੋਂ ਲਏ ਜਾਂਦੇ ਹਨ। ਸਰਕਾਰਾਂ ਆਪਣਾ ਬਾਂਡ ਵਿਤੀ ਬਜ਼ਾਰ 'ਚ ਉਤਾਰਦੀਆਂ ਹਨ, ਉਹਨਾਂ ਨੂੰ ਬੈਂਕ ਵਿਤੀ ਅਦਾਰੇ ਤੇ ਵੱਡੇ ਵਿਤੀ ਨਿਵੇਸ਼ਕ ਖਰੀਦਦੇ ਹਨ। ਇਸ

ਬਾਂਡ 'ਤੇ ਸਰਕਾਰ ਰੈਗੂਲਰ ਵਿਆਜ ਦਿੰਦੀ ਹੈ ਤੇ ਉਸ ਦਾ ਅਰਸਾ ਪੂਰਾ ਹੋਣ ਪਿੱਛੋਂ ਮੂਲਧਨ ਦਾ ਭੁਗਤਾਨ ਕਰ ਦਿੰਦੀ ਹੈ। ਇਸ ਵਾਰੀ ਵੀ ਯੂਨਾਨ, ਇਟਲੀ ਤੇ ਸਪੇਨ ਦੀਆਂ ਸਰਕਾਰਾਂ ਨੇ ਇਹੀ ਕੀਤਾ, ਪਰ ਸੰਕਟ ਦੇ ਦੌਰ ਵਿੱਚ ਇਹਨਾਂ ਬਾਂਡਾਂ ਲਈ ਵਿਤੀ ਬਜ਼ਾਰ 'ਚ ਬਹੁਤੇ ਖਰੀਦਦਾਰ ਨਹੀਂ ਸਨ। ਕਾਰਨ ਇਹ ਸੀ ਕਿ ਸੰਕਟ ਦੇ ਸ਼ੁਰੂ ਹੋਣ ਪਿੱਛੋਂ ਤੇ ਬਲੇਆਊਟ ਪੈਕੇਜਾਂ ਦੇ ਦਿੱਤੇ ਜਾਣ ਪਿੱਛੋਂ ਸਰਕਾਰਾਂ ਨੇ ਆਪਣੇ ਨਿਯਮਤ ਖਰਚਿਆਂ ਨੂੰ ਪੂਰਾ ਕਰਨ ਲਈ ਏਨਾ ਕਰਜਾ ਲੈ ਲਿਆ ਸੀ ਕਿ ਕਈ ਦੇਸ਼ਾਂ 'ਚ ਇਹ ਕਰਜਾ ਕੁਲ ਘਰੇਲੂ ਪੈਦਾਵਾਰ ਦੇ 100 ਫੀਸਦੀ ਤੋ ਵੀ ਵੱਧ ਹੋ ਗਿਆ ਸੀ। ਸਿੱਟਾ ਇਹ ਹੋਇਆ ਕਿ ਇਹਨਾਂ ਸਰਕਾਰਾਂ ਸਾਹਮਣੇ ਭਿਅੰਕਰ ਸੰਕਟ ਪੇਸ਼ ਹੋ ਗਿਆ ਹੈ। ਖਾਸ ਕਰਕੇ ਯੂਨਾਨ ਦੀ ਸਰਕਾਰ ਪਾਸ ਤਾਂ ਅਗਲੇ ਮਹੀਨੇ ਆਪਣੇ ਮੁਲਾਜਮਾਂ ਨੂੰ ਤਨਖਾਹਾਂ ਦੇਣ ਅਤੇ ਆਪਣੇ ਸੇਵਾ-ਮੁਕਤ ਲੋਕਾਂ ਨੂੰ ਪੈਨਸ਼ਨ ਦੇਣ ਤਕ ਲਈ ਪੈਸਾ ਨਹੀਂ ਹੈ। ਅਤੇ ਜਦ ਕੇਂਦਰੀ ਯੂਰਪੀ ਬੈਂਕ, ਕੌਮਾਂਤਰੀ ਮੁਦਰਾ ਕੋਸ਼ ਆਦਿ ਤੋਂ ਵੀ ਜ਼ਰੂਰੀ ਸਹਾਇਤਾ ਨਾ ਮਿਲੀ ਤਾਂ ਯੂਨਾਨ ਦੇ ਸਾਬਕਾ ਪ੍ਰਧਾਨ ਮੰਤਰੀ ਪਾਪੈਂਡਰੂ ਨੇ ਇਸ ਸਬੰਧੀ ਲੋਕ ਰਾਇ ਇਕੱਠੀ ਕਰਨ ਦਾ ਐਲਾਨ ਕਰ ਦਿੱਤਾ ਕਿ ਯੂਨਾਨ ਯੂਰੋਜੋਨ 'ਚ ਰਹੇ ਜਾ ਨਾਂ। ਕਾਰਨ ਇਹ ਹੈ ਕਿ ਇਸ ਸੰਕਟ ਨਾਲ ਅਸਥਾਈ ਤੌਰ 'ਤੇ ਨਿਪਟਣ ਲਈ ਇਕ ਰਾਹ ਸੀ ਮੁਦਰਿਕ ਸੁਧਾਰ ਦਾ। ਇਸ ਦਾ ਅਰਥ ਇਹ ਸੀ ਕਿ ਯੂਨਾਨ ਦਾ ਕੇਂਦਰੀ ਸਰਕਾਰੀ ਬੈਂਕ ਅਤੇ ਵੱਧ ਮੁਦਰਾ ਪਬਲੀਕੇਸ਼ਨ ਸਿਕੇ ਦਾ ਫੈਲਾਅ ਹੁੰਦਾ ਤੇ ਕੁਝ ਸਮੇਂ ਲਈ ਵਧੀ ਹੋਈ ਬੇਰੁਜ਼ਗਾਰੀ ਤੇ ਮਹਿੰਗਾਈ ਦੇ ਨਾਲ ਸੰਕਟ ਨੂੰ ਕੁਝ ਸਮੇਂ ਲਈ ਟਾਲਿਆ ਜਾ ਸਕਦਾ ਸੀ। ਪਰ ਯੂਰੋਜੋਨ 'ਚ ਰਹਿੰਦੇ ਹੋਏ ਇਹ ਸੰਭਵ ਨਹੀਂ ਸੀ ਕਿਉਂਕਿ ਯੂਰੋਜੋਨ ਇਕ ਹੀ ਮੁਦਰਾ ਯੂਰੋ ਦੀ ਵਰਤੋਂ ਕਰਦਾ ਹੈ ਤੇ ਕੋਈ ਵੀ ਇਕ ਮੈਂਬਰ ਦੇਸ਼ ਆਪਣੀ ਪੱਧਰ 'ਤੇ ਇਸ ਦਾ ਮੁੱਲ ਘਟਾਉਣ ਜਾਂ ਵਧਾਉਣ ਦਾ ਫੈਸਲਾ ਨਹੀਂ ਲੈ ਸਕਦਾ ਹੈ। ਇਹ ਯੂਰਪੀ ਮੁਦਰਿਕ ਸੰਘ ਤੇ ਯੂਰਪੀ ਕੇਂਦਰੀ ਬੈਂਕ ਵੱਲੋਂ ਤਹਿ ਕੀਤਾ ਜਾਂਦਾ ਹੈ।

ਦੱਸਣ ਦੀ ਲੋੜ ਨਹੀਂ ਹੈ ਕਿ ਇਹਨਾਂ ਮੰਚਾਂ 'ਤੇ ਫਰਾਂਸ ਤੇ ਖਾਸ ਕਰਕੇ ਜਰਮਨੀ ਅਨੁਸਾਰ ਨੀਤੀਆਂ ਨਿਰਧਾਰਿਤ ਹੁੰਦੀਆਂ ਹਨ। ਅਤੇ ਜਰਮਨੀ ਤੇ ਫਰਾਂਸ ਨੇ ਯੂਨਾਨੀ ਸੰਕਟ ਦਾ ਬੋਝ ਆਪਣੇ ਅਰਥਚਾਰੇ 'ਤੇ ਪਾਉਣ ਤੋਂ ਸਾਫ ਇਨਕਾਰ ਕਰ ਦਿੱਤਾ ਹਾਲਾਂਕਿ ਇਹ ਸੰਕਟ ਉਹਨਾਂ ਦੀਆਂ ਉਦਾਰੀਕਰਨ ਦੀਆਂ ਨੀਤੀਆਂ ਕਾਰਨ ਪੈਦਾ ਹੋਇਆ ਸੀ। ਪਰ ਯੂਨਾਨੀ ਪ੍ਰਧਾਨ ਮੰਤਰੀ ਨੂੰ ਲੋਕ ਰਾਇ ਇਕੱਠੀ ਕਰਨੋਂ ਰੋਕ ਦਿੱਤਾ ਗਿਆ ਕਿਉਂਕਿ ਜਰਮਨੀ ਯੂਰਪੀ ਸੰਘ ਨੂੰ ਭੰਗ ਨਹੀਂ ਹੋਣ ਦੇਣਾ ਚਾਹੁੰਦਾ। ਉਹ ਉਸ ਅੰਦਰ ਆਪਣਾ ਹੋਰ ਡੂੰਘਾ ਦਬਦਬਾ ਕਾਇਮ ਕਰਨਾ ਚਾਹੁੰਦਾ ਹੈ। ਅਤੇ ਫਿਰ ਯੂਰੋਜੋਨ ਰਾਹੀਂ ਅਮਰੀਕੀ ਦਬਾ ਨਾਲ ਮੁਕਾਬਲਾ ਕਰਨਾ ਚਾਹੁੰਦਾ ਹੈ। ਫਿਲਹਾਲ ਉਹ ਸਫਲ ਹੋ ਗਿਆ ਹੈ। ਪਾਪੈਂਡਰੂ ਨੇ ਅਸਤੀਫਾ ਦੇ ਦਿੱਤਾ ਹੈ ਅਤੇ ਆਰਥਕ ਸੰਕਟ ਦੀ ਸਥਿਤੀ ਨਾਲ ਨਿਪਟਣ ਲਈ ਸਭ ਪਾਰਟੀਆਂ ਦੀ ਸਾਂਝੀ ਸਰਕਾਰ ਬਣੀ ਹੈ; ਜਿਸ ਦਾ ਨੇਤਾ ਇਕ ਤਾਨਾਸ਼ਾਹ ਉਦਾਰਵਾਦੀ ਪਾਪਾਡਿਮਾਸ ਨੂੰ ਚੁਣਿਆ ਗਿਆ ਹੈ। ਇਸ ਨਵੀਂ ਸਰਕਾਰ ਨੇ ਜਰਮਨ ਦੇ ਕਹੇ 'ਤੇ ਅਤੇ ਵੱਧ "ਕਿਫਾਇਤਸਾਰੀ" ਨੀਤੀਆਂ ਲਾਗੂ ਕਰਨ ਦਾ ਵਾਅਦਾ ਕੀਤਾ ਹੈ। ਜ਼ਾਹਿਰ ਹੈ ਕਿ ਪੂੰਜੀਵਾਦੀ ਸਰਕਾਰਾਂ ਕਿਫਾਇਤ ਹਮੇਸ਼ਾਂ ਲੋਕਾਂ 'ਤੇ ਹੋਣ ਵਾਲੇ ਖਰਚਿਆਂ 'ਚ ਕਰਦੀਆਂ ਹਨ, ਬੈਂਕਾਂ ਤੇ ਕਾਰਪੋਰੇਸ਼ਨਾ

ਨੂੰ ਦਿੱਤੀਆਂ ਜਾਣ ਵਾਲੀਆਂ ਛੋਟਾਂ ਤੇ ਬੇਲ ਆਊਟ ਪੈਕੇਜ ’ਚ ਨਹੀਂ। ਪਰ ਅਜੇ ਇਸ ਨਵੀਂ ਗਠਜੋੜ ਸਰਕਾਰ ਦਾ ਰਾਹ ਬਹੁਤ ਮੁਸ਼ਕਿਲ ਨਜ਼ਰ ਆ ਰਿਹਾ ਹੈ। ਕਾਰਨ ਇਹ ਹੈ ਕਿ ਸਰਕਾਰੀ ਖਰਚਿਆਂ ’ਚ ਕਟੌਤੀ ਦੇ ਸਿੱਟੇ ਵਜੋਂ ਵਧਦੀ ਬੇਰੁਜ਼ਗਾਰੀ, ਗਰੀਬੀ, ਮਹਿੰਗਾਈ, ਸਿੱਖਿਆ ਸਹੂਲਤਾਂ ਤੇ ਸਮਾਜਕ ਸੁਰਖਿਆ ਦੀ ਘਾਟ ਕਾਰਨ ਯੁਨਾਨੀ ਲੋਕ ਪਹਿਲਾਂ ਹੀ ਵਾਰ-ਵਾਰ ਸੜਕਾਂ ’ਤੇ ਉਤਰ ਰਹੇ ਹਨ। ਅਜਿਹੇ ’ਚ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਯੂਰੋਜੋਨ ਕਿੰਨੇ ਸਮੇਂ ਤਕ ਟਿਕ ਸਕਦਾ ਹੈ। ਇਕ ਸੰਭਾਵਨਾ ਇਹ ਵੀ ਹੈ ਕਿ ਇਸ ਸੰਕਟ ਦੀ ਸਥਿਤੀ ’ਚ ਨਿਮਨ ਮੱਧ ਵਰਗ ਤੇ ਆਮ ਮੱਧ ਵਰਗ ਵਿਚਕਾਰ ਅੰਨ੍ਹੀ ਕੌਮ ਪ੍ਰਸਤੀ, ਪ੍ਰਵਾਸੀਆਂ ਯਹੂਦੀਆਂ ਤੇ ਹੋਰ ਘੱਟ ਗਿਣਤੀਆਂ ਖਿਲਾਫ ਨਫਰਤ ਭੜਕਾ ਕੇ ਅਤੇ ਸੰਕਟ ਦੇ ਜਿੰਮੇਵਾਰ ਮਜ਼ਦੂਰਾਂ ਤੇ ਕਾਮਿਆਂ ਨੂੰ ਮਿਲਣ ਵਾਲੀ ਸਮਾਜਕ ਸੁਰਖਿਆ ‘ਉਚੀ’ ਮਜ਼ਦੂਰੀ ਤੇ ਸਹੂਲਤਾਂ ਨੂੰ ਦਸ ਕੇ ਕੋਈ ਧੁਰ-ਪਿਛਾਖੜੀ ਪਾਰਟੀ ਹਕੂਮਤ ’ਤੇ ਕਬਜਾ ਕਰ ਲਵੇ। ਹਾਲਾਂਕਿ ਹੰਗਰੀ ਯੂਰਪੀ ਸੰਘ ਦਾ ਮੈਂਬਰ ਨਹੀਂ ਹੈ ਪਰ ਆਰਥਕ ਸੰਕਟ ਦਾ ਅਸਰ ਉਥੇ ਵੀ ਏਨਾ ਹੀ ਵਿਸ਼ਾਲ ਸੀ ਅਤੇ ਉਥੇ ਇਹੀ ਹੋਇਆ ਹੈ। ਇਕ ਨਵਨਾਤਸੀ ਪਾਰਟੀ ਇਸ ਸਮੇਂ ਚੋਣਾਂ ਰਾਹੀਂ ਹਕੂਮਤ ’ਚ ਆ ਗਈ ਹੈ। ਫਿਨਲੈਂਡ ’ਚ ਵੀ ਅਜਿਹੀ ਸੰਭਾਵਨਾ ਬਹੁਤ ਨਜ਼ਰ ਆ ਰਹੀ ਹੈ। ਇਸ ਲਈ ਯੂਰੋਜੋਨ ਦਾ ਸੰਕਟ ਸਾਰੇ ਯੂਰਪੀ ਦੇਸ਼ਾਂ ’ਚ ਪਿਛਾਖੜੀਆਂ ਦੇ ਉਭਾਰ ਦਾ ਕਾਰਨ ਵੀ ਬਣ ਸਕਦਾ ਹੈ।

ਮੌਜੂਦਾ ਸੰਕਟ ਦੇ ਅਰਥ ਫੇਰ ਕੀ ਹੋ ਸਕਦੇ ਹਨ? ਹਾਲ ਦੀ ਘੜੀ, ਯੂਰੋਜੋਨ ਦੇ ਸੰਕਟ ਦੇ ਵਿਸਲੇਸ਼ਣ ਨੂੰ ਵਿਚਾਰਦੇ ਹਾਂ। ਮੌਜੂਦਾ ਯੂਰਪੀ ਸੰਕਟ ਨੇ ਕੁਝ ਗੱਲਾਂ ਇਕ ਦਮ ਸਪੱਸ਼ਟ ਕਰ ਦਿੱਤੀਆਂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਸਰਕਾਰੀ ਬਾਂਡਾਂ ਦੇ ਵੀ ਸੁਰਖਿਅਤ ਹੋਣ ਦੀ ਕੋਈ ਗਰੰਟੀ ਨਹੀਂ ਲਈ ਜਾ ਸਕਦੀ ਹੈ। ਯੁਨਾਨੀ ਸਰਕਾਰ ਦੇ ਬਾਂਡਾਂ ਦੇ ਨਾਲ ਇਹੀ ਹੋਇਆ ਹੈ। ਇਹਨਾਂ ਦੀ ਭਰੋਸੇਯੋਗਤਾ ਬਾਜ਼ਾਰ ’ਚ ਬੇਹੱਦ ਘਟ ਗਈ। ਜਿਸ ਕਾਰਨ ਇਸ ’ਚ ਕੋਈ ਵੀ ਨਿਵੇਸ਼ ਨਹੀਂ ਕਰਨਾ ਚਾਹੁੰਦਾ ਹੈ। ਯੁਨਾਨੀ ਸਰਕਾਰ ਦੇ ਕਦੀ ਵੀ ਦਿਵਾਲੀਆ ਹੋਣ ਜਾਣ ਦੇ ਖਤਰੇ ਦਾ ਐਲਾਨ ਹੋ ਸਕਦਾ ਹੈ। ਪਰ ਸੱਟੇਬਾਜਾਂ ਨੂੰ ਤਾਂ ਹਰ ਹਾਲਤ ਹੀ ਇਕ ਮੌਕਾ ਹੁੰਦਾ ਹੈ। ਸੱਟੇਬਾਜ਼ ਇਸ ’ਤੇ ਵੀ ਦਾਅ ਲਾ ਰਹੇ ਹਨ ਕਿ ਯੁਨਾਨ ਕਦੋਂ ਦਿਵਾਲੀਆ ਹੁੰਦਾ ਹੈ। ਇਸ ਸੰਕਟ ਦੀ ਖਾਸ ਗੱਲ ਇਹ ਹੈ ਕਿ ਸਾਰਾ ਕਰਜਾ ਇਕ ਐਸੀ ਮੁਦਰਾ ਵਿੱਚ ਹੈ ਜੋ ਕਿਸੇ ਇਕ ਦੇਸ਼ ਦੀ ਮੁਦਰਾ ਨਹੀਂ ਹੈ ਬਲਕਿ ਕਈ ਦੇਸ਼ਾਂ ਦੇ ਇਕ ਸਮੂਹ ਦੀ ਮੁਦਰਾ ਹੈ। ਦੂਜੀ ਖਾਸ ਗੱਲ ਇਹ ਹੈ ਕਿ ਸਰਕਾਰਾਂ ਵੱਡੇ ਬੈਂਕਾਂ ਤੇ ਵਿਤੀ ਅਦਾਰਿਆਂ ਦੇ ਕਰਜੇ ਹੇਠ ਦਬੀ ਹੋਈ ਹੈ। ਸਰਕਾਰੀ ਬਾਂਡ ਪਹਿਲਾਂ ਤੋਂ ਪ੍ਰਚਲਿਤ ਧਾਰਨਾਵਾਂ ਕਾਰਨ ਵਿਸਵਾਸ਼ਯੋਗ ਮੰਨੇ ਜਾਂਦੇ ਸਨ। ਇਕ ਕਾਰਨ ਇਹ ਸੀ ਕਿ ਸਰਕਾਰਾਂ ਕਦੀ ਵੀ ਟੈਕਸ ਪ੍ਰਣਾਲੀ ਰਾਹੀਂ ਸਾਧਨ ਜੁਟਾ ਸਕਦੀਆਂ ਹਨ। ਦੂਜਾ ਕਾਰਨ ਇਹ ਸੀ ਕਿ ਜਦ ਵੀ ਉਹ ਟੈਕਸ ਸਿਸਟਮ ’ਚ ਤਬਦੀਲੀ ਕਰਕੇ ਸਾਧਨ ਇਕੱਠੇ ਕਰਨ ’ਚ ਅਯੋਗ ਹੁੰਦੀਆਂ ਹਨ ਤਾਂ ਉਹ ਆਪਣੇ ਕੇਂਦਰੀ ਬੈਂਕਾਂ ਨੂੰ ਮੁਦਰਾਸਫਿਤੀ ਨੂੰ ਬਚਾਉਣ ਲਈ ਵੱਧ ਮੁਦਰਾ ਛਾਪਣ ਲਈ ਕਹਿ ਸਕਦੀਆਂ ਹਨ, ਇਸ ਲਈ ਬੈਂਕ ਵਿਤੀ ਅਦਾਰੇ ਤੇ ਨਿਵੇਸ਼ਕ ਸਰਕਾਰੀ ਬਾਡਾਂ ’ਚ ਬੇਝਿਜਕ ਨਿਵੇਸ਼ ਕਰਦੇ ਸਨ। ਉਹਨਾਂ ਨੂੰ ਲੱਗਦਾ ਸੀ ਕਿ ਇਸ ’ਤੇ ਨਿਯਮਤ ਰੂਪ ’ਚ ਵਿਆਜ

ਆਉਂਦਾ ਰਹੇਗਾ ਅਤੇ ਬਾਂਡ ਦੇ ਪਰਪੱਕ ਹੋਣ ਪਿੱਛੋਂ ਭੁਗਤਾਨ ਪੱਕਾ ਹੈ। ਪਰ ਯੂਰੋਜੋਨ ਦੇ ਮੌਜੂਦਾ ਸੰਕਟ ਦੇ ਦੌਰਾਨ ਇਹ ਦੋਨੋ ਹੀ ਧਾਰਨਾਵਾਂ ਭਰਮਾਊ ਸਿੱਧ ਹੋਈਆਂ। ਇਸ ਦੇ ਕਈ ਕਾਰਨ ਹਨ! ਪਹਿਲਾ ਕਾਰਨ ਇਹ ਸੀ ਕਿ ਸੰਕਟ ਗ੍ਰਸਿਤ ਦੇਸ਼ਾਂ ਦੀਆਂ ਸਰਕਾਰਾਂ ਧਨੀ ਜਮਾਤ ਤੇ ਟੈਕਸ ਵਧਾਉਣ ਦੀ ਜੁਅਰਤ ਨਹੀਂ ਕਰ ਸਕਦੀਆਂ ਸਨ ਵਰਨਾ ਜਿਸ ਪ੍ਰੀਘਟਨਾ ਨੂੰ ਪੂੰਜੀਵਾਦੀ ਅਰਥਸਾਸ਼ਤਰੀ 'ਟੈਕਸ ਰਿਵੋਲਟ' ਜਾਂ ਕਰ ਬਗਾਵਤ ਕਹਿੰਦੇ ਹਨ, ਉਹ ਵਾਪਰਦੀਆਂ। ਯਾਨੀ, ਪੂੰਜੀਵਾਦੀ ਜਮਾਤ ਇਸ ਸੰਕਟ ਦਾ ਇਕ ਪੈਸਾ ਵੀ ਬੋਝ ਚੁਕਣ ਲਈ ਤਿਆਰ ਨਹੀਂ। ਉਹ ਦੇ ਮੁਨਾਫੇ ਦੇ ਰੇਟ ਬੇਹੱਦ ਪੈਦਾਵਾਰ ਦੇ ਸੰਕਟ ਤੇ ਵਿਸ਼ਵੀ ਵਿਤੀ ਸੰਕਟ ਕਾਰਨ ਪਹਿਲਾਂ ਹੀ ਹੇਠਾਂ ਡਿੱਗ ਰਹੀਆਂ ਹਨ। ਅਜਿਹੇ 'ਚ ਉਹ ਟੈਕਸ ਵਧਾਏ ਜਾਣ ਕਰਕੇ ਆਪਣਾ ਮੁਕਾਬਲੇ ਵਾਲਾ ਤੱਤ ਗੁਆ ਬੈਠਦਾ ਤੇ ਸਰਮਾਏਦਾਰੀ ਪ੍ਰਬੰਧ ਇਹ ਸਹਿਣ ਨਹੀਂ ਕਰ ਸਕਦਾ ਹੈ। ਇਸ ਲਈ ਉਪਰ ਦੀਆਂ 10 ਫੀਸਦੀ ਧਨਾਢ ਜਮਾਤਾਂ 'ਤੇ ਟੈਕਸ ਦਾ ਬੋਝ ਵਧਾਇਆ ਨਹੀਂ ਜਾ ਸਕਦਾ ਸੀ। ਇਸ ਪਿੱਛੋਂ ਆਉਂਦੇ ਹਨ ਉਚ ਮੱਧਵਰਗ ਦੇ ਵੱਖ-ਵੱਖ ਅੰਗ ਜੋ ਕਿ ਵਿਸ਼ਵੀ ਕਰਣ ਦੇ ਦੌਰ 'ਚ ਪੂੰਜੀਵਾਦੀ ਰਾਜਸਤਾ ਦਾ ਮੁੱਖ ਸਮਾਜਕ ਹਿੱਸਾ ਹਨ। ਉਹਨਾਂ ਨੂੰ ਵੀ ਗੁੱਸੇ ਕਰਨ ਦਾ ਜੋਖਮ ਨਹੀਂ ਉਠਾਇਆ ਜਾ ਸਕਦਾ। ਸਿੱਟੇ ਵਜੋਂ ਸੂਈ ਆ ਕੇ ਰੁਕਦੀ ਹੈ ਆਮ ਮੇਹਨਤਕਸ਼ ਅਬਾਦੀ ਉਪਰ। ਪਰ ਯੁਨਾਨ ਸਬੰਧੀ ਇਹ ਵੀ ਸੰਭਵ ਨਹੀਂ ਸੀ ਕਿਉਂਕਿ ਆਮ ਮੇਹਨਤਕਸ਼ ਅਬਾਦੀ 'ਤੇ ਪੂੰਜੀਵਾਦੀ ਸੰਕਟ ਦਾ ਬੋਝ ਪਹਿਲਾਂ ਹੀ ਇਸ ਹੱਦ ਤਕ ਪਾਇਆ ਜਾ ਚੁਕਿਆ ਸੀ ਕਿ ਉਹ ਸੰਘਰਸ਼ ਕਰ ਰਹੇ ਸਨ ਜੇ ਇਸ ਪਿੱਛੋਂ ਹੋਰ ਵੱਧ ਬੋਝ ਉਹਨਾਂ 'ਤੇ ਪਾਇਆ ਜਾਂਦਾ ਤਾਂ ਬਾਗੀ ਹੋ ਸਕਦੀ ਸੀ। ਘੱਟੋ-ਘੱਟ ਫੌਰੀ ਤੌਰ 'ਤੇ ਅਜਿਹਾ ਕਰ ਸਕਣਾ ਸੰਭਵ ਨਹੀਂ ਸੀ ਅਜਿਹਾ ਕਰਨ ਲਈ ਪਹਿਲਾਂ ਕੌਮਪ੍ਰਸਤੀ, ਦੇਸ਼ ਭਗਤੀ ਤੇ ਕੌਮੀ ਸੁਰੱਖਿਆ ਸਬੰਧੀ ਪੂੰਜੀਵਾਦੀ ਪ੍ਰਚਾਰ ਮੁਹਿੰਮ ਚਲਦੀ ਜਿਸ 'ਚ ਆਮ ਗਰੀਬ ਮੇਹਨਤਕਸ਼ ਅਬਾਦੀ ਨੂੰ ਨਖੇੜ ਕੇ ਬਾਕੀ 30 ਫੀਸਦੀ ਅਬਾਦੀ ਨੂੰ ਪਿਛਾਖੜ ਵੱਲ ਮੋੜਿਆ ਜਾਂਦਾ। ਮਜ਼ਦੂਰ ਅੰਦੋਲਨ ਨੂੰ ਤੋੜਨ ਲਈ ਤਰ੍ਹਾਂ-ਤਰ੍ਹਾਂ ਦੇ ਵਿਚਾਰਾਤਮਕ ਤੇ ਰਾਜਸੀ ਅਦਾਰਿਆਂ ਦੀ ਵਰਤੋਂ ਕੀਤੀ ਜਾਂਦੀ ਤੇ ਉਸ ਵਿੱਚ ਫੁੱਟ ਪਾਈ ਜਾਂਦੀ ਤੇ ਫਿਰ ਕਿਸੇ ਸਰਬ ਸ਼ਕਤੀਮਾਨ ਫਾਸ਼ੀਵਾਦੀ ਸਰਕਾਰ ਦੇ "ਸਖਤ ਕਦਮਾਂ" ਰਾਹੀਂ ਇਹ ਕਾਰਜ ਪੂਰਾ ਕੀਤਾ ਜਾ ਸਕਦਾ ਸੀ। ਸ਼ਾਇਦ ਯੁਨਾਨੀ ਹਾਕਮ ਜਮਾਤ ਨੇ ਅਜੇ ਇਸੇ ਚੀਜ ਲਈ ਇਕ ਮੋਹਲਤ ਲਈ ਹੈ। ਇਸ ਤਰ੍ਹਾਂ ਸਾਫ ਹੈ ਕਿ ਯੁਨਾਨੀ ਹਾਕਮ ਜਮਾਤ ਤੁਰੰਤ ਕਿਸੇ ਵੀ ਜਮਾਤ 'ਤੇ ਟੈਕਸ ਦਾ ਬੋਝ ਵਧਾ ਕੇ ਆਪਣੀ ਆਮਦਨ ਨੂੰ ਨਹੀਂ ਵਧਾ ਸਕਦੀ ਸੀ।

ਦੂਜਾ ਰਾਹ, ਕਰੰਸੀ ਢਲਾਈ ਦਾ ਹੋ ਸਕਦਾ ਸੀ ਪਰ ਇਹ ਵੀ ਯੂਰੋਜੋਨ ਦੇ ਨਿਯਮਾਂ ਕਾਰਨ ਅਤੇ ਇਕ ਸਾਂਝੀ ਕਰੰਸੀ ਹੋਣ ਕਰਕੇ ਸੰਭਵ ਨਹੀਂ ਸੀ ਕਿਉਂਕਿ ਕਰੰਸੀ ਦੀ ਕਦਰਘਟਾਈ ਅਤੇ ਕਰੰਸੀ ਵਟਾਂਦਰੇ ਸਬੰਧੀ ਫੈਸਲਾ ਯੂਰਪੀ ਮੁਦਰਿਕ ਸੰਘ ਲੈਂਦਾ ਹੈ। ਇਸ ਲਈ ਸਰਕਾਰਾਂ ਨੂੰ ਕਰਜੇ ਦੀ ਲੋੜ ਹੁੰਦੀ ਹੈ ਤਾਂ ਉਹ ਨਿੱਜੀ ਨਿਵੇਸ਼ਾਂ ਬੈਂਕਾਂ ਤੇ ਸਾਰੇ ਵਿਤੀ ਅਦਾਰਿਆਂ 'ਖੁਲ੍ਹੇ ਬਾਜ਼ਾਰ' ਵੱਲ ਮੁੜਦੇ ਹਨ ਅਤੇ ਇਸ ਸਮੇਂ ਯੁਨਾਨ ਨੂੰ ਕਰਜਾ ਦੇਣ ਲਈ ਕੋਈ ਤਿਆਰ ਨਹੀਂ ਸੀ ਜਾਂ ਫਿਰ ਏਨੇ ਵੱਧ ਵਿਆਜ 'ਤੇ ਦੇ ਰਿਹਾ ਸੀ ਕਿ ਉਸ ਦਾ ਬੋਝ ਯੁਨਾਨ ਦਾ ਅਰਥਚਾਰਾ ਚੁਕ ਹੀ ਨਹੀਂ ਸਕਦਾ ਸੀ। ਇਸ ਦਾ ਕਾਰਨ ਆਪਾਂ ਪਹਿਲਾਂ ਦਸ ਚੁੱਕੇ ਹਾਂ। ਸੰਕਟ ਦੇ ਦੌਰ 'ਚ ਯੂਰਪ ਦੇ

ਕੰਮਜੋਰ ਅਰਥਚਾਰਿਆਂ 'ਤੇ ਵਿਦੇਸ਼ੀ ਕਰਜਾ ਏਨਾ ਵਧ ਚੁੱਕਿਆ ਸੀ ਕਿ ਉਹਨਾਂ ਦੇ ਦਿਵਾਲੀਆ ਹੋਣ ਦੇ ਕਿਆਸ ਲਾਏ ਜਾ ਰਹੇ ਸਨ। ਅਜਿਹੇ 'ਚ ਵਿਤੀ ਕਰਜਾ ਬਾਜ਼ਾਰ 'ਚ ਉਹਨਾਂ ਦੀ ਭਰੋਸੇ ਯੋਗਤਾ ਬੇਹੱਦ ਹੇਠਾਂ ਡਿੱਗ ਪਈ ਹੈ ਅਤੇ ਕੋਈ ਵੀ ਨਿਵੇਸ਼ਕ ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਦੇ ਬਾਂਡ 'ਚ ਨਿਵੇਸ਼ ਨਹੀਂ ਕਰ ਸਕਦਾ। ਹਾਲਾਂਕਿ ਇਹ ਉਹੀ ਨਿਵੇਸ਼ਕ, ਵਿਤੀ ਅਦਾਰੇ ਤੇ ਬੈਂਕ ਹਨ ਜਿਹਨਾਂ ਨੂੰ ਯੂਰਪੀ ਦੇਸ਼ਾਂ ਦੀਆਂ ਸਰਕਾਰਾਂ ਨੇ ਲੋਕਾਂ ਦੇ ਪੈਸੇ ਨਾਲ ਬੇਲਆਊਟ ਪੈਕੇਜ ਦੇ ਕੇ ਸੰਕਟ ਸਮੇਂ ਬਚਾਇਆ ਸੀ। ਇਹਨਾਂ ਸਰਕਾਰਾਂ ਲਈ ਬੈਂਕਾਂ, ਵਿਤੀ ਸੰਸਥਾਵਾਂ ਤੇ ਵਿਤੀ ਨਿਵੇਸ਼ਕਾਂ ਨੂੰ ਦਿਵਾਲੀਆ ਹੋਣ ਤੋਂ ਬਚਾਉਣਾ ਮਜ਼ਬੂਰੀ ਸੀ। ਕਿਉਂਕਿ ਅੱਜ ਦਾ ਪੂਰਾ ਵਿਸ਼ਵੀ ਅਰਥਚਾਰਾ ਵਿਤੀ ਪੂੰਜੀ ਦੇ ਅਧੀਨ ਹੈ। ਜੇ ਇਹਨਾਂ ਬੈਂਕਾਂ ਨੂੰ ਬੇਲ ਆਊਟ ਤੇ ਸਿਟਮਿਊਲਸ ਪੈਕੇਜ ਦੇ ਕੇ ਸਰਕਾਰਾਂ ਨਹੀਂ ਬਚਾਉਂਦੀਆਂ ਤਾਂ ਪੂਰੇ ਦਾ ਪੂਰਾ ਪੂੰਜੀਵਾਦੀ ਅਰਥਚਾਰਾ ਹੀ ਢਹਿ-ਢੇਰੀ ਹੋ ਜਾਂਦਾ। ਮਨੋਵਿਸਲੇਸ਼ਣ ਦੇ ਨਿਯਮਾਂ ਅਨੁਸਾਰ ਕਿਸੇ ਗੱਲ ਨੂੰ ਜਾਨਣ ਤੇ ਉਸ 'ਤੇ ਵਿਸਵਾਸ਼ ਕਰਨ ਵਿਚਕਾਰ ਇਕ ਭਾਰੀ ਫ਼ਰਕ ਹੁੰਦਾ ਹੈ। ਮਿਸਾਲ ਵਜੋਂ ਹੋ ਸਕਦਾ ਹੈ ਕਿ ਆਪ ਕੁਝ ਜਾਣਦੇ ਹੋਵੋਂ ਪਰ ਉਸ 'ਤੇ ਵਿਸਵਾਸ਼ ਨਾ ਕਰਦੇ ਹੋਵੋ। ਜਾਂ ਤੁਸੀਂ ਕਿਸੇ ਗੱਲ 'ਤੇ ਵਿਸਵਾਸ਼ ਕਰਦੇ ਹੋਵੋਂ ਪਰ ਉਸ ਨੂੰ ਜਾਣਦੇ ਨਾ ਹੋਵੋ। ਜੈਕਸ ਲਕਾਂ ਨੇ ਇਸ ਗੱਲ ਨੂੰ ਦਿਲਚਸਪ ਤਰੀਕੇ ਨਾਲ ਸਮਝਾਇਆ ਹੈ। ਇਹ ਗੱਲ ਸੋਧਵਾਦੀਆਂ ਨਾਲ ਵੀ ਲਾਗੂ ਹੁੰਦੀ ਹੈ। ਉਹ ਜਾਣਦੇ ਹਨ ਕਿ ਕੀਨਸਵਾਦੀ ਨੁਸਖੇ ਪੂੰਜੀਵਾਦ ਨੂੰ ਬਚਾ ਨਹੀਂ ਸਕਣਗੇ। ਪਰ ਉਹ ਪੂੰਜੀਵਾਦ ਦੇ ਖਾਤਮੇ 'ਚ ਵਿਸਵਾਸ਼ ਨਹੀਂ ਕਰਦੇ। ਸੋਧਵਾਦੀ ਸੁਧਾਰਵਾਦੀ ਤੇ ਕੀਨਸਵਾਦੀ ਅਰਥਸਾਸ਼ਤਰੀ ਜਿਵੇਂ ਕਿ ਜਤੀਘੋਸ਼, ਸੀ. ਪੀ. ਚੰਦਰਸ਼ੇਖਰ, ਪ੍ਰਭਾਤ ਭਟਨਾਇਕ ਆਦਿ ਕਹਿੰਦੇ ਹਨ ਕਿ ਜੇ ਇਹਨਾਂ ਵਿਤੀ ਸੰਸਥਾਵਾਂ ਤੇ ਬੈਂਕਾਂ ਨੂੰ ਬਚਾਉਣ ਦੀ ਬਜਾਏ ਸਰਕਾਰ ਆਪਣੇ ਸਮਾਜਿਕ ਸੁਰਖਿਆ ਕਰਮੀਆਂ ਨੂੰ ਵਧਾਉਂਦੀ, ਅਸਲੀ ਅਰਥਚਾਰੇ 'ਚ ਨਿਵੇਸ਼ ਕਰਦੀ ਤਾਂ ਇਸ ਨਾਲ ਬੇਰੁਜ਼ਗਾਰੀ ਘਟਦੀ; ਲੋਕਾਂ ਦੀ ਕਾਰਜਸ਼ਕਤੀ ਵਧਦੀ, ਅਰਥਚਾਰੇ 'ਚ ਵਿਕਾਸ ਹੁੰਦਾ; ਘੱਟ ਵਰਤੋਂ ਦਾ ਸੰਕਟ ਖਤਮ ਹੁੰਦਾ। ਅਤੇ ਆਰਥਕ ਸੰਕਟ ਤੋਂ ਰਾਹਤ ਮਿਲਦੀ ਛੁਟਕਾਰਾ ਮਿਲਦਾ। ਇਹ ਅਰਥਸਾਸ਼ਤਰੀ ਅਸਲ 'ਚ ਉਹੀ ਪੁਰਾਣਾ ਹਾਬਸਨ ਵਾਦੀ, ਘੱਟ ਵਰਤੋਂ ਵਾਲਾ, ਸੁਧਾਰਵਾਦੀ ਤੇ ਕੀਨਸਾਈ ਸੁਝਾਅ ਦੇ ਰਹੇ ਹਨ। ਜਿਸ ਨੂੰ ਪਹਿਲਾਂ ਬਾਦਲੀਲ ਰੱਦ ਕੀਤਾ ਜਾ ਚੁਕਿਆ ਹੈ। ਇਸ ਦਲੀਲ ਦਾ ਸਭ ਤੋਂ ਵੱਡਾ ਦਿਵਾਲੀਆਪਣ ਇਹ ਹੈ ਕਿ ਇਹ ਵਿਤੀ ਪੂੰਜੀ ਦੀ ਤਾਨਾਸ਼ਾਹੀ ਨੂੰ ਪੂੰਜੀਵਾਦ ਦਾ ਇਕ ਕਿਰਦਾਰ ਮੰਨਿਆ ਜਾਂਦਾ ਹੈ, ਨਿਯਮ ਨਹੀਂ। ਇਹ ਪੂੰਜੀਵਾਦ ਦੇ ਇਤਿਹਾਸਕ ਵਿਕਾਸ ਦੀਆਂ ਚਾਰਿਤਕ, ਵਿਸੇਸ਼ਤਾਵਾਂ ਨੂੰ ਭੁਲ ਜਾਂਦੇ ਹਨ। ਜੋ ਜੋ ਅਜ਼ਾਰੇਦਾਰ ਵਿਤੀ ਪੂੰਜੀ ਸਮੁੱਚੀ ਆਰਥਕਤਾ ਤੇ ਆਪਣੀ ਜਕੜ ਬਣਾਈ ਬੈਠੀ ਹੈ ਉਹ ਪੂੰਜੀਵਾਦ ਦੀ ਨੈਸਰਗਿਕ ਗਤੀ ਨਾਲ ਪੈਦਾ ਹੋਈ ਹੈ। ਅੱਜ ਜਦ ਕੁਝ ਲੋਕ ਅਮਰੀਕਾ 'ਚ ਨਾਹਰਾ ਦਿੰਦੇ ਹਨ ਕਿ "ਮੇਨ ਸਟਰੀਟ ਨੂੰ ਬਚਾਓ, ਵਾਲ ਸਟਰੀਟ ਨੂੰ ਨਹੀਂ।" ਤਾਂ ਉਹ ਭੁੱਲ ਜਾਂਦੇ ਹਨ ਕਿ ਮੌਜੂਦਾ ਪੂੰਜੀਵਾਦੀ ਵਿਵਸਥਾ ਅੰਦਰ ਵਾਲ ਸਟ੍ਰੀਟ (ਵਿਤੀ ਪੂੰਜੀ ਦਾ ਸਤਾ ਨੂੰ ਬਚਾਏ ਬਿਨਾਂ) ਮੇਨ ਸਟ੍ਰੀਟ (ਆਮ ਜਨਤਾ) ਨੂੰ ਬਚਾ ਸਕਣਾ ਸੰਭਵ ਨਹੀਂ ਹੈ। ਇਸ ਲਈ ਪੂੰਜੀਵਾਦੀ ਸਰਕਾਰਾਂ ਲਈ ਬੈਂਕ ਤੇ ਵਿਤੀ ਅਦਾਰਿਆਂ ਨੂੰ ਬਚਾਉਣਾ ਤੇ ਉਹਨਾਂ ਦੀ ਸੇਵਾ

ਕਰਨਾ, ਉਹਨਾਂ ਦਾ ਲੱਛਣ ਨਹੀਂ ਬਲਕਿ ਉਹਨਾਂ ਦਾ ਅਟੁਟ ਨਿਯਮ ਹੈ ਅਤੇ ਯੂਰਪੀ ਸਰਕਾਰਾਂ ਨੇ ਵੀ ਇਹੀ ਕੀਤਾ।

ਪੂੰਜੀਵਾਦੀ ਲੁੱਟ ਇੱਥੇ ਕਿਸ ਤਰ੍ਹਾਂ ਹੋ ਰਹੀ ਹੈ। ਇਹ ਬਿਲਕੁਲ ਸਾਫ ਹੈ। ਪਹਿਲਾਂ ਸਰਕਾਰ ਦਿਵਾਲੀਆ ਹੋ ਰਹੇ ਬੈਂਕਾਂ ਨੂੰ ਬਚਾਉਂਦੀ ਹੈ ਅਤੇ ਅਰਬਾਂ ਡਾਲਰ ਸਰਕਾਰੀ ਖਜਾਨੇ ਤੋਂ ਲੋਕਾਂ 'ਤੇ ਬੋਝ ਪਾਉਂਦਿਆਂ ਉਹਨਾਂ ਨੂੰ ਦਿੰਦੀ ਹੈ। ਜਦ ਸਰਕਾਰ ਖੁਦ ਪੈਕੇਜਾਂ ਦੇ ਕਾਰਨ ਦਿਵਾਲਿਆ ਹੋਣ ਕੰਢੇ ਪਹੁੰਚ ਜਾਂਦੀ ਹੈ ਤੇ ਫਿਰ ਉਹਨਾਂ ਹੀ ਬੈਂਕਾਂ ਤੋਂ ਉਚੀਆਂ ਵਿਆਜ ਦਰਾਂ 'ਤੇ ਉਸੇ ਹੀ ਪੈਸੇ ਨਾਲ ਕਰਜਾ ਮੰਗਦੀ ਹੈ ਜੋ ਖੁਦ ਇਸ ਨੇ ਇਨ੍ਹਾਂ ਬੈਂਕਾਂ ਨੂੰ ਦਿੱਤਾ ਸੀ, ਤਾਂ ਇਹ ਬੈਂਕ ਨਾਂਹ ਕਰ ਦਿੰਦੇ ਹਨ। ਉਹ ਕਹਿੰਦੇ ਹਨ ਕਿ ਸਰਕਾਰ ਦੇ ਬਾਂਡ ਦੀ ਕਈ ਭਰੋਸੇਯੋਗਤਾ ਇਸ ਸੰਕਟ ਦੇ ਦੌਰ 'ਚ ਨਹੀਂ ਹੈ। ਜਦ ਕਿ ਇਹ ਸੰਕਟ ਅਸਲ 'ਚ ਉਹਨਾਂ ਦਾ ਸੰਕਟ ਹੈ ਜੋ ਉਹਨਾਂ ਨੇ ਸਰਕਾਰਾਂ ਦੇ ਸਿਰ ਪਾ ਦਿੱਤਾ। ਉਲਟਾ ਇਹ ਬੈਂਕ ਸਰਕਾਰਾਂ ਸਾਹਮਣੇ ਸ਼ਰਤਾਂ ਰੱਖਦੇ ਹਨ ਕਿ ਜੇ ਇਹ ਜਨਤਕ ਖਰਚਿਆਂ (ਯਾਨੀ ਆਮ ਲੋਕਾਂ ਦੇ ਸਿੱਖਿਆ, ਇਲਾਜ, ਸਮਾਜਕ ਸੁਰਖਿਆ, ਰਿਹਾਇਸ਼, ਰੁਜ਼ਗਾਰ ਆਦਿ ਤੇ ਹੋਣ ਵਾਲਾ ਖਰਚ) 'ਚ ਕਟੌਤੀ ਕਰੇ ਤਾਂ ਇਹ ਬੇਹੱਦ ਉਚੀਆਂ ਦਰਾਂ 'ਤੇ ਇਹ ਕਰਜੇ ਦੇ ਸਕਦੇ ਹਨ। ਯਾਨੀ ਵਿਤੀ, ਪੂੰਜੀ ਦੀ ਤਾਨਾਸ਼ਾਹੀ ਦੇ ਇਸ ਦੌਰ 'ਚ ਉਹਨਾਂ ਦੇ ਹਰ ਸੰਕਟ ਦਾ ਬੋਝ ਲੋਕਾਂ 'ਤੇ ਪਾ ਦਿੱਤਾ ਜਾਂਦਾ ਹੈ, ਪਰ ਜਦ ਸਰਕਾਰਾਂ ਦਿਵਾਲੀਆ ਹੁੰਦੀਆਂ ਹਨ ਤਾਂ ਲੋਕਾਂ ਨੂੰ ਮਜ਼ਦੂਰੀ ਤੇ ਤਨਖਾਹਾਂ ਤਕ ਦੇਣ ਲਈ ਉਹਨਾਂ ਕੋਲ ਪੈਸਾ ਨਹੀਂ ਹੁੰਦਾ ਤਾਂ ਵਿਤੀ ਪੂੰਜੀ ਕਰਜਾ ਦੇਣ ਤੋਂ ਇਨਕਾਰ ਕਰ ਦਿੰਦੀ ਹੈ। ਜਦ ਲੋਕਾਂ ਦੇ ਪੈਸੇ ਨਾਲ ਦਿੱਤੇ ਗਏ ਬੇਲ ਆਊਟ ਪੈਕੇਜਾਂ ਰਾਹੀਂ ਨਿਜੀ ਸੰਪਤੀ ਦੀ ਰਾਖੀ ਕਰ ਲਈ ਤਾਂ ਸਰਕਾਰਾਂ ਉਪਰ ਵਿਤੀ ਅਦਾਰਿਆਂ ਨੇ ਦਬਾਅ ਬਣਾਇਆ ਕਿ ਜਨਤਕ ਖਰਚਿਆਂ 'ਚ ਕਮੀ ਲਿਆਉਂਦੀ ਹੈ। ਪਰ ਕੁਲ ਵਾਧੇ ਨੂੰ ਘੱਟ ਕਰਦੀ ਹੈ। ਸਿੱਟੇ ਵਜੋਂ ਸਰਕਾਰੀ ਆਮਦਨੀ ਹੋਰ ਹੇਠਾਂ ਆਉਂਦੀ ਹੈ। ਫਿਰ ਸਰਕਾਰ ਨਵੇਂ ਕਰਜਾ ਦਾਤਿਆਂ ਨੂੰ ਲੱਭਦੀ ਹੈ ਤੇ ਉਹਨਾਂ ਤੋਂ ਕਰਜਾ ਲੈਂਦੀ ਹੈ। ਨਵੇਂ ਕਰਜਾਦਾਤਾ ਵੀ ਜਨਤਾ ਖਰਚਿਆਂ 'ਚ ਕਟੌਤੀ ਕਰਕੇ ਜਨਤਾ 'ਤੇ ਸੰਕਟ ਦਾ ਬੋਝ ਵਧਾਉਂਦੇ ਜਾਣਾ ਰਾਜਸੀ ਤੌਰ 'ਤੇ ਅਸੰਭਵ ਹੋ ਜਾਂਦਾ ਹੈ। ਯੂਨਾਨ 'ਚ ਇਹ ਵਾਪਰਿਆ ਹੈ ਜਿੱਥੇ ਸਰਕਾਰ ਤਨਖਾਹਾਂ ਤੇ ਪੈਂਸ਼ਨ ਦੇਣ ਲਈ ਵੀ ਕਰਜੇ ਤੇ ਨਿਰਭਰ ਹੈ।

ਇਕ ਰੋਗ ਹੁੰਦਾ ਹੈ : ਅਬਸੇਸਿਵ ਕਮਪਲਸਿਵ ਡਿਸਆਰਡਰ। ਇਸ 'ਚ ਮਰੀਜ਼ ਜਾਣਦਾ ਹੈ ਕਿ ਉਹ ਜੋ ਕਰ ਰਿਹਾ ਹੈ, ਬੇਕਾਰ ਹੈ। ਪਰ ਫਿਰ ਵੀ ਉਸ ਇਸ ਨੂੰ ਕਰਦਾ ਹੈ ਕਿਉਂਕਿ ਉਸ ਦੇ ਮਨ 'ਚ ਆਦਤ ਤੇ ਫਿਤਰਤ ਦੀ ਇਕ ਗੰਢ ਹੈ ਜੋ ਉਸ ਨੂੰ ਅਜਿਹਾ ਕਰਨ ਲਈ ਮਜ਼ਬੂਰ ਕਰਦੀ ਹੈ। ਵਿਸ਼ਵ ਪੂੰਜੀਵਾਦ ਨੇ ਪਹਿਲਾਂ ਦੇ ਸਬਪ੍ਰਾਈਮ ਸੰਕਟ ਦੇ ਦੌਰ ਵਾਂਗੂੰ ਇਕ ਵਾਰ ਦਿਖਾਇਆ ਹੈ ਕਿ ਉਸ ਨੂੰ ਇਹ ਰੋਗ ਗੰਭੀਰਤਾ ਨਾਲ ਜਕੜੀ ਬੈਠਾ ਹੈ। ਇਸ ਸੰਕਟ ਦੇ ਹੱਲ ਵਜੋਂ ਪੂੰਜੀਵਾਦੀ ਆਰਥਕ ਏਜੰਸੀਆਂ ਨੇ ਜੋ ਕਦਮ ਉਠਾਏ ਹਨ, ਉਹ ਵੀ ਲਜਵਾਬ ਹਨ! ਕਾਫੀ ਗੱਲਬਾਤ ਪਿੱਛੋਂ ਬੈਂਕ ਯੂਨਾਨ ਤੋਂ ਆਪਣੀਆਂ ਕੁਝ ਲੈਣ ਦਾਰੀਆਂ ਨੂੰ ਛੱਡਣ ਲਈ ਤਿਆਰ ਹੋ ਗਏ ਹਨ। ਪਰ ਇਸ ਦੇ ਬਦਲੇ ਉਹਨਾਂ ਸ਼ਰਤ ਰੱਖੀ ਹੈ ਕਿ ਯੂਨਾਨ ਸਰਕਾਰ ਜੋ ਨਵੇਂ ਬਾਂਡ ਜਾਰੀ ਕਰੇਗੀ ਉਸ 'ਤੇ ਉਹ 8 ਫੀਸਦੀ ਵਿਆਜ ਦੇਵੇਗੀ ਤੇ ਸੰਕਟ

ਦੇ ਪੱਕੇ ਤੌਰ 'ਤੇ ਦੂਰ ਹੋ ਜਾਣ ਪਿੱਛੋਂ ਵਾਧੂ ਸਲਾਨਾ ਟੈਕਸ ਇਹਨਾਂ ਬੈਕਾਂ ਨੂੰ ਦੇਵੇਗੀ। ਇਸ ਤਰ੍ਹਾਂ ਵਿਤੀ ਪੂੰਜੀ ਨੇ ਇਕ ਅਜਿਹਾ "ਹੱਲ" ਕੱਢਿਆ ਹੈ ਜਿਸ ਨਾਲ ਉਸ ਦਾ ਮੁਨਾਫਾ ਹੋਰ ਵੀ ਵੱਧ ਵਧੇ। ਉੱਚੀਆਂ ਵਿਆਜ ਦਰਾਂ ਨੂੰ ਚੁਕਾਉਣ ਲਈ ਯੂਨਾਨੀ ਜਨਤਾ ਨੂੰ ਅੱਛੀ ਤਰ੍ਹਾਂ ਨਿਚੋੜਣ ਲਈ ਵਿਤੀ ਪੂੰਜੀ ਨੇ ਸੰਕਟ 'ਚੋਂ ਨਿਕਲਣ ਦਾ ਨਵਾਂ ਰਾਹ ਕੱਢਿਆ ਹੈ। ਜਿੱਥੋਂ ਤੱਕ ਸੰਕਟ ਦੇ ਹੱਲ ਦੀ ਗੱਲ ਹੈ ਤਾਂ ਹਰ ਕੋਈ ਜਾਣਦਾ ਹੈ ਕਿ ਇਸ ਨਾਲ ਸੰਕਟ ਦੂਰ ਨਹੀਂ ਹੁੰਦਾ ਬਲਕਿ ਹੋਰ ਵੱਧ ਵਧੇਗਾ ਅਤੇ ਇਸ ਵਾਰੀ ਰਾਜਸੀ ਤੌਰ 'ਤੇ ਵੱਧ ਤਬਾਹਕੁੰਨ ਹੋਵੇਗਾ। ਜੇ ਇਹ ਸਾਜਿਸ਼ ਸਫਲ ਹੁੰਦੀ ਹੈ ਤਾਂ ਯੂਨਾਨੀ ਨਾਗਰਿਕਾਂ ਦੀ ਔਸਤਨ ਆਮਦਨੀ 'ਚ 14 ਤੋਂ 20 ਫੀਸਦੀ ਤਕ ਗਿਰਾਵਟ ਆਵੇਗੀ। ਯੂਰੋਜੋਨ ਦੇ ਸੰਕਟ ਨੇ ਦਰਸਾ ਦਿੱਤਾ ਹੈ ਕਿ ਇਹ ਸੰਕਟ ਨੇੜੇ ਭਵਿੱਖ 'ਚ ਦੂਰ ਹੋਣ ਵਾਲਾ ਨਹੀਂ। ਆਉਣ ਵਾਲੇ ਸਮੇਂ 'ਚ ਜੇ ਦੁਨੀਆਂ ਦੇ ਕਿਸੇ ਕੋਨੇ 'ਚ ਜੰਗ ਲੱਗਦੀ ਹੈ ਤਾਂ ਇਹ ਹੈਰਾਨਕੁੰਨ ਨਹੀਂ ਹੋਵੇਗੀ। ਸਾਮਰਾਜ ਦਾ ਅਰਥ ਹੀ ਜੰਗ ਹੈ। ਵਿਸ਼ਵੀਕਰਨ ਸਾਮਰਾਜ ਦੀ ਆਖਰੀ ਮੰਜਿਲ ਹੈ। ਇਹ ਮਨੁੱਖਤਾ ਨੂੰ ਜੰਗ 'ਚ ਝੋਕਣ ਤੋਂ ਨਹੀਂ ਰੁਕਦਾ ਇਰਾਕ ਯੁੱਧ ਅਰਬ 'ਚ ਚਲਾ ਰਹੀ ਮੌਜੂਦਾ ਦਖਲਅੰਦਾਜੀ ਇਸ ਸੱਚਾਈ ਦੀ ਗਵਾਹੀ ਦਿੰਦੇ ਹਨ। ਇਹ ਸੰਕਟ ਪੂਰੇ ਸਾਮਰਾਜੀ ਸੰਸਾਰ ਦੇ ਸਮੀਕਰਣਾਂ 'ਚ ਤਬਦੀਲੀ ਲਿਆ ਰਿਹਾ ਹੈ। ਚੀਨ ਦਾ ਇਕ ਵੱਡੀ ਸਾਮਰਾਜੀ ਸ਼ਕਤੀ ਵਜੋਂ ਉਭਾਰ, ਨਵੀਆਂ ਅਰਥਵਿਵਸਥਾਵਾਂ ਦਾ ਵਧਣਾ, ਰੂਸ ਦਾ ਮੁੜ ਉਦੈ, ਇਹ ਸਭ ਕਾਰਕ ਇਸ ਲਈ ਜਿੰਮੇਵਾਰ ਹਨ। ਇਸ ਘੁੰਮਣਘੇਰੀ 'ਚੋਂ ਨਿਕਲਣ ਦਾ ਇਕੋ ਇਕ ਰਾਹ–ਇਸ ਪੂਰੀ ਮਨੁੱਖਦੋਖੀ ਵਿਵਸਥਾ ਖਿਲਾਫ ਮੇਹਨਤਕਸ਼ਾਂ ਦਾ ਇਨਕਲਾਬ। ਪੂੰਜੀਵਾਦੀ ਜੰਗਾਂ ਰਾਹੀਂ ਪੈਦਾਵਾਰੀ ਸ਼ਕਤੀਆਂ ਦਾ ਵਿਨਾਸ਼ ਬਹੁਤੀ ਦੇਰ ਨਹੀਂ ਚਲਣਾ। ਪੂੰਜੀਵਾਦ ਦੇ ਵਧਦੇ ਸੰਕਟ ਨਾਲ ਇਹ ਅਮਲ ਹੋਰ ਕ੍ਰਾਂਤੀਕਾਰੀ ਤਬਦੀਲੀ ਵਲ ਵਧੇਗਾ। ਮਨੁੱਖ ਕੋਲ ਦੋ ਹੀ ਬਦਲ ਹਨ। ਸਮਾਜਵਾਦ ਜਾਂ ਤਬਾਹੀ। ਨਿਸਚੈ ਹੀ ਲੋਕ ਵਿਨਾਸ਼ ਦੇ ਬਦਲ ਨੂੰ ਨਹੀਂ ਚੁਣਨਗੇ। ਸਾਨੂੰ ਲੋਕਾਂ ਦੀ ਸਿਰਜਨਾਤਮਕਤਾ, ਵਿਵੇਕ ਅਤੇ ਨਿਹਚਾ ਉਪਰ ਪੂਰਾ ਭਰੋਸਾ ਹੈ।

# ਵਾਤਾਵਰਣ ਦੀ ਵਿਨਾਸ਼ਕਾਰੀ ਪ੍ਰਣਾਲੀ ਦਾ ਬਦਲ ਕੀ ਹੈ?

ਇਸ ਗੱਲ 'ਚ ਹੁਣ ਕੋਈ ਸ਼ੱਕ ਨਹੀਂ ਹੈ ਕਿ ਮੌਜੂਦਾ ਪ੍ਰਣਾਲੀ ਨੂੰ ਬਣਾਈ ਰੱਖਦਿਆਂ ਜਲਵਾਯੂ ਸੰਕਟ ਦਾ ਹੱਲ ਕਰਨਾ ਸੰਭਵ ਨਹੀਂ ਹੈ। ਇਸ ਪ੍ਰਬੰਧ ਦੇ ਦਾਇਰੇ ਵਿੱਚ ਇਸ ਲਈ ਜਿੰਨੇ ਵੀ ਉਪਾਅ ਸੁਝਾਏ ਗਏ ਹਨ, ਉਹਨਾਂ ਦੀ ਸਫਲਤਾ ਦੀ ਕੋਈ ਉਮੀਦ ਨਹੀਂ ਹੈ। ਅਸੀਂ ਇਸ ਗੱਲ ਤੋਂ ਅੱਛੀ ਤਰ੍ਹਾਂ ਵਾਕਿਫ ਹਾਂ ਕਿ ਸੰਕਟ ਪੂੰਜੀਵਾਦ ਦਾ ਸਥਾਈ ਲੱਛਣ ਹੈ। ਪੂੰਜੀਵਾਦੀ ਚਿਰਸਥਾਈ ਤੇ ਨਿਰੰਤਰ ਜਾਰੀ ਰਹਿਣ ਵਾਲਾ ਪ੍ਰਬੰਧ ਨਹੀਂ ਹੈ ਕਿਉਂਕਿ (1) ਸੀਮਾ ਰਹਿਤ ਤੇ ਅਥਾਹ ਪੂੰਜੀ ਇੱਕਠੀ ਕਰਨ ਦੀ ਲਾਲਸਾ ਇਸ ਨੂੰ ਇੱਕ ਅਜਿਹੇ ਪੈਦਾਵਾਰੀ ਤੰਤਰ ਵੱਲ ਧੱਕਦਾ ਹੈ ਜਿਸ ਦਾ ਆਖਰੀ ਲੱਛਣ ਲਗਾਤਾਰ ਫੈਲਦੇ ਜਾਣਾ ਤੇ ਮੁਨਾਫਾ ਦਿੰਦੇ ਰਹਿਣਾ ਹੁੰਦਾ ਹੈ। ਨਾ ਕਿ ਮਨੁੱਖਤਾ ਦੀਆਂ ਲੋੜਾਂ ਨੂੰ ਪੂਰਾ ਕਰਨਾ।

(2) ਪੂੰਜੀਵਾਦ ਦੇ ਤਹਿਤ ਖੇਤੀ ਤੇ ਅਨਾਜ ਸੁਰੱਖਿਆ ਪ੍ਰਣਾਲੀ ਵਾਤਾਵਰਣ ਨੂੰ ਨਸ਼ਟ ਕਰਦੀ ਹੈ ਪਰ ਫਿਰ ਵੀ ਇਹ ਸਭ ਦੇ ਲਈ ਲੋੜੀਂਦੀ ਮਾਤਰਾ 'ਚ ਪੌਸ਼ਟਿਕ ਭੋਜਨ ਮੁਹੱਈਆ ਨਹੀਂ ਕਰਵਾਉਂਦੀ ਹੈ।

(3) ਇਸ ਨੇ ਵਾਤਾਵਰਣ ਦਾ ਅੰਨ੍ਹੇਵਾਹ ਵਿਨਾਸ਼ ਕੀਤਾ ਹੈ।

(4)ਇਸ ਨੇ ਦੁਨੀਆਂ ਦੇ ਅਮੀਰ ਤੇ ਗਰੀਬ ਦੇਸ਼ਾਂ ਵਿਚਕਾਰ ਤੇ ਹਰ ਦੇਸ਼ ਅੰਦਰ ਅਮੀਰਾਂ ਤੇ ਗਰੀਬਾਂ ਵਿਚਕਾਰ ਜਾਇਦਾਦ ਦੀ ਵੰਡ 'ਚ ਡੂੰਘੀ ਖਾਈ ਪੈਦਾ ਕੀਤੀ ਹੈ ਤੇ ਇਸ ਨੂੰ ਲਗਾਤਾਰ ਵਧਾਉਂਦੀ ਜਾ ਰਹੀ ਹੈ।

(5) ਤਕਨੋਲੋਜੀ ਤੇ ਰੂਪ 'ਚ ਹਰ ਸਮੱਸਿਆ ਦੀ ਰਾਮਬਾਣ ਦਵਾਈ ਲੱਭਣ ਦੇ ਜੋ ਵਾਅਦੇ ਪੂੰਜੀਵਾਦ ਦੇ ਪੱਖੀ ਕਰਦੇ ਆ ਰਹੇ ਹਨ ਉਹ ਹੋਰ ਕੁਝ ਨਹੀਂ ਬਲਕਿ ਇਸ ਪ੍ਰਣਾਲੀ ਵੱਲੋਂ ਪੈਦਾ ਕੀਤੀਆਂ ਗਈਆਂ ਸਮਾਜਿਕ ਤੇ ਜਲਵਾਯੂ ਸਬੰਧੀ ਸਮੱਸਿਆਵਾਂ ਤੋਂ ਧਿਆਨ ਹਟਾਉਣਾ ਹੈ। ਕੁਦਰਤ ਨੂੰ ਵਿਨਾਸ਼ ਤੋਂ ਬਚਾਉਣ ਲਈ ਸਮਾਜਿਕ ਨਿਆਂ, ਬਰਾਬਰੀ, ਸਮੂਹਿਕਤਾ ਤੇ ਕੁਦਰਤ ਦੇ ਨਾਲ ਆਪਸੀ ਨਿਰਭਰਤਾ ਦੇ ਸਬੰਧਾਂ ਦੇ ਅਧਾਰਤ ਇਕ ਨਵੀਂ ਸਮਾਜਿਕ ਪ੍ਰਣਾਲੀ ਦੀ ਉਸਾਰੀ ਜ਼ਰੂਰੀ ਹੈ। ਇਹ ਕੋਈ ਸਿਰਫ਼ ਕਲਪਨਾ ਹੀ ਨਹੀਂ ਹੈ। ਜਾਗੀਰੂ ਸਮਾਜ ਦੇ ਗਰਭ ਵਿੱਚ ਹੀ ਪੂੰਜੀਵਾਦ ਦੇ ਬੀਜ ਵਧਫੁਲ ਰਹੇ ਸਨ ਤੇ ਉਸੇ ਦੇ ਅੰਦਰ ਇਹ ਪੈਦਾ ਹੋਇਆ ਸੀ। ਇਸ ਤਰ੍ਹਾਂ ਅੱਜ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਨਾਸਕਾਰੀ ਪੂੰਜੀਵਾਦੀ ਪ੍ਰਣਾਲੀ ਖਿਲਾਫ਼ ਵੱਖ-ਵੱਖ ਤਰਾਂ ਦੇ ਵਿਚਾਰ ਸੰਗਠਨ ਤੇ ਅੰਦੋਲਨ ਚੱਲ ਰਹੇ ਹਨ। ਇਹ ਅੰਦੋਲਨ ਫੌਰੀ ਮੁੱਦਿਆਂ ਨੂੰ ਲੈ ਕੇ ਸਥਾਨਕ ਪੱਧਰ 'ਤੇ ਅਤੇ ਕਿਤੇ ਕਿਤੇ ਆਪਣੇ ਆਪ ਉਠ ਸਕਦੇ ਹਨ ਪਰ ਉਮੀਦ ਦੀ ਕਿਰਨ ਲੋਕ ਵਿਰੋਧ ਦੇ ਤਰਾਂ-ਤਰਾਂ ਦੇ ਰੂਪਾਂ ਵਾਲੇ ਪੂੰਜੀਵਾਦ ਵਿਰੋਧੀ ਸੰਘਰਸ਼ਾਂ ਵਿੱਚ ਹੀ ਹੈ। ਇਹ ਬੀਜ ਆਪਣੇ ਅੰਦਰ ਵੱਡਾ ਦਰੱਖਣ ਬਣਨ ਦੀ ਸੰਭਾਵਨਾ ਰੱਖਦੇ ਹਨ। ਬਸ਼ੁਰਤੇ ਇਸ ਦਾ ਸੰਚਾਲਨ ਸਹੀ ਇਨਕਲਾਬੀ ਵਿਚਾਰਧਾਰਾ ਦੀ ਰੋਸ਼ਨੀ 'ਚ ਕੀਤਾ ਜਾਵੇ।

1990 ਦੇ ਆਸਪਾਸ ਜਦ ਦੁਨੀਆਂ ਦਾ ਸ਼ਕਤੀ ਸੰਤਲਨ ਵਿਸ਼ਵ ਪੂੰਜੀਵਾਦੀ (ਸਾਮਰਾਜ) ਪ੍ਰਣਾਲੀ ਦੇ ਪੱਖ 'ਚ ਝੁਕ ਗਿਆ ਸੀ ਤਾਂ ਆਪਣੇ ਹੰਕਾਰ 'ਚ ਮਸਤ ਸਾਮਰਾਜੀ ਸ਼ਕਤੀਆਂ ਨੇ "ਕੋਈ ਬਦਲ ਨਹੀਂ" ਦਾ ਨਾਹਰਾ ਦਿੱਤਾ ਸੀ। 20 ਸਾਲ ਲੰਘਣ ਪਿੱਛੋਂ ਅੱਜ ਇਹ ਨਾਹਰਾ ਨਵੇਂ ਅਰਥ ਗ੍ਰਹਿਣ ਕਰ ਚੁੱਕਿਆ ਹੈ। ਜੇ ਇਸ ਧਰਤੀ ਨੂੰ ਤੇ ਇਸ 'ਤੇ ਰਹਿਣ ਵਾਲੇ ਜੀਵ-ਜੰਤੂਆਂ, ਪੇੜ੍ਹ ਪੌਦਿਆਂ ਤੇ ਮਨੁੱਖ ਜਾਤੀ ਨੂੰ ਬਚਾਉਣਾ ਹੈ ਤਾਂ ਪੂੰਜੀਵਾਦ ਨੂੰ ਪੂਰੀ ਤਰਾਂ ਖਤਮ ਕਰਨ ਤੋਂ ਇਲਾਵਾ ਹੁਣ "ਕੋਈ ਬਦਲ ਨਹੀਂ"। ਇਸ ਵਿਨਾਸ਼ਕਾਰੀ ਪ੍ਰਣਾਲੀ ਦਾ ਇਕੋ ਇਕ ਵਿਕਲਪ ਹੈ-ਸਮਾਜਵਾਦ ਜਾਂ ਨਵ-ਜਮਹੂਰੀ ਇਨਕਲਾਬ ਜਿੱਥੇ ਰੋਜੀ, ਰੁਜ਼ਗਾਰ ਦੇ ਸਾਧਨਾਂ ਤੇ ਜ਼ਿੰਦਗੀ ਦੀਆਂ ਜ਼ਰੂਰੀ ਲੋੜਾਂ ਭੋਜਨ, ਕੱਪੜਾ, ਮਕਾਨ, ਸਿਹਤ ਸੇਵਾਵਾਂ ਆਦਿ ਦੀ ਵੰਡ ਸਮੁੱਚੀ ਮਨੁੱਖਤਾ ਦੇ ਹਿੱਤ ਵਿੱਚ ਹੋਵੇਗੀ, ਨਾ ਕਿ ਬਾਜਾਰ ਦੀਆਂ ਸ਼ਕਤੀਆਂ ਦੀ ਸੁਆਰਥ ਪੂਰਤੀ ਲਈ। ਇੱਥੇ ਹਰ ਇੱਕ ਲਈ ਪੈਦਾਵਾਰੀ ਕਿਰਤ ਕਰਨੀ ਲਾਜ਼ਮੀ ਹੋਵੇਗੀ ਤੇ ਦੂਜਿਆਂ ਦੀ ਕਮਾਈ 'ਤੇ ਪਲਣ ਵਾਲੀਆਂ ਜੋਕਾਂ ਦਾ ਨਾਮੋਨਿਸ਼ਾਨ ਨਹੀਂ ਹੋਵੇਗਾ। ਇਸ ਦਾ ਮਤਲਬ ਹੈ ਸਭ ਅਹਿਮ ਆਰਥਕ ਫੈਸਲੇ ਸਥਾਨਕ, ਖੇਤਰੀ ਤੇ ਕੌਮਾਂਤਰੀ ਹਰ ਪੱਧਰ ਦੀ ਸਹੀ ਅਰਥਾਂ ਵਿੱਚ ਲੋਕਰਾਜੀ ਅਮਲ ਨਾਲ ਲਿਆ ਜਾਣਾ। ਤਦ ਸਮਾਜ ਦਾ ਸੰਚਾਲਨ ਮੁਨਾਫਾ ਤੇ ਪੂੰਜੀ ਕਮਾਉਣ ਦੇ ਮਕਸਦ ਨਾਲ ਨਹੀਂ ਬਲਕਿ ਹੇਠ ਲਿਖੇ ਸਰੋਕਾਰਾਂ ਨਾਲ ਹੋਵੇਗਾ।

ਹਰ ਇੱਕ ਬੰਦੇ ਨੂੰ ਮਨੁੱਖ ਲਈ ਬੁਨਿਆਦੀ ਲੋੜ ਦੀਆਂ ਚੀਜਾਂ ਭੋਜਨ, ਸਾਫਪਾਣੀ, ਰਿਹਾਇਸ਼, ਕੱਪੜਾ, ਇਲਾਜ, ਸਿੱਖਿਆ ਤੇ ਮਨੋਰੰਜਨ ਦੀ ਪੂਰਤੀ ਕਿਵੇਂ ਕੀਤੀ ਜਾਵੇ? ਹਰ ਸਮਰਥ ਬੰਦੇ, ਨੂੰ ਸਮਾਜਕ ਪੈਦਾਵਾਰ 'ਚ ਕਿਵੇਂ ਸ਼ਾਮਲ ਕੀਤਾ ਜਾਵੇ? ਜੋ ਕੁਝ ਵੀ ਪੈਦਾ ਹੋ ਰਿਹਾ ਹੈ ਉਸ ਨਾਲ ਕਿੰਨੇ ਦੀ ਖਪਤ ਹੋਣ ਦੀ ਸੰਭਾਵਨਾ ਹੈ ਤੇ ਉਸ ਲਈ ਕਿੰਨਾ ਨਿਵੇਸ਼ ਕਰਨਾ ਪਵੇਗਾ? ਨਿਵੇਸ਼ ਨੂੰ ਕੰਟਰੋਲ ਕਿਵੇਂ ਕੀਤਾ ਜਾਵੇ? ਇਹਨਾਂ ਕੰਮ ਨੂੰ ਨੇਪਰੇ ਚਾੜ੍ਹਨ ਦੌਰਾਨ ਕੁਦਰਤ ਦੇ ਨਾਲ ਸਕਾਰਤਾਕ ਆਪਸੀ ਅਮਲ ਤੇ ਜਲਵਾਯੂ ਨੂੰ ਬੇਹਤਰ ਬਣਾਉਣ ਦਾ ਸਹੀ ਤਰੀਕਾ ਕੀ ਹੋਵੇਗਾ? ਇਸ ਦੇ ਲਈ ਸੌੜੀਆਂ ਸਥਾਨਕ ਤੇ ਕੌਮੀ ਹੱਦ 'ਚ ਸੋਚਣ ਦੀ ਬਜਾਏ ਵਿਸ਼ਵ ਭਾਈਚਾਰਾ ਤੇ ਵਿਸ਼ਵੀ ਪੱਧਰ 'ਤੇ ਸਹੀ ਅਰਥਾਂ 'ਚ ਲੋਕਰਾਜੀ ਢਾਂਚੇ ਤੇ ਰੂਪਾਂ ਦੀ ਉਸਾਰੀ ਕਰਨੀ ਹੋਵੇਗੀ। ਨਿਸ਼ਚੈ ਹੀ ਇਸ ਸੁਪਨੇ ਨੂੰ ਪੂਰਾ ਕਰਨ ਲਈ ਸਥਾਨਕ, ਖੇਤਰੀ, ਕੌਮੀ ਤੇ ਕੌਮਾਂਤਰੀ ਪੱਧਰ 'ਤੇ ਸਾਮਜਕ ਯੋਜਨਾ ਦੀ ਲੋੜ ਹੋਵੇਗੀ ਅਤੇ ਇਹ ਸੁਪਨਾ ਤਾਂ ਹੀ ਸਾਕਾਰ ਹੋ ਸਕੇਗਾ ਜਦ ਸਿਰਫ ਜਨਤਾ ਲਈ ਹੀ ਨਹੀਂ ਬਲਕਿ ਲੋਕਾਂ ਦਾ ਤੇ ਲੋਕਾਂ ਲਈ ਨਿਯੋਜਨ ਹੋਣਾ।

ਮੁਨਾਫੇ ਦੀ ਹਵਸ਼ 'ਚ ਬਾਜ਼ਾਰਵਾਦੀ ਤਾਕਤਾਂ ਨੇ ਉਚੀ ਕਾਰਜ ਸ਼ਕਤੀ ਵਾਲੇ ਮੁੱਠੀਭਰ ਧਨਾਢਾਂ 'ਚ ਐਸ਼ੋ-ਇਸ਼ਰਤ ਦਾ ਖਪਤਵਾਦੀ ਸਭਿਆਚਾਰ ਨੂੰ ਖੂਬ ਹੱਲਾਸ਼ੇਰੀ ਦਿੱਤੀ ਹੈ। ਪਰ ਇੱਕ ਨਿਆਂਪੂਰਨ ਤੇ ਸਮਤਾ ਮੂਲਕ ਸਮਾਜ 'ਚ ਲੋਕਾਂ ਲਈ ਘੱਟੋ-ਘੱਟ ਜ਼ਰੂਰੀ ਸਾਧਨਾਂ ਨਾਲ ਸੰਤੁਸ਼ਟ ਰਹਿਣਾ ਹੋਵੇਗਾ। 'ਪਰਮੁੰਡੇ ਫਲਾਹਾਰ' ਕਰਨ ਵਾਲੇ ਐਯਾਸ਼ ਸਾਡੇ ਆਦਰਸ਼ ਨਹੀਂ ਹੋ ਸਕਦੇ। ਧਰਤੀ ਦੀ ਤਬਾਹੀ ਤੇ ਦੁਨੀਆਂ ਦੀ ਬਹੁਗਿਣਤੀ ਅਬਾਦੀ ਦੀ ਬਦਹਾਲੀ ਦੀ ਕੀਮਤ 'ਤੇ ਧਨੀ ਦੇਸ਼ਾਂ ਦੀ, ਮੁੱਠੀਭਰ ਮੱਧਵਰਗੀ ਲੋਕਾਂ ਦੀ ਜੀਵਨਸ਼ੈਲੀ, ਜੋ ਖੁਦ ਉਹਨਾਂ ਹੀ ਦੇਸ਼ਾਂ 'ਚ ਸਭ ਦੇ ਲਈ

ਦੁਰਲੱਭ ਹੈ, ਉਸ ਦੀ ਨਕਲ ਕਰਨ ਦੀ ਬਜਾਏ ਇੱਕ ਨਿਮਰਤਾਪੂਰਵਕ ਤੇ ਕਫਾਇਤੀ ਜੀਵਨਸ਼ੈਲੀ ਅਪਣਾਉਣਾ ਜ਼ਰੂਰੀ ਹੋਵੇਗਾ। ਸਾਦਗੀ ਭਰੇ ਜੀਵਨ 'ਚ ਖਪਤਕਾਰੀ ਵਸਤੂਆਂ ਦੀ ਭਾਵੇਂ ਭਰਮਾਰ ਨਹੀਂ ਹੋਵੇਗੀ, ਪਰ ਇਹ ਜੀਵਨ ਸਭਿਆਚਾਰ ਤੌਰ 'ਤੇ ਖੁਸ਼ਹਾਲ ਤੇ ਲੋਕਾਂ ਦੇ ਨਾਲ ਜਿਊਂਦੇ ਜਾਗਦੇ ਰੂਪ 'ਚ ਜੁੜਿਆ ਹੋਇਆ ਹੋਵੇਗਾ। ਅਨੇਕਾਂ ਗੈਰ ਪੈਦਾਵਾਰੀ ਪੇਸ਼ਿਆਂ ਦੀ ਜੋ ਪੂੰਜੀਵਾਦੀ ਮੁਕਾਬਲੇ ਤੇ ਮੁਨਾਫਾਖੋਰੀ ਕਾਰਨ ਪੈਦਾ ਹੋਏ ਹਨ, ਲੋੜ ਹੀ ਨਹੀਂ ਰਹੇਗੀ ਤੇ ਉਹਨਾਂ ਨੂੰ ਖਤਮ ਕਰਨ ਦਿੱਤਾ ਜਾਵੇਗਾ। ਤਰਕਸ਼ੀਲ ਢੰਗ ਨਾਲ ਜਥੇਬੰਦ ਹੋਣ ਕਰਕੇ ਅਜਿਹੇ ਸਮਾਜ 'ਚ ਕੰਮ ਦੇ ਘੰਟੇ ਆਪਣੇ ਆਪ ਹੀ ਘੱਟ ਜਾਣਗੇ। 'ਸਾਦਾ ਜੀਵਨ, ਉਚੇ ਵਿਚਾਰ' ਅਤੇ 'ਜੀਓ ਤੇ ਜਿਉਣ ਦਿਓ' ਦਾ ਨਾਹਰਾ ਤਾਂ ਹੀ ਸਾਰਥਕ ਹੋਵੇਗਾ। ਸਾਨੂੰ ਇਸ ਪੂੰਜੀਵਾਦੀ ਦੁਰਾਚਾਰ 'ਚੋ ਉਭਰਨਾ ਹੋਵੇਗਾ ਕਿ ਮਨੁੱਖਤਾ ਨੂੰ ਨਿਆਂ ਤੇ ਬਰਾਬਰੀ ਦਾ ਪਾਠ ਪੜ੍ਹਾਉਣ ਵਾਲਿਆਂ ਤੇ ਉਹਨਾਂ ਨੂੰ ਕਾਫ਼ੀ ਹੱਦ 'ਤੇ ਜ਼ਮੀਨ ਤੇ ਉਭਰਨ ਵਾਲੇ ਸਮਾਜਵਾਦੀ ਤਜਰਬੇ ਉਲਟ-ਪੁਲਟ ਕਰ ਦਿੱਤੇ ਗਏ ਜਾਂ ਅਸਫਲ ਹੋ ਗਏ। ਅਸਫਲਤਾ ਹੀ ਸਫਲਤਾ ਦੀ ਕੁੰਜੀ ਹੈ। ਇਹੀ ਵਿਗਿਆਨ ਦਾ ਮੰਤਰ ਹੈ। ਸਾਨੂੰ ਅਤੀਤ ਦੇ ਉਹਨਾਂ ਤਜਰਬਿਆਂ ਦੀਆਂ ਅਸਫਲਤਾਵਾਂ ਤੋਂ ਸਿੱਖਣ ਦੀ ਲੋੜ ਤਾਂ ਕਿ ਅਸੀਂ ਮਨੁੱਖਤਾ ਦੇ ਭਵਿੱਖ ਨੂੰ ਸੰਵਾਰ ਸਕੀਏ। ਬਦਲ ਤਾਂ ਹਰ ਚੀਜ ਦਾ ਹੈ। ਸੜਕੀ ਆਵਾਜਾਈ 'ਚ ਟਰੱਕਾਂ ਬੱਸਾਂ ਤੇ ਮੋਟਰ ਗੱਡੀਆਂ ਦੀ ਥਾਂ ਰੇਲਵੇ ਨੂੰ ਹੱਲਾਸ਼ੇਰੀ ਦੇਣਾ, ਸਨਅਤੀ ਧੰਦਿਆਂ ਨੂੰ ਵਿਕੇਂਦਰਿਤ ਕਰਕੇ ਵੱਡੇ ਸ਼ਹਿਰਾਂ ਦੀ ਥਾਂ ਛੋਟੇ ਕਸਬਿਆਂ ਸ਼ਹਿਰਾਂ ਦੀ ਸਥਾਪਨਾ ਕਰਨਾ, ਕੰਮ ਦੀ ਥਾਂ ਨੇੜੇ ਰਿਹਾਇਸ ਦਾ ਪ੍ਰਬੰਧ ਕਰਕੇ ਬੇਲੋੜੀ ਆਵਾਜਾਈ ਨੂੰ ਰੋਕਣਾ, ਖਪਤਕਾਰ ਦੇ ਮਾਲ ਦੀ ਸਥਾਨਕ ਖਪਤ ਨੂੰ ਵਿਉਂਤਬੱਧ ਤਰੀਕੇ ਨਾਲ ਉਤਸਾਹਿਤ ਕਰਨਾ, ਅਜਿਹੇ ਕਈ ਉਪਾਅ ਹਨ, ਜਿਹਨਾਂ ਨਾਲ ਵਾਤਾਵਰਣੀ ਵਿਨਾਸ਼ ਨੂੰ ਕਾਫੀ ਘੱਟ ਕੀਤਾ ਜਾ ਸਕਦਾ ਹੈ। ਮੁਨਾਫੇ ਦੀ ਭੁੱਖ ਨੂੰ ਹਟਾ ਦੇਈਏ ਤਾਂ ਆਵਾਜਾਈ ਦਾ ਸਭ ਤੋਂ ਲਾਹੇਵੰਦ ਤੇ ਟਿਕਾਊ ਸਾਧਨ ਰੇਲਵੇ ਹੈ। ਟਰੱਕਾਂ ਦੀ ਤੁਲਨਾ 'ਚ ਫੀ ਟਨ, ਪ੍ਰਤੀ ਕਿਲੋਮੀਟਰ ਢੋਹਾ-ਢੁਹਾਈ ਦਾ ਖਰਚ ਇਸ 'ਚ ਇਕ ਤਿਹਾਈ ਘੱਟ ਆਉਂਦਾ ਹੈ ਅਤੇ ਇਸ 'ਚ ਕਾਰਬਨ ਦਾ ਧੂੰਆਂ ਵੀ ਘੱਟ ਨਿਕਲਦਾ ਹੈ। ਇਕ ਮਾਲ ਗੱਡੀ 'ਤੇ 250 ਤੋਂ 500 ਟਰੱਕਾਂ ਜਿੰਨਾ ਮਾਲ ਲੱਦਿਆ ਜਾਂਦਾ ਹੈ। ਨਾਲ ਹੀ 8 ਲੇਨ ਦੀਆਂ ਸੜਕਾਂ 'ਤੇ ਜਿੰਨੀ ਆਵਾਜਾਈ ਹੁੰਦੀ ਹੈ। ਉਸ ਤੋਂ ਕਿਤੇ ਵੱਧ ਦੋਪਟਰੀ ਦੀ ਰੇਲਗੱਡੀ 'ਤੇ ਸੰਭਵ ਹੈ। ਪਰ ਮੁਨਾਫੇ ਨਾਲ ਸੰਚਾਲਿਤ ਪੂੰਜੀਵਾਦ ਨੇ ਕਿਸ ਤਰ੍ਹਾਂ ਰੇਲਵੇ ਦੀ ਥਾਂ, ਥਾਂ ਥਾਂ ਸੜਕੀ ਆਵਾਜਾਈ ਨੂੰ ਹੱਲਾਸ਼ੇਰੀ ਦਿੱਤੀ ਇਸ ਦੀ ਚਰਚਾ ਆਪਾਂ ਪਹਿਲਾਂ ਕਰ ਚੁੱਕੇ ਹਾਂ।

ਇਹ ਸਹੀ ਹੈ ਕਿ ਕਹਿਣਾ ਸੌਖਾ ਪਰ ਕਰਨਾ ਮੁਸ਼ਕਿਲ ਹੈ। ਪਰ ਜਦ ਵੀ ਕੋਈ ਵਿਚਾਰ, ਜੋ ਬਹੁਗਿਣਤੀ ਲੋਕਾਂ ਦੇ ਹਿੱਤ ਵਿੱਚ ਹੋਵੇ, ਹਰ ਬੰਦੇ ਦਾ ਵਿਚਾਰ ਬਣ ਜਾਂਦਾ ਹੈ ਤਾਂ ਉਸ ਨੂੰ ਜਮੀਨ 'ਤੇ ਉਤਾਰਨ ਤੇ ਨਵੇਂ ਸਮਾਜ ਦੀ ਬੁਨਿਆਦ ਬਣਦਿਆਂ ਦੇਰ ਨਹੀਂ ਲੱਗਦੀ। ਦੁਨੀਆਂ ਭਰ ਦੇ ਇਨਕਲਾਬ ਇਸ ਗੱਲ ਦੀ ਗਵਾਹੀ ਹਨ ਕਿ ਕੁਝ ਲੋਕਾਂ ਦੇ ਦਿਲੋ-ਦਿਮਾਗ 'ਚ ਜੋ ਵਿਚਾਰ ਪੈਦਾ ਹੁੰਦੇ ਹਨ, ਉਹ ਹੀ ਆਮ ਲੋਕਾਂ ਤਕ ਪਹੁੰਚ ਕੇ ਇਨਕਲਾਬ ਦਾ ਵਾਹਕ ਬਣ ਜਾਂਦੇ ਹਨ, ਚਾਹੇ ਫਰਾਂਸੀਸੀ ਇਨਕਲਾਬ ਹੋਵੇ,ਅਮਰੀਕੀ ਇਨਕਲਾਬ ਜਾਂ ਰੂਸ-ਚੀਨ ਦਾ ਇਨਕਲਾਬ। ਨਿਸਚੈ ਹੀ

ਇਹ ਕੰਮ ਦੋ-ਚਾਰ ਲੋਕਾਂ ਦੇ ਵੱਸ ਦਾ ਨਹੀਂ ਹੈ। ਇਸ ਦੇ ਲਈ ਵਿਚਾਰਸ਼ੀਲ, ਧੀਰਜਵਾਨ ਤੇ ਕਰਮਯੋਗੀ ਕਾਮਿਆਂ ਦੀ ਇੱਕ ਪੂਰੀ ਪੀੜ੍ਹੀ ਤੇ ਉਹਨਾਂ ਵੱਲੋਂ ਉਸਾਰੀ ਮਜ਼ਬੂਤ ਜਥੇਬੰਦੀ ਜ਼ਰੂਰੀ ਹੋਵੇਗੀ। ਕਰੋੜ ਲੋਕ ਜੋ ਵਾਂਝੇ ਹਨ ਅਤੇ ਸਮਾਜਕ ਤੇ ਵਾਤਾਵਰਣ ਸਬੰਧੀ ਕਰੋਪੀਆਂ ਤੋਂ ਸਭ ਤੋਂ ਵੱਧ ਮਾਰ ਹੇਠ ਹਨ, ਇਸ ਮੁਹਿੰਮ 'ਚ ਵਧ-ਚੜ੍ਹਕੇ ਸਾਥ ਦੇਣਗੇ।

# ਕੀ ਹੈ ਜਲਵਾਯੂ ਤਬਦੀਲੀ ਤੇ ਧਰਤੀ ਦੇ ਹੱਕਾਂ ਬਾਰੇ ਲੋਕਾਂ ਦਾ ਰਾਜੀਨਾਮਾਂ?

ਕੋਚਾਬਾਂਬਾ ਦਸਤਾਵੇਜ ਦੇ ਨਾਂ ਨਾਲ ਜਾਣਿਆਂ ਜਾਂਦਾ ਉਕਤ ਰਾਜੀਨਾਮਾਂ ਹੈ ਕੀ? ਜਲਵਾਯੂ ਤਬਦੀਲੀ ਦੇ ਢਾਂਚਾਗਤ ਕਾਰਨਾਂ 'ਤੇ ਬਹਿਸ ਵਿਚਾਰ ਕਰਨ ਤੇ ਮਨੁਖਤਾ ਸਾਹਮਣੇ ਕੁਦਰਤੀ ਜਗਤ ਦੇ ਨਾਲ ਸਦਭਾਵਨਾ ਜੀਵਨ ਦਾ ਇਕ ਵਿਕਲਪਿਕ ਰੂਪ ਪ੍ਰਸਤਾਵਿਤ ਕਰਨ ਲਈ ਕੋਚਾ ਬਾਮਬਾ (ਬੋਲੀਵਿਆ) 'ਚ ਇਕ ਕੌਮਾਂਤਰੀ ਸੰਮੇਲਨ ਆਯੋਜਿਤ ਕੀਤਾ ਗਿਆ। ਇਸ 'ਚ ਦੁਨੀਆਂ ਭਰ 'ਚੋਂ 18000 ਲੋਕ ਸ਼ਾਮਲ ਹੋਏ ਜਿਹਨਾਂ 'ਚ ਵਿਗਿਆਨਕ, ਬੁਧੀਜੀਵੀ, ਵਕੀਲ, ਉਪ-ਦੇਸ਼ਾਂ ਦੇ ਸਰਕਾਰੀ ਨੁਮਾਇੰਦੇ ਅਤੇ 132 ਦੇਸ਼ਾਂ ਦੇ ਸਮਾਜਕ ਸੰਗਠਨਾਂ ਨੇ ਹਿੱਸਾ ਲਿਆ। ਇਹ ਸੰਮੇਲਨ ਕਾਪਨਹੇਗਨ ਜਲਵਾਯੂ ਸੰਮੇਲਨ, 2 ਸਤੰਬਰ 2009 ਦੀ ਅਸਫਲਤਾ ਦੇ ਜੁਆਬ 'ਚ ਆਯੋਜਿਤ ਕੀਤਾ ਗਿਆ। ਕੋਪੇਨਹੇਗਨ 'ਚ ਅਮਰੀਕੀ ਚੌਧਰ ਵਾਲੇ ਮੁਠੀਭਰ ਵਿਕਸਤ ਪੂੰਜੀਵਾਦੀ ਦੇਸ਼ਾਂ ਨੇ ਕਵੇਟੋ ਪ੍ਰੋਟੋਕੋਲ ਵੱਲੋਂ ਨਿਰਧਾਰਿਤ ਕਾਰਨ ਉਤਸਰਜਨ 'ਚ ਕਟੌਤੀ ਦੀਆਂ ਬੰਦਸ਼ਾਂ ਨੂੰ ਨਾ ਮੰਜੂਰ ਕਰ ਦਿੱਤਾ। ਇਸ ਤਰ੍ਹਾਂ ਉਹਨਾਂ ਨੇ ਧਰਤੀ ਮਾਤਾ ਨੂੰ ਬਚਾਉਣ ਲਈ ਵਿਸ਼ਵੀ ਯਤਨਾਂ ਦੀ ਰਹੀ ਸਹੀ ਉਮੀਦ 'ਤੇ ਵੀ ਪਾਣੀ ਫੇਰ ਦਿੱਤਾ। ਕੋਚਾ ਬਾਂਬਾ ਸੰਮੇਲਨ ਦੇ ਉਦਘਾਟਨੀ ਭਾਸ਼ਣ ਵਿੱਚ ਬੋਲਵਿਆ ਦੇ ਰਾਸ਼ਟਰਪਤੀ ਇਵੋ ਮੋਰਾਲਿਸ ਨੇ ਕਿਹਾ ਸੀ ਕਿ "ਸਾਡੇ ਕੋਲ ਦੋ ਹੀ ਰਾਹ ਹਨ, ਧਰਤੀ ਮਾਂ ਜਾਂ ਮੌਤਾਂ। ਬੋਲਵਿਆ ਦੇ ਉਪਰਾਸ਼ਟਰਪਤੀ ਸਾਬਕਾ ਛਾਪਾਮਾਰ ਯੋਧਾ ਅਲਵਾਰੋਗਾਰਸਿਆਂ ਕਿਨੇਰਾ ਨੇ ਕਿਹਾ ਸੀ ਕਿ" ਧਰਤੀ ਮਾਂ ਦੀ ਧਾਰਨਾ ਸਿਰਫ ਇਕ ਨਾਹਰਾ ਹੀ ਨਹੀਂ ਹੈ। ਇਸ ਦਾ ਅਰਥ ਪੈਦਾਵਾਰ ਕਰਨ ਅਤੇ ਕੁਦਰਤ ਤੇ ਇਕ ਦੂਜੇ ਦੇ ਨਾਲ ਸਬੰਧ ਬਣਾਉਣ ਦਾ ਇਕ ਨਵਾਂ ਰਾਹ ਹੈ। ਇਹ ਸਬੰਧ ਦਾਬੇ ਦਾ ਨਹੀਂ, ਬਰਾਬਰੀ ਦਾ ਹੈ, ਗੱਲਬਾਤ ਦਾ, ਲੈਣ ਦੇਣ ਦਾ ਸਬੰਧ ਹੈ। ਇਹ ਸਿਰਫ ਲੋਕ ਸਭਿਆਚਾਰ ਦਾ ਦਰਸ਼ਨ ਨਹੀਂ ਹੈ। ਇਹ ਨਵੀਂ ਨੈਤਿਕਤਾ ਤਕਨੋਲੋਜੀ ਤੇ ਪੈਦਾਵਾਰ ਪ੍ਰਣਾਲੀ ਵਿਕਸਤ ਕਰਨ ਦਾ ਨਵਾਂ ਰਾਹ ਹੈ।"

ਧਰਤੀ ਮਾਂ ਦੇ ਹੱਕ ਤੇ ਜਲਵਾਯੂ ਤਬਦੀਲੀ ਸਬੰਧੀ ਕੋਚਾਬਾਮਬਾ ਬੋਲਵਿਆ 'ਚ ਮੁਕੰਮਲ ਹੋਏ ਵਿਸ਼ਵ ਜਾਗਰਣ ਦੇ ਸੰਮੇਲਨ ਦਾ ਫੈਸਲ਼ਾਕੁੰਨ ਐਲਾਨ : ਅੱਜ ਸਾਡੀ ਧਰਤੀ ਮਾਂ ਜ਼ਖਮੀ ਹੈ ਤੇ ਮਨੁੱਖਤਾ ਦਾ ਭਵਿੱਖ ਖਤਰੇ ਵਿਚ ਹੈ। ਜੇ ਵਾਯੂ ਮੰਡਲ ਦਾ ਤਾਪਮਾਨ 2 ਡਿਗਰੀ ਸੈਲਸੀਅਸ ਤੋਂ ਜ਼ਿਆਦਾ ਵੱਧ ਜਾਂਦਾ ਹੈ ਤਾਂ ਸਥਿਤੀ ਕੋਪੇਨਹੇਗਨ ਸਮਝੌਤੇ ਕਾਰਨ ਪੈਦਾ ਹੋ ਸਕਦੀ ਹੈ ਤਾਂ 50 ਫੀਸਦੀ ਸੰਭਾਵਨਾ ਇਹੀ ਹੈ ਕਿ ਸਾਡੀ ਧਰਤੀ ਮਾਂ ਨੂੰ ਇਸ ਨਾਲ ਜੋ ਨੁਕਸਾਨ ਹੋਵੇਗਾ ਉਸ ਦੀ ਪੂਰਤੀ ਪੂਰੀ ਤਰ੍ਹਾਂ ਅਸੰਭਵ ਹੋਵੇਗੀ। 20 ਤੋਂ 30 ਫੀਸਦੀ ਪ੍ਰਜਾਤੀਆਂ ਦੇ ਅਲੋਪ ਹੋਣ ਦਾ ਖਤਰਾ ਪੈਦਾ ਹੋ ਜਾਵੇਗਾ। ਵੱਡੇ ਪੈਮਾਨੇ ਤੇ ਜੰਗਲਾਂ ਉਪਰ ਅਸਰ ਪਵੇਗਾ। ਹੜ੍ਹ ਤੇ ਸੋਕਾ ਇਸ ਗ੍ਰਹਿ ਦੇ ਵੱਖ ਵੱਖ ਖੇਤਰਾਂ ਨੂੰ ਅਸਰ ਅੰਦਾਜ ਕਰਨਗੇ। ਰੇਗਿਸਤਾਨਾ ਦਾ ਫੈਲਾਅ ਹੋਵੇਗਾ ਤੇ ਧਰੁਵਾਂ ਦਾ ਹਿੰਮ ਸ਼ਿਖਰ ਅਤੇ ਹਿਮਾਲਿਆ ਤੇ ਇੰਡੀਜ਼ ਦੇ ਗਲੇਸ਼ੀਅਰ ਹੋਰ

ਵੀ ਬੁਰੀ ਤਰ੍ਹਾਂ ਪਿਘਲਨ ਲੱਗਣਗੇ। ਬਹੁਤ ਸਾਰੇ ਦੇਸ਼ ਗਾਇਬ ਹੋ ਜਾਣਗੇ ਅਤੇ ਅਫ਼ਰੀਕਾ ਨੂੰ ਤਿੰਨ ਡਿਗਰੀ ਤੋਂ ਵੀ ਵੱਧ ਤਾਪਮਾਨ ਵਾਧੇ ਦਾ ਸ਼ਿਕਾਰ ਹੋਣਾ ਪਵੇਗਾ। ਇਸ ਤਰ੍ਹਾਂ ਦੁਨੀਆਂ ਦੀ ਅਨਾਜ ਪੈਦਾਵਾਰ ਘਟ ਜਾਵੇਗੀ ਅਤੇ ਦੁਨੀਆਂ 'ਚ ਭੁਖਮਰੀ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਜੋ ਪਹਿਲਾਂ ਹੀ 1.02 ਅਰਬ ਦਾ ਅੰਕੜਾ ਪਾਰ ਕਰ ਚੁੱਕੀ ਹੈ, ਅਚਾਨਕ ਤੇਜ਼ੀ ਨਾਲ ਵਧ ਜਾਵੇਗੀ। "ਵਿਕਸਿਤ" ਦੇਸ਼ਾਂ ਦੀਆਂ ਕਾਰਪੋਰੇਸ਼ਨਾਂ ਤੇ ਸਰਕਾਰਾਂ ਨੇ ਵਿਗਿਆਨਕ ਸਮੂਹ ਦੇ ਥੋੜੇ ਜਿਹੇ ਲੋਕਾਂ ਦੇ ਨਾਲ ਮਿਲ ਕੇ ਸਾਨੂੰ ਜਲਵਾਯੂ ਤਬਦੀਲੀ ਬਾਰੇ ਇਕ ਅਜਿਹੀ ਬਹਿਸ 'ਚ ਉਲਝਾਇਆ ਹੈ ਜਿਸ ਨਾਲ ਇਸ ਸਮੱਸਿਆ ਨੂੰ ਸਿਰਫ ਤਾਪਮਾਨ 'ਚ ਵਾਧੇ ਤਕ ਹੀ ਸੀਮਤ ਕਰ ਦਿੱਤਾ ਹੈ। ਉਹ ਇਸ ਦੇ ਕਾਰਨਾਂ ਦੀ ਕੋਈ ਚਰਚਾ ਨਹੀਂ ਕਰਦੇ ਕਿਉਂਕਿ ਪੂੰਜੀਵਾਦੀ ਪ੍ਰਣਾਲੀ ਹੀ ਇਸ ਸਮੱਸਿਆ ਦੀ ਜੜ੍ਹ ਹੈ। ਸਾਡਾ ਸਾਹਮਣਾ ਸਭਿਆ ਬਨਾਉਣ ਦਾ ਦਾਅਵਾ ਕਰਨ ਵਾਲੇ ਇਕ ਮਾਡਲ ਦੇ ਚੋਟੀ ਦੇ ਸੰਕਟ ਨਾਲ ਹੋ ਰਿਹਾ ਹੈ। ਜੋ ਜਮਾਂਦਰੂ ਹੈ ਅਤੇ ਮਨੁੱਖ ਜਾਤੀ ਤੇ ਕੁਦਰਤ ਦੀ ਇਸ ਗੁਲਾਮੀ ਤੇ ਵਿਨਾਸ਼ 'ਤੇ ਅਧਾਰਤ ਹੈ ਜਿਸ ਦੀ ਰਫਤਾਰ ਸਨਅਤੀ ਇਨਕਾਲਬ ਦੇ ਵੇਲੇ ਤੋਂ ਹੀ ਕਾਫੀ ਤੇਜ਼ ਹੋ ਗਈ ਸੀ। ਪੂੰਜੀਵਾਦੀ ਪ੍ਰਬੰਧ ਨੇ ਸਾਡੇ ਲੋਕਾਂ ਉਪਰ ਮੁਕਾਬਲੇ, ਤਰੱਕੀ ਤੇ ਬੇਲਗਾਮ ਵਿਕਾਸ ਦਾ ਇਕ ਤਰਕ ਠੋਸ ਦਿੱਤਾ ਹੈ। ਪੈਦਾਵਾਰ ਤੇ ਖਪਤ ਦੀ ਇਹ ਹਕੂਮਤੀ ਪ੍ਰਣਾਲੀ ਮਨੁੱਖ ਜਾਤੀ ਨੂੰ ਕੁਦਰਤ ਤੋਂ ਵੱਖ ਕਰਕੇ, ਕੁਦਰਤ ਤੇ ਇਹ ਤਰਕ ਠੋਸ ਕੇ, ਜਲ, ਜੰਗਲ ਜਮੀਨ, ਪੁਰਖਿਆਂ ਦਾ ਸਭਿਆਚਾਰ, ਜੈਵ ਵਿਭੰਨਤਾ, ਨਿਆਂ ਨੈਤਿਕਤਾ, ਲੋਕਾਂ ਦੇ ਅਧਿਕਾਰ ਅਤੇ ਖੁਦ ਜੀਵਨ ਸਮੇਤ ਹਰ ਚੀਜ ਨੂੰ ਮਾਲ 'ਚ ਤਬਦੀਲ ਕਰਕੇ ਬੇਸ਼ੁਮਾਰ ਮੁਨਾਫਾ ਵਟੋਰਨਾ ਚਾਹੁੰਦੀ ਹੈ। ਪੂੰਜੀਵਾਦ ਦੇ ਤਹਿਤ, ਧਰਤੀ ਮਾਂ ਨੂੰ ਕੱਚੇ ਮਾਲ ਦੇ ਇਕ ਸ੍ਰੋਤ ਤੇ ਮਨੁੱਖ ਜਾਤੀ ਨੂੰ ਖਪਤਕਰਤਾ ਅਤੇ ਪੈਦਾਵਾਰ ਦੇ ਇਕ ਸਾਧਨ 'ਚ ਤਬਦੀਲ ਕਰ ਦਿੱਤਾ ਹੈ, ਜਿੱਥੋਂ ਲੋਕਾਂ ਦੀ ਕਿਸਮਤ ਇਸ ਨਾਲ ਤਹਿ ਹੁੰਦੀ ਹੈ ਕਿ ਉਹ ਕਿੰਨੇ ਮਾਲਦਾਰ ਹਨ, ਇਸ ਗੱਲ ਨਾਲ ਨਹੀਂ ਕਿ ਉਹ ਕੌਣ ਹਨ। ਆਪਣੀ ਪੂੰਜੀ ਪੈਦਾ ਕਰਨ ਦੇ ਅਮਲ ਨੂੰ ਜਾਰੀ ਰੱਖਣ ਅਤੇ ਕੁਦਰਤੀ ਸਾਧਨਾਂ ਤੇ ਖੁਸ਼ਹਾਲ ਖੇਤਰਾਂ 'ਤੇ ਕਬਜੇ ਖਿਲਾਫ ਹੋਣ ਵਾਲੇ ਲੋਕ ਮੁਜਾਹਰਿਆਂ ਨੂੰ ਕੁਚਲਣ ਲਈ ਪੂੰਜੀਵਾਦ ਨੂੰ ਇੱਕ ਸ਼ਕਤੀਸ਼ਾਲੀ ਫੌਜੀ ਸਨਅਤ ਦੀ ਲੋੜ ਹੁੰਦੀ ਹੈ। ਇਹ ਇਸ ਗ੍ਰਹਿ ਦੇ ਬਸਤੀਵਾਦੀਕਰਨ ਦੀ ਇਕ ਸਾਮਰਾਜੀ ਪ੍ਰਣਾਲੀ ਹੈ। ਮਨੁੱਖਤਾ ਅੱਜ ਇਕ ਵੱਡੀ ਦੁਵਿਧਾ ਦਾ ਸਾਹਮਣਾ ਕਰ ਰਹੀ ਹੈ – ਪੂੰਜੀਵਾਦ, ਲੁੱਟਮਾਰ ਤੇ ਮੌਤ ਦੇ ਰਾਹ 'ਤੇ ਅੱਗੇ ਵਧਣਾ ਜਾਰੀ ਰੱਖੇ ਜਾਂ ਕੁਦਰਤ ਦੇ ਨਾਲ ਸਦਭਾਵਨਾ ਤੇ ਜੀਵਨ ਬਾਰੇ ਸਨਮਾਨ ਦਾ ਰਾਹ ਅਪਣਾਵੇ। ਇਕ ਅਜਿਹੀ ਪ੍ਰਣਾਲੀ ਦੀ ਉਸਾਰੀ ਕਰਨਾ ਬੇਹੱਦ ਜ਼ਰੂਰੀ ਹੈ ਜੋ ਕੁਦਰਤ ਦੇ ਨਾਲ ਤੇ ਮਨੁੱਖ ਜਾਤੀ ਵਿਚਕਾਰ ਆਪਸੀ ਤਾਲਮੇਲ ਲਈ ਫਿਰ ਤੋਂ ਬਹਿਸ ਕਰੇ। ਕੁਦਰਤ ਦੇ ਨਾਲ ਸੰਤੁਲਨ ਕਾਇਮ ਕਰਨ ਲਈ ਮਨੁੱਖ ਜਾਤੀ 'ਚ ਬਰਾਬਰੀ ਦਾ ਹੋਣਾ ਜ਼ਰੂਰੀ ਹੈ। ਅਸੀਂ ਵਿਸ਼ਵ ਜਨਕ ਲੋਕਾਂ ਦੇ ਸਾਹਮਣੇ ਅਤੇ ਹਰ ਦੇਸ਼ ਦੇ ਮੂਲ ਨਿਵਾਸੀਆਂ ਦੇ ਗਿਆਨ, ਵਿਵੇਕ ਤੇ ਰੀਤ-ਰਿਵਾਜਾਂ ਦੀ ਕਦਰ ਕਰਨ, ਉਨ੍ਹਾਂ ਨੂੰ ਹੋਰ ਵੱਧ ਖੁਸ਼ਹਾਲ ਤੇ ਮਜ਼ਬੂਤੀ ਮੁਹੱਈਆ ਕਰਨ ਦਾ ਪ੍ਰਸਤਾਵ ਰੱਖਦੇ ਹਾਂ। ਮੂਲ ਨਿਵਾਸੀ "ਅੱਛੀ ਜ਼ਿੰਦਗੀ" ਦੇ ਵਿਚਾਰ ਤੇ ਵਿਹਾਰ 'ਚ ਪੂਰੀ ਤਰ੍ਹਾਂ ਵਿਸ਼ਵਾਸ ਰੱਖਦੇ ਹਨ ਅਤੇ ਧਰਤੀ ਮਾਂ ਨੂੰ ਜੀਵਤ ਪ੍ਰਾਣੀ ਮੰਨਦਿਆਂ ਉਸ ਦੇ ਨਾਲ

ਆਪਸੀ ਨਿਰਭਰ, ਸਨਮਾਨਪੂਰਨ ਤੇ ਮਨੁੱਖੀ ਸਬੰਧ ਰੱਖਦੇ ਹਨ। ਜਲਵਾਯੂ ਤਬਦੀਲੀ ਦਾ ਸਾਹਮਣਾ ਕਰਨ ਲਈ ਸਾਨੂੰ ਧਰਤੀ ਮਾਂ ਨੂੰ ਜੀਵਨ ਦਾ ਸਰੋਤ ਮੰਨਦੇ ਹੋਇਆਂ ਅਤੇ ਹੇਠ ਲਿਖੇ ਸਿਧਾਂਤਾਂ 'ਤੇ ਅਧਾਰਤ ਇਕ ਨਵੀਂ ਪ੍ਰਣਾਲੀ ਦੀ ਉਸਾਰੀ ਕਰਨੀ ਜ਼ਰੂਰੀ ਹੈ।

ਸਭ ਲੋਕਾਂ ਵਿਚਕਾਰ ਤੇ ਸਭ ਚੀਜਾਂ ਦੇ ਨਾਲ ਸੰਤੁਲਨ ਤੇ ਬਰਾਬਰੀ, ਭਾਈਚਾਰਾ, ਆਪਸੀ ਸਹਿਯੋਗ, ਕੁਦਰਤ ਦੇ ਨਾਲ ਲੋਕਾਂ ਦੀ ਸਦਭਾਵਨਾ, ਮਨੁੱਖਾਂ ਦੀ ਪਹਿਚਾਣ, ਇਸ ਗੱਲ ਨਾਲ ਤਹਿ ਹੁੰਦੀ ਹੈ ਕਿ ਉਹ ਕੌਣ ਹਨ ਤੇ ਇਸ ਨਾਲ ਨਹੀਂ ਕਿ ਉਹ ਕਿਹੜੀਆਂ-ਕਿਹੜੀਆਂ ਚੀਜਾਂ ਦੇ ਮਾਲਕ ਹਨ। ਬਸਤੀਵਾਦ, ਸਾਮਰਾਜਵਾਦ ਤੇ ਦਖਲਅੰਦਾਜੀ ਦੇ ਸਭ ਰੂਪਾਂ ਦਾ ਖਾਤਮਾ ਜਨਤਾ ਵਿਚਕਾਰ ਤੇ ਧਰਤੀ ਮਾਂ ਨਾਲ ਸ਼ਾਂਤੀ। ਅਸੀਂ ਜਿਸ ਮਾਡਲ ਦੇ ਹਮਾਇਤੀ ਹਾਂ ਉਹ ਵਿਨਾਸ਼ਕਾਰੀ ਵਿਕਾਸ ਦਾ ਮਾਡਲ ਨਹੀਂ। ਸਭ ਦੇਸ਼ਾਂ ਨੂੰ ਆਪਣੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਿਆਂ ਕਰਨ ਲਈ ਮਾਲ ਤੇ ਸੇਵਾਵਾਂ ਦੀ ਪੈਦਾਵਾਰ ਦੀ ਲੋੜ ਹੁੰਦੀ ਹੈ। ਪਰ ਅਸੀਂ ਕਿਸੇ ਵੀ ਸੂਰਤ 'ਚ ਖੁਸ਼ਹਾਲ ਧਨੀ ਦੇਸ਼ਾਂ ਵੱਲੋਂ ਅਪਣਾਏ ਉਸ ਰਸਤੇ 'ਤੇ ਨਹੀਂ ਚੱਲ ਸਕਦੇ ਜਿਸ ਨੇ ਇਸ ਗ੍ਰਹਿ ਉਪਰ ਉਸ ਦੀ ਸਮੱਰਥਾ ਤੋਂ ਪੰਜ ਗੁਣਾਂ ਵੱਡਾ ਬੋਝ ਪਾ ਦਿੱਤਾ ਹੈ। ਅੱਜ ਇਸ ਗ੍ਰਹਿ ਦੀ ਪੁਨਰ ਉਤਪਾਦਕ ਸਮਰੱਥਾ ਆਪਣੀ ਚੋਟੀ ਦੀ ਸੀਮਾ ਤੋਂ 30 ਫੀਸਦੀ ਵੱਧ-ਵਧ ਚੁੱਕੀ ਹੈ, ਜੇ ਸਾਡੀ ਧਰਤੀ ਮਾਂ ਦੇ ਬੇਲਗਾਮ ਲੁੱਟ-ਘਸੁੱਟ ਦੀ ਇਹੀ ਰਫਤਾਰ ਜਾਰੀ ਰਹੀ ਤਾਂ ਸੰਨ 2030 ਤੱਕ ਸਾਨੂੰ ਅਜਿਹੇ ਦੋ ਗ੍ਰਹਿਆਂ ਦੀ ਲੋੜ ਪਵੇਗੀ। ਇਕ ਆਪਸੀ ਨਿਰਭਰ ਤੰਤਰ, ਮਨੁੱਖ ਜਾਤੀ ਜਿਸ ਦਾ ਸਿਰਫ ਇਕ ਘਟਕ ਹੈ, ਸਿਰਫ ਮਨੁੱਖੀ ਪੱਖ ਦੇ ਅਧਿਕਾਰਾਂ ਨੂੰ ਹੀ ਸਵੀਕਾਰ ਕੀਤੇ ਜਾਣਾ, ਇਸ ਪੂਰੇ ਤੰਤਰ ਵਿੱਚ ਅਸੰਤੁਲਨ ਨੂੰ ਹੱਲਾਸ਼ੇਰੀ ਦਿੱਤੇ ਬਿਨਾਂ ਬਿਲਕੁਲ ਸੰਭਵ ਨਹੀਂ। ਮਨੁੱਖੀ ਅਧਿਕਾਰਾਂ ਦੀ ਗਰੰਟੀ ਕਰਨ ਤੇ ਕੁਦਰਤ ਦੇ ਨਾਲ ਫਿਰ ਤੋਂ ਸਦਭਾਵਨਾ ਸਥਾਪਤ ਕਰਨ ਲਈ ਧਰਤੀ ਮਾਂ ਦੇ ਅਧਿਕਾਰਾਂ ਨੂੰ ਪ੍ਰਭਾਵੀ ਢੰਗ ਨਾਲ ਮੰਨਣਾ ਤੇ ਉਸ ਨੂੰ ਲਾਗੂ ਕਰਨਾ ਲਾਜਮੀ ਹੈ। ਇਸ ਉਦੇਸ ਲਈ ਅਸੀਂ 'ਧਰਤੀ ਮਾਂ ਦੇ ਅਧਿਕਾਰਾਂ 'ਤੇ ਐਲਾਨ ਨਾਮਾ' ਦੀ ਯੋਜਨਾ ਪੇਸ਼ ਕਰਦੇ ਹਾਂ ਜੋ ਇਥੇ ਵਾਜਬ ਹੈ ਜਿਸ ਵਿਚ ਇਹ ਦਰਜ ਹੈ ਕਿ ਜਿਉਂਦੇ ਰਹਿਣ ਤੇ ਹੋਂਦ ਬਣਾਈ ਰੱਖਣ ਦਾ ਅਧਿਕਾਰ ਜੈਵਿਕ ਸਮੱਰਥਾ ਨੂੰ ਪੁਨਰਜੀਵਿਤ ਕਰਨ ਤੇ ਆਪਣੇ ਪ੍ਰਮੁੱਖ ਚੱਕਰਾਂ 'ਤੇ ਅਮਲਾਂ ਨੂੰ ਮਨੁੱਖੀ ਤਬਦੀਲੀ ਤੋਂ ਬਚਾਉਂਦੇ ਹੋਏ ਉਹਨਾਂ ਨੂੰ ਜਾਰੀ ਰੱਖਣ ਦਾ ਅਧਿਕਾਰ। ਅਲੱਗ-ਅਲੱਗ ਜੀਵਾਂ ਦੇ ਰੂਪਾਂ 'ਚ ਆਪਣੀ ਸਵੈ-ਕੰਟਰੋਲ ਤੇ ਆਪਸੀ ਸਬੰਧਤ ਪਹਿਚਾਨ ਤੇ ਇਕ ਜੁਟਤਾ ਕਾਇਮ ਰੱਖਣ ਦਾ ਅਧਿਕਾਰ, ਜੀਵਨ ਦੇ ਸਰੋਤ ਦੇ ਵਜੋਂ ਪਾਣੀ ਦਾ ਅਧਿਕਾਰ, ਸਾਫ-ਸੁਥਰੀ ਹਵਾ ਦਾ ਅਧਿਕਾਰ, ਸੰਪੂਰਨ ਸਿਹਤ ਦਾ ਅਧਿਕਾਰ, ਜ਼ਹਿਰੀਲੇ ਤੇ ਰੇਡਿਓ ਧਰਮੀ ਕਚਰੇ ਵਿੱਚ, ਗੰਦਗੀ ਤੇ ਪ੍ਰਦੂਸ਼ਣ ਤੋਂ ਮੁਕਤ ਹੋਣ ਦਾ ਅਧਿਕਾਰ ਜੋ ਇਸ ਦੀ ਅਖੰਡਤਾ ਜਾਂ ਜੀਵੰਤ ਤੇ ਸਿਹਤਮੰਦ ਕ੍ਰਿਆਸ਼ੀਲਤਾ ਲਈ ਖਤਰਾ ਪੈਦਾ ਕਰਦੇ ਹਨ। ਇਸ ਐਲਾਨਨਾਮੇ 'ਚ ਦਿੱਤੇ ਗਏ ਅਧਿਕਾਰਾਂ ਦਾ ਜੇ ਮਨੁੱਖੀ ਕ੍ਰਿਆ ਕਲਪਨਾ ਦੇ ਕਾਰਨ, ਜੇ ਉਲੰਘਣਾ ਹੋਵੇ ਤਾਂ ਉਸ ਦੀ ਤਤਕਾਲ ਤੇ ਪੂਰੀ ਤਰ੍ਹਾਂ ਪੂਰਤੀ ਦਾ ਅਧਿਕਾਰ।

ਸਾਡਾ ਇਹ "ਸਾਂਝਾ ਸੁਪਨਾ" ਗ੍ਰੀਨ ਹਾਊਸ ਗੈਸਾਂ ਦੀ ਸੰਘਣਤਾ ਨੂੰ ਸਥਿਰ

ਕਰਨ ਦਾ ਅਧਿਕਾਰ ਕਰਨ ਦੀ ਮੰਗ ਕਰਦਾ ਹੈ, ਤਾਂ ਕਿ 'ਜਲਵਾਯੂ ਤਬਦੀਲੀ 'ਤੇ ਸੰਯੁਕਤ ਰਾਸ਼ਟਰ ਸੰਘ ਦੇ ਰੂਪ ਰੇਖਾ ਸੰਮੇਲਨ' ਦੇ ਅਨੁਛੇਦ-2 ਨੂੰ ਅਸਰਦਾਇਕ ਬਣਾਇਆ ਜਾ ਸਕੇ, ਇਸ ਵਿਚ ਕਿਹਾ ਗਿਆ ਹੈ ਕਿ ਵਾਤਾਵਰਣ 'ਚ ਗ੍ਰੀਸ ਹਾਊਸ ਗੈਸਾਂ ਦੀ ਸੰਘਣਤਾ ਨੂੰ ਇਕ ਖਾਸ ਪੱਧਰ ਤਕ ਸਥਿਰ ਰੱਖਣਾ ਹੀ ਹੋਵੇਗਾ ਜੋ ਜਲਵਾਯੂ ਪ੍ਰਣਾਲੀ ਲਈ ਖਤਰਨਾਕ ਮਾਨਵ ਜਨਿਤ ਬੁਰੇ ਅਸਰਾਂ ਨੂੰ ਰੋਕਦਾ ਹੋਵੇ। ਸਾਡਾ ਸੁਪਨਾ ਇਤਿਹਾਸ ਸਮਤ ਸਮੂਹਕ ਪਰ ਵੱਖ-ਵੱਖ ਜਿੰਮੇਦਾਰੀਆਂ ਦੇ ਸਿਧਾਂਤ 'ਤੇ ਅਧਾਰਤ ਹੈ। ਇਹ ਵਿਕਸਤ ਦੇਸ਼ ਤੋਂ ਮੰਗ ਕਰਦਾ ਹੈ ਕਿ ਉਹ ਉਸ ਹੱਦ ਤਕ ਉਤਸਰਜਨ 'ਚ ਕਮੀ ਕਰਨ ਦਾ ਵਾਅਦਾ ਨਿਭਾਵੇ ਜਿੰਨਾ ਸਮਝੌਤੇ 'ਚ ਨਿਰਧਾਰਿਤ ਹੈ। ਇਸ ਨਾਲ ਗ੍ਰੀਨ ਹਾਊਸ ਗੈਸਾਂ ਦੀ ਸੰਘਣਤਾ 300 ਪੀਪੀ ਐਮ ਤਕ ਵਾਪਸ ਲਿਆਂਦਾ ਜਾ ਸਕੇਗਾ ਤਾਂ ਕਿ ਵਿਸ਼ਵ ਦੇ ਤਾਪਮਾਨ ਤੋਂ ਜ਼ਿਆਦਾ ਵਾਧਾ ਨਾ ਹੋਵੇ। ਵਿਕਸਤ ਦੇਸ਼ਾਂ ਨੂੰ ਚਾਹੀਦਾ ਹੈ ਕਿ ਉਹ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਤੁਰੰਤ ਕਾਰਵਾਈ ਦੀ ਲੋੜ ਨੂੰ ਤਰਜੀਹ ਦੇਣ ਅਤੇ ਲੋਕਾਂ ਤੇ ਲੋਕ ਸੰਘਰਸ਼ਾਂ ਦੀ ਹਮਾਇਤ ਨਾਲ ਉਤਸਰਜਨ ਘੱਟ ਕਰਨ ਦੇ ਸ਼ਾਨਦਾਰ ਟੀਚੇ ਨੂੰ ਪੂਰਾ ਕਰਨ, ਜੋ ਤਤਕਾਲ ਉਦੇਸ਼ਾਂ ਦੀ ਪੂਰਤੀ 'ਚ ਸਹਾਇਕ ਹਨ, ਨਾਲ ਹੀ ਉਹ ਸੰਮੇਲਨ ਦੇ ਅੰਤਿਮ ਉਦੇਸ਼ਾਂ ਨੂੰ ਧਿਆਨ 'ਚ ਰੱਖਦੇ ਹੋਇਆਂ ਧਰਤੀ ਦੇ ਜਲਵਾਯੂ ਤੰਤਰ 'ਚ ਸੰਤੁਲਨ ਦੇ ਹੱਕ ਵਿਚ ਸਾਡੇ ਸੁਪਨੇ ਨੂੰ ਹਮਾਇਤ ਦੇਣ। ਜਲਵਾਯੂ ਤਬਦੀਲੀ ਸਬੰਧੀ ਬਹਿਸਾਂ ਵਿਚ 'ਲੰਮੇ ਸਮੇਂ ਦੀਆਂ ਸਹਿਯੋਗੀ ਕਾਰਵਾਈ ਲਈ ਸਾਂਝੇ, ਸੁਪਨੇ" ਨੂੰ ਤਾਪਮਾਨ 'ਚ ਵਾਧੇ ਤੇ ਵਾਤਾਵਰਣ 'ਚ ਗ੍ਰੀਨ ਹਾਊਸ ਦੀ ਸੰਘਣਤਾ ਦੀ ਸੀਮਾ ਤਹਿ ਕਰਨ ਦੇ ਪੱਧਰ ਤੱਕ ਨਹੀਂ ਗਿਰਾ ਦੇਣਾ ਚਾਹੀਦਾ। ਨਾਲ ਹੀ ਇਸ ਵਿੱਚ ਸਮਰੱਥਾ ਅਨੁਸਾਰ ਪੈਦਾਵਾਰ ਤੇ ਵਰਤੋਂ ਦੇ ਪੈਟਰਨ ਤੇ ਦੂਜੇ ਜ਼ਰੂਰੀ ਕਾਰਕਾਂ ਜਿਵੇਂ- ਕੁਦਰਤ ਦੇ ਨਾਲ ਤਾਲਮੇਲ (ਸਹਿਹੋਂਦ) ਸਥਾਪਤ ਕਰਨ ਲਈ ਧਰਤੀ ਮਾਂ ਦੇ ਅਧਿਕਾਰਾਂ ਨੂੰ ਕਬੂਲ ਕਰਨ ਨਾਲ ਸਬੰਧਤ ਉਪਾਵਾਂ ਨੂੰ ਵੀ ਸੰਤੁਲਿਤ ਢੰਗ ਨਾਲ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਵਿਕਸਤ ਦੇਸ਼ਾਂ ਨੂੰ ਜੋ ਜਲਵਾਯੂ ਤਬਦੀਲੀ ਲਈ ਮੁੱਖ ਤੌਰ 'ਤੇ ਦੋਸ਼ੀ ਹਨ, ਆਪਣੀ ਇਤਿਹਾਸਕ ਜ਼ਿੰਮੇਵਾਰੀ ਮੰਨਦੇ ਹੋਇਆਂ, ਜਲਵਾਯੂ ਤਬਦੀਲੀ ਦੇ ਨਿਆਂ ਸੰਗਤ, ਪ੍ਰਭਾਵਸ਼ਾਲੀ ਤੇ ਵਿਗਿਆਨਕ ਹੱਲ ਦੀ ਬੁਨਿਆਦੀ ਸ਼ਰਤ ਵਜੋਂ ਨਿਸ਼ਚੈ ਹੀ ਆਪਣੇ ਜਲਵਾਯੂ ਕਰਜੇ ਦੇ ਸਾਰੇ ਨਤੀਜਿਆਂ ਨੂੰ ਮੰਨਣਾ ਤੇ ਸਨਮਾਨ ਕਰਨਾ ਚਾਹੀਦੈ। ਇਸ ਪ੍ਰਸੰਗ 'ਚ ਵਿਕਸਤ ਦੇਸ਼ਾਂ ਤੋਂ ਮੰਗ ਕੀਤੀ ਜਾਣੀ ਚਾਹੀਦੀ ਹੈ ਕਿ –

-ਵਿਕਾਸਸ਼ੀਲ ਦੇਸ਼ਾਂ ਦੇ ਵਾਯੂ ਮੰਡਲੀ ਖੇਤਰ ਨੂੰ ਫਿਰ ਤੋਂ ਸਾਫ ਕਰਨ ਜੋ ਵਿਕਸਤ ਦੇਸ਼ਾਂ ਵੱਲੋਂ ਪੈਦਾ ਕੀਤੀਆਂ ਗਰੀਨ ਹਾਊਸ ਗੈਸਾਂ ਨਾਲ ਭਰਿਆ ਪਿਆ ਮਤਲਬ ਇਹ ਹੈ ਕਿ ਆਪਣੇ ਉਤਸਰਜਨ 'ਚ ਕਮੀ ਲਿਆਉਣ ਤੇ ਗੰਦਗੀ ਨੂੰ ਸੋਕਣ ਤਾਂ ਕਿ ਵਿਕਾਸਸ਼ੀਲ ਦੇਸ਼ਾਂ ਵਿੱਚ ਵਾਯੂਮੰਡਲ 'ਤੇ ਉਨ੍ਹਾਂ ਦਾ ਬਸਤੀਵਾਦੀ ਕਬਜਾ ਖਤਮ ਹੋਵੇ।

- ਕੰਟਰੋਲ ਅਧੀਨ ਵਾਯੂ ਮੰਡਲੀ ਖੇਤਰਾਂ 'ਚ ਹੋਣ ਕਾਰਨ ਵਿਕਾਸਸ਼ੀਲ ਦੇਸ਼ਾਂ ਨੂੰ ਵਿਕਾਸ ਦੇ ਮੌਕਿਆਂ ਦਾ ਜੋ ਨੁਕਸਾਨ ਉਠਾਉਣਾ ਪਿਆ ਹੈ ਉਸ ਦੀ ਭਰਪਾਈ ਲਈ ਉਹ ਤਕਨੀਕੀ ਤਬਦੀਲੀ ਦੀਆਂ ਲੋੜਾਂ ਤੇ ਕਦਰਾਂ ਕੀਮਤਾਂ ਦੀ ਜ਼ਿੰਮੇਵਾਰੀ ਆਪਣੇ ਉਪਰ ਲੈਣ।

- ਵਿਕਸਤ ਦੇਸ਼ਾਂ ਵੱਲੋਂ ਕੀਤੀ ਗਈ ਜਲਵਾਯੂ ਤਬਦੀਲੀ ਕਾਰਨ ਜੋ ਕਰੋੜਾਂ ਲੋਕ

ਉਜੜਣ ਲਈ ਮਜ਼ਬੂਰ ਹੋਣਗੇ, ਉਹਨਾਂ ਦੀ ਜ਼ਿੰਮੇਵਾਰੀ ਆਪਣੇ ਉਪਰ ਲੈਣ ਤੇ ਆਪਣੀ ਬੰਦਸ਼ਕਾਰੀ ਨੀਤੀਆਂ ਨੂੰ ਖਤਮ ਕਰਨ, ਆਪਣੇ ਦੇਸ਼ 'ਚ ਪ੍ਰਵਾਸੀਆਂ ਲਈ ਮਨੁੱਖੀ ਅਧਿਕਾਰਾਂ ਦੀ ਗਰੰਟੀ ਦੇ ਨਾਲ ਉਹਨਾਂ ਲਈ ਮਾਨਸਨਮਾਨ ਪੂਰਵਕ ਜ਼ਿੰਦਗੀ ਮੁਹੱਈਆ ਕਰਨ। ਆਪਣੇ ਵਾਯੂ ਉਤਸਰਜਨ ਦੇ ਕਾਰਨ ਆਪਣੇ ਵੱਧਦੇ ਨੁਕਸਾਨ ਦੀ ਰੋਕਥਾਮ ਕਰਨ, ਉਸ ਨੂੰ ਘੱਟ ਕਰਨ ਅਤੇ ਨਿਪਟਾਰੇ ਦੇ ਸਾਧਨ ਮੁਹੱਈਆ ਕਰਨ ਤੇ ਵਿਕਸਤ ਦੇਸ਼ਾਂ ਨੂੰ ਜਲਵਾਯੂ ਤਬਦੀਲੀ ਦੇ ਮਾੜੇ ਅਸਰਾਂ ਨੂੰ ਦੂਰ ਕਰਨ ਲਈ ਕਰਜੇ ਦਾ ਜੋ ਬੋਝ ਚੁੱਕਣਾ ਪੈ ਰਿਹਾ ਹੈ, ਉਸ ਦੀ ਜਿੰਮੇਵਾਰੀ ਲੈਣ। ਧਰਤੀ ਮਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਸੰਘ ਦੇ ਐਲਾਨਨਾਮੇ ਨੂੰ ਸਵੀਕਾਰਦਿਆਂ ਤੇ ਲਾਗੂ ਕਰਦਿਆਂ ਧਰਤੀ ਮਾਂ ਦੇ ਵਿਆਪਕ ਕਰਜੇ ਦੇ ਇਕ ਹਿੱਸੇ ਵਜੋਂ ਉਹ ਇਹਨਾਂ ਕਰਜਿਆਂ ਦਾ ਭੁਗਤਾਨ ਕਰਨ। ਇਹ ਜ਼ਰੂਰੀ ਹੈ ਕਿ ਸਿਰਫ਼ ਵਿਤੀ ਮੁਆਵਜੇ 'ਤੇ ਹੀ ਨਹੀਂ ਬਲਕਿ ਨਿਆਂ ਵੱਲ ਹੀ ਧਿਆਨ ਰਹੇ ਅਤੇ ਇਸ ਨੂੰ ਧਤਰੀ ਮਾਂ ਅਤੇ ਇਸਦੇ ਸਭ ਜੀਵਾਂ ਦੀ ਪ੍ਰਤਿਸ਼ਠਾ ਮੰਨਦੇ ਹੋਏ ਪੂਰਾ ਕੀਤਾ ਜਾਵੇ। ਅਸੀਂ ਕਈ ਦੇਸ਼ਾਂ ਵੱਲੋਂ ਕਵੇਟੋ ਪ੍ਰੋਟੋਕੋਲ ਨੂੰ ਰੱਦ ਕਰਨ ਦੇ ਯਤਨਾਂ ਦੇ ਅਫ਼ਸੋਸ ਪ੍ਰਗਟ ਕਰਦੇ ਹਾਂ। ਇਹ ਇਕੋ ਇਕ ਅਜਿਹਾ ਦਸਤਾਵੇਜ ਹੈ ਜਿਸ ਰਾਹੀਂ ਵਿਕਸਤ ਦੇਸ਼ਾਂ ਨੂੰ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਘਟਾਉਣ ਲਈ ਮਜ਼ਬੂਰ ਕੀਤਾ ਜਾ ਸਕਦਾ ਹੈ। ਅਸੀਂ ਸੰਸਾਰ ਨੂੰ ਇਹੀ ਸੂਚਿਤ ਕਰਦੇ ਹਾਂ ਕਿ ਉਤਸਰਜਨ ਨੂੰ ਘਟਾਉਣ ਦੀ ਆਪਣੀ ਵਚਨਬੱਧਤਾ ਦੇ ਬਾਵਜੂਦ ਵਿਕਸਤ ਦੇਸ਼ਾਂ ਨੇ ਆਪਣਾ ਉਤਸਰਜਨ 1990 ਤੋਂ 2007 ਵਿਚਕਾਰ 11.2 ਫੀਸਦੀ ਵਧਾ ਦਿੱਤਾ ਹੈ। ਇਸੇ ਅਰਸੇ ਦੌਰਾਨ ਬੇਲਗਾਮ ਖਪਤ ਕਾਰਨ ਆਪਣੇ ਗ੍ਰੀਨ ਹਾਊਸਾਂ ਦਾ ਉਤਸਰਜਨ 16.8 ਫੀਸਦੀ ਤੱਕ ਵਧਾ ਦਿੱਤਾ ਜੋ ਪ੍ਰਤੀ ਵਿਅਕਤੀ ਔਸਤਨ 20 ਤੋਂ 23 ਟਨ ਕਾਰਬਨਡਾਈ ਅਕਸਾਈਡ ਸਲਾਨਾ ਤੱਕ ਪਹੁੰਚ ਗਿਆ ਹੈ। ਇਹ ਔਸਤ ਤੀਜੀ ਦੁਨੀਆ ਦੇ ਨਿਵਾਸੀਆਂ ਦੀ ਤੁਲਨਾ 'ਚ 9 ਗੁਣਾਂ ਤੋਂ ਵੀ ਵੱਧ ਹੈ। ਨਜਾਇਜ਼ ਕੋਪੇਨਹੇਗਨ ਸੰਮੇਲਨ ਨੂੰ ਅਸੀਂ ਰੱਦ ਕਰਦੇ ਹਾਂ ਜੋ ਧਰਤੀ ਮਾਂ ਦੀ ਵਾਤਾਵਰਣੀ ਸੰਪੂਰਨਤਾ ਦੀ ਉਲੰਘਣਾ ਕਰਦਾ ਹੈ ਅਤੇ ਸਾਨੂੰ ਵਿਸ਼ਵੀ ਤਾਮਪਾਨ 'ਚ 4 ਡਿਗਰੀ ਸੈਲਸੀਅਸ ਦਾ ਵਾਧਾ ਕਰਨ ਵੱਲ ਧੱਕਦਾ ਹੈ। ਇਹ ਪ੍ਰਸਤਾਵ ਵਿਕਸਤ ਦੇਸ਼ਾਂ ਨੂੰ ਉਹਨਾਂ ਦੀ ਸਵੈ ਇੱਛਕ ਤੇ ਵਿਅਕਤੀਗਤ ਵਚਨ ਬੱਧਤਾ 'ਤੇ ਅਧਾਰਤ ਗ੍ਰੀਨ ਹਾਊਸ ਗੈਸਾਂ 'ਚ ਸਿਰਫ ਮਾਮੂਲੀ ਕਮੀ ਲਿਆਉਣ ਦਾ ਮਸੌਦਾ ਹੈ। ਜਲਵਾਯੂ ਪ੍ਰੀਵਰਤਨ ਸਬੰਧੀ ਅਗਲਾ ਸੰਮੇਲਨ ਮੈਕਸੀਕੋ 'ਚ ਹੋਣਾ ਤਹਿ ਹੈ ਤੇ ਇਸ 'ਚ 2013 ਤੋਂ 2017 ਤੱਕ ਦੇ ਦੂਜੇ ਇਕਰਾਰ ਦੇ ਅਰਸੇ ਲਈ ਕਵੇਟੋ ਪ੍ਰੋਟੋਕੋਲ 'ਚ ਇੱਕ ਬਦਲਾਅ ਲਿਆਉਣਾ ਚਾਹੀਦਾ ਹੈ। ਜਿਸ ਤਹਿਤ ਵਿਕਸਤ ਦੇਸ਼ਾਂ ਲਈ 1990 ਦੇ ਪੱਧਰ ਦੇ ਅਧਾਰ 'ਤੇ ਆਪਣੇ ਘਰੇਲੂ ਉਤਸਰਜਨ 'ਚ ਘੱਟੋ-ਘੱਟ 50 ਫੀਸਦੀ ਦੀ ਕਮੀ ਲਿਆਉਣ 'ਤੇ ਸਹਿਮਤ ਹੋਣਾ ਲਾਜਮੀ ਹੋਵੇ ਅਤੇ ਜਿਸ ਵਿੱਚ ਕਾਰਬਨ ਬਾਜ਼ਾਰਾਂ ਜਾਂ ਪੂਰਤੀ ਦੀਆਂ ਹੋਰ ਅਮਲੀ ਵਿਧੀਆਂ ਨੂੰ, ਜਿਹਨਾਂ ਦੀ ਆੜ 'ਚ ਉਹ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ 'ਚ ਅਸਲੀ ਕਮੀ 'ਤੇ ਪੜਦਾ ਪਾਉਣਾ ਹੈ, ਸ਼ਾਮਲ ਨਹੀਂ ਕੀਤਾ ਗਿਆ ਹੋਵੇ। ਸਭ ਤੋਂ ਪਹਿਲਾਂ ਸਾਨੂੰ ਵਿਕਸਤ ਦੇਸ਼ਾਂ ਦੇ ਸਮੂਹ ਲਈ ਇਕ ਟੀਚਾ ਨਿਰਧਾਰਿਤ ਕਰਨ ਦੀ ਲੋੜ ਹੈ ਤਾਂ ਕਿ ਹਰ ਵਿਕਸਤ ਦੇਸ਼ ਤੋਂ ਉਸ ਸਮੂਹ 'ਚ ਆਪਣੇ ਹਿੱਸੇ ਵਜੋਂ ਨਿਰਧਾਰਿਤ ਕਾਰਜਭਾਰ ਪੂਰਾ ਕਰਵਾਇਆ ਜਾ ਸਕੇ।

ਤਾਂ ਹੀ ਅਸੀਂ ਉਤਸਰਜਨ 'ਚ ਕਮੀ ਲਿਆਉਣ ਦੇ ਇਕ ਤੌਰ-ਤਰੀਕੇ ਵਜੋਂ ਕਵੇਟੋ ਪ੍ਰੋਟੋਕੋਲ ਨੂੰ ਕਾਇਮ ਰੱਖ ਸਕਾਂਗੇ।

ਅਮਰੀਕਾ ਧਰਤੀ 'ਤੇ ਇੱਕੋ-ਇਕ ਅਜਿਹਾ ਦੇਸ਼ ਹੈ, ਜਿਸ ਨੇ ਕਵੇਟੋ ਪ੍ਰੋਟੋਕੋਲ ਦੀ ਪ੍ਰੋੜਤਾ ਨਹੀਂ ਕੀਤੀ ਜਦ ਕਿ ਦੁਨੀਆਂ ਦੇ ਸਮੁੱਚੇ ਲੋਕਾਂ ਪ੍ਰਤੀ ਉਸ ਦੀ ਮਹੱਤਵਪੂਰਨ ਜਿੰਮੇਵਾਰੀ ਹੈ ਕਿ ਇਸ ਦਸਤਾਵੇਜ ਦੀ ਹਮਾਇਤ ਕਰੇ ਅਤੇ ਆਪਣੇ ਅਰਥਚਾਰੇ ਦੇ ਕੁਲ ਅਕਾਰ ਮੁਤਾਬਕ ਨਿਰਧਾਰਿਤ ਪੱਧਰ ਤਕ ਉਤਸਰਜਨ ਘਟਾਉਣ ਦੇ ਲੱਛਣਾਂ ਟੀਚਿਆਂ ਦਾ ਮਾਨ ਸਨਮਾਨ ਤੇ ਨਿਰਵਾਹ ਕਰਨ ਲਈ ਖੁਦ ਨੂੰ ਵਚਨਵੱਧ ਕਰਨ। ਇਸ ਦੁਨੀਆਂ ਦੇ ਲੋਕ ਜਲਵਾਯੂ ਦੇ ਮਾੜੇ ਅਸਰਾਂ ਤੋਂ ਆਪਣੀ ਰਾਖੀ ਦਾ ਬਰਾਬਰ ਅਧਿਕਾਰ ਰੱਖਦੇ ਹਨ ਅਤੇ ਜਲਵਾਯੂ ਤਬਦੀਲੀ ਦੇ ਅਨੁਸਾਰ ਖੁਦ ਨੂੰ ਢਾਲਣ ਦੀ ਧਾਰਨਾਂ ਨੂੰ ਖਾਰਜ ਕਰਦੇ ਹਨ ਕਿਉਂਕਿ ਅਸੀਂ ਇਸ ਨੂੰ ਵਿਕਸਤ ਦੇਸ਼ਾਂ ਵੱਲੋਂ ਪੂਰੇ ਇਤਿਹਾਸ ਦੌਰਾਨ ਕੀਤੇ ਗਏ ਉਤਸਰਜਨਾ ਤੋਂ ਪੈਦਾ ਮਾੜੇ ਅਸਰਾਂ ਅੱਗੇ ਗੋਡੇ ਟੇਕਣੇ ਮੰਨਦੇ ਹਾਂ। ਇਹ ਜ਼ਰੂਰੀ ਹੈ ਕਿ ਮੌਜੂਦਾ ਸੰਕਟ ਕਲੀਨ ਹਾਲਤਾਂ ਨੂੰ ਵੇਖਦੇ ਹੋਇਆਂ ਵਿਕਸਤ ਦੇਸ਼ ਖੁਦ ਵੀ ਆਪਣੇ ਜੀਵਨ ਤੇ ਖਪਤ ਦੇ ਤੌਰ ਤਰੀਕਿਆਂ ਨੂੰ ਇਸ ਦੇ ਅਨੁਕੂਲ ਢਾਲਣ। ਅਸੀਂ ਅਨੁਕੂਲਨ (ਸਵੈ ਅਨੁਸਾਸ਼ਨ) ਨੂੰ ਇਕ ਠੋਸੀ ਹੋਈ ਚੀਜ਼ ਦੀ ਬਜਾਏ ਇਕ ਮੋੜਵੇਂ ਵਾਰ ਵਜੋਂ ਵੇਖਦੇ ਹਾਂ ਅਤੇ ਇਸ ਨੂੰ ਜਲਵਾਯੂ ਤਬਦੀਲੀ ਦੇ ਮਾੜੇ ਅਸਰਾਂ ਦਾ ਸਾਹਮਣਾ ਕਰਨ ਦੀ ਇਕ ਵਿਧੀ ਮੰਨਦੇ ਹਾਂ। ਨਾਲ ਹੀ ਅਸੀਂ ਇਸ ਨੂੰ ਅਜਿਹੇ ਉਪਕਰਣ ਵਜੋਂ ਵੇਖਦੇ ਹਾਂ ਜੋ ਉਹਨਾਂ ਮਾੜੇ ਅਸਰਾਂ ਨੂੰ ਉਲਟਾਉਣ ਵਿੱਚ ਮਦਦਗਾਰ ਸਾਬਤ ਹੋ ਸਕਦਾ ਹੈ ਅਤੇ ਜੋ ਇਹ ਦਰਸਾਉਂਦਾ ਹੈ ਕਿ ਜ਼ਿੰਦਗੀ ਜਿਉਣ ਦੇ ਇਕ ਵੱਖਰੇ ਤੌਰ-ਤਰੀਕੇ ਰਾਹੀਂ ਕੁਦਰਤ ਦੇ ਨਾਲ ਇਕਸੁਰਤਾ ਸਥਾਪਤ ਕਰਨੀ ਸੰਭਵ ਹੈ। ਜਲਵਾਯੂ ਤਬਦੀਲੀ ਦਾ ਸਾਹਮਣਾ ਕਰਨ ਲਈ ਆਮ ਕਰਕੇ ਸੰਚਾਲਿਤ ਵਿਤੀ ਕਾਰਜ ਵਿਧੀ ਵਜੋਂ ਬਿਲਕੁਲ ਵੱਖ ਇਕ ਅਨਕੂਲਨ ਕੋਸ਼ ਦੀ ਉਸਾਰੀ ਕਰਨੀ ਲਾਜ਼ਮੀ ਹੈ। ਇਸ ਕੋਸ਼ ਨਾਲ ਵਿਕਸਤ ਦੇਸ਼ਾਂ ਵਿਚ ਜਲਵਾਯੂ ਤਬਦੀਲੀ ਦੇ ਮਾੜੇ ਅਸਰਾਂ ਤੇ ਕਦਰਾਂ-ਕੀਮਤਾਂ ਦਾ ਅੰਦਾਜਾ ਲਾਉਣਾ ਚਾਹੀਦਾ ਹੈ। ਤੇ ਇਹਨਾਂ ਅਸਰਾਂ ਤੋਂ ਪੈਦਾ ਲੋੜਾਂ ਤੇ ਵਿਕਸਤ ਦੇਸ਼ਾਂ ਵੱਲੋਂ ਕੀਤੇ ਜਾਣ ਵਾਲੇ ਸਹਿਯੋਗ ਦੀ ਨਿਗਰਾਨੀ ਕਰਨੀ ਚਾਹੀਦੀ ਹੈ। ਇਸ ਨਾਲ ਮੌਜੂਦਾ ਤੇ ਭਵਿੱਖ ਦੇ ਨੁਕਸਾਨਾਂ ਲਈ ਮੁਆਵਜਾ, ਜਲਵਾਯੂ 'ਚ ਉਥਲ ਪੁਥਲ ਤੇ ਬਦਲਾਵਾਂ ਕਰਕੇ ਮੌਕਿਆਂ ਦਾ ਨੁਕਸਾਨ ਅਤੇ ਜੇ ਸਾਡਾ ਘਰੇਲੂ ਹਾਲਤ ਸੰਕਟ ਦੀ ਹੱਦ ਪਾਰ ਕਰ ਜਾਵੇ ਤਾਂ ਉਸ ਨਾਲ ਪੈਦਾ ਵਾਧੂ ਕੀਮਤਾਂ ਜਿਵੇਂ – "ਬੇਹਤਰੀਨ ਜੀਵਨ" 'ਚ ਅੜਿਕੇ ਡਾਹੁਣ ਵਾਲੇ ਅਸਰਾਂ ਦੀ ਹਰਜਾ ਪੂਰਤੀ ਲਈ ਇਕ ਕ੍ਰਿਆਵਿਧੀ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ। ਗਿਣੀਆਂ-ਚੁਣੀਆਂ ਸਰਕਾਰਾਂ ਵੱਲੋਂ ਵਿਕਾਸਸ਼ੀਲ ਦੇਸ਼ਾਂ 'ਤੇ ਠੋਸਿਆ ਗਿਆ "ਕੋਪੇਨਹੇਗਨ ਸਮਝੌਤਾ" ਜਿੱਥੇ ਇਕ ਪਾਸੇ ਇਹ ਲੋੜੋਂ ਘੱਟ ਸਾਧਨ ਮੁਹੱਈਆ ਕਰਵਾਉਂਦਾ ਹੈ ਉਥੇ ਲੋਕਾਂ 'ਚ ਫੁਟ ਪਾਉਣ ਤੇ ਉਹਨਾਂ ਵਿਚਾਲੇ ਟਕਰਾਅ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਨਾਲ ਹੀ ਇਹ ਅਨਕੂਲਨ ਪ੍ਰਸਾਸ਼ਣ ਲਈ ਸਾਧਨ ਮੁਹੱਈਆ ਕਰਨ ਨਾਲ ਸਬੰਧਤ ਕਠੋਰ ਸ਼ਰਤਾਂ ਲਾ ਕੇ ਵਿਕਾਸਸ਼ੀਲ ਦੇਸ਼ਾਂ ਨੂੰ ਲੁੱਟਦਾ ਹੈ। ਕੌਮਾਂਤਰੀ ਵਾਰਤਾ ਦੇ ਅਮਲਾਂ 'ਚ ਜਲਵਾਯੂ ਤਬਦੀਲੀ ਅੱਗੇ ਵਿਕਾਸਸ਼ੀਲ ਦੇਸ਼ਾਂ ਦੀ ਕੰਮਜ਼ੋਰੀ ਦੀਆਂ ਵੱਖ-ਵੱਖ ਸ਼੍ਰੇਣੀਆਂ ਬਣਾਕੇ ਉਹਨਾਂ ਵਿਚਕਾਰ ਝਮੇਲਿਆਂ, ਨਾ

ਬਰਾਬਰੀਆਂ ਤੇ ਅਲਗਾਵ ਨੂੰ ਜਨਮ ਦੇਣ ਦੇ ਯਤਨ ਨੂੰ ਵੀ ਅਸੀਂ ਦ੍ਰਿੜਤਾ ਪੂਰਵਕ ਨਾ ਮੰਜੂਰ ਕਰਦੇ ਹਾਂ। ਅੱਜ ਮਨੁੱਖਤਾ ਗਲੋਬਲ ਵਾਰਮਿੰਗ ਨੂੰ ਰੋਕਣ ਤੇ ਗ੍ਰਹਿ ਨੂੰ ਠੰਢਾ ਕਰਨ ਦੀ ਜਿਸ ਕਠਿਨ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ, ਉਸ ਨੂੰ ਸਿਰਫ ਖੇਤੀ ਦੇ ਤੌਰ-ਤਰੀਕਿਆਂ ਦੀ ਦਿਸ਼ਾ ਬਦਲ ਕੇ ਉਹਨਾਂ ਨੂੰ ਪੇਂਡੂ ਤੇ ਮੂਲ ਨਿਵਾਸੀ ਕਿਸਾਨਾਂ ਵੱਲੋਂ ਅਪਣਾਏ ਗਏ ਪੈਦਾਵਾਰ ਦੇ ਟਿਕਾਊ ਢੰਗ ਤਰੀਕੇ ਅਤੇ ਨਾਲ ਹੀ ਪੀੜ੍ਹੀਆਂ ਤੋਂ ਚਲੀ ਆ ਰਹੀ ਖੇਤੀ ਤੇ ਅਨਾਜ ਸੁਰੱਖਿਆ ਦੀ ਸਮੱਸਿਆ ਨੂੰ ਹੱਲ ਕਰਨ ਵਿਚ ਸਹਾਇਕ, ਦੂਸਰੀਆਂ ਪ੍ਰਣਾਲੀਆਂ ਦੀ ਦਿਸ਼ਾ 'ਚ ਮੋੜ ਕੇ ਹੀ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ। ਇਸ ਨੂੰ ਲੋਕਾਂ ਦਾ ਆਪਣੇ ਬੀਜਾਂ, ਜ਼ਮੀਨਾਂ, ਪਾਣੀ ਤੇ ਅਨਾਜ ਪੈਦਾਵਾਰ ਤੇ ਕੰਟਰੋਲ ਦਾ ਅਧਿਕਾਰ ਸਮਝਿਆ ਜਾਂਦਾ ਹੈ, ਜਿਸ ਰਾਹੀਂ ਹਰ ਬੰਦੇ ਤੇ ਦੇਸ਼ ਦੀ ਪੈਦਾਵਾਰ ਤੇ ਕੰਟਰੋਲ (ਹਿੱਸੇਦਾਰੀ ਭਾਈਚਾਰਿਕ ਸਾਂਝ ਤੇ ਸ਼ਮੂਲੀਅਤ) ਨੂੰ ਮਜ਼ਬੂਤ ਕਰਦੇ ਹੋਇਆਂ ਧਰਤੀ ਮਾਂ ਅਤੇ ਸਥਾਨਕ ਸਭਿਆਚਾਰਕ ਪੜਾਵਾਂ ਦੇ ਨਾਲ ਅਨਕੂਲ ਪੈਦਾਵਾਰ ਪ੍ਰਣਾਲੀ ਅਪਣਾਉਂਦੇ ਹੋਇਆਂ ਭਰਪੂਰ ਮਾਤਰਾ 'ਚ ਤਰ੍ਹਾਂ-ਤਰ੍ਹਾਂ ਦੇ ਪੌਸ਼ਟਿਕ ਭੋਜਨ ਹਾਸਲ ਕਰਨ ਦੀ ਗਰੰਟੀ ਕੀਤੀ ਜਾਂਦੀ ਹੈ। ਜਲਵਾਯੂ ਤਬਦੀਲੀ ਅੱਜ ਪੂਰੀ ਦੁਨੀਆ ਦੀ ਖੇਤੀ ਤੇ ਕਿਸਾਨਾਂ ਤੇ ਮੂਲ ਨਿਵਾਸੀ ਜਨਤਾ ਲਈ ਗੰਭੀਰ ਖਤਰੇ ਪੈਦਾ ਕਰ ਰਹੀ ਹੈ ਜੋ ਭਵਿੱਖ 'ਚ ਹੋਰ ਵੀ ਗੰਭੀਰ ਰੂਪ ਧਾਰਣ ਕਰੇਗੀ।

ਵਿਸ਼ਵ ਵਿਆਪੀ ਪੂੰਜੀਵਾਦੀ ਪੈਦਾਵਾਰ ਦੇ ਆਪਣੇ ਸਮਾਜਕ ਆਰਥਕ ਤੇ ਸਭਿਆਚਾਰਕ ਮਾਡਲ ਦੇ ਤਹਿਤ ਖੇਤੀ ਵਪਾਰ 'ਚ ਲੱਗੇ ਸਰਮਾਏਦਾਰ ਸਮੁੱਚੇ ਪੋਸ਼ਣ ਦਾ ਅਧਿਕਾਰ ਹਾਸਲ ਕਰਨ ਲਈ ਨਹੀਂ ਬਲਕਿ ਬਾਜ਼ਾਰ ਲਈ ਪੈਦਾਵਾਰ ਕਰਦੇ ਹਨ ਤੇ ਜਲਵਾਯੂ ਤਬਦੀਲੀ ਦੇ ਮੁੱਖ ਦੋਸ਼ੀਆਂ ਵਿੱਚੋਂ ਇਕ ਹਨ। ਇਹਨਾਂ ਦਾ ਤਕਨੀਕੀ ਕਾਰੋਬਾਰੀ ਤੇ ਰਾਜਸੀ ਨਜ਼ਰੀਆ ਜਲਵਾਯੂ ਤਬਦੀਲੀ ਦੇ ਸੰਕਟ ਨੂੰ ਹੋਰ ਵੱਧ ਡੂੰਘਾ ਕਰਨ ਦਾ ਹੀ ਕੰਮ ਕਰਦਾ ਹੈ ਤੇ ਦੁਨੀਆਂ ਭਰ 'ਚ ਭੁਖਮਾਰੀ ਨੂੰ ਹੱਲਾਸ਼ੇਰੀ ਹੈ। ਇਹੀ ਵਜਾਹ ਹੈ ਕਿ ਮੌਜੂਦਾ ਸੰਕਟ ਨੂੰ ਹੋਰ ਵੱਧ ਡੂੰਘਾ ਕਰਨ ਵਾਲੇ ਮੁਕਤ ਵਪਾਰ ਸੰਗਠਨ ਸਮਝੌਤਿਆਂ ਜੀਵਨ ਤੇ ਬੌਧਿਕ ਦੌਲਤ ਅਧਿਕਾਰਾਂ ਨੂੰ ਲਾਗੂ ਕਰਨ ਦੇ ਸਾਰੇ ਰੂਪਾਂ, ਮੌਜੂਦਾ ਤਕਨੀਕੀ ਪੈਕੇਜਾਂ (ਖੇਤੀ ਰਸਾਇਣਾਂ, ਜੈਵਿਕ ਭਿੰਨਤਾ) ਅਤੇ ਫਰਜੀ ਹੱਲ ਪੇਸ਼ ਕਰਨ ਵਾਲੇ ਉਪਾਵਾਂ (ਬਾਇਓ ਡੀਜ਼ਲ, ਨੈਨੋ ਤਕਨੋਲੋਜੀ ਆਦਿ) ਨੂੰ ਅਸੀਂ ਪੂਰੀ ਤਰ੍ਹਾਂ ਖਾਰਜ ਕਰਦੇ ਹਾਂ, ਜਿਸ ਰਾਹੀਂ ਪੂੰਜੀਵਾਦੀ ਮਾਡਲ, ਢਾਂਚਾ ਢਲਾਈ ਵੱਡੇ ਪ੍ਰੋਜੈਕਟਾਂ ਨੂੰ ਠੋਸਦਾ ਹੈ ਅਤੇ ਲੁੱਟ ਘਸੁੱਟ ਵਾਲੇ ਪ੍ਰੋਜੈਕਟਾਂ ਰਾਹੀਂ ਦੇਸ਼ਾਂ ਦੀਆਂ ਹੱਦਾਂ 'ਚ ਘੁਸਪੈਂਠ ਕਰਦਾ ਹੈ, ਪਾਣੀ ਦਾ ਨਿਜੀਕਰਣ ਕਰਦਾ ਹੈ, ਇਲਾਕਿਆਂ ਨੂੰ ਫੌਜੀ ਛਾਉਣੀ 'ਚ ਤਬਦੀਲੀ ਕਰਦਾ ਹੈ, ਉਥੋਂ ਦੇ ਮੂਲ ਨਿਵਾਸੀਆਂ ਨੂੰ ਉਹਨਾਂ ਦੀ ਜ਼ਮੀਨ ਤੋਂ ਉਜਾੜਦਾ ਹੈ, ਅਨਾਜ ਆਤਮ ਨਿਰਭਰਤਾ 'ਚ ਅਜਿਹਾ ਅੜਿੱਕਾ ਡਾਹੁੰਦਾ ਹੈ ਅਤੇ ਸਮਾਜ ਤੇ ਵਾਤਾਵਰਣ ਦੇ ਸੰਕਟ ਨੂੰ ਵਧਾਉਂਦਾ ਹੈ। ਜਲਵਾਯੂ ਤਬਦੀਲੀ 'ਤੇ ਸੰਯੁਕਤ ਰਾਸ਼ਟਰ ਦੇ ਰੂਪਰੇਖਾ ਸੰਮੇਲਨ ਦੀਆਂ ਬਹਿਸਾਂ 'ਚ ਉਚਿਤ ਵਣ ਦੀ ਪ੍ਰੀਭਾਸ਼ਾ ਜਿਸ ਵਿਚ ਬਾਗਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ। ਸਾਨੂੰ ਮੰਜੂਰ ਨਹੀਂ। ਇਕ ਫਸਲੀ ਖੇਤੀ ਬਾਗ ਜਾਂ ਜੰਗਲ ਨਹੀਂ ਹੈ। ਇਸ ਲਈ ਸਾਨੂੰ ਬਹਿਸ ਵਿਚਾਰ ਦੇ ਮਕਸਦ ਲਈ ਇਕ ਨਵੀਂ ਪ੍ਰੀਭਾਸ਼ਾ ਦੀ ਲੋੜ ਹੈ ਜੋ ਸਥਾਨਕ ਜੰਗਲਾਂ, ਵਣਾਂ ਤੇ ਧਰਤੀ 'ਤੇ

ਤਰ੍ਹਾਂ ਤਰ੍ਹਾਂ ਦੇ ਹਾਲਾਤੀ ਤਾਣੇ ਬਾਣੇ ਨੂੰ ਮਾਨਤਾ ਦਿੰਦੀ ਹੋਵੇ। ਮੂਲ ਨਿਵਾਸੀ ਜਨਤਾ ਦੇ ਅਧਿਕਾਰਾਂ 'ਤੇ ਸੰਯੁਕਤ ਰਾਸ਼ਟਰ ਸੰਘ ਦੇ ਐਲਾਨਨਾਮੇ ਨੂੰ ਜਲਵਾਯੂ ਤਬਦੀਲੀ ਦੀਆਂ ਬਹਿਸਾਂ 'ਚ ਪੂਰੀ ਤਰ੍ਹਾਂ ਮੰਨਿਆ ਜਾਣਾ ਚਾਹੀਦਾ ਹੈ ਤੇ ਅਮਲ 'ਚ ਲਿਆਂਦਾ ਜਾਣਾ ਚਾਹੀਦਾ ਹੈ। ਵਣਾਂ ਨੂੰ ਨਿਵਾਸ਼ ਤੇ ਵਿਗਾੜਾਂ ਤੋਂ ਬਚਾਉਣ ਅਤੇ ਕੁਦਰਤੀ ਜੰਗਲਾਂ ਤੇ ਵਣਾਂ ਨੂੰ ਬਚਾਉਣ ਲਈ ਸਭ ਤੋਂ ਵਧੀਆ ਰਣਨੀਤੀ ਤੇ ਕਾਰਵਾਈ ਜ਼ਮੀਨੀ ਤੇ ਭੂਗੋਲਿਕ ਇਲਾਕਿਆਂ ਦੇ ਸਮੂਹਕ ਅਧਿਕਾਰ ਨੂੰ ਮਾਨਤਾ ਦੇਣਾ ਤੇ ਉਸ ਦੀ ਗਰੰਟੀ ਕਰਨਾ ਹੈ, ਖਾਸ ਕਰਕੇ ਇਸ ਗੱਲ ਨੂੰ ਧਿਆਨ 'ਚ ਰੱਖਦੇ ਹੋਇਆਂ ਜ਼ਿਆਦਾਤਰ ਜੰਗਲ ਮੂਲ ਨਿਵਾਸੀ ਲੋਕਾਂ ਤੇ ਦੇਸ਼ਾਂ ਅਤੇ ਹੋਰ ਰਵਾਇਤੀ ਫਿਰਕਿਆਂ ਦੇ ਭੂਗੋਲਿਕ ਖੇਤਰ ਅੰਦਰ ਸਥਿਤ ਹੈ। ਅਸੀਂ ਆਰ.ਈ. ਡੀ. ਡੀ (ਵਣ ਵਿਨਾਸ਼ਨਕ ਤੇ ਵਣ ਤਬਦੀਲੀ ਰਾਹੀਂ ਉਤਸਰਜਨ ਘਟਾਉਣਾ) ਅਤੇ ਇਸ ਦੀ ਬਾਜਾਰੂ ਕਾਰਜਵਿਧੀ ਦੀ ਅਲੋਚਨਾ ਕਰਦੇ ਹਾਂ ਜੋ ਲੋਕਾਂ ਦੀ ਅਖੰਡਤਾ ਤੇ ਅਗਾਊਂ ਸੂਚਨਾ ਦੇ ਆਧਾਰ 'ਤੇ ਅਤੇ ਆਜ਼ਾਦ ਰੂਪ 'ਚ ਸਹਿਮਤੀ ਦੇਣ ਦੇ ਅਧਿਕਾਰ ਤੇ ਨਾਲ ਹੀ ਕੌਮੀ ਰਾਜਾਂ ਦੇ ਸਵੈਮਾਨ, ਲੋਕਾਂ ਦੇ ਰੀਤੀ ਰਿਵਾਜ਼ ਤੇ ਕੁਦਰਤ ਦੇ ਅਧਿਕਾਰਾਂ ਦੀ ਉਲੰਘਣਾ ਹੈ।

ਪ੍ਰਦੂਸ਼ਣ ਫੈਲਾਉਣ ਵਾਲੇ ਦੇਸ਼ਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਦੇਸ਼ਾਂ, ਲੋਕਾਂ ਤੇ ਮੂਲ ਨਿਵਾਸੀਆਂ ਦੇ ਪੁਰਖਿਆਂ ਦੀਆਂ ਜੈਵਿਕ ਰਚਨਾਵਾਂ ਦੀ ਹਿਫਾਜਤ ਕਰਨ ਅਤੇ ਵਣਾਂ ਦੇ ਰੱਖ ਰਖਾਅ ਦੀ ਕੀਮਤ ਚੁਕਾਉਣ ਲਈ ਜ਼ਰੂਰੀ ਆਰਥਕ ਤੇ ਤਕਨੀਕੀ ਵਸੀਲਿਆਂ ਦੀ ਸਿਧੀ ਤਬਦੀਲੀ ਕਰਨ। ਨੁਕਸਾਨ ਦੀ ਪੂਰਤੀ ਯਕੀਨਨ ਹੋਵੇ। ਕਾਰਬਨ ਮਾਰਕਿਟ ਦੇ ਬਾਹਰ ਵਿਕਸਤ ਦੇਸ਼ਾਂ ਵੱਲੋਂ ਪਹਿਲਾਂ ਮੰਨੇ ਗਏ ਫੰਡਿੰਗ ਦੇ ਸਰੋਤਾਂ ਤੋਂ ਅਲੱਗ ਹੋਣੀ ਚਾਹੀਦੀ ਹੈ ਅਤੇ ਉਸ ਦਾ ਭੁਗਤਾਨ ਸਿੱਧਾ ਹੋਣਾ ਚਾਹੀਦਾ ਹੈ। ਅਸੀਂ ਮੰਗ ਕਰਦੇ ਹਾਂ ਕਿ ਵਿਕਸਤ ਦੇਸ਼ ਆਪਣੇ ਸਥਾਨਕ ਵਣਾਂ ਬਾਰੇ ਅਜਿਹੀਆਂ ਕਾਰਵਾਈਆਂ 'ਤੇ ਰੋਕ ਲਾਉਣ, ਜੋ ਬਾਜ਼ਾਰੂ ਕ੍ਰਿਆ ਵਿਧੀ 'ਤੇ ਅਧਾਰਤ ਹੋਣ ਅਤੇ ਜਿਸ ਦਾ ਇਰਾਦਾ ਅਪ੍ਰਚਲਿਤ ਤੇ ਸ਼ਸ਼ਰਤ ਨਤੀਜਾ ਹਾਸਲ ਕਰਨਾ ਹੋਵੇ। ਅਸੀਂ ਸਰਕਾਰਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਕੁਦਰਤੀ ਵਣਾਂ ਤੇ ਜੰਗਲਾਂ ਦੀ ਮੁੜ ਸੁਰਜੀਤੀ ਲਈ ਇਕ ਵਿਸ਼ਵ ਵਿਆਪੀ ਪ੍ਰੋਗ੍ਰਾਮ ਤਿਆਰ ਕਰਨ ਜਿਸ 'ਚ ਵਣਾਂ ਦਾ ਪ੍ਰਸਾਸ਼ਨ ਤੇ ਪ੍ਰਬੰਧ ਲੋਕਾਂ ਦੇ ਹੱਕ ਵਿਚ ਹੋਵੇ ਤੇ ਜਿਸ 'ਚ ਜੰਗਲੀ ਬੀਜਾਂ, ਫਲਦਾਰ ਦਰੱਖਤਾਂ ਤੇ ਦੇਸੀ ਪੇੜ ਪੌਦਿਆਂ ਨੂੰ ਵਰਤੋਂ 'ਚ ਲਿਆਂਦਾ ਜਾਵੇ। ਸਰਕਾਰ ਨੂੰ ਜੰਗਲ ਸਬੰਧੀ ਰਿਆਇਤਾਂ ਨੂੰ ਖਤਮ ਕਰਨਾ ਚਾਹੀਦਾ ਹੈ, ਧਰਤੀ ਦੇ ਗਰਭ 'ਚ ਸਥਿਤ ਪ੍ਰੈਟੋਲੀਅਮ ਭੰਡਾਰਾਂ ਦੀ ਰਾਖੀ ਦੀ ਹਮਾਇਤ ਕਰਨੀ ਚਾਹੀਦੀ ਹੈ ਅਤੇ ਜੰਗਲ ਦੀ ਜ਼ਮੀਨ ਤੋਂ ਹਾਈਡਰੋਕਾਰਬਨ ਦੀ ਲੁੱਟ ਨੂੰ ਤੁਰੰਤ ਰੋਕਣਾ ਚਾਹੀਦਾ ਹੈ। ਅਸੀਂ ਸਰਕਾਰਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਜਲਵਾਯੂ ਤਬਦੀਲੀਆਂ ਨਾਲ ਨਿਪਟਣ ਲਈ ਬਹਿਸਾਂ ਨੀਤੀਆਂ ਤੇ ਮਾਪਦੰਡਾਂ ਵਿਚ ਸਭ ਜ਼ਰੂਰੀ ਉਪਕਰਣਾਂ ਦੇ ਨਾਲ ਨਾਲ ਮਾਨਵ ਅਧਿਕਾਰ ਦੇ ਕੌਮਾਂਤਰੀ ਮਾਪਦੰਡਾਂ ਤੇ ਮੂਲ ਨਿਵਾਸੀ ਜਨਤਾ ਦੇ ਅਧਿਕਾਰਾਂ ਨੂੰ ਮੰਨਣ, ਉਹਨਾਂ ਦਾ ਮਾਨ ਸਨਮਾਨ ਕਰਨ ਤੇ ਉਹਨਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਦੀ ਗਰੰਟੀ ਕਰਨ ਜਿਹਨਾਂ 'ਚ ਕੌਮਾਂਤਰੀ ਕਿਰਤ ਸੰਗਠਨ ਦੇ ਤਹਿਤ ਮੂਲ ਨਿਵਾਸੀ ਜਨਤਾ ਦੇ ਅਧਿਕਾਰਾਂ ਤੇ ਸੰਯੁਕਤ ਰਾਸ਼ਟਰ ਦਾ ਐਲਾਨਨਾਮਾ ਵੀ ਸ਼ਾਮਲ

ਹੈ। ਅਸੀਂ ਖਾਸ ਕਰਕੇ ਸਰਕਾਰਾਂ ਨੂੰ ਸੱਦਾ ਦਿੰਦੇ ਹਾਂ ਕਿ ਸਾਡੀ ਰਵਾਇਤੀ ਜੀਵਨ ਸੈਲੀ ਨੂੰ ਸਮਰੱਥ ਤੇ ਮਜ਼ਬੂਤ ਬਣਾਉਣ ਲਈ ਉਹ ਸਾਡੇ ਭੂਗੋਲਿਕ ਖੇਤਰਾਂ, ਜਮੀਨਾਂ ਤੇ ਕੁਦਰਤੀ ਸਾਧਨਾਂ ਉਪਰ ਕਾਨੂੰਨੀ ਅਧਿਕਾਰ ਮੁਹੱਈਆ ਕਰਨ ਤੇ ਜਲਵਾਯੂ ਤਬਦੀਲੀ ਦਾ ਹੱਲ ਕਰਨ 'ਚ ਪ੍ਰਭਾਵਸ਼ਾਲੀ ਯੋਗਦਾਨ ਦੇਣ। ਇਸ ਸਭ ਬਹਿਸ ਅਮਲਾ 'ਚ ਤੇ ਜਲਵਾਯੂ ਤਬਦੀਲੀ ਨਾਲ ਸਬੰਧਤ ਉਪਾਵਾਂ ਦੇ ਪ੍ਰਾਰੂਪ ਤੇ ਅਮਲੀ ਰੂਪ ਦੇਣ 'ਚ ਮੂਲ ਨਿਵਾਸੀ ਲੋਕਾਂ ਦੇ ਬਹਿਸ ਵਿਚਾਰ, ਸ਼ਮੂਲੀਅਤ ਤੇ ਪੂਰਵ ਸੂਚਨਾ ਦੇ ਅਧਾਰ 'ਤੇ ਅਤੇ ਅਜ਼ਾਦ ਤੌਰ 'ਤੇ ਸਹਿਮਤੀ ਦੇਣ ਦੇ ਅਧਿਕਾਰ ਦੇ ਪੂਰਣ ਤੇ ਅਸਰਦਾਇਕ ਅਮਲ ਦੀ ਮੰਗ ਕਰਦੇ ਹਨ।

ਅੱਜ ਵਾਤਾਵਰਣ ਦੀ ਅਧੋਗਤੀ ਤੇ ਜਲਵਾਯੂ ਤਬਦੀਲੀ ਨਾਜੁਕ ਪੱਧਰ ਤੱਕ ਪਹੁੰਚ ਗਈ ਹੈ। ਘਰੇਲੂ ਤੇ ਕੌਮਾਂਤਰੀ ਉਜਾੜਾ ਇਸ ਦੇ ਮੁੱਖ ਮਾੜੇ ਅਸਰਾਂ ਵਿੱਚੋਂ ਇਕ ਹੈ। ਅਨੁਮਾਨਾਂ ਅਨੁਸਾਰ ਜਲਵਾਯੂ ਤਬਦੀਲੀ ਦੇ ਸਿੱਟੇ ਵਜੋਂ ਪੈਦਾ ਹਾਲਤਾਂ ਕਰਕੇ 1995 ਤੱਕ ਲਗਭਗ 2.5 ਕਰੋੜ ਲੋਕ ਉਜੜ ਚੁੱਕੇ ਹਨ, 2050 ਤੱਕ 20 ਕਰੋੜ ਤੋਂ ਇਕ ਅਰਬ ਤਕ ਲੋਕ ਉਜੜ ਜਾਣਗੇ। ਵਿਕਸਤ ਦੇਸ਼ਾਂ ਨੂੰ ਜਲਵਾਯੂ ਨੂੰ ਪ੍ਰਭਾਸ਼ਿਤ ਕਰਨ ਵਾਲੇ ਕੌਮਾਂਤਰੀ ਸੰਮੇਲਨਾਂ ਨੂੰ ਮਹੱਤਵ ਦਿੰਦੇ ਹੋਏ ਉਹਨਾਂ ਦੇ ਬੁਨਿਆਦੀ ਅਧਿਕਾਰਾਂ ਨੂੰ ਮਾਨਤਾ ਦੇਣੀ ਚਾਹੀਦੀ ਹੈ ਅਤੇ ਸਭ ਸਰਕਾਰਾਂ ਨੂੰ ਪੂਰੀ ਦ੍ਰਿੜਤਾ ਦੇ ਨਾਲ ਉਸ 'ਤੇ ਕਾਇਮ ਰਹਿਣਾ ਚਾਹੀਦਾ ਹੈ। ਰਾਜਾਂ ਕੰਪਨੀਆਂ ਤੇ ਦੂਸਰੇ ਏਜੰਟਾਂ ਦੀਆਂ ਜਿੰਮੇਵਾਰੀਆਂ ਨੂੰ ਸਾਫ ਤੌਰ 'ਤੇ ਟਿੱਕਦੇ ਹੋਇਆ ਟੀਚੇ ਅਧੀਨ ਦੇਸ਼ਾਂ ਅੰਦਰ ਅਪ੍ਰਵਾਸੀਆਂ, ਸ਼ਰਨਾਰਥੀਆਂ ਤੇ ਉਜੜੇ ਹੋਏ ਲੋਕਾਂ ਦੇ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਦੀ ਨਿੰਦਾ ਕਰਨ, ਉਹਨਾਂ ਨੂੰ ਸਾਹਮਣੇ ਲਿਆਉਣ, ਲਿਖਤੀ ਸਬੂਤ ਇਕੱਠੇ ਕਰਨ, ਨਿਆਂ ਕਰਨ ਤੇ ਸਜ਼ਾ ਦੇਣ ਲਈ ਇਕ ਵਿਵੇਕਸ਼ੀਲ ਕੌਮਾਂਤਰੀ ਟਿਬਿਊਨਲ ਦੀ ਸਥਾਪਨਾ ਕਰਨੀ ਚਾਹੀਦੀ ਹੈ। ਜਲਵਾਯੂ ਤਬਦੀਲੀ ਦੀ ਮਦ 'ਚ ਵਿਕਾਸਸ਼ੀਲ ਦੇਸ਼ਾਂ ਨੂੰ ਦਿੱਤੇ ਜਾਣ ਵਾਲਾ ਮੌਜੂਦਾ ਕੋਸ਼ ਤੇ ਕੋਪੇਨਹੇਗਨ ਸਮਝੌਤੇ ਦਾ ਪ੍ਰਸਤਾਵ ਨਾ ਕਾਫੀ ਹੈ। ਵਿਕਾਸਸ਼ੀਲ ਦੇਸ਼ਾਂ 'ਚ ਜਲਵਾਯੂ ਤਬਦੀਲੀ ਨੂੰ ਕੰਟਰੋਲ ਕਰਨ ਲਈ ਇਹ ਜ਼ਰੂਰੀ ਹੈ ਕਿ ਵਿਕਸਤ ਦੇਸ਼ ਅਧਿਕਾਰਿਕ ਵਿਕਾਸ ਸਹਾਇਤਾ ਤੇ ਜਨਤਕ ਸਰੋਤਾਂ ਦੇ ਨਾਲ-ਨਾਲ ਆਪਣੇ ਕੁਲ ਘਰੇਲੂ ਪੈਦਾਵਾਰ ਦੀ 6 ਫੀਸਦੀ ਰਾਸ਼ੀ ਦਾ ਇਕ ਸਲਾਨਾ ਕੋਸ਼ ਮੁਹੱਈਆ ਕਰਨ। ਅਜਿਹਾ ਕਰਨਾ ਵਿਹਾਰਕ ਹੈ ਕਿਉਂਕਿ ਉਹ ਏਨੀ ਹੀ ਰਾਸ਼ੀ ਕੌਮੀ ਸੁਰੱਖਿਆ 'ਤੇ ਖਰਚ ਕਰਦੇ ਹਨ ਅਤੇ ਇਸ ਤੋਂ ਪੰਜ ਗੁਣਾ ਰਾਸ਼ੀ ਦਿਵਾਲੀਆ ਹੁੰਦੇ ਬੈਂਕਾਂ ਤੇ ਸੱਟੇਬਾਜਾਂ ਨੂੰ ਬਚਾਉਣ ਲਈ ਝੋਕ ਚੁੱਕੇ ਹਨ ਜੋ ਉਹਨਾਂ ਦੀਆਂ ਵਿਸ਼ਵੀ ਤਰਜੀਹਾਂ ਤੇ ਰਾਜਸੀ ਇੱਛਾ ਸ਼ਕਤੀ ਤੇ ਗੰਭੀਰ ਸਆਲ ਹੈ। ਇਹ ਨਵਾਂ ਸਹਾਇਤਾ ਕੋਸ਼ ਸ਼ਰਤ ਨਾਮਿਆਂ ਤੋਂ ਮੁਕਤ ਤੇ ਪ੍ਰੱਤਖ ਹੋਣਾ ਚਾਹੀਦਾ ਹੈ ਤੇ ਇਸ ਨੂੰ ਸਭ ਤੋਂ ਵੱਧ ਪ੍ਰਭਾਵਿਤ ਫਿਰਕਿਆਂ ਤੇ ਸਮੂਹਾਂ ਦੀ ਕੌਮੀ ਪ੍ਰਭੂਸਤਾ ਤੇ ਆਤਮ ਨਿਰਣੇ ਦੇ ਅਧਿਕਾਰ 'ਚ ਕੋਈ ਦਖਲ ਅੰਦਾਜੀ ਨਹੀਂ ਕਰਨੀ ਚਾਹੀਦੀ। ਮੌਜੂਦਾ ਕਾਰਜ ਵਿਧੀ ਦੀ ਅਸਮਰਥਾ ਦੇ ਮੱਦੇ ਨਜ਼ਰ 2010 'ਚ ਮੈਕਸਿਕੋ 'ਚ ਹੋਣ ਵਾਲੇ ਜਲਵਾਯੂ ਤਬਦੀਲੀ ਸੰਮੇਲਨ 'ਚ ਇਕ ਨਵੀਂ ਗਰਾਂਟ ਕ੍ਰਿਆਵਿਧੀ ਨੂੰ ਸਥਾਪਤ ਕੀਤਾ ਜਾਣਾ ਚਾਹੀਦਾ ਹੈ ਜੋ ਜਲਵਾਯੂ ਤਬਦੀਲੀ 'ਤੇ ਸੰਯੁਕਤ ਰਾਸ਼ਟਰ ਸੰਘ ਦੇ ਰੂਪ-ਰੇਖਾ ਸੰਮੇਲਨ ਦੇ ਤਹਿਤ ਕਾਨਫਰੰਸ ਆਫ ਪਾਰਟੀਜ਼ (ਸੀ. ਪੀ. ਓ.)

ਦੀ ਅਥਾਰਟੀ ਦੇ ਤਹਿਤ ਕੰਮ ਕਰਦਾ ਹੋਵੇ ਤੇ ਉਸ ਪ੍ਰਤੀ ਜੁਆਬਦੇਹ ਹੋਵੇ। ਪਰਿਸ਼ਿਸਟ-1 ਦੇ ਦੇਸ਼ਾਂ ਵੱਲੋਂ ਅਨੁਦਾਨ ਲਈ ਕੀਤੇ ਗਏ ਵਾਅਦੇ ਦਾ ਪੂਰੀ ਤਰ੍ਹਾਂ ਪਾਲਣ ਯਕੀਨੀ ਬਣਾਉਣ ਲਈ ਇਸ ਅਥਾਰਟੀ 'ਚ ਵਿਕਾਸਸ਼ੀਲ ਦੇਸ਼ਾਂ ਦੀ ਸਮੁੱਚੀ ਨੁਮਾਇੰਦਗੀ ਹੋਵੇ। ਪਹਿਲਾਂ ਹੀ ਦੱਸਿਆ ਗਿਆ ਕਿ 1990 ਤੋਂ 2007 ਤੱਕ ਦੇ ਅਰਸੇ ਵਿਚ ਵਿਕਸਤ ਦੇਸ਼ਾਂ ਨੇ ਆਪਣੇ ਉਤਸਰਜਨ ਨੂੰ ਭਾਰੀ ਮਾਤਰਾ 'ਚ ਵਧਾਇਆ ਹੈ ਜਦ ਕਿ ਉਹਨਾਂ ਨੇ ਖੁਦ ਇਹ ਕਿਹਾ ਸੀ ਕਿ ਬਜਾਰੂ ਸਰਗਰਮੀਆਂ ਉਤਸਰਜਨ 'ਚ ਕਮੀ ਲਿਆਉਣ 'ਚ ਭਰਪੂਰ ਸਹਾਇਤਾ ਮੁਹੱਈਆ ਕਰਨਗੀਆਂ। ਸਾਡੀ ਧਰਤੀ ਮਾਂ ਨੂੰ ਜਿਣਸ (ਮਾਲ) 'ਚ ਬਦਲਕੇ ਕਾਰਬਨ ਬਜ਼ਾਰ ਇਕ ਭਾਰੀ ਮੁਨਾਫੇ ਦਾ ਬਜ਼ਾਰ ਬਣ ਗਿਆ ਹੈ। ਇਸ ਲਈ ਇਹ ਜਲਵਾਯੂ ਤਬਦੀਲੀ ਨੂੰ ਨਿਪਟਣ ਦਾ ਕੋਈ ਬਦਲ ਨਹੀਂ ਹੋ ਸਕਦਾ ਕਿਉਂਕਿ ਇਹ ਭੂਮੀ ਜਲ ਅਤੇ ਇੱਥੋਂ ਤਕ ਕਿ ਖੁਦ ਜੀਵਨ ਨੂੰ ਲੁੱਟਦਾ ਤੇ ਉਹਨਾਂ ਦਾ ਵਿਨਾਸ਼ ਕਰਦਾ ਹੈ। ਤਾਜ਼ਾ ਵਿਤੀ ਸੰਕਟ ਇਹ ਉਜਾਗਰ ਕਰ ਚੁੱਕਿਆ ਹੈ ਕਿ ਸੱਟੇਬਾਜ਼ੀ ਵਿਚੋਲਿਆਂ ਦਲਾਲਾਂ ਦੇ ਉਭਰਨ ਕਾਰਨ ਖਿੰਡਿਆ ਪੁੰਡਿਆ ਤੇ ਅਨਿਸ਼ਚਤ ਬਜ਼ਾਰ ਇਸ ਵਿਤੀ ਤੰਤਰ ਨੂੰ ਚਲਾਉਣ ਵਿਚ ਅਸਮਰੱਥ ਹੈ। ਇਸ ਲਈ ਮਨੁੱਖੀ ਹੋਂਦ ਤੇ ਸਾਡੀ ਧਰਤੀ ਮਾਂ ਦੀ ਦੇਖਭਾਲ ਤੇ ਸੁਰੱਖਿਆ ਦਾ ਫਰਜ਼ ਜਾਂ ਜਿੰਮੇਵਾਰੀ ਉਹਨਾਂ ਦੇ ਹੱਥਾਂ 'ਚ ਸੌਂਪਣਾ ਇਕ ਦਮ ਗੈਰ ਜਿੰਮੇਵਾਰਾਨਾ ਹੋਵੇਗਾ। ਕਹਿਣ ਦੀ ਲੋੜ ਨਹੀਂ ਹੈ ਕਿ ਮੌਜੂਦਾ ਸਮੇਂ 'ਚ ਜਾਰੀ ਬਹਿਸ-ਵਿਚਾਰਾਂ ਇਕ ਨਵੀਂ ਕਾਰਜ ਵਿਧੀ ਪੇਸ਼ ਕਰਦੀਆਂ ਹਨ ਜੋ ਕਾਰਬਨ ਬਾਜਾਰ ਨੂੰ ਵਿਸਥਾਰਿਤ ਕਰਦੀਆਂ ਤੇ ਹੱਲਾਸ਼ੇਰੀ ਦਿੰਦੀਆਂ ਹਨ। ਜਦ ਕਿ ਮੌਜੂਦਾ ਕ੍ਰਿਆਵਿਧੀਆਂ ਨਾ ਤਾਂ ਜਲਵਾਯੂ ਦੀ ਸਮੱਸਿਆ ਨੂੰ ਹੱਲ ਕਰ ਸਕਦੀਆਂ ਹਨ ਤੇ ਨਾ ਹੀ ਗ੍ਰੀਨ ਹਾਊਸ ਗੈਸਾਂ ਨੂੰ ਘੱਟ ਕਰਨ ਵਾਲੀ ਅਸਲੀ ਤੇ ਪ੍ਰਤੱਖ ਕਾਰਵਾਈ ਕਰ ਸਕੀਆਂ ਹਨ।

ਇਹ ਮੰਗ ਕਰਨਾ ਲਾਜ਼ਮੀ ਹੈ ਕਿ ਵਿਕਾਸ ਤੇ ਤਕਨੀਕ ਤਬਦੀਲੀ ਨਾਲ ਸਬੰਧਤ ਜਲਵਾਯੂ ਤਬਦੀਲੀ 'ਤੇ ਸੰਯੁਕਤ ਰਾਸ਼ਟਰ ਸੰਘ ਦੇ ਰੂਪਰੇਖਾ ਸੰਮੇਲਨ ਤਹਿਤ ਵਿਕਸਤ ਦੇਸ਼ਾਂ ਵੱਲੋਂ ਪ੍ਰਸਤਾਵਿਤ 'ਤਕਨੀਕੀ ਵਿਖਾਵੇ' ਨੂੰ ਰੱਦ ਕਰਨਾ ਵੀ ਜ਼ਰੂਰੀ ਹੈ ਜੋ ਸਿਰਫ਼ ਤਕਨੀਕ ਵੇਚ ਕੇ ਮੁਨਾਫਾ ਬਟੋਰਦਾ ਹੈ। ਭਾਗੀਦਾਰੀ ਭਰਪੂਰ ਕੰਟਰੋਲ ਪ੍ਰਬੰਧ ਤੇ ਤਕਨੀਕੀ ਲੈਣ ਦੇਣ ਦੇ ਮੁਲਅੰਕਨ ਲਈ ਬਹੁਪੱਖੀ ਤੇ ਬਹੁਅਨੁਸਾਸ਼ਿਤ ਕ੍ਰਿਆ ਵਿਧੀ ਉਸਾਰਨ ਲਈ ਇਹ ਜ਼ਰੂਰੀ ਹੈ ਕਿ ਦਿਸ਼ਾ ਨਿਰਦੇਸ਼ਾਂ ਦੀ ਸਥਾਪਨਾ ਕੀਤੀ ਜਾਵੇ। ਇਹਨਾਂ ਤਕਨੀਕਾਂ ਦਾ ਉਪਯੋਗੀ, ਸਾਫ ਤੇ ਸਮਾਜਕ ਤੌਰ 'ਤੇ ਵਿਸ਼ਵਸਤ ਹੋਣਾ ਜ਼ਰੂਰੀ ਹੈ। ਇਸ ਤਰ੍ਹਾਂ ਇਕ ਅਜਿਹਾ ਕੋਸ਼ ਦੀ ਸਥਾਪਨਾ ਕਰਨਾ ਵੀ ਜ਼ਰੂਰੀ ਹੈ ਜੋ ਸਮੁੱਚੀ ਤੇ ਬੌਧਿਕ ਦੌਲਤ ਅਧਿਕਾਰ ਤੋਂ ਮੁਕਤ ਤਕਨੀਕੀ ਖੋਜ 'ਚ ਪੂੰਜੀ ਲਾਉਣ ਦੇ ਕੰਮ ਆਵੇ। ਘੱਟ ਲਾਗਤ 'ਤੇ ਪੇਟੈਂਟਾਂ ਨੂੰ ਨਿੱਜੀ ਅਜ਼ਾਰੇਦਾਰਾਂ ਦੇ ਹੱਥਾਂ 'ਚੋਂ ਖੋਹ ਕੇ ਆਮ ਲੋਕਾਂ ਦੇ ਦਾਇਰੇ 'ਚ ਲਿਆਉਣਾ ਚਾਹੀਦਾ ਹੈ। ਗਿਆਨ ਸਭ ਦਾ ਸਾਂਝਾ ਹੈ। ਗਿਆਨ ਜਾਂ ਗਿਆਨ ਦੀ ਤਕਨੀਕੀ ਵਰਤੋਂ ਨੂੰ ਕਿਸੇ ਵੀ ਹਾਲਤ 'ਚ ਨਿੱਜੀ ਸੰਪਤੀ ਜਾਂ ਨਿੱਜੀ ਵਰਤੋਂ ਦੀ ਵਸਤੂ ਨਹੀਂ ਹੋਣਾ ਚਾਹੀਦਾ। ਵਿਕਸਤ ਦੇਸ਼ਾਂ ਦੀ ਇਹ ਜ਼ੁੰਮੇਦਾਰੀ ਹੈ ਕਿ ਉਹ ਆਪਣੀ ਤਕਨੀਕ ਵਿਕਸਤ ਦੇਸ਼ਾਂ ਨਾਲ ਸਾਂਝੀ ਕਰਨ ਤਾਂ ਕਿ ਵਿਕਾਸਸ਼ੀਲ ਦੇਸ਼ਾਂ ਵਿਚ ਤਕਨੀਕਾਂ ਦੀ ਰਚਨਾ ਤੇ ਨਵੀਆਂ ਖੋਜਾਂ ਲਈ ਖੋਜ ਕੇਂਦਰ ਬਣਾਏ ਜਾ ਸਕਣ ਅਤੇ "ਬੇਹਤਰੀਨ ਜੀਵਨ" ਲਈ ਤਕਨੀਕ

ਦੇ ਵਿਕਾਸ ਤੇ ਪ੍ਰਯੋਗ ਨੂੰ ਸੁਰੱਖਿਅਤ ਕਰਕੇ ਉਸ ਨੂੰ ਹੱਲਾਸ਼ੇਰੀ ਦਿੱਤੀ ਜਾ ਸਕੇ। ਇਸ ਗ੍ਰਹਿ ਦੇ ਵਿਨਾਸ਼ ਨੂੰ ਰੋਕਣ ਅਤੇ ਧਰਤੀ ਮਾਂ ਦੇ ਅਸ਼ੀਰਵਾਦ ਨਾਲ ਦੁਬਾਰਾ ਬੇਹਤਰ ਜੀਵਨ ਸਮਰੱਥਾ ਹਾਸਲ ਕਰਨ ਲਈ ਦੁਨੀਆਂ ਦੇ ਲੋਕਾਂ ਤੋਂ ਉਹਨਾਂ ਦੇ ਪੁਸ਼ਤੈਨੀ ਸਿਧਾਂਤਾਂ ਤੇ ਪ੍ਰਣਾਲੀਆਂ ਨੂੰ ਫਿਰ ਦੁਬਾਰਾ ਹਾਸਲ ਕਰਨਾ ਸਿਖਣਾ ਪਵੇਗਾ। ਨਾਲ ਹੀ ਪੁਸ਼ਤੈਨੀ ਗਿਆਨ, ਸਾਧਨਾਂ ਤੇ ਰਿਵਾਜਾਂ ਨੂੰ ਹੱਲਾਸ਼ੇਰੀ ਦੇਣੀ ਹੋਵੇਗੀ। ਜਲਵਾਯੂ ਤਬਦੀਲੀ 'ਤੇ ਸੰਯੁਕਤ ਰਾਸ਼ਟਰ ਸੰਘ ਦੇ ਰੂਪਰੇਖਾ ਸੰਮੇਲਨ ਤੇ ਕਵੇਟੋ ਪ੍ਰੋਟੋਕੋਲ ਦੇ ਤਹਿਤ ਲਏ ਗਏ ਸੰਕਲਪਾਂ ਤੇ ਜਿੰਮੇਵਾਰੀਆਂ ਦਾ ਪ੍ਰਭਾਵੀ ਤਰੀਕੇ ਨਾਲ ਪਾਲਨ ਕਰਨ ਸਬੰਧੀ ਵਿਕਸਤ ਦੇਸ਼ਾਂ ਦੀ ਰਾਜਸੀ ਇੱਛਾ ਸ਼ਕਤੀ ਦੀ ਘਾਟ ਨੂੰ ਵੇਖਦੇ ਹੋਇਆਂ ਅਸੀਂ ਜਲਵਾਯੂ ਤੇ ਵਾਤਾਵਰਣ ਸਬੰਧੀ ਨਿਆਂ ਅਥਾਰਟੀ ਦੀ ਸਥਾਪਨਾ ਦੀ ਮੰਗ ਕਰਦੇ ਹਾਂ, ਜਿਨ੍ਹਾਂ ਕੋਲ ਉਹਨਾਂ ਸਰਕਾਰਾਂ ਉਦਯੋਗਾਂ ਤੇ ਲੋਕਾਂ ਨੂੰ ਰੋਕਣ, ਫੈਸਲਾ ਕਰਨ ਤੇ ਸਜ਼ਾ ਦੇਣ ਦੀ ਕਾਨੂੰਨੀ ਸਮਰੱਥਾ ਹੋਵੇ, ਜਿਨ੍ਹਾਂ ਨੇ ਜਾਣੇ-ਅਣਜਾਣੇ ਜਲਵਾਯੂ ਤਬਦੀਲੀ ਨੂੰ ਦੂਸ਼ਿਤ ਕੀਤਾ ਜਾਂ ਭੜਕਾਇਆ ਹੋਵੇ। ਜੋ ਸਰਕਾਰਾਂ ਜਲਵਾਯੂ ਤੇ ਵਾਤਾਵਰਣ ਨਿਆਂ ਅਥਾਰਟੀ 'ਚ ਉਨ੍ਹਾਂ ਵਿਕਸਤ ਦੇਸ਼ਾਂ ਖਿਲਾਫ ਦਾਅਵਾ ਪੇਸ਼ ਕਰਦੀਆਂ ਹਨ ਜੋ ਜਲਵਾਯੂ ਤਬਦੀਲੀ 'ਤੇ ਸੰਯੁਕਤ ਰਾਸ਼ਟਰ ਰੂਪਰੇਖਾ ਸੰਮੇਲਨ ਤੇ ਕਵੇਟੋ ਪ੍ਰੋਟੋਕੋਲ ਦੀ ਵਚਨਬੱਧਤਾ ਨੂੰ ਪੂਰਾ ਕਰਨ 'ਚ ਅਸਫਲ ਹੋਣ ਜਿਸ 'ਚ ਗ੍ਰੀਨ ਹਾਊਸ ਗੈਸਾਂ ਨੂੰ ਘੱਟ ਕਰਨ ਦਾ ਵਚਨ ਵੀ ਸ਼ਾਮਲ ਹੈ, ਅਸੀਂ ਉਹਨਾਂ ਦੀ ਹਮਾਇਤ ਕਰਦੇ ਹਾਂ। ਅਸੀਂ ਲੋਕਾਂ ਤੋਂ ਸੰਯੁਕਤ ਰਾਸ਼ਟਰ 'ਚ ਗੰਭੀਰ ਸੁਧਾਰਾਂ ਨੂੰ ਅੱਗੇ ਲਿਆ ਕੇ ਮੰਜੂਰ ਕਰਾਉਣ ਤੇ ਹੱਲਾਸ਼ੇਰੀ ਦੇਣ ਦੀ ਅਪੀਲ ਕਰਦੇ ਹਾਂ ਤਾਂ ਕਿ ਸਭ ਮੈਂਬਰ ਸਰਕਾਰਾਂ ਕੌਮਾਂਤਰੀ ਜਲਵਾਯੂ ਤੇ ਵਾਤਾਵਰਣ ਨਿਆਂ ਅਥਾਰਟੀ ਦੇ ਫੈਸਲਿਆਂ ਦੀ ਕਦਰ ਕਰਨ, ਉਹਨਾਂ ਦੀ ਪਾਲਣਾ ਕਰਨ।

ਮਨੁੱਖਤਾ ਦਾ ਭਵਿੱਖ ਖਤਰੇ ਵਿਚ ਹੈ ਅਤੇ ਅਸੀਂ ਵਿਕਸਤ ਦੇਸ਼ਾਂ ਨੂੰ ਫੈਸਲੇ ਲੈਣ ਦੀ ਇਜਾਜ਼ਤ ਨਹੀਂ ਦੇ ਸਕਦੇ ਜਿਸਦੀ ਅਸਫਲ ਕੋਸ਼ਿਸ਼ ਉਨ੍ਹਾਂ ਨੇ ਕੋਪੇਨਹੇਗਨ 'ਚ ਪਾਰਟੀਆਂ ਦੇ ਸੰਮੇਲਨ 'ਚ ਕੀਤੀ ਸਨ। ਇਸ ਫੈਸਲੇ ਦਾ ਸਰੋਕਾਰ ਸਾਡੇ ਸਾਰਿਆਂ ਨਾਲ ਹੈ। ਜਲਵਾਯੂ ਤਬਦੀਲੀ ਬਾਰੇ ਵਿਸ਼ਵ ਪੱਧਰ 'ਤੇ ਲੋਕ ਰਾਇ ਜਾਂ ਵਿਆਪਕ ਲੋਕ ਜਨਤਕ ਵਿਚਾਰ ਵਟਾਂਦਰਾ ਲਾਜ਼ਮੀ ਹੈ। ਜਿਸ ਵਿਚ ਸਭ ਲੋਕਾਂ ਤੋਂ ਹੇਠ ਲਿਖੇ ਮੁੱਦਿਆਂ ਤੇ ਰਾਇ ਇੱਕਠੀ ਕੀਤੀ ਜਾਵੇ। ਵਿਕਸਤ ਦੇਸ਼ਾਂ ਤੇ ਕੌਮਾਂਤਰੀ ਨਿਗਮਾਂ ਵੱਲੋਂ ਕੀਤੀ ਗਈ ਉਤਸਰਜਨ 'ਚ ਕਮੀ ਦਾ ਪੱਧਰ, ਵਿਕਸਤ ਦੇਸ਼ਾਂ ਵੱਲੋਂ ਪ੍ਰਭਾਵਿਤ ਕੀਤਾ ਗਿਆ ਵਿਤ। ਇਕ ਕੌਮਾਂਤਰੀ ਜਲਵਾਯੂ ਤੇ ਵਾਤਾਵਰਣ ਵੱਲੋਂ ਪ੍ਰਸਤਾਵਿਤ ਕੀਤਾ ਗਿਆ ਵਿਤ, ਇਕ ਕੌਮਾਂਤਰੀ ਜਲਵਾਯੂ ਤੇ ਵਾਤਾਵਰਣ ਨਿਆਂ ਅਥਾਰਟੀ ਦਾ ਨਿਰਮਾਣ, ਧਰਤੀ ਮਾਂ ਦੇ ਅਧਿਕਾਰਾਂ ਲਈ ਸਰਬਪੱਖੀ ਐਲਾਨ ਦੀ ਜ਼ਰੂਰਤ ਤੇ ਮੌਜੂਦਾ ਪੂੰਜੀਵਾਦੀ ਵਿਵਸਥਾ ਨੂੰ ਬਦਲਣ ਦੀ ਲੋੜ ਬਾਰੇ ਵਿਸ਼ਵ ਪੱਧਰੀ ਲੋਕ ਰਾਇ ਜਾਂ ਵਿਆਪਕ ਜਨਤਕ ਵਿਚਾਰ ਵਟਾਂਦਰੇ ਦੇ ਉਸ ਅਮਲ 'ਤੇ ਨਿਰਭਰ ਕਰੇਗੀ ਜੋ ਉਸ ਦੇ ਸਫਲ ਵਿਕਾਸ ਨੂੰ ਯਕੀਨੀ ਬਣਾਉਂਦੀ ਹੋਵੇ। ਸਾਡੇ ਕੌਮਾਂਤਰੀ ਕਾਰਜ 'ਚ ਤਾਲਮੇਲ ਬਿਠਾਉਣ ਲਈ ਅਤੇ ਇਸ "ਜਨਤਾ ਦੀ ਸਹਿਮਤੀ" ਦੇ ਸਿਟਿਆਂ ਨੂੰ ਲਾਗੂ ਕਰਨ ਲਈ, ਅਸੀਂ ਧਰਤੀ ਮਾਂ ਲਈ ਬਰਾਬਰੀ ਦੇ ਸਿਧਾਂਤਾਂ 'ਤੇ ਅਧਾਰਤ ਇਕ ਅਜਿਹੇ ਵਿਸ਼ਵੀ ਵਿਆਪੀ ਲੋਕ ਸੰਘਰਸ਼ ਦੀ ਉਸਾਰੀ ਕਰਨ ਦਾ ਸੱਦਾ ਦਿੰਦੇ ਹਾਂ ਜੋ ਵੱਖ-

ਵੱਖ ਥਾਵਾਂ ਤੋਂ ਆਉਣ ਵਾਲੇ ਮੈਂਬਰਾਂ 'ਚ ਇਕ ਦੂਜੇ ਲਈ ਮਾਨ ਸਨਮਾਨ ਅਤੇ ਪੂਰੇ ਸੰਸਾਰ ਵਿਚ ਤਾਲਮੇਲ ਤੇ ਸਾਂਝੀਆਂ ਕਾਰਵਾਈਆਂ ਲਈ ਇਕ ਵਿਆਪਕ ਤੇ ਲੋਕ ਰਾਜੀ ਮੰਚ ਦੀ ਉਸਾਰੀ ਕਰੀਏ। ਇਸ ਮੋੜ 'ਤੇ ਅਸੀਂ ਇਥੇ ਇਕ ਸੰਸਾਰ ਵਿਆਪੀ ਕਾਰਜ ਯੋਜਨਾ ਪਾਸ ਕਰਦੇ ਹਾਂ ਤਾਂ ਕਿ ਭਾਵੀ ਮੈਕਸਿਕੋ ਸੰਮੇਲਨ 'ਚ ਪ੍ਰੀਸਿਸ਼ਟ-1 'ਚ ਸੂਚੀਬੱਧ ਵਿਕਸਤ ਦੇਸ਼ ਮੌਜੂਦਾ ਵਿਧਾਨਕ ਢਾਂਚੇ ਦਾ ਸਨਮਾਨ ਕਰੀਏ ਅਤੇ ਆਪਣੇ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਵਿੱਚ 50 ਫੀਸਦੀ ਤੱਕ ਦੀ ਕਮੀ ਲਿਆਈਏ ਅਤੇ ਇਸ ਸਮਝੌਤੇ ਵਿੱਚ ਦਰਜ ਵੱਖ-ਵੱਖ ਪ੍ਰਸਤਾਵ ਉਥੇ ਪਾਸ ਹੋ ਸਕਣ। ਅੰਤ ਵਿਚ ਧਰਤੀ ਮਾਂ ਦੇ ਹੱਕ ਵਿਚ ਵਿਸ਼ਾਲ ਵਿਸ਼ਵ ਵਿਆਪੀ ਲੋਕ ਸੰਘਰਸ਼ ਦੀ ਉਸਾਰੀ ਕਰਨ ਤੇ ਇਸ ਸਾਲ ਦੇ ਅੰਤ ਵਿਚ ਕਾਨਕੁੰਨ, ਮੈਕਸੀਕੋ 'ਚ ਹੋਣ ਵਾਲੇ ਜਲਵਾਯੂ ਤਬਦੀਲੀ ਸੰਮੇਲਨ ਦੇ ਸਿੱਟਿਆਂ 'ਤੇ ਪ੍ਰਤੀਕ੍ਰਿਆ ਦੇਣ ਦੇ ਅਧਿਕਾਰਾਂ ਬਾਰੇ "ਦੁਨੀਆਂ ਦੇ ਲੋਕਾਂ ਦੇ ਦੂਸਰੇ ਸੰਮੇਲਨ ਦੀ ਜ਼ਿੰਮੇਵਾਰੀ ਉਠਾਉਣ ਨੂੰ ਤਿਆਰ ਹਾਂ।'

# ਜਲਵਾਯੂ ਸੰਕਟ ਸਬੰਧੀ ਕੀ ਹੈ ਕੌਮਾਂਤਰੀ ਬਹਿਸਾਂ ਦੀ ਅਸਲੀਅਤ?

ਕਵੋਟੋ ਪ੍ਰੋਟੋਕੋਲ ਤੇ ਉਸਦ ਦੀ ਅਸਲੀਅਤ : –ਗ੍ਰੀਸ ਹਾਊਸ ਗੈਸਾਂ ਦੇ ਨਿਕਾਸ ਦੀ ਪੈਦਾਇਸ਼ ਨੂੰ ਨੱਥ ਮਾਰਨ ਲਈ 1990 ਦੇ ਦਹਾਕੇ 'ਚ ਵਿਸ਼ਵ ਪੱਧਰ 'ਤੇ ਯਤਨ ਸ਼ੁਰੂ ਹੋਇਆ। 1992 'ਚ ਰਿਓ–2 ਦੇ ਨੇਰਿਆ 'ਚ ਧਰਤੀ ਸੰਮੇਲਨ ਦੇ ਨਾਂ ਹੇਠ ਵਾਤਾਵਰਣ ਸੰਕਟ ਬਾਰੇ ਪਹਿਲਾ ਵਿਸ਼ਵ ਸੰਮੇਲਨ ਹੋਇਆ। ਸਾਮਰਾਜੀ ਦੇਸ਼ਾਂ ਦੀ ਨੀਅਤ ਇਸ ਪਹਿਲੇ ਸੰਮੇਲਨ 'ਚ ਹੀ ਸਾਹਮਣੇ ਆ ਗਈ ਸੀ ਜਿਸ ਦੇ ਐਲਾਨ–ਨਾਮੇ 'ਚ ਇਹ ਕਿਹਾ ਗਿਆ ਸੀ ਕਿ "ਆਰਥਕ ਵਿਕਾਸ ਹੀ ਅਜਿਹੀ ਹਾਲਤ ਤਿਆਰ ਕਰਦਾ ਹੈ, ਜਿਸ 'ਚ ਵਾਤਾਵਰਣ ਦੀ ਅੱਛੀ ਤਰ੍ਹਾਂ ਰਾਖੀ ਕੀਤੀ ਜਾ ਸਕਦੀ ਹੈ।" ਇਸ ਸੰਮੇਲਨ ਨੇ ਸੰਸਾਰ ਬੈਂਕ ਨੂੰ ਦੁਨੀਆ ਭਰ 'ਚ ਵਾਤਾਵਰਣ ਸਬੰਧੀ ਉਪਾਵਾਂ ਦੀ ਨਿਗਰਾਨੀ ਕਰਨ ਦਾ ਕਾਰਜਭਾਰ ਸੰਭਾਲਿਆ। ਵਿਡੰਬਨਾ ਇਹ ਕਿ ਸੰਸਾਰ ਬੈਂਕ ਨੇ 90 ਦੇ ਦਹਾਕੇ 'ਚ ਖਣਿਜ ਊਰਜਾ ਦੇ ਖੇਤਰ ਵਿੱਚ ਵਿਕਲਪਿਕ ਊਰਜਾ ਦੀ ਤੁਲਨਾ 'ਚ 15 ਗੁਣਾਂ ਵੱਧ ਪੂੰਜੀ ਨਿਵੇਸ਼ ਲਈ ਕਰਜਾ ਦਿੱਤਾ। ਉਦੋਂ ਤੋਂ ਅੱਜ ਤੱਕ ਜਲਵਾਯੂ ਸੰਮੇਲਨ ਦੀ ਦਿਸ਼ਾ ਕੁੱਲ ਮਿਲਾ ਕੇ ਇਹੀ ਹੈ। ਜਲਵਾਯੂ ਤਬਦੀਲੀ 'ਤੇ ਸੰਮੇਲਨ ਲਈ ਸੰਯੁਕਤ ਰਾਸ਼ਟਰ ਨਿਰਦੇਸ਼ (U N F C C) ਨੇ ਕਈ ਦੌਰ ਦੀ ਗੱਲਬਾਤ ਪਿੱਛੋਂ 1997 'ਚ ਜਪਾਨ ਦੇ ਕਵੋਟੋ ਸ਼ਹਿਰ ਵਿੱਚ ਸੰਮੇਲਨ ਕਰਕੇ ਕਵੋਟੋ ਪ੍ਰੋਟੋਕੋਲ ਨਾਂ ਹੇਠ ਇੱਕ ਦਸਤਾਵੇਜ ਨੂੰ ਮੰਜ਼ੂਰੀ ਦਿੱਤੀ। ਇਸ ਦੇ ਤਹਿਤ ਦੁਨੀਆਂ 'ਚ ਪਹਿਲੀ ਵਾਰੀ ਸਨਅਤੀ ਦੇਸ਼ਾਂ ਨੂੰ ਇਸ ਗੱਲ ਲਈ 'ਕਾਨੂੰਨੀ ਤੌਰ 'ਤੇ ਮਜ਼ਬੂਰ ਕੀਤਾ ਗਿਆ ਕਿ ਉਹ ਆਪਣੇ ਗ੍ਰੀਨ ਹਾਊਸ ਗੈਸਾਂ ਦੀ ਪੈਦਾਇਸ਼ ਨੂੰ 2008–2012 ਤੱਕ ਆਉਂਦੇ ਆਉਂਦੇ 1990 ਦੀ ਪੱਧਰ ਤੋਂ 5.2 ਫੀਸਦੀ ਘੱਟ ਕਰਨਗੇ। ਇਸ ਸਹਿਮਤੀ ਅਨੁਸਾਰ ਯੂਰਪੀ ਸੰਘ ਨੂੰ 8 ਫੀਸਦੀ, ਅਮਰੀਕਾ ਨੂੰ 7 ਫੀਸਦੀ ਤੇ ਜਪਾਨ ਨੂੰ 6 ਫੀਸਦੀ ਦੀ ਕਮੀ ਕਰਨੀ ਸੀ। ਚੀਨ ਸਮੇਤ ਵਿਕਾਸਸ਼ੀਲ ਦੇਸ਼ਾਂ ਨੂੰ ਸ਼ੁਰੂਆਤੀ ਦੌਰ ਵਿੱਚ ਇਸ ਕਟੌਤੀ ਤੋਂ ਮੁਕਤ ਰਖਿਆ ਸੀ। ਇਸ ਸਹਿਮਤੀ ਤੋਂ ਪਿੱਛੋਂ ਦੀਆਂ ਬਹਿਸਾਂ ਵਿੱਚ ਸਾਮਰਾਜੀ ਦੇਸ਼ਾਂ ਨੇ ਕਾਰਬਨ ਨਿਕਾਸ ਘੱਟ ਕਰਨ ਦੀ ਜ਼ਿੰਮੇਵਾਰੀ ਨੂੰ ਟਾਲਣ ਲਈ ਦੋ ਨਵੇਂ ਤਰੀਕੇ ਸੁਝਾਏ :– (1) ਉਤਸਰਜਨ ਪਰਮਿਟ ਦੀ ਅਦਲਾ–ਬਦਲੀ, ਯਾਨੀ ਜਿਹਨਾਂ ਵਿਕਾਸਸ਼ੀਲ ਦੇਸ਼ਾਂ ਲਈ ਉਤਸਰਜਨ 'ਚ ਕਟੌਤੀ ਕਰਨੀ ਜ਼ਰੂਰੀ ਨਹੀਂ, ਉਹਨਾਂ ਨੂੰ ਪੈਸੇ ਦੇ ਕੇ ਉਹਨਾਂ ਤੋਂ ਉਤਸਰਜਨ (ਪੈਦਾਇਸ਼) 'ਚ ਕਟੌਤੀ ਕਰਵਾਉਣ ਅਤੇ ਉਸ ਦੇ ਬਦਲੇ ਆਪਣੇ ਦੇਸ਼ 'ਚ ਹੋਏ ਉਤਸਰਜਨ ਦੀ ਮਾਤਰਾ ਦੀ ਨੁਕਸਾਨ–ਪੂਰਤੀ ਲਈ ਪਰਮਿਟ ਲੈਣਾ (2) "ਕਾਰਬਨਕੁੰਡ" ਦੀ ਇਜਾਜ਼ਤ ਲਈ ਜਿਸ ਵਿੱਚ ਧਨੀ ਦੇਸ਼ਾਂ ਨੂੰ ਜੰਗਲ ਤੇ ਖੇਤੀ ਬਦਲੇ ਕਾਰਬਨ ਉਤਸਰਜਨ ਦੀ ਲੁਟ ਦੇਣਾ। ਯੂਰਪੀ ਯੂਨੀਅਨ ਨੇ ਇਹਨਾਂ ਉਪਾਵਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਪ੍ਰਦੂਸ਼ਣ ਘਟਾਉਣ ਦੀ ਆਪਣੀ ਜ਼ਿੰਮੇਵਾਰੀ ਤੋਂ ਬਚਣ ਦਾ ਇਕ ਬਹਾਨਾ ਹੈ। ਜਦ ਕਿ ਅਮਰੀਕਾ, ਕੈਨੇਡਾ, ਜਾਪਾਨ, ਅਸਟਰੇਲੀਆ ਤੇ ਨਿਊਜੀਲੈਂਡ ਨੇ ਇਸ ਦੀ ਹਮਾਇਤ

ਕੀਤੀ। ਸੰਨ 2000 ਦੇ ਹੇਗ ਸੰਮੇਲਨ ’ਚ ਇਸ ’ਤੇ ਕੋਈ ਸਹਿਮਤੀ ਨਹੀਂ ਬਣੀ ਤੇ ਗੱਲਬਾਤ ਭੰਗ ਹੋ ਗਈ। 2001 ’ਚ ਅਮਰੀਕਾ ਨੇ ਕਵੋਟੋ ਪ੍ਰੋਟੋਕੇਲ ਨੂੰ ਗਲਤ ਦੱਸਦਿਆਂ ਇੱਕ ਤਰਫਾ ਫੈਸਲਾ ਕਰਕੇ ਖੁਦ ਨੂੰ ਇਸ ਤੋਂ ਵੱਖ ਕਰ ਲਿਆ। 2001 ’ਚ ਬਾਨ ’ਚ ਦੁਬਾਰਾ ਗੱਲਬਾਤ ਸ਼ੁਰੂ ਹੋਈ ਪਰ ਕਵੋਟੋ ਪ੍ਰੋਟੋਕੋਲ ਨੂੰ ਪੂਰੀ ਤਰ੍ਹਾਂ ਉਹਨਾਂ ਧਨੀ ਦੇਸ਼ਾਂ ਨੂੰ ਉਤਸਰਜਨ ਦਾ ਪ੍ਰਮਿਟ ਮਿਲ ਗਿਆ। ਜਿਹਨਾਂ ਦਾ ਉਤਸਰਜਨ 1990 ਤੋਂ ਪਿਛੋਂ ਤੇਜੀ ਨਾਲ ਵਧ ਰਿਹਾ ਸੀ। ਹੋਰ ਤਾਂ ਹੋਰ “ਕਨੂੰਨੀ ਬੰਨਣ” ਜੋ ਕਵੋਟੋ ਪ੍ਰੋਟੋਕੋਲ ਨੂੰ ਅਸਰਦਾਇਕ ਬਣਾਉਣ ਵਾਲਾ ਇੱਕੋ ਇਕ ਪਹਿਲੂ ਸੀ ਉਸ ਦੀ ਥਾਂ ਰਾਜਸੀ ਬੰਨਣ” ਲਿਆ ਕੇ ਦਰਅਸਲ ਜਲਵਾਯੂ ਤਬਦੀਲੀ ਸਬੰਧੀ ਬਹਿਸਾਂ ਨੂੰ ਨਿਰਾਥਕ ਝਮੇਲਿਆਂ ਦੇ ਮੰਚ ਵਿੱਚ ਬਦਲ ਦਿੱਤਾ ਗਿਆ। ਉਤਸਰਜਨ (ਪੈਦਾਇਸ਼) ਵਧਾਉਣ ਵਾਲੇ ਦੇਸ਼ਾਂ ਲਈ ਹੁਣ ਵੱਧ ਤੋਂ ਵੱਧ ਸਜਾ ਇਹ ਹੋ ਸਕਦੀ ਹੈ ਕਿ ਅਗਲੇ ਸਾਲ ਲਈ ਉਨ੍ਹਾਂ ਦੀ ਕਟੌਤੀ ਦਾ ਕੋਟਾ ਵਧਾ ਦਿੱਤਾ ਜਾਵੇਗਾ। ਅਮਰੀਕਾ ਜੋ ਦੁਨੀਆਂ ਭਰ ’ਚ ਹੋਣ ਵਾਲੇ ਕੁਲ ਗ੍ਰੀਨ ਹਾਊਸ ਗੈਸ ਪੈਦਾਇਸ਼ (ਉਤਸਰਜਨ) ਦੇ ਇੱਕ ਚੌਥਾਈ ਹਿੱਸੇ ਲਈ ਇਕੱਲਾ ਜ਼ਿੰਮੇਵਾਰ ਹੈ। ਉਸ ਦਾ ਇਸ ਤੋਂ ਵੱਖ ਰਹਿਣਾ ਬਾਨ ਸੰਮੇਲਨ ਦੀ ਸਭ ਤੋਂ ਵੱਡੀ ਅਸਫਲਤਾ ਸੀ। ਹਾਲਾਂਕਿ ਕਵੋਟੋ ਪ੍ਰੋਟੋਕੋਲ ਗਲੋਬਲ ਵਾਰਮਿੰਗ ਘੱਟ ਕਰਨ ਦੀ ਦਿਸ਼ਾ ਵਿੱਚ ਇੱਕ ਬਹੁਤ ਹੀ ਨਰਮ ਸ਼ੁਰੂਆਤ ਸੀ। ਵਿਸਿਆਨੀਆਂ ਅਨੁਸਾਰ ਇਸ ਦੇ ਪੂਰੀ ਤਰ੍ਹਾਂ ਲਾਗੂ ਹੋਣ ’ਤੇ ਹੀ ਅਗਲੇ 100 ਸਾਲਾਂ ਵਿੱਚ ਜਿੰਨੀ ਗਲੋਬਲ ਵਾਰਮਿੰਗ ਹੁੰਦੀ ਉਸ ’ਚ ਸਿਰਫ਼ 0.15 ਡਿਗਰੀ ਸੈਲਸੀਅਸ ਕਮੀ ਆ ਸਕਦੀ। ਜਲਵਾਯੂ ’ਚ ਸਮੁੱਚੇ ਕੰਟਰੋਲ ਲਈ ਉਤਸਰਜਨ ’ਚ 60 ਤੋਂ 70 ਫੀਸਦੀ ਦੀ ਕਟੌਤੀ ਲਾਜ਼ਮੀ ਹੈ। ਜਿਸ ਲਈ ਇਸ ਤੋਂ 30 ਗੁਣਾਂ ਵੱਧ ਕਟੌਤੀ ਦੀ ਲੋੜ ਹੈ। ਪਰ ਸਾਮਰਾਜੀ ਦੇਸ਼ ਕਵੋਟੋ ਪ੍ਰੋਟੋਕੋਲ ਦੀ ਖਹਿੜਾ ਛੁਡਵਾਉਣ ਪਿੱਛੋਂ ਅਮਰੀਕਾ ਨੇ ਗਲੋਬਲ ਕਲਾਈਮੇਟ ਕੋਲਸ਼ਿਨ ਵਰਗੀਆਂ ਲਾਬਿੰਗ ਸੰਸਥਾਵਾਂ ਤੇ ਆਪਣੇ ਪਿੱਠੂ ਵਿਗਿਆਨੀਆਂ ਦੇ ਜ਼ਰੀਏ ਜਲਵਾਯੂ ਬਹਿਸਾਂ ਦੀ ਲੋੜ ਅਤੇ ਆਈ. ਪੀ. ਸੀ. ਸੀ. ਦੀ ਰੀਪੋਟ ’ਤੇ ਹੀ ਪ੍ਰਸ਼ਨ ਚਿੰਨ੍ਹ ਲਾਉਣਾ ਸ਼ੁਰੂ ਕੀਤਾ ਅਤੇ ਇਹ ਭਰਮ ਫੈਲਦਿਆਂ ਕਿ ਜਲਵਾਯੂ ਤਬਦੀਲੀ ਸਿਰਫ ਇੱਕ ਹਊਆ ਹੈ। ਇਸ ਪਿੱਛੋਂ ਮੋਟਰ ਵਾਹਨ ਸਨਅਤ ਤੇ ਹੋਰ ਕੰਪਨੀਆਂ ਦਾ ਸੁਆਰਥ ਹੈ ਕਿਉਂਕਿ ਉਤਸਰਜਨ ਵਿੱਚ ਕਟੌਤੀ ਕਰਨ ਨਾਲ ਉਹਨਾਂ ਦੇ ਮੁਨਾਫੇ ’ਚ ਕਮੀ ਆਉਣੀ ਤਹਿ ਹੈ। ਅੰਤ ਅਮਰੀਕੀ ਰਾਸ਼ਟਰਪਤੀ ਬੁਸ਼ ਨੇ ਆਈ. ਪੀ. ਸੀ. ਸੀ. ਦੀ ਰੀਪੋਟ ਦਾ ਜਾਂਚ ਪੜਤਾਲ ਲਈ ਕੌਮੀ ਵਿਗਿਆਨ ਅਕਾਦਮੀ (N A S) ਨੂੰ ਜ਼ਿੰਮੇਵਾਰੀ ਸੌਂਪੀ। ਐਨ. ਏ. ਐਸ. ਨੇ ਆਪਣੀ ਰੀਪੋਟ ’ਚ ਆਈ. ਪੀ. ਸੀ. ਸੀ. ਦੀ ਰੀਪੋਟ ਨਹੀਂ ਸਹੀ ਠਹਿਰਾਇਆ ਤੇ ਦੱਸਿਆ ਕਿ ਗਲੋਬਲ ਵਾਰਮਿੰਗ ਮਨੁੱਖੀ ਸਰਗਰਮੀਆਂ ਦਾ ਸਿੱਟਾ ਹੈ। ਜੋ ਧਰਤੀ ਦੀ ਹੋਂਦ ਲਈ ਕਾਫੀ ਖਤਰਨਾਕ ਹੈ। ਸੱਚਾਈ ਸਾਹਮਣੇ ਆਉਣ ’ਤੇ ਅਮਰੀਕੀ ਰਾਸ਼ਟਰਪਤੀ ਨੇ ਨਵਾਂ ਪੈਂੜਤਾ ਬਦਲਿਆ। ਉਸ ਨੇ ਦੋ ਕਰਨਾਂ ਕਰਕੇ ਕਵੋਟੋ ਪ੍ਰੋਟੋਕੇਲ ਨੂੰ ਗਲਤ ਠਹਿਰਾਇਆ – (1) ਅਮਰੀਕੀ ਅਰਥਚਾਰੇ ’ਤੇ ਇਸ ਦਾ ਨਾਕਾਰਤਮਕ ਅਸਰ ਪਵੇਗਾ ਕਿਉਂਕਿ ਇਸ ਨਾਲ ਮਜ਼ਦੂਰਾਂ ਦੀ ਛਾਂਟੀ ਹੋਵੇਗੀ ਤੇ ਖਪਤਕਾਰਾਂ ਲਈ ਮਹਿੰਗਾਈ ਵਧੇਗੀ।

(2) ਚੀਨ ਤੇ ਭਾਰਤ ਸਮੇਤ ਵਿਕਾਸਸ਼ੀਲ ਲੋਕਾਂ ਨੂੰ ਉਤਸਰਜਨ ਕਟੌਤੀ

ਦੀ ਜ਼ਿੰਮੇਵਾਰੀ ਤੋਂ ਮੁਕਤ ਰੱਖਿਆ ਗਿਆ ਹੈ ਇਸ ਤਰ੍ਹਾਂ ਅਮਰੀਕਾ ਨੇ ਸਾਫ-ਸਾਫ ਮੰਨਿਆ ਕਿ ਕਵੋਟੋ ਪ੍ਰੋਟੋਕੋਲ ਨੂੰ ਮੰਨਣਾ ਉਹਨਾਂ ਦੀ ਪਹੁੰਚ ਤੋਂ ਬਾਹਰ ਹੈ। ਅਮਰੀਕਾ 'ਚ ਸਿਰਫ਼ ਖਣਿਜ ਤੇਲਾਂ ਦੀ ਵਰਤੋਂ ਨਾਲ ਹੀ ਪ੍ਰਤੀ ਵਿਅਕਤੀ 5-6 ਟਨ ਕਾਰਬਨ ਡਾਇਕਸਾਈਡ ਦੀ ਪੈਦਾਇਸ਼ ਹੁੰਦੀ ਹੈ। ਨਿਊਕਲੀਅਰ ਊਰਜਾ ਦੀ ਵਰਤੋਂ ਕਰਨ ਵਾਲੇ ਟ੍ਰਾਂਸ ਵਿੱਚ 1.8 ਟਨ ਅਤੇ ਸਾਰੇ ਸਾਮਰਾਜੀ ਦੇਸ਼ ਦਾ ਔਸਤ 3.8 ਟਨ ਹੈ। ਦੁਨੀਆਂ ਦੇ ਹੋਰ ਸਭ ਦੇਸ਼ ਮਿਲ ਕੇ ਔਸਤ 0.7 ਟਨ ਦਾ ਉਤਸਰਜਨ ਕਰਦੇ ਹਨ। ਯਾਨੀ ਵਿਕਸਤ ਦੇਸ਼ ਦੀ ਔਸਤ ਇਸ ਤੋਂ ਪੰਜ ਗੁਣਾ ਵੱਧ ਤੇ ਅਮਰੀਕਾ ਦਾ 8 ਗੁਣਾ ਵੱਧ ਹੈ। ਅਜਿਹੀ ਹਾਲਤ 'ਚ ਵਿਕਸਿਤ ਤੇ ਵਿਕਾਸਸ਼ੀਲ ਦੇਸ਼ਾਂ ਨੂੰ ਇੱਕ ਤਕੜੀ 'ਤੇ ਤੋਲਣ ਦੀ ਇਹ ਅਮਰੀਕੀ ਮੰਗ ਦਰਅਸਲ ਆਪਣੀ ਜ਼ੁੰਮੇਵਾਰੀ ਤੋਂ ਭੱਜਣ ਦਾ ਇਕ ਬਹਾਨਾ ਹੈ। ਸਾਮਰਾਜੀ ਦੇਸ਼ਾਂ ਦੇ ਆਰਥਕ ਵਿਕਾਸ ਦੀ ਰਫਤਾਰ ਤੇ ਧਰਤੀ ਦਾ ਵਿਨਾਸ਼ ਦੋਵੇਂ ਸਹਿਗਾਮੀ ਹਨ। ਇਹ ਵਿਸ਼ਵ ਪੂੰਜੀਵਾਦੀ ਪ੍ਰਣਾਲੀ ਨਾਲ ਜੁੜਿਆ, ਸੁਆਲ ਹੈ। ਆਪਣੀ ਮਰਜ਼ੀ ਨਾਲ ਉਹ ਇਸ ਧਾਰਾ ਨੂੰ ਪਲਟਣ ਵਾਲੇ ਨਹੀਂ ਹਨ। ਇਸ ਲਈ ਪ੍ਰਿਥਵੀ 'ਤੇ ਆਸ ਨਾਲ ਖਤਰੇ ਦੀ ਕੀਮਤ 'ਤੇ ਵੀ ਉਹ ਆਪਣੇ ਮੁਨਾਫੇ ਦੀ ਰਫਤਾਰ ਨੂੰ ਬਣਾਈ ਰੱਖਣ ਲਈ ਬਜਿਦ ਹਨ।

# ਮੌਸਮੀ ਤਬਦੀਲੀ ਬਨਾਮ ਬੀਮਾਰੀਆਂ ਤੇ ਜੀਵ-ਜੰਤੂਆਂ ਦੀ ਹੋਂਦ

ਧਰਤੀ ਦਾ ਤਾਪਮਾਨ ਵਧਣ ਅਤੇ ਮੌਸਮ 'ਚ ਅਚਾਨਕ ਉਤਰਾਅ ਆਉਣ ਕਰਕੇ ਨਵੀਆਂ-ਨਵੀਆਂ ਬੀਮਾਰੀਆਂ ਪੈਦਾ ਹੋ ਰਹੀਆਂ ਹਨ। ਇਸ ਦੀ ਇੱਕ ਮਿਸਾਲ ਸਾਲ 2010 'ਚ ਬਰਸਾਤ ਦੇ ਮੌਸਮ 'ਚ ਡੇਂਗੂ ਤੇ ਮਲੇਰੀਆ ਦਾ ਪ੍ਰਕੋਪ ਹੈ। ਜਿਸ ਨੇ ਪੱਛਮੀ ਉਤਰ ਪ੍ਰਦੇਸ਼ ਤੇ ਦਿੱਲੀ ਵਿੱਚ ਹਜ਼ਾਰਾਂ ਲੋਕਾਂ ਦੀ ਜ਼ਿੰਦਗੀ ਨਿਗਲ ਲਈ ਇਹਨਾਂ ਬੀਮਾਰੀਆਂ ਦੇ ਸਾਰੇ ਪ੍ਰਚੱਲਿਤ ਇਲਾਜ ਬੇਕਾਰ ਕਿਉਂ ਸਾਬਤ ਹੋਏ? ਕਿਉਂ ਲੋਕ ਇਲਾਜ ਦੌਰਾਨ ਅਚਾਨਕ ਹੀ ਮੌਤ ਦੇ ਮੂੰਹ 'ਚ ਪੈਣ ਲੱਗੇ? ਜਿਹਨਾਂ ਬੀਮਾਰੀਆਂ ਦਾ ਬਹੁਤ ਪਹਿਲਾਂ ਹੱਲ ਹੋ ਚੁੱਕਿਆ ਸੀ ਉਹ ਫਿਰ ਤੋਂ ਏਨੇ ਭਿਆਨਕ ਰੂਪ 'ਚ ਕਿਉਂ ਪਰਗਟ ਹੋ ਰਹੀਆਂ ਹਨ? ਇਹ ਆਧੁਨਿਕ ਇਲਾਜ ਪ੍ਰਣਾਲੀ 'ਤੇ ਇੱਕ ਬਹੁਤ ਵੱਡਾ ਸੁਆਲ ਹੈ।

ਪੂੰਜੀਵਾਦੀ ਵਿਚਾਰਾਂ ਵਾਲੇ ਡਾਕਟਰੀ ਮਾਹਰ ਦਰਅਸਲ ਸਮੱਸਿਆ ਨੂੰ ਸਮੁੱਚੇ ਰੂਪ 'ਚ ਵੇਖਣ ਦੀ ਬਜਾਏ ਉਸ ਨੂੰ ਇੱਕ ਦੂਜੇ ਤੋਂ ਵੱਖ ਕਰਕੇ ਵੇਖਦੇ ਹਨ। ਇਹ ਲੱਛਣਾਂ ਦਾ ਇਲਾਜ ਕਰਦੇ ਹਨ ਜਦ ਕਿ ਰੋਗ ਦੀ ਜੜ੍ਹ ਤੱਕ ਪਹੁੰਚਣ ਦੀ ਕੋਸ਼ਿਸ਼ ਨਹੀਂ ਕਰਦੇ। ਇਹ ਸਮਝ ਸਕਣ 'ਚ ਉਹ ਅਸਮਰੱਥ ਹਨ ਕਿ ਮੌਜੂਦਾ ਸਮਾਜਿਕ ਆਰਥਕ ਤੇ ਰਾਜਸੀ ਪ੍ਰਣਾਲੀ ਡਾਕਟਰੀ, ਵਿਗਿਆਨਕ ਨੂੰ ਬੌਣਾ ਬਣਾ ਦਿੰਦੀ ਹੈ। ਹਾਲਾਤ ਦੇ ਤਾਣੇ-ਬਾਣੇ 'ਚ ਬਦਲਾਅ ਤੇ ਜਲਵਾਯੂ ਤਬਦੀਲੀ ਕਾਰਨ ਨਾ ਸਿਰਫ਼ ਨਵੀਆਂ-ਨਵੀਆਂ ਬੀਮਾਰੀਆਂ ਪੈਦਾ ਹੁੰਦੀਆਂ ਹਨ ਬਲਕਿ ਪੁਰਾਣੀਆਂ ਬੀਮਾਰੀਆਂ ਪਹਿਲਾਂ ਤੋਂ ਵੀ ਘਾਤਕ ਰੂਪ 'ਚ ਪ੍ਰਗਟ ਹੁੰਦੀਆਂ ਹਨ। ਜੰਗਲ ਕੱਟਣ, ਹੜ੍ਹ ਤੇ ਸੋਕੇ ਕਾਰਨ ਵਾਸ ਸਥਲ 'ਚ ਹੋਣ ਵਾਲੇ ਬਦਲਾਵਾਂ ਦੇ ਕਾਰਨ ਰੋਗ ਦੇ ਵਾਹਕ ਤੇਜ਼ੀ ਨਾਲ ਅਨਕੂਲਿਤ ਹੁੰਦੇ ਹਨ। ਵਿਗਿਆਨ ਅੱਜ ਇਸ ਦੇ ਘਾਤਕ ਰੂਪ ਅੱਗੇ ਲਾਚਾਰ ਹੈ ਕਿਉਂਕਿ ਆਰਸਿਨ ਤੇ ਆਈਸੋਨੇਕਸ ਵਰਗੀਆਂ ਦਵਾਈਆਂ ਵੀ ਇਸ ਦੇ ਇਲਾਜ 'ਚ ਕਾਰਗਰ ਨਹੀਂ ਰਹਿ ਗਈਆਂ ਹਨ। ਟੀ. ਬੀ. ਦੇ ਜੀਵਾਣੂਆਂ ਨੇ ਇਹਨਾਂ ਦਵਾਈਆਂ ਖਿਲਾਫ਼ ਪ੍ਰਤੀਰੋਧ ਸਮਰੱਥਾ ਵਿਕਸਿਤ ਕਰ ਲਈ ਹੈ। ਗਰੀਬਾਂ ਦੀਆਂ ਬਸਤੀਆਂ ਇਹਨਾਂ ਰੋਗਾਂ ਦੇ ਵਧਣ ਫੂਲਣ ਲਈ ਅਨਕੂਲ ਮਾਹੌਲ ਉਪਲੱਭਧ ਕਰਵਾਉਂਦੀਆਂ ਹਨ। ਇਸ ਬੀਮਾਰੀ ਨਾਲ ਗ੍ਰਸਿਤ ਰੋਗੀਆਂ ਵਿੱਚੋਂ ਮਰਨ ਵਾਲਿਆਂ ਦੀ ਗਿਣਤੀ 50 ਤੋਂ 70 ਫੀਸਦੀ ਹੋ ਗਈ ਹੈ। ਗਰੀਬਾਂ ਦੀਆਂ ਬਸਤੀਆਂ ਰੋਗਾਂ ਦੇ ਕੀਟਾਣੂਆਂ ਦੇ ਵਧਣ ਫੂਲਣ ਲਈ ਅਨਕੂਲ ਮਹੌਲ ਮੁਹਈਆਂ ਕਰਵਾਉਂਦੀਆਂ ਹਨ। ਪੂਰਬੀ ਉਤਰ ਪ੍ਰਦੇਸ਼ 'ਚ ਭਾਰੀ ਗਿਣਤੀ ਵਿੱਚ ਬੱਚਿਆਂ ਨੂੰ ਨਿਗਲਣ ਵਾਲੀ ਇੰਸੇਫਲਾਈਟ (ਜਪਾਨੀ ਬੁਖਾਰ) ਤੋਂ ਪੀੜਤ 60 ਫੀਸਦੀ ਰੋਗੀਆਂ ਦੇ ਆਵਾਮ ਦੇ ਆਸਪਾਸ ਬਰਸਾਤ ਦਾ ਸੜਦਾ ਪਾਣੀ ਜਮ੍ਹਾਂ ਰਹਿੰਦਾ ਹੈ। ਯਾਨੀ ਪਾਣੀ ਰਿਸ ਕੇ ਧਰਤੀ ਹੇਠਲੇ ਪਾਣੀ 'ਚ ਮਿਲ ਜਾਂਦਾ ਹੈ ਜਿਸ ਨੂੰ ਪੀ ਕੇ ਲੋਕ ਬੀਮਾਰ ਹੋ ਜਾਂਦੇ ਹਨ। ਪਰ ਇਲਾਜ ਦੇ ਪੇਸ਼ੇ ਨਾਲ ਜੁੜੇ ਲੋਕਾਂ ਲਈ ਗਰੀਬੀ ਤੇ ਵਾਤਾਵਰਣ ਕੋਈ

ਮੁੱਦਾ ਨਹੀਂ ਹੈ। ਜੋ ਖੁਦ ਹੀ ਇੱਕ ਗੰਭੀਰ ਸਮੱਸਿਆ ਬਣ ਚੁੱਕਿਆ ਹੈ। ਅਜਿਹੇ 'ਚ ਰੋਗਾਣੂਆਂ ਵਿਰੁੱਧ ਐਂਟੀਬਾਇਟਿਕ, ਟੀਕਾਕਰਣ ਤੇ ਹੋਰ ਦਵਾਈਆਂ ਭਲਾ ਕਿਵੇਂ ਕਾਰਗਰ ਹੋ ਸਕਦੀਆਂ ਹਨ। ਇਸ ਲਈ ਇਨਫੈਕਸ਼ਨ ਵਾਲੀਆਂ ਬੀਮਾਰੀਆਂ ਇਹਨਾਂ ਉਪਾਵਾਂ ਤੋਂ ਬਾਅਦ ਵੀ ਖਤਮ ਨਹੀਂ ਹੋਈਆਂ ਹਨ। ਪਿਛਲੇ ਦਿਨੀਂ ਪੱਛਮੀ ਉਤਰ ਪ੍ਰਦੇਸ਼ 'ਚ ਪੋਲੀਓ ਦੇ ਖਤਰਨਾਕ ਵਾਇਰਸ ਦੀ ਦੋਬਾਰਾ ਵਾਪਸੀ ਹੋਈ ਸੀ। ਜਦ ਮੈਡੀਕਲ ਪ੍ਰਸਾਸ਼ਨ ਦੀ ਲਾਹਪ੍ਰਵਾਹੀ ਤੇ ਸਹੀ ਰੱਖ ਰਖਾਅ ਦੇ ਕਾਰਨ ਖਰਾਬ ਹੋ ਚੁੱਕੇ ਟੀਕੇ ਅਨਪੜ੍ਹ ਗਰੀਬ ਲੋਕਾਂ ਨੂੰ ਲਾ ਦਿੱਤੇ ਜਾਣ ਤਾਂ ਭਲਾ ਕੀ ਹੋਵੇਗਾ। ਕੀ ਦਵਾਈ ਦੀ ਖੋਜ ਨਾਲ ਹੀ ਸਿਰਫ ਬੀਮਾਰੀਆਂ ਡਰ ਕੇ ਭੱਜ ਜਾਣਗੀਆਂ? ਇਨਫੈਕਸ਼ਨ ਵਾਲੀਆਂ ਬੀਮਾਰੀ ਦਾ ਦੁਬਾਰਾ ਫੈਲਣਾ ਤਾਂ ਆਉਣ ਵਾਲੇ ਭਿਆਨਕ ਸੰਕਟ ਦੀ ਤਸਵੀਰ ਮਾਤਰ ਹੀ ਹੈ। ਮੁਨਾਫੇ ਲਈ ਜੰਗਲਾਂ ਨੂੰ ਉਜਾੜਿਆ ਜਾ ਰਿਹਾ ਹੈ ਜਿਸ ਨਾਲ ਵਾਤਾਵਰਣ ਨਸ਼ਟ-ਭਰਿਸ਼ਟ ਹੋ ਕੇ ਨਵੀਆਂ-ਨਵੀਆਂ ਬੀਮਾਰੀਆਂ ਨੂੰ ਜਨਮ ਦੇ ਰਿਹਾ ਹੈ। ਕੀਟਨਾਸ਼ਕਾਂ ਤੇ ਜ਼ਹਿਰੀਲੇ ਰਸਾਇਣਾਂ ਨੇ ਲਾਭਦਾਇਕ ਸੂਖਮ ਜੀਵਾਂ ਦਾ ਹੀ ਨਾਸ਼ ਨਹੀਂ ਕੀਤਾ ਬਲਕਿ ਇਸ ਦੇ ਖਤਰਨਾਕ ਰੀਗਾਣੂਆਂ ਨੂੰ ਆਪਣੀ ਸਮਰੱਥਾ ਵਧਾਉਣ ਲਈ ਪ੍ਰੇਰਿਤ ਵੀ ਕੀਤਾ। ਇਹੀ ਕਾਰਨ ਹੈ ਕਿ ਪਹਿਲਾਂ ਤੋਂ ਵੀ ਵੱਧ ਘਾਤਕ ਮੱਛਰ ਹੁਣ ਮਨੁੱਖੀ ਬਸਤੀਆਂ 'ਤੇ ਹਮਲੇ ਕਰ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਹਰ ਬਿਪਤਾ ਦੌਰਾਨ ਆਫਤ ਨੂੰ ਮੁਨਾਫੇ 'ਚ ਬਦਲਣ ਵਾਲੀਆਂ ਕੰਪਨੀਆਂ ਮੱਛਰਾਂ ਨੂੰ ਭਜਾਉਣ ਲਈ ਨਵੇਂ-ਨਵੇਂ ਉਤਪਾਦ ਬਣਾ ਕੇ ਬੇਹਿਸਾਬ ਮੁਨਾਫਾ ਨਿਚੋੜ ਰਹੀਆਂ ਹਨ। ਉਪਰੋਂ ਸਿਹਤ ਸੇਵਾਵਾਂ ਦਾ ਨਿਜੀਕਰਨ ਕਰਕੇ ਸਰਕਾਰ ਨੇ ਬੀਮਾਰੀਆਂ ਤੋਂ ਤੁਰਾਸਦ ਜਨਤਾ ਨੂੰ ਮੁਨਾਫਾ ਖੋਰ ਡਾਕਟਰਾਂ ਤੇ ਨਿਜੀ ਹਸਪਤਾਲਾਂ ਅੱਗੇ ਬੇਵੱਸ ਛੱਡ ਦਿੱਤਾ ਹੈ। ਸਮੱਸਿਆ ਨੂੰ ਤੰਗ ਦਾਇਰੇ 'ਚ ਸਮਝਣ ਕਰਕੇ ਹੀ ਅੱਜ ਵਿਗਿਆਨਕ ਖੋਜ ਤੇ ਤਕਨੀਕ ਦੀ ਭਾਰੀ ਅਸਫਲਤਾ ਸਾਹਮਣੇ ਆ ਰਹੀ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਕੁਦਰਤ, ਮਨੁੱਖੀ ਸਮਾਜ ਤੇ ਡਾਕਟਰੀ ਵਿਗਿਆਨ ਦੇ ਅੰਤਰ ਸਬੰਧਾਂ ਨੂੰ ਡੂੰਘਾਈ ਨਾਲ ਸਮਝੀਏ ਤੇ ਨਵੀਆਂ-ਨਵੀਆਂ ਬੀਮਾਰੀਆਂ ਪੈਦਾ ਕਰਨ ਵਾਲੀ ਗੈਰ-ਬਰਾਬਰੀ 'ਤੇ ਅਧਾਰਤ ਇਸ ਗਲੀ ਸੜੀ ਪ੍ਰਣਾਲੀ ਦਾ ਇਲਾਜ ਕਰੀਏ।

## ਜੀਵ-ਜੰਤੂਆਂ ਦੀ ਹੋਂਦ ਖਤਰੇ ਵਿੱਚ

ਪੁਰਾਣੇ ਸਮਿਆਂ 'ਚ ਪਿੰਡ ਤਰ੍ਹਾਂ-ਤਰ੍ਹਾਂ ਦੇ ਪੌਦਿਆਂ-ਦਰੱਖਤਾਂ ਨਾਲ ਗੁਲਜਾਰ ਰਹਿੰਦੇ ਸਨ। ਕਲਰਵ ਕਰਦੇ, ਗੀਤ ਸੁਣਾਉਂਦੇ ਰੰਗ ਬਿਰੰਗੇ ਪੰਛੀ ਸਭ ਦਾ ਮਨ ਮੋਹ ਲੈਂਦੇ ਸਨ। ਗੌਰੇਆ ਚਿੜੀ ਜਿਸ ਦਾ ਹਰ ਪ੍ਰੀਵਾਰ ਨਾਲ ਘਰੇਲੂ ਸੰਬੰਧ ਹੁੰਦਾ ਸੀ, ਹੁਣ ਹਰ ਥਾਂ ਫੁਦਕਦੀ ਨਜ਼ਰ ਆਉਂਦੀ। ਮ੍ਰਿਤਕ ਪਸ਼ੂਆਂ ਆਦਿ ਨੂੰ ਖਾ ਕੇ ਵਾਤਾਵਰਣ ਨੂੰ ਸੇਹਤਮੰਦ ਰੱਖਣ ਵਾਲੀਆਂ ਗਿਰਝਾਂ ਹੁਣ ਜ਼ਹਿਰੀਲਾ ਮਾਸ ਖਾ ਕੇ ਅਲੋਪ ਹੋ ਗਈਆਂ ਹਨ। ਇਹ ਜੀਵ ਜੰਤੂ ਸਾਡੇ ਸਮਾਜ ਤੇ ਸਭਿਆਚਾਰ ਦਾ ਅਟੁੱਟ ਅੰਗ ਸਨ। ਗਲੋਬਲ ਵਾਰਮਿੰਗ ਅੱਜ ਨਾ ਸਿਰਫ ਸਾਡੀ ਰੋਟੀ ਰੋਜ਼ੀ ਤੇ, ਜੀਵਨਸ਼ੈਲੀ ਨੂੰ ਤਬਾਹ ਕਰ ਰਹੀ ਹੈ, ਬਲਕਿ ਇਸ ਨੇ ਸਦੀਆਂ ਪੁਰਾਣੇ ਦਰੱਖਤ ਤੇ ਪੌਦੇ ਅਤੇ ਜੀਵ-ਜੰਤੂਆਂ ਦੀਆਂ ਪ੍ਰਜਾਤੀਆਂ ਦੀ ਹੋਂਦ ਨੂੰ ਵੀ ਖਤਰੇ 'ਚ ਪਾ ਦਿੱਤਾ ਹੈ। ਇੱਟ, ਪੱਥਰ ਤੇ ਕੰਕਰੀਟ ਦੇ ਵਧਦੇ ਜੰਗਲ, ਜਹਿਰੀਲਾ ਪਾਣੀ ਤੇ ਧੂੰਆਂ ਛੱਡਦੀਆਂ

ਫੈਕਟਰੀਆਂ, ਉਜੜਦੇ ਜੰਗਲ, ਵਧਦੇ ਰੇਗਿਸਤਾਨ ਤੇ ਸੁਕਦੀਆਂ ਨਦੀਆਂ ਹੀ ਚਾਰੇ ਪਾਸੇ ਦਿਖਾਈ ਦੇ ਰਹੀਆਂ ਹਨ। ਅਜਿਹੇ ਹਾਲਤ 'ਚ ਧਰਤੀ ਤੇ ਕੁਦਰਤ ਦੇ ਨੇੜੇ ਰਹਿਣ ਵਾਲੇ ਨਾਜ਼ੁਕ ਜੀਵਾਂ ਦੀਆਂ ਪ੍ਰਜਾਤੀਆਂ ਖੁਦ ਨੂੰ ਕਿਵੇਂ ਬਚਾ ਸਕਦੀਆਂ ਹਨ? ਰੋਜ਼ਾਨਾਂ ਦਰਜ਼ਨਾਂ ਜੀਵ ਜੰਤੂ ਅਲੋਪ ਹੋ ਰਹੇ ਹਨ। ਇਹ ਸਮੁੱਚੇ ਹਾਲਾਤ ਤੇ ਤਾਣੇ-ਬਾਣੇ ਲਈ ਖਤਰੇ ਦੀ ਘੰਟੀ ਹੈ। ਗਿਰਝਾਂ, ਚਿੜੀਆਂ, ਸਾਰਸ ਤੇ ਨਾ ਜਾਣ ਕਿੰਨੇ ਅਨਾਮ ਪੰਛੀ ਦੇ ਦਰਸ਼ਨ ਵੀ ਦੁਰਲੱਭ ਹੋ ਗਏ ਹਨ। ਕੁਦਰਤ ਦੇ ਇਹ ਮਿੱਤਰ ਅਲੋਪ ਇਸ ਲਈ ਹੋਏ ਕਿ ਸਵਾਰਥੀ ਇਨਸਾਨਾਂ ਨੇ ਇਹਨਾਂ ਦੇ ਕੁਦਰਤੀ ਰਹਿਣ ਬਸੇਰਿਆਂ ਨੂੰ ਤਹਿਸ ਨਹਿਸ਼ ਕਰਕੇ ਰੱਖ ਦਿੱਤਾ ਹੈ। ਵਾਤਾਵਰਣ ਮਾਹਿਰਾਂ ਦਾ ਮੰਨਣਾ ਹੈ ਕਿ ਦੁਨੀਆਂ ਦੇ ਔਸਤ ਤਾਪਮਾਨ 'ਚ 1.1 ਤੇ 6.4 ਡਿਗਰੀ ਸੈਲਸੀਅਸ ਦਾ ਵਾਧਾ ਹੋਣ 'ਤੇ 30 ਫੀਸਦੀ ਜੀਵਾਂ ਦੀ ਪ੍ਰਜਾਤੀਆਂ ਸੰਨ 2050 ਤੱਕ ਖਤਮ ਹੋ ਜਾਣਗੀਆਂ। ਅੱਜ ਕਰੋੜਾਂ ਸਾਲ ਪਹਿਲਾਂ ਅਲੋਪ ਹੋ ਚੁੱਕੇ ਡਾਇਨਾਸੋਰ ਨੂੰ ਮੁੜ-ਜੀਵਤ ਕਰਨ ਲਈ ਵਿਗਿਆਨੀ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਜਦਕਿ ਅੱਜ ਅਲੋਪ ਹੁੰਦੀਆਂ ਹਜ਼ਾਰਾਂ ਪ੍ਰਜਾਤੀਆਂ ਨੂੰ ਬਚਾਉਣ ਦਾ ਕੋਈ ਸਕਾਰਾਤਮਕ ਉਪਾਅ ਨਜ਼ਰ ਨਹੀਂ ਆਉਂਦਾ।

ਵਾਤਾਵਰਣ ਸੰਤੁਲਨ ਲਈ ਜ਼ਮੀਨ ਦੇ 33 ਫੀਸਦੀ ਹਿੱਸੇ ਵਿੱਚ ਜੰਗਲ ਹੋਣਾ ਚਾਹੀਦਾ ਹੈ। ਪਰ ਅੰਨ੍ਹੇਵਾਹ ਕਟਾਈ ਕਾਰਨ ਹੁਣ ਭਾਰਤ 'ਚ ਸਿਰਫ 19.27 ਫੀਸਦੀ ਵਣ-ਭੂਮੀ ਬਚੀ ਹੈ। ਕਈ ਸੂਬਿਆਂ 'ਚ ਹਾਲਾਤ ਵੱਧ ਨਾਜ਼ੁਕ ਹਨ। ਵਿਕਾਸ ਦਾ ਵੱਧ ਦਾਅਵਾ ਕਰਨ ਵਾਲੇ ਹਰਿਆਣਾ ਸੂਬੇ 'ਚ 6.8 ਫੀਸਦੀ ਹੀ ਜੰਗਲ ਹਨ, ਜਿਨ੍ਹਾਂ 'ਚ ਸਿਰਫ 3.52 ਫੀਸਦੀ ਕੁਦਰਤੀ ਵਣ ਹਨ। ਮੁਨਾਫੇ ਦੀ ਹਵਸ਼ 'ਚ ਜੀਵਨ ਬਚਾਓ ਦਵਾਈਆਂ ਤੇ ਵਣ ਜੀਵਾਂ ਨੂੰ ਪਨਾਹ ਦੇਣ ਲਈ, ਤਾਂ ਕੁਦਰਤੀ ਜੰਗਲਾਂ ਨੂੰ ਕਦੀ ਬੰਨ੍ਹ ਬਣਾਉਣ ਲਈ, ਕਦੀ ਖੁਦਾਈ ਲਈ, ਤਾਂ ਕਦੀ ਸਨਅਤ ਲਾਉਣ ਲਈ ਮੁਨਾਫਾ ਖੋਰ ਸਰਮਾਏਦਾਰ ਤੇ ਉਨ੍ਹਾਂ ਦੀਆਂ ਹਮਾਇਤੀ ਸਰਕਾਰਾਂ ਬੇਰਹਿਮੀ ਨਾਲ ਉਜਾੜ ਰਹੀਆਂ ਹਨ। ਇਸ ਦੇ ਬਦਲੇ ਕੁਝ ਸਜਾਵਟੀ ਪੌਦੇ ਲਾ ਕੇ ਕੀ ਇਸ ਕੁਦਰਤੀ ਵਿਨਾਸ਼ ਦੀ ਪੂਰਤੀ ਹੋ ਸਕਦੀ ਹੈ? ਕੁਦਰਤੀ ਜੰਗਲਾਂ ਵਿੱਚ ਵੱਖ-ਵੱਖ ਤਰ੍ਹਾਂ ਦੇ ਘਾਹ ਫੂਸ, ਝਾੜੀਆਂ ਸਰਕੰਡੇ, ਜੰਗਲੀ ਪੌਦੇ, ਕੀੜੀਆਂ, ਗੰਡੋਏ, ਕੰਨ-ਖਜੂਰੇ, ਗਿਰਗਟ, ਚੂਹੇ, ਖਰਗੋਸ਼, ਸੱਪ, ਲੱਕੜ ਬੱਘੇ, ਹਿਰਨ, ਸ਼ੇਰ, ਵੱਖ-ਵੱਖ ਤਰ੍ਹਾਂ ਦੀਆਂ ਚਿੱੜੀਆਂ ਆਦਿ ਹਜ਼ਾਰਾਂ ਜੀਵ ਜੰਤੂ ਤੇ ਨੰਗੀ ਅੱਖ ਨਾਲ ਦਿਖਾਈ ਨਾ ਦੇਣ ਵਾਲੇ ਸੈਂਕੜੇ ਸੂਖਮ ਜੀਵ ਪਾਏ ਜਾਂਦੇ ਹਨ ਜੋ ਲੱਖਾਂ ਸਾਲਾਂ 'ਚ ਸਥਾਪਤ ਆਪਸੀ ਨਿਰਭਰ ਜੀਵਨ ਚੱਕਰ ਨਿਭਾਉਂਦੇ ਆਏ ਹਨ। ਇਹੀ ਜੰਗਲ ਦਾ ਜੈਵ-ਵਿਭੰਨਤਾਪੂਰਣ ਸਥਿਤੀ ਦਾ ਤਾਣਾ ਬਾਣਾ ਹੈ। ਬਣਾਉਟੀ ਪੌਦੇ ਲਾਉਣ ਨਾਲ ਕੀ ਅਜਿਹੀ ਗੁੰਝਲਦਾਰ ਹਾਲਾਤੀ ਤਾਣਾ-ਬਾਣਾ ਤੇ ਅਜਿਹੀ ਜੈਵ-ਵਿਭੰਨਤਾ ਕੀ ਸੌ ਸਾਲਾਂ 'ਚ ਵੀ ਵਿਕਸਤ ਹੋ ਸਕਦੀ ਹੈ? ਦਰੱਖਤਾਂ ਦੀ ਕਟਾਈ ਤਾਂ ਲਵਾਈ ਬੀਮਾਰੀ ਦਾ ਇਲਾਜ ਨਹੀਂ ਬਲਕਿ ਇੱਕ ਮਿੱਠੀ ਗੋਲੀ ਹੈ।

ਦੇਸ਼ 'ਚ ਖਤਮ ਹੁੰਦੇ ਜੰਗਲ ਤੇ ਦਰੱਖਤਾਂ ਦੀ ਕਟਾਈ ਮੁਹਿੰਮ ਦੀ ਹਕੀਕਤ ਕਿਸੇ ਤੋਂ ਛੁਪੀ ਨਹੀਂ ਹੈ, ਉਤਰਪ੍ਰਦੇਸ਼ ਦੇ ਮਹੋਬਾ ਜ਼ਿਲ੍ਹੇ 'ਚ ਸਿਰਫ 5.45 ਫੀਸਦੀ ਵਣ ਖੇਤਰ ਬਚਿਆ ਹੈ। ਜਿਸ 'ਚ ਪਾਈਆਂ ਜਾਣ ਵਾਲੀਆਂ ਦਵਾਈਆਂ-ਸਫੈਦ

ਮੂਸਲੀ, ਸਤਾਵਰ, ਬ੍ਰਾਮਹੀ, ਗੁੜਮਾਰ, ਹਾਰਸ਼ਿੰਗਾਰ, ਧਤੂਗ ਤੇ ਪਿਪਲੀ ਦੇ ਨਾਲ-ਨਾਲ ਭੇੜੀਏ ਤੇਂਦੂਏ ਵਰਗੇ ਜੰਗਲੀ ਜਾਨਵਰ ਖਤਮ ਹੋਣ ਕੰਢੇ ਹਨ। ਇਸ ਜ਼ਿਲ੍ਹੇ 'ਚ ਸਾਲ 2008-09 'ਚ ਸਪੈਸ਼ਲ ਟ੍ਰੀ ਪਲਾਂਟੇਸ਼ਨ ਪ੍ਰੋਗ੍ਰਾਮ ਤਹਿਤ 70 ਲੱਖ ਪੌਦੇ ਲਾਏ ਗਏ ਸਨ ਜਿਹਨਾਂ ਦੀ ਹੋਂਦ ਸਿਰਫ਼ ਕਾਗਜ਼ਾਂ ਵਿੱਚ ਹੈ। ਨੇਤਾਵਾਂ ਵੱਲੋਂ ਦੋ ਚਾਰ ਪੌਦੇ ਲਗਵਾ ਕੇ ਫੋਟੋ ਖਿਚਵਾ ਲੈਣ ਨਾਲ ਕੀ ਇਸ ਸਮੱਸਿਆ ਦਾ ਹੱਲ ਹੋ ਸਕਦਾ? ਇਹਨਾਂ ਦੀ ਸਰਪ੍ਰਸਤੀ ਵਿੱਚ ਤਾਂ ਪੂੰਜੀਪਤੀ, ਠੇਕੇਦਾਰ, ਖੁਦਾਈ ਮਾਫੀਆ ਤੇ ਵਣ ਅਧਿਕਾਰੀ ਹਰ ਤਰ੍ਹਾਂ ਨਾਲ ਕੁਦਰਤੀ ਜੰਗਲਾਂ ਨੂੰ ਉਜਾੜ ਰਹੇ ਹਨ। ਇਹੀ ਹਾਲ ਦੇਸ਼ ਦੇ ਹੋਰਨਾਂ ਰਾਜਾਂ ਦਾ ਵੀ ਹੈ। ਉਤਰਾਖੰਡ 'ਚ 64 ਫੀਸਦੀ ਵਣ ਭੂਮੀ ਦਿਨ-ਬ-ਦਿਨ ਫੈਲਦੇ ਜੰਗਲ ਕਾਰਨ ਦਿਨੋ-ਦਿਨ ਘਟਦੀ ਜਾ ਰਹੀ ਹੈ। ਭਾਰਤ ਹੀ ਨਹੀਂ ਬਲਕਿ ਦੁਨੀਆਂ ਦੇ ਸਭ ਦੇਸ਼ਾਂ ਦਾ ਇਹੋ ਹਾਲ ਹੈ। ਗਲੋਬਲ ਵਾਰਮਿੰਗ ਕਰਕੇ ਦੁਨੀਆਂ ਦੀ ਸਭ ਤੋਂ ਵੱਡੀ ਜੈਵ ਵਿਭੰਨਤਾਪੂਰਨ ਰੂਸ ਦੇ ਸਾਈਬੇਰੀਆ ਦੀ ਬਕੌਲ ਝੀਲ ਗੰਭੀਰ ਸੰਕਟ ਦਾ ਸਾਮਹਣਾ ਕਰ ਰਹੀ ਹੈ। ਗਰਮੀ ਵਧਣ ਤੇ ਬਰਫ ਘਟਣ ਨਾਲ ਚਲਦੇ ਠੰਡੇ ਜਲਵਾਯੂ ਦੇ ਆਦੀ ਇਸ ਝੀਲ ਦੇ ਜੀਵਾਂ ਤੇ ਮੱਛੀਆਂ ਦਾ ਭਵਿੱਖ ਸੰਕਟ ਵਿੱਚ ਹੈ, ਲਾਤੀਨੀ ਅਮਰੀਕਾ ਤੇ ਵਰਖਾਦਾਈ ਜੰਗਲ ਬਹੁਕੌਮੀ ਕੰਪਨੀਆਂ ਦੇ ਮੁਨਾਫੇ ਦੀ ਭੇਟ ਚੜ੍ਹ ਚੁੱਕੇ ਹਨ।

# ਕੀ ਪੂੰਜੀਵਾਦ ਵਾਤਾਵਰਣ ਸੰਕਟ ਨੂੰ ਹੱਲ ਕਰ ਸਕਦਾ ਹੈ?

ਕਿਸੇ ਸਮੱਸਿਆ ਨੂੰ ਜੜ੍ਹ ਤੋਂ ਮਿਟਾਉਣ ਲਈ ਉਸ ਦੀ ਜੜ੍ਹ ਤੱਕ ਪਹੁੰਚਣਾ ਜ਼ਰੂਰੀ ਹੁੰਦਾ ਹੈ। ਵਾਤਾਵਰਣ ਸੰਕਟ ਬਾਰੇ ਵੀ ਇਹ ਜਾਨਣਾ ਜ਼ਰੂਰੀ ਹੈ ਕਿ ਆਖਰ ਕੁਦਰਤ ਦਾ ਵਿਨਾਸ਼ ਕਿਉਂ ਹੋ ਰਿਹਾ ਹੈ? ਇਹ ਸੁਆਲ ਤੇ ਵਿਚਾਰ ਕਰਦਿਆਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਅੱਜ ਵਾਤਾਵਰਣ ਨਾਲ ਜੁੜੀਆਂ ਜਿੰਨੀਆਂ ਸਮੱਸਿਆਵਾਂ ਹਨ-ਗਲੋਬਲ ਵਾਰਮਿੰਗ, ਹਵਾ ਤੇ ਪਾਣੀ ਪ੍ਰਦੂਸ਼ਣ, ਨਵੀਆਂ-ਨਵੀਆਂ ਬੀਮਾਰੀਆਂ, ਜੀਵ-ਜੰਤੂਆਂ ਦਾ ਅਲੋਪ ਹੋਣਾ, ਉਹਨਾਂ ਸਾਰਿਆਂ ਪਿੱਛੇ ਸਾਡਾ ਮੌਜੂਦਾ ਅਰਥਚਾਰੇ ਦੀ ਕਾਰਜਪ੍ਰਣਾਲੀ ਦੋਸ਼ੀ ਹੈ, ਇਹ ਮਨੁੱਖ ਦੇ ਜਨਮ ਜਾਤ ਲੋਭ ਲਾਲਚ ਜਾਂ ਲਾਹਪ੍ਰਵਾਹੀ ਦਾ ਸਿੱਟਾ ਨਹੀਂ ਹੈ। ਇਸ ਨੂੰ ਕਿਸੇ ਪੂੰਜੀਵਾਦੀ ਜਾਂ ਅਧਿਕਾਰੀ ਦੀ ਨਿਜੀ ਕਰਤੂਤ ਵਜੋਂ ਨਾ ਵੇਖ ਕੇ ਸਾਨੂੰ ਇਸ ਸਮਾਜਕ-ਆਰਥਕ ਤੇ ਰਾਜਸੀ ਵਿਵਸਥਾ 'ਤੇ ਵਿਚਾਰ ਕਰਨਾ ਪਵੇਗਾ ਜੋ ਇਸ ਵਿਨਾਸ਼ ਦਾ ਮੂਲ ਕਾਰਣ ਹੈ। ਅੱਜ ਪੂਰੀ ਦੁਨੀਆਂ 'ਚ ਪੂੰਜੀਵਾਦ ਦਾ ਡੰਕਾ ਵੱਜ ਰਿਹਾ ਹੈ। ਇਹ ਸਰਬ ਵਿਆਪੀ, ਸਰਬਗ੍ਰਾਹੀ ਹੈ। ਸਾਡੇ ਮਨ-ਮਸਤਿਕ 'ਚ ਪੂੰਜੀਵਾਦ ਮੁੱਲ ਤੇ ਪੂੰਜੀਵਾਦੀ ਵਿਚਾਰ ਪੂਰੀ ਤਰ੍ਹਾਂ ਰਸੇ ਬਸੇ ਹੁੰਦੇ ਹਨ ਕਿਉਂਕਿ ਇਹਨਾਂ ਮੁੱਲਾਂ ਨੂੰ ਗ੍ਰਹਿਣ ਕਰਦਿਆਂ ਹੀ ਅਸੀਂ ਵੱਡੇ ਹੁੰਦੇ ਹਾਂ। ਇਸ ਲਈ ਅਸੀਂ ਅਚੇਤ ਤੌਰ 'ਤੇ ਇਹਨਾਂ ਨੂੰ ਸਹਿਜ ਸੁਭਾਵਿਕ, ਲਾਭਦਾਇਕ ਮੰਨ ਕੇ ਉਸ ਨੂੰ ਆਪਣੇ ਜੀਵਨ 'ਚ ਉਤਾਰਦੇ ਹਾਂ। ਜਿਵੇਂ ਨਿਜੀ ਲੋਭ-ਲਾਲਚ ਤੇ ਸੁਆਰਥ, ਅੰਨ੍ਹਾਂ ਮੁਕਾਬਲਾ, ਮਜ਼ਦੂਰਾਂ ਦੀ ਬੇਰਹਿਮ ਲੁੱਟ, ਗਰੀਬੀ-ਅਮੀਰੀ ਦੀ ਚੌੜੀ ਹੁੰਦੀ ਖਾਈ, ਕੁਦਰਤ ਦੀ ਬੇਰਹਿਮ ਲੁੱਟ ਆਦਿ। ਸਾਨੂੰ ਕੁੱਝ ਵੀ ਗਲਤ ਨਹੀਂ ਲੱਗਦਾ ਬਲਕਿ ਅਸੀਂ ਸਮਾਜ ਨੂੰ ਸਚਾਰੂ ਰੂਪ ਨਾਲ ਚਲਾਉਣ ਲਈ ਇਹਨਾਂ ਗੱਲਾਂ ਦਾ ਹੋਣਾ ਜ਼ਰੂਰੀ ਮੰਨਦੇ ਹਾਂ। ਇਹਨਾਂ ਪ੍ਰਤੀ ਸਾਡਾ ਨਜ਼ਰੀਆ ਆਲੋਚਨਾਤਮਿਕ ਨਹੀਂ ਹੁੰਦਾ ਪਰ ਵਾਤਾਵਰਣ ਤੇ ਪੂੰਜੀਵਾਦ ਵਿਚਕਾਰ ਟਕਰਾਅ ਦੇ ਕੁੱਝ ਪਹਿਲੂਆਂ 'ਤੇ ਜੇ ਆਪਾਂ ਅਲੋਚਨਾਤਮਿਕ ਨਜ਼ਰੀਏ ਤੋਂ ਵਿਚਾਰ ਕਰੀਏ ਤਾਂ ਇਹ ਸਪੱਸ਼ਟ ਹੋਵੇਗਾ ਕਿ ਕਿਉਂ ਇਸ ਪ੍ਰਣਾਲੀ ਦੇ ਰਹਿੰਦਿਆਂ ਵਾਤਾਵਰਣ ਸੰਕਟ ਦਾ ਹੱਲ ਸੰਭਵ ਨਹੀਂ ਹੈ। ਪੂੰਜੀਵਾਦ ਲਈ ਲਗਾਤਾਰ ਵਿਸਥਾਰ ਕਰਦੇ ਰਹਿਣਾ ਜ਼ਰੂਰੀ ਹੈ। ਪੂੰਜੀਵਾਦ ਦੀ ਚਾਲਕ ਸ਼ਕਤੀ ਤੇ ਇਸ ਦੇ ਜਿਉਂਦੇ ਰਹਿਣ ਦੀ ਸ਼ਰਤ ਇਹ ਹੈ ਕਿ ਇਹ ਲਗਾਤਾਰ ਪੂੰਜੀ ਇਕੱਠੀ ਕਰਕੇ ਮੁਨਾਫੇ ਤੇ ਦੌਲਤ ਦੇ ਢੇਰ ਲਾਉਂਦਾ ਜਾਵੇ। ਇਸ ਲਈ ਇਹ ਜ਼ਰੂਰੀ ਹੈ ਕਿ ਦੋਲਤਮੰਦਾਂ 'ਚ ਮੁਨਾਫੇ ਦੀ ਹਵਸ਼ ਤੇ ਲੋਕਾਂ 'ਚ ਵੱਧ ਤੋਂ ਵੱਧ ਖਪਤ ਦੀ ਲਾਲਸਾ ਜਗਾਈ ਜਾਵੇ।

ਆਪਣੇ ਮਾਲ ਦੀ ਵਿਕਰੀ ਵਧਾਉਣ ਲਈ ਸਰਮਾਏਦਾਰ ਇਸ਼ਤਿਹਾਰਬਾਜੀ ਰਾਹੀਂ ਲੋਕਾਂ 'ਚ ਵੱਧ ਤੋਂ ਵੱਧ ਖਪਤ ਕਰਨ ਦੀ ਭੁੱਖ ਪੈਦਾ ਕਰਦੇ ਹਨ। ਇਸ ਲਈ ਇਹ ਧਰਤੀ ਤੇ ਕੁਦਰਤ ਮਨੁੱਖੀ ਸਮਾਜ ਤੇ ਹੋਰ ਜੀਵ-ਜੰਤੂਆਂ ਦੇ ਨਾਲ ਮਿਲ ਜੁਲ ਕੇ ਜ਼ਿੰਦਗੀ ਬਸਰ ਕਰਨ ਦੀ ਜਗਾਹ ਨਹੀਂ ਬਲਕਿ ਆਪਣੇ ਮੁਨਾਫੇ 'ਚ ਦਿਨ-

ਦੁਗਣਾ, ਰਾਤ-ਚੌਗਣਾ ਵਾਧਾ ਕਰਨ ਲਈ ਕੱਚੇ ਮਾਲ ਤੇ ਊਰਜਾ ਦੀ ਬੇਹਿਸਾਬ ਲੁੱਟ-ਘਸੁੱਟ ਕਰਨ ਦਾ ਜਰੀਆ ਹੁੰਦੀ ਹੈ। ਪੂੰਜੀ ਉਦੋਂ ਤੱਕ ਪੂੰਜੀ ਹੈ ਜਦ ਤਕ ਉਸ ਦਾ ਨਿਵੇਸ਼ ਕਰਕੇ ਉਸ ਤੋਂ ਮੁਨਾਫਾ ਕਮਾਇਆ ਜਾ ਸਕੇ। ਪੂੰਜੀਵਾਦ ਅੰਦਰ ਸਮੋਇਆ ਇਹ ਤਰਕ ਹੈ। ਇਸ ਲਈ ਹਰ ਸਰਮਾਏਦਾਰ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਆਪਣਾ ਮੁਨਾਫਾ ਵਧਾਉਂਦਾ ਰਹੇ ਜਾਂ ਮਰਨ ਲਈ ਤਿਆਰ ਰਹੇ। ਆਰਥਕ ਵਿਕਾਸ ਰੁਕਣ ਦਾ ਅਰਥ ਹੈ ਪੂਰੇ ਅਰਥਚਾਰੇ ਦਾ ਸੰਕਟ ਗ੍ਰਸਿਤ ਹੋਣਾ ਤੇ ਉਸ ਦਾ ਅੰਤ ਹੋਣਾ। ਇੱਕ ਹੀ ਸ਼ਰਤ 'ਤੇ ਵਿਕਾਸ ਦਰ ਨੂੰ ਸਿਫਰ ਤੇ ਟਿਕਾਈ ਰੱਖਿਆ ਜਾ ਸਕਦਾ ਹੈ ਕਿ ਉਹ ਪੂੰਜੀਪਤੀ ਆਪਣੀ ਲਾਗਤ ਕੱਢ ਕੇ ਸਾਰਾ ਮੁਨਾਫਾ ਜਾਂ ਤਾਂ ਆਪਣੇ ਆਪ 'ਤੇ ਖਰਚ ਕਰੇ ਜਾਂ ਉਸ ਨੂੰ ਮਜ਼ਦੂਰਾਂ 'ਚ ਵੰਡ ਦੇਵੇ। ਯਾਨੀ ਮੁਨਾਫੇ ਨੂੰ ਇਕਠਾ ਕਰਕੇ ਉਸ ਨੂੰ ਪੂੰਜੀ 'ਚ ਬਦਲਣ ਦਾ ਕੰਮ ਨਾ ਕਰੇ। ਤੇ ਮਜ਼ਦੂਰਾਂ ਦੀ ਲੁੱਟ ਨਾ ਕਰੇ। ਇਸ ਨਾਲ "ਸਾਧਾਰਣ ਮੁੜ-ਪੈਦਾਵਾਰ" ਦਾ ਚੱਕਰ ਚਲਦਾ ਰਹੇਗਾ, ਭਾਵੇਂ ਅਰਥਚਾਰੇ 'ਚ ਠਹਿਰਾਅ ਹੋਵੇ। ਪਰ ਪੂੰਜੀਵਾਦੀ ਸੰਬੰਧਾਂ ਦੇ ਬਣੇ ਰਹਿਣ ਨਾਲ ਅਜਿਹਾ ਸੰਭਵ ਨਹੀਂ ਹੈ। ਸਰਮਾਏਦਾਰ ਜਮਾਤ ਜਿਨ੍ਹਾਂ ਦੇ ਰੋਮ-ਰੋਮ 'ਚ ਮੁਨਾਫਾ ਸਮਾਇਆ ਹੋਇਆ ਹੈ ਤੇ ਜੋ ਆਪਣੀ ਜਾਇਦਾਦ ਨੂੰ ਦਿਨ ਰਾਤ ਵਧਾਉਣ ਲਈ ਜਿਉਂਦਾ ਹੈ, ਉਹ ਭਲਾ ਮਜ਼ਦੂਰਾਂ ਦੀ ਲੁੱਟ-ਘਸੁੱਟ ਕਰਨ ਦੀ ਬਜਾਏ ਕਿਉਂ ਆਪਣਾ ਮੁਨਾਫਾ ਉਨ੍ਹਾਂ ਨੂੰ ਸੌਂਪੇਗਾ ਜਾਂ ਖੁਦ 'ਤੇ ਪੂਰੇ ਦਾ ਪੂਰਾ ਖਰਚ ਕਰ ਦੇਵੇਗਾ? ਇਸ ਦੇ ਉਲਟ ਪੂੰਜੀ ਦਾ ਮਾਲਕ ਮਰਦੇ ਦਮ ਤੱਕ ਆਪਣਾ ਮੁਨਾਫਾ ਵਧਾਉਣ ਲਈ ਹੱਥ-ਪੈਰ ਮਾਰਦਾ ਰਹੇਗਾ। ਇਹ ਨਵੀਆਂ-ਨਵੀਆਂ ਮਸ਼ੀਨਾਂ ਲਾ ਕੇ ਮਜ਼ਦੂਰਾਂ ਦੀ ਗਿਣਤੀ ਘੱਟ ਕਰੇਗਾ ਤਾਂ ਕਿ ਘੱਟੋ-ਘੱਟ ਮਜ਼ਦੂਰੀ ਦੇ ਕੇ ਵਧ ਤੋਂ ਵਧ (ਵਾਧੂ) ਹਾਸ਼ਲ ਕੀਤਾ ਜਾ ਸਕੇ। ਇਹੀ ਪੂੰਜੀ ਦਾ ਮੂਲ ਮੰਤਰ ਹੈ ਮਜ਼ਦੂਰਾਂ ਦੀ ਲੁੱਟ ਤੇ ਮੁਨਾਫਾ। ਇਸ ਲਈ ਅਰਥਚਾਰੇ ਨੂੰ ਸਥਿਰ ਰੱਖਦੇ ਹੋਇਆਂ ਮਜ਼ਦੂਰਾਂ ਦੀ ਲੁੱਟ ਕੀਤੇ ਬਿਨਾਂ ਹੀ ਨਿਰੰਤਰ ਪੈਦਾਵਾਰ ਜਾਰੀ ਰੱਖਣ ਲਈ ਪੂੰਜੀਵਾਦੀ ਸੰਬੰਧਾਂ ਨੂੰ ਬਦਲਣਾ ਜ਼ਰੂਰੀ ਹੋਵੇਗਾ। ਇਸ ਲਈ ਅਜਿਹੀ ਪ੍ਰਣਾਲੀ ਦੀ ਉਸਾਰੀ ਕਰਨੀ ਜ਼ਰੂਰੀ ਹੋਵੇਗੀ ਜਿੱਥੇ ਸਮੂਹਕ ਪੈਦਾਵਾਰ 'ਤੇ ਨਿੱਜੀ ਮਲਕੀਅਤ ਤੇ ਨਿਜੀ ਮੁਨਾਫਾ ਨਾ ਰਹੇ ਤੇ ਪੈਦਾਵਾਰ ਦਾ ਮਕਸਦ ਸਭ ਲਈ ਜ਼ਰੂਰੀ ਸਾਧਨ ਮੁਹੱਈਆ ਕਰਾਉਣਾ ਹੋਵੇ, ਕੁਝ ਲੋਕਾਂ ਲਈ ਜ਼ਰੂਰੀ ਮੁਨਾਫੇ ਦਾ ਜਾਰੀਆ ਨਹੀਂ। ਜਦ ਤੱਕ ਅਜਿਹਾ ਨਹੀਂ ਹੁੰਦਾ ਪੂੰਜੀਵਾਦ ਲਗਾਤਾਰ ਵਿਸਥਾਰ ਨੂੰ ਕਾਇਮ ਰੱਖਣ ਲਈ ਦੇਸ਼ ਦੇ ਬਾਹਰ ਜਾ ਕੇ ਪੂੰਜੀ ਨਿਵੇਸ਼ ਕਰਨਾ ਤੇ ਕੱਚੇ ਮਾਲ ਦੇ ਸਰੋਤਾਂ, ਸਸਤੀ ਕਿਰਤ ਦੇ ਬਾਜ਼ਾਰ 'ਤੇ ਕਬਜਾ ਜਮਾਉਣਾ ਜ਼ਰੂਰੀ ਹੈ। ਅੱਜ ਸਾਮਰਾਜੀ ਦੇਸ਼ ਇਹ ਕੰਮ ਵੱਡੇ ਪੈਮਾਨੇ ਤੇ ਕਰ ਰਹੇ ਹਨ। ਤੇਲ ਅਤੇ ਖਣਿਜ ਪਦਾਰਥਾਂ 'ਤੇ ਕਬਜੇ ਲਈ ਮਾਰਾ ਮਾਰੀ ਚਲ ਰਹੀ ਹੈ। ਨਾਲ ਹੀ ਸਾਮਰਾਜੀ ਦੇਸ਼ਾਂ ਵੱਲੋਂ ਵਿਦੇਸ਼ਾਂ ਵਿੱਚ ਜ਼ਮੀਨ ਹੜੱਪ ਕੇ ਉਥੇ ਆਪਣੇ ਦੇਸ਼ ਦੀ ਲੋੜ ਲਈ ਅਨਾਜ, ਪਸ਼ੂ ਚਾਰਾ, ਬਾਇਓ ਡੀਜ਼ਲ ਉਗਾਉਣ ਦਾ ਕੰਮ ਜੋਰਾਂ 'ਤੇ ਹੈ।

ਸਾਮਰਾਜੀ ਦੇਸ਼ਾਂ ਤੇ ਬਹੁ ਕੌਮੀ ਕੰਪਨੀਆਂ ਨੇ ਮੁੱਖ ਤੌਰ 'ਤੇ ਅਫਰੀਕਾ 'ਚ ਲਗਭਗ 3 ਲੱਖ ਹੇਕਟੇਅਰ ਜ਼ਮੀਨ 'ਤੇ ਕਬਜਾ ਕੀਤਾ ਹੈ। ਜੋ ਯੂਰਪ ਦੀ ਕੁਲ ਸੰਚਿਤ ਜ਼ਮੀਨ ਦਾ ਦੋ ਤਿਹਾਈ ਹੈ। ਇਸ ਜ਼ਮੀਨ 'ਤੇ ਖੇਤੀ ਕਰਨ ਦਾ ਮਕਸਦ ਜਲਦੀ ਤੋਂ ਜਲਦੀ ਤੇ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੈ। ਇਸ ਲਈ ਪਾਣੀ ਦੀ ਬੇਹਤਾਸ਼ਾ

ਲੁੱਟ ਤੇ ਰਸਾਇਣਾਂ ਦੀ ਬੇਹਿਸਾਬ ਵਰਤੋਂ ਕਰਕੇ ਜ਼ਮੀਨ ਨੂੰ ਬੰਜਰ ਬਣਾਉਣਾ ਪਵੇ ਤਾਂ ਵੀ ਸਾਮਰਾਜੀਆਂ ਨੂੰ ਕੋਈ ਫ਼ਰਕ ਨਹੀਂ ਪੈਣਾ। ਇਤਿਹਾਸ 'ਚ ਬਸਤੀਵਾਦੀਆਂ ਨੇ ਕੁਦਰਤ ਦਾ ਜਿਸ ਤਰ੍ਹਾਂ ਵਿਨਾਸ਼ ਕੀਤਾ ਸੀ, ਉਹ ਹੁਣ ਉਸ ਤੋਂ ਵੀ ਵੱਧ ਬੇਰਹਿਮ ਤਰੀਕਿਆਂ ਨਾਲ ਤਬਾਹੀ ਲਿਆਉਣਗੇ ਕਿਉਂਕਿ ਉਦੋਂ ਕੁਦਰਤੀ ਸਾਧਨਾਂ ਨਾਲ ਖੇਤੀ ਹੁੰਦੀ ਸੀ। ਹੁਣ ਉਹ ਰਸਾਇਣਾਂ ਖਪਤਵਾਰ ਨਾਸ਼ਕਾਂ ਜਾਂ ਕੀਟ ਨਾਸ਼ਕਾਂ ਤੇ ਬਣਾਉਟੀ ਬੀਜਾਂ ਦੀ ਵਰਤੋਂ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ, ਧਰਤੀ ਹੇਠਲੇ ਪਾਣੀ ਤੇ ਜੈਵ-ਵਿਭੰਨਤਾ ਨੂੰ ਜਲਦੀ ਤੋਂ ਜਲਤੀ ਖਤਮ ਕਰਨ 'ਚ ਸਮਰਥ ਹੈ ਤੇ ਉਹ ਇਹੀ ਕਰ ਰਹੇ ਹਨ। ਬਹੁਕੌਮੀ ਕੰਪਨੀਆਂ ਕੁਦਰਤੀ ਸਾਧਨਾਂ ਤੇ ਸਸਤੀ ਮਜ਼ਦੂਰੀ ਦੀ ਭਾਲ ਵਿੱਚ ਦੁਨੀਆਂ ਦਾ ਕੋਨਾ-ਕੋਨਾ ਛਾਣ ਮਾਰਦੀਆਂ ਹਨ। ਉਹਨਾਂ ਦੀ ਲੁੱਟ-ਘਸੁੱਟ ਦੇ ਕਾਰਨ ਦੇਸ਼ਾਂ ਦੇ ਵਿੱਚ ਅਤੇ ਦੇਸ਼ ਦੇ ਅੰਦਰ ਵੱਖ-ਵੱਖ ਤਬਕਿਆਂ 'ਚ ਗਰੀਬੀ-ਅਮੀਰੀ ਦੀ ਪਹਿਲਾਂ ਤੋਂ ਹੀ ਮੌਜੂਦ ਖਾਈ ਹੋਰ ਚੌੜੀ ਹੁੰਦੀ ਜਾ ਰਹੀ ਹੈ। ਤੇ ਕੁਦਰਤ ਦੀ ਤਬਾਹੀ ਵੀ ਪਹਿਲਾਂ ਤੋਂ ਤੇਜ਼ ਹੁੰਦੀ ਜਾ ਰਹੀ ਹੈ। ਪੂੰਜੀਵਾਦ ਦਾ ਰੁਝਾਣ ਹੈ ਬੇਲਗਾਮ, ਅਸੀਮਤ ਵਿਸਥਾਰ ਕਰਦੇ ਜਾਣਾ। ਪਰ ਕੁਦਰਤੀ ਸਾਧਨਾਂ ਦੀ ਮਾਤਰਾ ਤਾਂ ਸੀਮਤ ਹੈ। ਇਸ ਲਈ ਪੂੰਜੀਵਾਦੀ ਪੈਦਾਵਾਰ ਤੇ ਕੁਦਰਤ ਦੀ ਰਾਖੀ ਦੋਨੋ ਇਕੱਠੇ ਚਲ ਹੀ ਨਹੀਂ ਸਕਦੇ।

ਕੁਦਰਤੀ ਅਮਲ 'ਚ ਕੁਦਰਤੀ ਸਾਧਨਾਂ ਦੀ ਵਰਤੋਂ ਹੁੰਦੀ ਹੈ, ਜਿਵੇਂ-ਤੇਲ, ਗੈਸ ਕੋਲਾ (ਬਾਲਣ) ਪਾਣੀ (ਖੇਤੀ ਤੇ ਸਨਅਤ ਦੋਨਾਂ ਲਈ), ਦਰੱਖਤ (ਕਾਗਜ਼ ਤੇ ਇਮਾਰਤੀ ਲੱਕੜੀ ਲਈ) ਖਣਿਜ ਪਦਾਰਥ (ਕੱਚਾ ਲੋਹਾ, ਤਾਂਬਾ, ਬਾਕਸਾਈਟ) ਆਦਿ। ਕੁਦਰਤ 'ਚ ਕੁੱਝ ਵਸਤਾਂ ਦੀ ਮਾਤਰਾ ਸੀਮਤ ਹੋਣ ਦੇ ਬਾਵਜੂਦ ਜੋ ਉਹਨਾਂ ਦੀ ਵਿਉਂਤਬੱਧ ਢੰਗ ਨਾਲ ਵਰਤੋਂ ਕੀਤੀ ਜਾਵੇ ਤਾਂ ਉਹਨਾਂ ਨੂੰ ਦੁਬਾਰਾ ਹਾਸਲ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਹਵਾ, ਪਾਣੀ, ਮਿੱਟੀ ਵੀ ਉਦੋਂ ਤੱਕ ਜੀਵ ਜੰਤੂਆਂ ਤੇ ਪੇੜ-ਪੌਦਿਆਂ ਦੇ ਕੰਮ ਲਾਇਕ ਰਹੇਗੀ ਜਦ ਤੱਕ ਉਹਨਾਂ ਦਾ ਪ੍ਰਦੂਸ਼ਣ ਇੱਕ ਹੱਦ ਤੋਂ ਵੱਧ ਨਾ ਹੋਵੇ। ਸਰਮਾਏਦਾਰ ਤੇ ਉਹਨਾਂ ਦੇ ਪ੍ਰਬੰਧਕ ਦੂਰਦਰਸ਼ੀ ਨਹੀਂ ਹੁੰਦੇ। ਉਹਨਾਂ ਨੂੰ ਤਾਂ ਵੱਧ ਤੋਂ ਵੱਧ 5 ਜਾਂ 10 ਸਾਲਾਂ ਦਾ ਫ਼ਿਕਰ ਹੁੰਦਾ ਹੈ। ਆਪਣੇ ਮੁਨਾਫੇ ਨੂੰ ਸੱਟੇਬਾਜਾਂ ਨੂੰ ਘੱਟ ਸਮੇਂ ਵਿੱਚ ਵੱਧ ਫਾਇਦਾ ਦੇਣ ਦੀ ਚਿੰਤਾ ਖਾਂਦੀ ਰਹਿੰਦੀ ਹੈ। ਉਹ ਇਹ ਸੋਚਦੇ ਹਨ ਕਿ ਜਿਨ੍ਹਾਂ ਕੁਦਰਤੀ ਸਾਧਨਾਂ ਦੀ ਉਹ ਵਰਤੋਂ ਕਰਦੇ ਹਨ ਉਹ ਸੀਮਤ ਹਨ। ਉਲਟਾ ਜਦ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਕੋਈ ਸਰੋਤ ਸੁਕਣ ਵਾਲਾ ਹੈ ਤਾਂ ਉਹ ਉਨ੍ਹਾਂ ਦੀ ਲੁੱਟ-ਘਸੁੱਟ ਦੀ ਰਫ਼ਤਾਰ ਵਧਾ ਦਿੰਦੇ ਹਨ, ਤੇ ਆਪਸ 'ਚ ਉਸ ਲਈ ਮਾਰਾ ਮਾਰੀ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਨਿੱਜੀ ਸਰਮਾਏਦਾਰ ਆਪਣੇ ਮੁਨਾਫੇ ਤੇ ਪੂੰਜੀ ਪੈਦਾ ਕਰਨ ਦੇ ਟੀਚੇ ਤਕ ਪਹੁੰਚਣ ਲਈ ਜੋ ਵੀ ਫੈਸਲੇ ਲੈਂਦੇ ਹਨ, ਉਹ ਕੁਦਰਤ ਤੇ ਮਨੁੱਖੀ ਸਮਾਜ ਦੇ ਭਵਿੱਖ ਲਈ ਹਾਨੀਕਾਰਕ ਹੁੰਦੇ ਹਨ। ਇੱਕ ਅਧਿਐਨ ਅਨੁਸਾਰ ਸਾਰੇ ਧਰਤੀ ਦੇ ਅੰਦਰ ਅੱਜ ਜਿੰਨਾ ਖਣਿਜ ਤੇਲ ਹੋਣ ਦਾ ਅਨੁਮਾਨ ਹੈ ਤੇ ਦੁਨੀਆਂ 'ਚ ਤੇਲ ਦੀ ਜਿੰਨੀ ਖਪਤ ਅੱਜ ਹੋ ਰਹੀ ਹੈ। ਉਸ ਦੇ ਹਿਸਾਬ ਨਾਲ ਅਗਲੇ 50 ਸਾਲਾਂ ਵਿੱਚ ਖਣਿਜ ਤੇਲ ਭੰਡਾਰ ਖਤਮ ਹੋ ਜਾਵੇਗਾ। ਇਸ ਤਰ੍ਹਾਂ ਖਾਦਾਂ ਦੀ ਪੈਦਾਵਾਰ ਵਿੱਚ ਕੰਮ ਆਉਣ ਵਾਲਾ ਫਾਸਫੋਰਸ ਵੀ ਇਸ ਸਦੀ 'ਚ ਸਮਾਪਤ ਹੋ ਜਾਵੇਗਾ। ਪਰ ਇਸ ਸੀਮਾ ਨੂੰ ਵੇਖਦਿਆਂ ਸਾਮਰਾਜੀ ਤਾਕਤਾਂ ਤਰਜੀਹ

ਦੇ ਅਧਾਰ ’ਤੇ ਇਸ ਦੀ ਕਫਾਇਤ ਨਾਲ ਵਰਤੋਂ ਕਰਨ ਜਾਂ ਇਹਨਾਂ ਚੀਜ਼ਾਂ ਦਾ ਬਦਲ ਤਲਾਸ਼ਣ ਦੀ ਬਜਾਏ ਤੇਜ਼ੀ ਨਾਲ ਇਸ ਦੀ ਖੋਹ ਖਿੰਝ ’ਚ ਲੱਗੀਆਂ ਹੋਈਆਂ ਹਨ। ਵੱਡੇ-ਵੱਡੇ ਮੱਛੀ ਮਾਰ ਜਹਾਜ਼ਾਂ ਦੀ ਵਰਤੋਂ ਦੇ ਕਾਰਨ ਢੇਰ ਸਾਰੀਆਂ ਸਮੁੰਦਰੀ ਮੱਛੀਆਂ ਗਾਇਬ ਹੋ ਗਈਆਂ। ਇਸ ਨਾਲ ਕੁਦਰਤ ਦੇ ਜੀਵਨ ਚੱਕਰ ਨੂੰ ਤਾਂ ਨਾ ਪੂਰਾ ਹੋਣ ਵਾਲਾ ਘਾਟਾ ਹੋਇਆ ਹੀ, ਉਸ ’ਤੇ ਨਿਰਭਰ ਕਰੋੜਾਂ ਮਛੇਰੇ ਤਬਾਹ ਹੋ ਗਏ। ਨਿੱਜੀ ਤੇ ਸੁਆਰਥਪੂਰਨ ਪੂੰਜੀ ਸੰਚੈ ਦੇ ਤਰਕ ਨਾਲ ਚੱਲਣ ਵਾਲੀ ਪ੍ਰਣਾਲੀ ਨੂੰ ਸਦੀਆਂ ਤੋਂ ਚਲੀ ਆ ਰਹੀ ਕੁਦਰਤ ਅਰਥ ਵਿਵਸਥਾ ਨੂੰ ਰਾਤੋ ਰਾਤ ਤਬਾਹ ਕਰ ਦਿੱਤਾ। ਵਿਦੇਸ਼ੀ ਬਹੁਕੌਮੀ ਜਨਤਕ ਦੌਲਤ ਦੀ ਨਿੱਜੀ ਲੁੱਟ ਦੇ ਐਸੇ ਹੀ ਵਿਨਾਸ਼ਕਾਰੀ ਸਿੱਟੇ ਕਈ ਹੋਰ ਖੇਤਰਾਂ ਵਿੱਚ ਵੀ ਦੇਖੇ ਜਾ ਸਕਦੇ ਹਨ। ਜੋ ਪ੍ਰਣਾਲੀ ਮੁਨਾਫੇ ਦੀ ਹਵਸ਼ ਨਾਲ ਚਲਦੀ ਹੋਵੇ ਉਸ ਵੱਲੋਂ ਧਰਤੀ ਦੀਆਂ ਹੱਦਾਂ ਦੀ ਉਲੰਘਣਾ ਕੀਤੀ ਜਾਣੀ ਲਾਜ਼ਮੀ ਹੈ।

ਧਰਤੀ ਤੇ ਮਨੁੱਖੀ ਸਭਿਅਤਾ ਨੂੰ ਸ਼ੁਰੂ ਹੋਇਆਂ 12000 ਸਾਲ ਹੋ ਗਏ ਹਨ ਪਰ ਪਿਛਲੇ 500 ਸਾਲਾਂ ਵਿੱਚ ਹੀ ਪੂੰਜੀਵਾਦ ਧਰਤੀ ਕਾਰਬਨ ਚੱਕਰ, ਨਾਈਟੋਜਨ ਚੱਕਰ, ਮਿੱਟੀ ਜੰਗਲ ਤੇ ਸਮੁੰਦਰ ਵਰਗੀਆਂ ਸਭ ਬੁਨਿਆਦੀ ਹੱਦਾਂ ਨੂੰ ਲੰਘ ਚੁੱਕਿਆ ਹੈ। ਧਰਤੀ ਦਾ ਪੂਰਾ ਜਲਵਾਯੂ-ਤੰਤਰ ਪਤਨ ਵਲ ਵਧ ਰਿਹਾ ਹੈ। ਜਿਵੇਂ ਜਿਵੇਂ ਦੁਨੀਆਂ ਦਾ ਅਰਥਚਾਰਾ ਅੱਗੇ ਵਧ ਰਿਹਾ ਹੈ, ਵੈਸੇ ਵੈਸੇ ਧਰਤੀ ਦੇ ਆਲੇ-ਦੁਆਲੇ ’ਚ ਮਨੁੱਖ ਵੱਲੋਂ ਦਖਲਅੰਦਾਜ਼ੀ ਨਾਲ ਪੈਦਾ ਦਰਾੜ ਚੌੜੀ ਹੁੰਦੀ ਜਾ ਰਹੀ ਹੈ ਤੇ ਦਿਨ ਬ ਦਿਨ ਵੱਧ ਖਤਰਨਾਕ ਵੀ ਹੁੰਦੀ ਜਾ ਰਹੀ ਹੈ। ਇਸ ਗੱਲ ਨੂੰ ਜਾਣਦੇ ਹੋਏ ਵੀ ਦੁਨੀਆਂ ਭਰ ਦੇ ਪੂੰਜੀਵਾਦੀ ਹਾਕਮ ਆਪਣੇ ਆਰਥਕ ਵਿਕਾਸ ਤੇ ਪੂੰਜੀ ਦੇ ਨਿਰਮਾਣ ਤੇ ਲਗਾਮ ਲਾਉਣ ਦੀ ਬਜਾਏ ਉਸ ਨੂੰ ਤੇਜ਼ ਰਫਤਾਰ ਭਜਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਵਾਤਾਵਰਣ ਸੰਕਟ ਨੂੰ ਹੱਲ ਕਰਨ ਲਈ ਉਸ ਦੀ ਆਰਥਕ ਪ੍ਰਣਾਲੀ ’ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਜੋ ਪਿੱਛੇ 500 ਸਾਲਾਂ ਤੋਂ ਕੁਦਰਤ ਦਾ ਵਿਨਾਸ਼ ਕਰਦੀ ਆ ਰਹੀ ਹੈ। ਪੂੰਜੀਵਾਦ ਤੇ ਜਲਵਾਯੂ ਵਿਚਾਲੇ ਦੁਸ਼ਮਣੀ ਨੂੰ ਵੇਖਦਿਆਂ ਮੌਜੂਦਾ ਆਰਥਕ ਪ੍ਰਣਾਲੀ ਦਾ ਬਦਲ ਲੱਭਣਾ ਜ਼ਰੂਰੀ ਹੈ। ਪੂੰਜੀਵਾਦੀ ਆਪਣੀ ਮਰਜ਼ੀ ਨਾਲ ਵਿਨਾਸ਼ ਦੇ ਇਸ ਨੰਗੇ ਨਾਚ ਨੂੰ ਨਹੀਂ ਰੋਕਣਗੇ। ਲੁੱਟ ਘਸੁੱਟ ਦਾ ਸ਼ਿਕਾਰ ਲੋਕਾਂ ਨੂੰ ਸਖਤੀ ਨਾਲ ਉਹਨਾਂ ਉਪਰ ਰੋਕ ਲਾਉਣੀ ਪਵੇਗੀ ਤਾਂ ਹੀ ਧਰਤੀ ਬਚੇਗੀ। ਇਹ ਸਹੀ ਹੈ ਕਿ ਪੂੰਜੀਵਾਦੀ ਪ੍ਰਣਾਲੀ ਦਾ ਕਿਰਦਾਰ ਸਭ ਸਮਾਜਕ ਪ੍ਰਣਾਲੀਆਂ ਤੋਂ ਇਸ ਮਾਮਲੇ ’ਚ ਵਿਚਿਤਰ ਤੇ ਨਿਆਰਾ ਹੈ ਕਿ ਇਹ ਵਿਅਕਤੀਵਾਦ ਚੋਟੀ ਦਾ ਸੁਆਰਥ ਤੇ ਗੱਲ ਵੱਢ ਮੁਕਾਬਲੇ ਨੂੰ ਵਧਣ-ਫੁਲਣ ਦਾ ਮੌਕਾ ਦਿੰਦੀ ਹੈ। ਆਪਣੀ ਬੇਰੋਕ ਲੁਟ ਨੂੰ ਜਾਰੀ ਰੱਖਣ ਲਈ ਇੱਥੇ ਅਰਥਚਾਰੇ ਅਨੁਸਾਰ ਰਾਜਨੀਤੀ, ਨਿਆਂ ਪ੍ਰਣਾਲੀ ਮੀਡੀਆ, ਸਿਖਿਆ ਸਭਿਆਚਾਰ ਦਾ ਪੂਰਾ ਤਾਣਾ-ਬਾਣਾ ਖੜ੍ਹਾ ਕੀਤਾ ਜਾਂਦਾ ਹੈ। ਇੱਥੇ ਸਰਮਾਏਦਾਰਾਂ ਰਾਜਸੀ ਨੇਤਾਵਾਂ ਤੇ ਕਾਨੂੰਨ ਵਿਚਕਾਰ ਨਾਪਾਕ ਗਠਜੋੜ ਖੜ੍ਹਾ ਕੀਤਾ ਜਾਂਦਾ ਹੈ-ਰਿਸ਼ਵਤਖੋਰੀ, ਭਰਿਸ਼ਟਾਚਾਰ, ਸਿਫ਼ਾਰਸ਼ਾਂ ਸਾਫ ਨਜ਼ਰ ਆਉਂਦੀਆਂ ਹਨ। ਜਲਵਾਯੂ ਸੰਕਟ ਦੀਆਂ ਬਹਿਸਾਂ ਵਿੱਚ ਅਜਿਹਾ ਹੀ ਹੋਇਆ ਹੈ। ਜਦ ਧਰਤੀ ਨੂੰ ਨਰਕ ਬਣਾਉਣ ਵਾਲੇ ਸਰਮਾਏਦਾਰਾਂ ਦੇ ਪੱਖ ’ਚ ਪ੍ਰੱਤਕਾਰ, ਵਿਗਿਆਨੀ, ਕਾਨੂੰਨਦਾਨ, ਨੌਕਰਸ਼ਾਹ ਤੇ ਰਾਜਸੀ ਆਗੂ ਮਜ਼ਬੂਤੀ ਨਾਲ ਖੜ੍ਹੇ ਹੋਏ। ਉਹਨਾਂ ਦੀ

ਨਿਗਾਹ 'ਚ ਸਰਮਾਏਦਾਰ ਜਮਾਤ ਦਾ ਫੌਰੀ ਹਿੱਤ ਹੀ ਦੇਸ਼ ਦਾ ਹਿੱਤ ਤੇ ਪੂਰੇ ਲੋਕਾਂ ਦਾ ਹਿੱਤ ਹੈ। ਇਹੀ ਕਾਰਨ ਹੈ ਕਿ ਸਰਮਾਏਦਾਰ ਆਪਣੇ ਮੁਨਾਫੇ ਦੀ ਕੀਮਤ 'ਤੇ ਬਹੁਤ ਗਿਣਤੀ ਲੋਕਾਂ ਨੂੰ ਸਿਹਤ, ਸਿੱਖਿਆ, ਭੋਜਨ, ਰੁਜ਼ਗਾਰ, ਸਿਹਤਮੰਦ ਵਾਤਾਵਰਣ, ਸਾਫ ਪਾਣੀ ਤੇ ਜੀਵਨ ਲਈ ਜ਼ਰੂਰੀ ਸਾਧਨਾ ਤੋਂ ਵਾਂਝਿਆਂ ਰੱਖਦਾ ਹੈ ਤੇ ਵਾਤਾਵਰਣ ਦਾ ਵਿਨਾਸ਼ ਕਰਦਾ ਹੈ। ਪਰ ਇਹ ਵੀ ਸੱਚ ਹੈ ਕਿ ਪੂੰਜੀਵਾਦੀ ਪ੍ਰਣਾਲੀ ਤੋਂ ਪਹਿਲਾਂ ਦਾ ਇਤਿਹਾਸ ਇਸ ਤੋਂ ਕਿਤੇ ਵੱਧ ਲੰਬੇ ਅਰਸੇ ਦਾ ਮਨੁੱਖੀ ਸਭਿਅਤ ਦੇ ਕੁਝ ਅਰਸੇ ਦਾ 99 ਫੀਸਦੀ ਰਿਹਾ ਹੈ ਜਦ ਸਮੂਹਿਕਤਾ ਤੇ ਆਪਸੀ ਹਿੱਤਾਂ ਨੂੰ ਹੱਲਾਸ਼ੇਰੀ ਮਿਲਦੀ ਰਹੀ ਹੈ। ਅਜਿਹੇ ਲੋਕ ਅੱਜ ਵੀ ਬਹੁਗਿਣਤੀ ਵਿੱਚ ਹਨ ਜਿਨ੍ਹਾਂ ਦੀ ਭਲਾਈ ਇੱਕ ਅਨਿਆਂਪੂਰਨ ਪ੍ਰਣਾਲੀ ਨੂੰ ਖਤਮ ਕਰਨ ਤੇ ਇੱਕ ਨਿਆਂਪੂਰਨ, ਸਮਤਾਮੂਲਕ ਤੇ ਕੁਦਰਤ ਦੀ ਹਿਫਾਜਤ ਕਰਨ ਵਾਲੀ ਵਿਕਲਪਿਕ ਪ੍ਰਣਾਲੀ ਦੀ ਉਸਾਰੀ ਵਿੱਚ ਹੈ। ਜਾਗਰੂਕ ਲੋਕਾਂ ਤੇ ਸੰਗਠਨਾਂ ਦੀ ਇਹ ਇਤਿਹਾਸਕ ਜ਼ੁੰਮੇਵਾਰੀ ਹੈ ਕਿ ਉਹ ਉਹਨਾਂ ਤਕ ਸਹੀ ਜਾਣਕਾਰੀ ਸਹੀ ਵਿਚਾਰ ਪਹੁੰਚਦੇ ਕਰਨ, ਉਹਨਾਂ ਨੂੰ ਜਥੇਬੰਦ ਕਰਨ ਤੇ ਬੁਨਿਆਦੀ ਤਬਦੀਲੀ 'ਚ ਉਹਨਾਂ ਦੀ ਅਗਵਾਈ ਵੀ ਕਰਨ।

## *ਕੋਪੇਨਹੇਗਨ ਸੰਮੇਲਨ (2009)*

# ਜਲਵਾਯੂ ਸੰਕਟ ਸਬੰਧੀ ਕੌਮਾਂਤਰੀ ਬਹਿਸਾਂ ਕੀ ਸਨ?

ਜਲਵਾਯੂ ਸੰਕਟ ਸਬੰਧੀ ਇੱਕ ਮਹੱਤਵਪੂਰਨ ਬਹਿਸ ਦਸੰਬਰ 2007 'ਚ ਬਾਲੀ (ਇੰਡੋਨੇਸ਼ੀਆ) 'ਚ ਹੋਈ। ਉਸ ਸਮੇਂ ਆਈ. ਪੀ. ਸੀ. ਸੀ. ਦੀ ਰੀਪੋਟ 'ਚ ਜਲਵਾਯੂ ਤਬਦੀਲੀ ਦੀ ਸਥਿਤੀ ਦੇ ਹੋਰ ਵੱਧ ਖਤਰਨਾਕ ਰੂਪ ਧਾਰਨ ਕਰ ਲੈਣ ਨੂੰ ਰੇਖਾਂਕਿਤ ਕੀਤਾ ਗਿਆ ਸੀ। ਉਸ ਅਨੁਸਾਰ 2005 'ਚ ਵਾਯੂਮੰਡਲ 'ਚ ਕਾਰਬਨ ਡਾਈਕਸਾਈਡ ਤੇ ਮਿਥੇਨ ਗੈਸ ਦੀ ਸੰਘਣਤਾ 6500 ਸਾਲਾਂ ਦੀ ਕੁਦਰਤੀ ਹੱਦ ਨੂੰ ਪਾਰ ਕਰ ਚੁੱਕੀ ਹੈ। ਇਸ ਦਾ ਕਾਰਨ ਸਨਅਤਾਂ 'ਚ ਪੈਟਰੋਲ, ਡੀਜ਼ਲ ਤੇ ਕੋਇਲੇ ਦੀ ਅੰਨ੍ਹੇਵਾਹ ਵਰਤੋਂ ਹੈ। ਅਮਰੀਕਾ ਇਸ ਲਈ ਸਭ ਤੋਂ ਵੱਧ ਦੋਸ਼ੀ ਹੈ। ਅਮਰੀਕੀ ਨੇ ਕਵੋਟੋ ਪ੍ਰੋਟੋਕੋਲ ਦੇ ਟੀਚੇ ਨੂੰ ਡੇਗ ਕੇ ਉਤਸਰਜਨ ਕਟੌਤੀ ਦੀ ਹੱਦ ਸਾਲ 2012 ਤੋਂ ਅੱਗੇ ਵਧਾ ਕੇ 2020 ਤੱਕ ਕਰਨ, ਕੁਦਰਤ ਦੇ ਤਾਪਮਾਨ ਦਾ ਸਨਅਤੀ ਇਨਕਲਾਬ ਦੇ ਪੱਧਰ ਤੋਂ ਦੋ ਡਿਗਰੀ ਸੈਲਸੀਅਸ ਵੱਧ ਤਾਪਮਾਨ ਤੱਕ ਸੀਮਤ ਰੱਖਣ ਅਤੇ 1990 ਦੇ ਪੱਧਰ ਤੋਂ ਸਿਰਫ 25-40 ਫੀਸਦੀ ਕਟੌਤੀ ਦਾ ਟੀਚਾ ਰੱਖਣ ਦਾ ਸੁਝਾਅ ਦਿੱਤਾ। ਆਪਣੇ ਪਿਠੂਆਂ ਦੇ ਰਾਹੀਂ ਉਸ ਨੇ ਇਸ ਨੂੰ ਮੰਜੂਰ ਵੀ ਕਰਵਾ ਲਿਆ ਪਰ ਏਨੇ ਨੂੰ ਵੀ ਆਪਣੇ ਲਈ ਮਜ਼ਬੂਰੀ ਨਹੀਂ ਮੰਨਿਆ। ਆਈ. ਪੀ. ਸੀ. ਸੀ. ਨੇ ਇਸ ਦੇਰੀ ਤੇ ਟਾਲਮਟੋਲ ਨੂੰ ਧਰਤੀ ਦੀ ਹੋਂਦ ਲਈ ਬੇਹੱਦ ਖਤਰਨਾਕ ਦੱਸਿਆ। ਪਰ ਸੰਮੇਲਨ 'ਤੇ ਇਸ ਚੇਤਾਵਨੀ ਦਾ ਕੋਈ ਅਸਰ ਨਹੀਂ ਹੋਇਆ। ਬਾਲੀ ਸੰਮੇਲਨ 'ਚ ਕਾਰਬਨ ਡਾਈਕਸਾਈਡ 'ਚ ਕਟੌਤੀ ਦੇ ਇੱਕ ਨਵੇਂ ਬਹਾਨੇ-ਕਾਰਬਨ ਵਪਾਰ ਨੂੰ ਵੀ ਸ਼ਾਮਲ ਕੀਤਾ ਗਿਆ। ਕਾਰਬਨ ਕ੍ਰੇਡਿਟ ਦੀ ਇੱਕ ਇਕਾਈ ਹਾਸਲ ਹੋਈ ਜਿਵੇਂ ਤਾਮਿਲਨਾਡੂ 'ਚ ਨਾਰੀਅਲ ਦੇ ਛਿਲਕੇ ਨਾਲ ਬਿਜਲੀ ਬਣਾ ਕੇ ਕਾਰਬਨ ਪੈਦਾਇਸ਼ 'ਚ ਸਲਾਨਾ 3418 ਟਨ ਕਾਰਬਨ ਕ੍ਰੇਡਿਟ ਕਮਾਇਆ ਗਿਆ। ਵਿਕਸਤ ਦੇਸ਼ ਇਸ ਕ੍ਰੇਡਿਟ ਬਦਲੇ ਕੁਝ ਪੈਸੇ ਦੇ ਕੇ ਆਪਣੇ ਹੀ ਲਈ ਉਹੀ ਹੀ ਮਾਤਰਾ 'ਚ ਕਾਰਬਨ ਉਤਸਰਜਨ ਨੂੰ ਜਾਰੀ ਰੱਖਣ ਦਾ ਹੀ ਇਕ ਉਪਾਅ ਹੈ। ਬਾਲੀ ਸੰਮੇਲਨ ਤੋਂ ਪਹਿਲਾਂ ਅਮਰੀਕਾ ਦੀ ਬੇਲ ਯੂਨੀਵਰਸਿਟੀ ਨੇ ਇਕ ਸਰਵੇ ਕਰਾਇਆ ਸੀ, ਜਿਸ 'ਚ 68 ਫੀਸਦੀ ਅਮਰੀਕੀ ਨਾਗਰਿਕਾਂ ਨੇ ਇਸ ਰਾਇ ਨਾਲ ਸਹਿਮਤੀ ਜਤਾਈ ਸੀ ਕਿ ਅਮਰੀਕਾ ਸਾਲ 2050 ਤੱਕ ਕਾਰਬਨ ਪੈਦਾਇਸ਼ 'ਚ 90 ਫੀਸਦੀ ਤੱਕ ਦੀ ਕਟੌਤੀ ਕਰਨ ਲਈ ਕੌਮਾਂਤਰੀ ਸੰਧੀ 'ਤੇ ਦਸਖਤ ਕਰੇ। ਪਰ ਅਮਰੀਕੀ ਸਰਕਾਰ ਆਪਣੇ ਬਹੁਤ ਦਾ ਸਨਮਾਨ ਨਹੀਂ ਕਰਦੀ। ਉਸ ਦੀ ਨਕੇਲ ਤਾਂ ਮੋਟਰ, ਗੱਡੀ, ਬਿਜਲੀ ਕੋਲਾ ਕੰਪਨੀਆਂ ਦੇ ਹੱਥਾਂ ਵਿੱਚ ਹੈ ਜਿਸ ਲਈ ਕਾਰਬਨ ਉਤਸਰਜਨ 'ਚ ਕਟੌਤੀ ਦਾ ਸਿੱਧਾ ਅਰਥ ਹੈ ਮੁਨਾਫੇ 'ਚ ਕਟੌਤੀ। ਇਹਨਾਂ ਮਾਨਵਧ੍ਰੋਹੀ ਕੰਪਨੀਆਂ ਨੂੰ ਧਰਤੀ ਬਚਾਉਣ ਤੋਂ ਵੱਧ ਆਪਣਾ ਮੁਨਾਫਾ ਵਧਾਉਣ ਦੀ ਚਿੰਤਾ ਹੈ। ਇਹੀ ਕਾਰਨ ਹੈ ਕਿ ਬਾਲੀ ਸੰਮੇਲਨ ਵਿੱਚ ਵੀ ਕਵੋਟੋ ਪ੍ਰੋਟੋਕੋਲ ਨੂੰ ਲਾਜ਼ਮੀ ਮੰਨਣਯੋਗ ਸਮਝੌਤੇ ਦੀ ਮਾਨਤਾ ਨਹੀਂ ਮਿਲੀ।

**ਕੋਪਨਹੇਗਨ ਸੰਮਲੇਨ (2009) :-** ਕੋਪਨਹੇਗਨ 'ਚ ਵੀ ਇਕ ਵਾਰੀ ਫਿਰ

ਉਹੀ ਨਾਟਕ ਦੁਹਰਾਇਆ ਗਿਆ ਜੋ ਜਲਵਾਯੂ ਤਬਦੀਲੀ ’ਤੇ ਹੋਣ ਵਾਲੀਆਂ ਕੌਮਾਂਤਰੀ ਬਹਿਸਾਂ ’ਚ ਸਾਮਰਾਜੀ ਦੇਸ਼ਾਂ ਵੱਲੋਂ ਵਾਰ-ਵਾਰ ਖੇਡਿਆਂ ਜਾਂਦਾ ਹੈ। ਫ਼ਰਕ ਏਨਾ ਹੀ ਸੀ ਕਿ ਇਸ ਵਾਰ ਇਹ ਸਭ ਕਿਤੇ ਵੱਧ ਸਾਜਸ਼ੀ ਤਰੀਕੇ ਨਾਲ ਅਤੇ ਕਿਤੇ ਵੱਧ ਬੇਕਿਰਕੀ ਨਾਲ ਕੀਤਾ ਗਿਆ। ਇਸ ਸੰਬੰਧੀ ਫਿਦੇਲ ਕਾਸਤਰੋ ਦੀ ਟਿੱਪਣੀ ਵਰਨਣਯੋਗ ਹੈ “17 ਦਸੰਬਰ ਦੀ ਸ਼ਾਮ ਤੋਂ ਲੈ ਕੇ ਅਗਲੇ ਦਿਨ 18 ਦੀ ਸਵੇਰ ਤਕ ਓਬਾਮਾ ਵੱਲੋਂ ਪ੍ਰਸਤਾਵ ਲਿਆਉਣ ਲਈ ਡੇਨਮਾਰਕ ਦੇ ਪ੍ਰਧਾਨ ਮੰਤਰੀ, ਅਮਰੀਕਾ ਦੇ ਕੁੱਝ ਉਚ ਨੁਮਾਇੰਦੇ ਯੂਰਪੀ ਕਮਿਸ਼ਨ ਦੇ ਪ੍ਰਧਾਨ ਤੇ 27 ਦੇਸ਼ਾਂ ਦੇ ਨੇਤਾ ਗਣ ਵੱਖਰੀ ਬੈਠਕ ਕਰਦੇ ਰਹੇ? ਇਹ ਇੱਕ ਅਜਿਹਾ ਮਸੌਦਾ ਸੀ ਜਿਸ ਵਿੱਚ ਦੁਨੀਆਂ ਦੇ ਹੋਰਨਾਂ ਦੇਸ਼ਾਂ ਦੇ ਪ੍ਰਤੀਨਿਧੀ ਮੰਡਲਾਂ ਦੀ ਕੋਈ ਹਿੱਸੇਦਾਰੀ ਨਹੀਂ ਸੀ। ਇਹ ਇਕਦਮ ਗੈਰ ਜਮਹੂਰੀ, ਨਜਾਇਜ਼ ਤੇ ਗੁਪਚੁਪ ਤਰੀਕੇ ਨਾਲ ਕੀਤੀ ਗਈ ਕਾਰਵਾਈ ਸੀ, ਇਸਨੇ ਦੁਨੀਆਂ ਭਰ ਦੇ ਸਾਮਜਕ ਅੰਦੋਲਨਾਂ, ਵਿਗਿਆਨਕ ਤੇ ਸਮਾਜਕ ਸੰਸਥਾਵਾਂ ਦੇ ਨੁਮਾਇੰਦਿਆਂ ਤੇ ਸੰਮੇਲਨ ’ਚ ਸ਼ਾਮਲ ਦੂਜੇ ਹਾਜਰ ਲੋਕਾਂ ਦੀ ਅਣਦੇਖੀ ਕੀਤੀ ਗਈ ਸੀ। ਫਿਦੇਲ ਅਨੁਸਾਰ “ਡੇਨਿਸ ਰਾਜਧਾਨੀ ਵਿੱਚ ਜੇ ਕੋਈ ਮਹੱਤਵਪੂਰਨ ਪ੍ਰਾਪਤੀ ਰਹੀ ਤਾਂ ਉਹ ਸੀ ਮੀਡੀਆ ਕਵਰੇਜ਼ ਜਿਸ ਨੇ ਉਥੇ ਪੈਦਾ ਕੀਤੀ ਗਈ ਅਰਾਜਕਤਾ ਤੇ ਕਾਫੀ ਉਮੀਦ ਲੈ ਕੇ ਪਹੁੰਚੇ ਦੇਸ਼ਾਂ ਦੇ ਮੁਖੀਆਂ, ਮੰਤਰੀਆਂ ’ਤੇ ਸਮਾਜਕ ਅੰਦੋਲਨਾਂ ਤੇ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਕੀਤੇ ਗਏ ਅਪਮਾਨਜਨਕ ਵਰਤਾਅ ਨੂੰ ਪੂਰੀ ਦੁਨੀਆਂ ਸਾਹਮਣੇ ਲਿਆ ਦਿੱਤਾ। ਸਾਂਤੀਪੂਰਨ ਪ੍ਰਦਰਸ਼ਨ ਕਰ ਰਹੇ ਲੋਕਾਂ ਦਾ ਪੁਲਸ ਵੱਲੋਂ ਜਬਰ ਉਹਨਾਂ ਨਾਜੀ ਸੈਨਾਵਾਂ ਦੇ ਵਿਹਾਰ ਦੀ ਯਾਦ ਦਿਲਾ ਗਿਆ ਜਿਸ ਨੇ ਅਪ੍ਰੈਲ 1940 ਨੂੰ ਗੁਆਂਢੀ ਡੇਨਮਾਰਕ ’ਤੇ ਕਬਜਾ ਕਰ ਲਿਆ ਸੀ।” ਅਮਰੀਕਾ ਵੱਲੋਂ ਪੇਸ਼ ਦਸਤਾਵੇਜ਼ ਨੂੰ ਜੀ-77 ਨੇ ਇਹ ਕਹਿੰਦੇ ਹੋਇਆਂ ਮੰਨਣ ਤੋਂ ਨਾਂਹ ਕਰ ਦਿੱਤੀ ਸੀ ਕਿ ਇਹ ਸੰਮੇਲਨ ਲਈ ਮੰਨਣਯੋਗ ਨਹੀਂ ਹੈ ਤੇ ਇਸ ਲਈ ਇਸ ਨੂੰ ਅਪਣਾਇਆ ਨਹੀਂ ਜਾ ਸਕਦਾ। ਸੰਮੇਲਨ ’ਚ ਬੋਲਵਿਆ, ਵੇਨੇਜੁਏਲਾ, ਕਿਊਬਾ ਤੇ ਸੁਡਾਨ ਨੇ ਵਿਕਾਸਸ਼ੀਲ ਦੇਸ਼ਾਂ ਦਾ ਮਜ਼ਬੂਤੀ ਨਾਲ ਪੱਖ ਲਿਆ ਅਤੇ ਸਾਮਰਾਜੀ ਦੇਸ਼ਾਂ ਤੇ ਉਹਨਾਂ ਦੇ ਪਿਠੂਆਂ ਦੀਆਂ ਸਾਜ਼ਿਸਾਂ ਦਾ ਪਰਦਾਫਾਸ਼ ਕੀਤਾ। ਇਸ ਨੂੰ ਸਿਰਫ਼ 25 ਦੇਸ਼ਾਂ ਦਾ ਪੱਖ ਰੱਖਣ ਵਾਲੇ ਮਸੌਦੇ ਵਜੋਂ ਲਿਆ ਗਿਆ। ਇਸ ਦਸਤਾਵੇਜ ’ਚ ਵਿਕਸਤ ਦੇਸ਼ਾਂ ਖਾਸ ਕਰਕੇ ਪਰ ਅਮਰੀਕਾ ਲਈ ਕਾਰਬਨ ਉਤਸਰਜਨ ’ਚ ਕਟੌਤੀ ਕਰਨ ਕੋਈ ਲਾਜ਼ਮੀ ਨਹੀਂ ਸੀ। ਇਸ ਵਿੱਚ ਵੱਧ ਉਤਸਰਜਨ ਕਰਨ ਵਾਲੇ ਧਨੀ ਦੇਸ਼ਾਂ ਨੇ ਵਿਕਸਤ ਦੇਸ਼ਾਂ ਨੂੰ ਉਤਸਰਜਨ ’ਚ ਕਟੌਤੀ ਕਰਨ ਬਦਲੇ ਗਰਾਂਟ ਦੇਣ ਜਾਂ ਉਹਨਾਂ ਨੂੰ ਪ੍ਰਦੂਸ਼ਣ ਘਟਾਉਣ ਵਾਲੀ ਤਕਨੋਲੋਜੀ ਦੀ ਤਬਦੀਲੀ ਕਰਨ ਦੀ ਕੋਈ ਗਰੰਟੀ ਨਹੀਂ ਸੀ। ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਭਾਰੀ ਜ਼ਹਿਰੀਲੇਪਣ ਨੂੰ ਧਿਆਨ ’ਚ ਰੱਖਦੇ ਹੋਏ ਜਲਵਾਯੂ ਤਬਦੀਲੀ ਦੀਆਂ ਬਹਿਸਾਂ ’ਚ ਸ਼ੁਰੂ ਤੋਂ ਹੀ ਇਹ ਸਥਾਪਤ ਸੀ ਕਿ ਉਤਸਰਜਨ ਘਟਾਉਣ ਦੇ ਟੀਚੇ ਨੂੰ ਇਸ ਅਧਾਰ ’ਤੇ ਤਹਿ ਕੀਤਾ ਜਾਵੇਗਾ ਕਿ ਕਿਸੇ ਦੇਸ਼ ਵਿੱਚ ਖਪਤ ਦਾ ਪੱਧਰ ਕਿਹੋ ਜਿਹਾ ਹੈ ਤੇ ਉਥੇ ਊਰਜਾ ਦੀ ਖਪਤ ਕਿੰਨੀ ਹੈ। ਦਸਤਾਵੇਜ਼ ’ਚ ਇਸ ਫਰਕ ਨੂੰ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਕੀਤੀ ਗਈ।

ਕਵੋਟੋ ਪ੍ਰੋਟੋਕੋਲ ਦਾ ਸਭ ਤੋਂ ਮਹੱਤਵਪੂਰਨ ਮੁੱਦਾ ਜਲਵਾਯੂ ਸੰਧੀ ਦੀਆਂ

ਵਿਵਸਥਾਵਾਂ ਨੂੰ ਕਾਨੂੰਨੀ ਤੌਰ 'ਤੇ ਲਾਜ਼ਮੀ ਬਣਾਇਆ ਜਾਣਾ ਸੀ ਜਿਸ ਨੂੰ ਤਾਕ ਤੇ ਰੱਖਦਿਆਂ ਹੋਇਆਂ ਇਸ ਦਸਤਾਵੇਜ ਨੇ ਜਲਵਾਯੂ ਬਹਿਸਾਂ ਨੂੰ ਨਿਰਥਕ ਵਾਦ-ਵਿਵਾਦ ਤਕ ਸੀਮਤ ਕਰ ਦਿੱਤਾ। ਬਹਿਸਾਂ ਦੀ ਸ਼ੁਰੂਆਤ ਤੋਂ ਹੀ ਅਮਰੀਕਾ ਦੀ ਇਹੀ ਮੰਸਾ ਸੀ। ਕੋਪਨਹੇਗਨ ਸੰਮਲੇਨ 'ਚ ਭਾਰਤੀ ਨੁਮਾਇੰਦਿਆਂ ਦੀ ਭੂਮਿਕਾ ਬੇਹੱਦ ਲੱਜ਼ਾ ਜਨਕ ਰਹੀ। ਆਪਣੀ ਅਮਰੀਕੀ ਪ੍ਰਸਤੀ ਤੇ ਸਾਮਰਾਜਵਾਦ ਹਮਾਇਤੀ ਰਵੀਏਏ ਦਾ ਇਜ਼ਹਾਰ ਕਰਦਿਆਂ ਉਹਨਾਂ ਨੇ ਅਮਰੀਕਾ ਦੇ ਉਸ ਦਸਤਾਵੇਜ ਨੂੰ ਮੰਜੂਰ ਕੀਤਾ ਜੋ ਭਾਰਤ ਸਮੇਤ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਖਿਲਾਫ ਸੀ। ਕਦੀ ਗੁਟ ਨਿਰਲੇਪ ਦੇਸ਼ਾਂ ਦੇ ਅੰਦੋਲਨ 'ਚ ਆਗੂ ਭੂਮਿਕਾ ਨਿਭਾਉਣ ਵਾਲਾ ਭਾਰਤ ਅੱਜ ਆਪਣੀ ਗੋਡੇ ਟੇਕੂ ਨੀਤੀ ਕਾਰਨ ਜੀ-77 ਦੀ ਬਜਾਏ ਉਸ ਨੂੰ ਜੀ-7 ਦੇ ਪਾਲ਼ੇ 'ਚ ਖੜਾ ਨਜ਼ਰ ਆਉਂਦਾ ਹੈ। ਜੋ ਆਪਣੇ ਸਾਮਰਾਜੀ ਸੁਆਰਥਾਂ ਦੀ ਪੂਰਤੀ ਲਈ ਵਿਕਾਸਸ਼ੀਲ ਦੇਸ਼ਾਂ ਤੇ ਪੂਰੀ ਧਰਤੀ ਲਈ ਤਬਾਹੀ ਦਾ ਰਾਹ ਤਿਆਰ ਕਰ ਰਿਹਾ ਹੈ। ਦਰਅਸਲ ਭਾਰਤ ਸਰਕਾਰ ਦੇ ਰੁਖ ਦਾ ਅੰਦਾਜ਼ਾ ਉਸ ਸਮੇਂ ਤੋਂ ਲੱਗਣ ਲੱਗਿਆ ਸੀ ਜਦ ਵਾਤਾਵਰਣ ਮੰਤਰੀ ਜੈ ਰਾਮ ਰਮੇਸ਼ ਨੇ ਹਿਮਾਚਲ ਦੇ ਗਲੈਸ਼ੀਅਰਾਂ ਦੇ ਪਿਘਲਨ ਤੇ ਕਾਰਬਨ ਉਤਸਰਜਨ 'ਚ ਕਟੌਤੀ ਬਾਰੇ ਭਰਮਾਊ ਬਿਆਨ ਬਾਜੀ ਕੀਤੀ ਸੀ। ਇਸ ਤਰ੍ਹਾਂ ਭਾਰਤ ਜੋ, ਕਵੋਟੋ ਪ੍ਰੋਟੋਕੋਲ ਦਾ ਕਟੜ ਹਮਾਇਤੀ ਸੀ, "ਮਹਾਂਸ਼ਕਤੀ" ਬਣਨ ਦੇ ਮੁਗਾਲਤੇ 'ਚ ਸਾਮਰਾਜਵਾਦ ਦਾ ਪੱਲਾ ਫੜਦਿਆਂ ਕਵੇਟੋ ਪ੍ਰੋਟੋਕੋਲ ਨੂੰ ਤਿਲਾਂਜਲੀ ਦੇਣ ਵਾਲਿਆਂ ਦੀ ਕਤਾਰ 'ਚ ਖੜਾ ਹੋ ਗਿਆ। ਇਸ ਨੂੰ ਤੀਜੀ ਦੁਨੀਆਂ ਤੇ ਭਾਰਤੀ ਲੋਕਾਂ ਨਾਲ ਸਰਾਸਰ ਧੋਖਾ ਜਾਂ ਗ਼ਦਾਰੀ ਕਿਹਾ ਜਾਵੇ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ।

# ਵਾਤਾਵਰਣ ਵਿਨਾਸ਼ ਦੀਆਂ ਜੜ੍ਹਾਂ ਹਨ ਕਿੱਥੇ?

ਜਲਵਾਯੂ ਸੰਕਟ ਦੇ ਅਸਲੀ ਸ਼ਿਕਾਰ ਦੱਬੇ-ਕੁਚਲੇ ਦੇਸ਼ ਹਨ। ਇਉਂ ਲੱਗਦਾ ਹੈ ਜਿਵੇਂ ਕਿਤੇ ਇਤਿਹਾਸ ਵਿੱਚ ਕੋਈ ਰੇਲ ਗੱਡੀ ਸਾਨੂੰ ਦਰੜਦੀ ਹੋਈ ਲੰਘ ਗਈ ਹੋਵੇ। ਸਨਅਤੀ ਕ੍ਰਾਂਤੀ ਦੇ ਨਾਲ ਵਾਤਾਵਰਣ ਵਿਨਾਸ਼ ਦਾ ਇੱਕ ਨਵਾਂ ਦੌਰ ਸ਼ੁਰੂ ਹੋਇਆ ਪਰ ਇਹ ਸਮੱਸਿਆ ਉਸ ਤੋਂ ਵੀ ਪਹਿਲਾਂ ਰੋਮਨ ਸਾਮਰਾਜ ਤੋਂ ਤੁਰੀ ਆ ਰਹੀ ਹੈ। ਜੰਗਲਾਂ, ਜਾਨਵਰਾਂ ਦਾ ਖਾਤਮਾ ਤੇ ਪ੍ਰਾਚੀਨ ਉਦਯੋਗ ਧੰਦਿਆਂ ਰਾਹੀਂ ਪ੍ਰਦੂਸ਼ਣ ਫੈਲਾਉਣਾ, ਇਸ ਦੀਆਂ ਮਿਸਾਲਾਂ ਹਨ। ਰੋਮਨ ਸਾਮਰਾਜ ਵੱਲੋਂ ਉਤਰੀ ਅਫਰੀਕਾ 'ਚ ਜੈਤੂਨ ਦਾ ਤੇਲ ਕੱਢਣ ਦੇ ਕਾਰਖਾਨਿਆਂ ਦੇ ਫੋਟਕ ਪਦਾਰਥ ਅਜੇ ਵੀ ਮਿਲਦੇ ਹਨ। ਇਨਾਂ ਇਲਾਕਿਆਂ 'ਚ ਕਦੀ ਜੈਤੂਨ ਦੇ ਹਰੇ ਭਰੇ ਜੰਗਲ ਸਨ ਜੋ ਧਰਤੀ ਦੀ ਬੇਹਿਸਾਬ ਲੁੱਟ ਕਾਰਨ ਅੱਜ ਰੇਸਿਤਾਨ 'ਚ ਬਦਲ ਗਏ ਹਨ। ਰੋਮਨ ਸਾਮਰਾਜ ਦੇ ਜਮਾਨੇ ਵਿੱਚ ਧਾਤੂ ਗਾਲਨ ਦੇ ਉਦਯੋਗਾਂ ਦੇ ਆਸ-ਪਾਸ ਰਾਂਗਾ, ਪਾਰਾ ਤੇ ਆਰਸੇਨਿਲ ਦੇ ਜ਼ਹਿਰੀਲੇ ਕੂੜੇ ਵੀ ਪਾਏ ਗਏ ਹਨ। ਉਸ ਦੌਰ 'ਚ ਕਈ ਸਭਿਤਾਵਾਂ ਦੇ ਵਿਨਾਸ਼ ਪਿਛੇ ਧਰਤੀ ਨੂੰ ਬੰਜਰ ਬਣਾਇਆ ਜਾਣਾ, ਵਾਤਾਵਰਣ ਨੂੰ ਨਸ਼ਟ ਕੀਤਾ ਜਾਣਾ ਅਤੇ ਪਾਣੀ ਦੇ ਸਰੋਤਾਂ ਦਾ ਖਤਮ ਹੋਣਾ ਮਹੱਤਵਪੂਰਨ ਕਾਰਕ ਰਹੇ ਹਨ। ਅੱਜ ਦੀ ਸਾਮਰਾਜਵਾਦੀ ਵਿਵਸਥਾ ਰੋਮਨ ਤੇ ਮਾਇਆ ਸਭਿਅਤਾ ਤੋਂ ਕਿਤੇ ਵੱਧ ਵਿਰਾਟ ਤੇ ਅੱਗੇ ਵਧੀ ਹੋਈ ਹੈ। ਅੱਜ ਵੀ ਉਹੀ ਸਭ, ਉਸ ਤੋਂ ਕਿਤੇ ਵੱਡੇ ਪੈਮਾਨੇ 'ਤੇ ਹੋ ਰਿਹਾ ਹੈ।

ਜ਼ਹਿਰੀਲੇ ਤੇ ਰੇਡਿਓਧਰਮੀ ਕਚਰੇ ਨੂੰ ਝੀਲਾਂ 'ਚ ਵਹਾ ਦੇਣਾ, ਜੰਗਲ ਕੱਟਕੇ ਨਾਰੀਅਲ ਤੇ ਤਾੜ ਦੀ ਖੇਤੀ ਕਰਨਾ, ਹਵਾ-ਪਾਣੀ 'ਚ ਜ਼ਹਿਰ ਘੋਲਣਾ ਤੇ ਹਜ਼ਾਰਾਂ ਜੀਵ-ਜੰਤੂਆਂ ਦਾ ਅਲੋਪ ਹੁੰਦੇ ਜਾਣਾ। ਮੌਜੂਦਾ ਦੇਸ਼ ਵਿੱਚ ਵਾਤਾਵਰਣ ਵਿਨਾਸ਼ ਕਰਨ ਵਾਲੀਆਂ ਸ਼ਕਤੀਆਂ ਰੋਮਨ ਸਾਮਰਾਜ ਵਾਗੂੰ ਕਿਸੇ ਖਾਸ ਇਲਾਕੇ ਤੱਕ ਸੀਮਤ ਨਹੀਂ ਹਨ। ਵਿਸ਼ਵੀਕਰਨ ਦੇ ਤਹਿਤ ਉਹ ਪੂਰੀ ਦੁਨੀਆਂ ਵਿੱਚ ਆਪਣੀਆਂ ਵਿਨਾਸ਼ਕਾਰੀ ਸਰਗਰਮੀਆਂ ਨੂੰ ਫੈਲਾ ਰਹੀਆਂ ਹਨ। ਨਾਲ ਹੀ ਅੱਜ ਉਹਨਾਂ ਕੋਲ ਦਿਉਂ ਕੱਦ ਤਕਨੋਲੋਜੀ ਹੈ ਜੋ ਇਕੱਲੇ ਉਸ ਦੌਰ ਦੇ ਹਜ਼ਾਰਾਂ ਗੁਲਾਮਾਂ ਬਰਾਬਰ ਕੰਮ ਕਰਦੀ ਹੈ ਤੇ ਇਸ ਤਰ੍ਹਾਂ ਇਹ ਲੋਕ ਲੱਖਾਂ ਗੁਣਾ ਤੇਜ਼ ਰਫਤਾਰ ਨਾਲ ਕੁਦਰਤੀ ਵਿਨਾਸ਼ ਕਰਨ ਦੇ ਸਮੱਰਥ ਹਨ। ਪੁਰਾਣੀ ਸਭਿਅਤਾ ਚ ਇਹ ਸਮਝ ਨਹੀਂ ਸੀ ਕਿ ਵਾਤਾਵਰਣ ਸੰਕਟ ਕੁਦਰਤ ਤੇ ਮਨੁੱਖ ਜਾਤੀ ਲਈ ਕਿੰਨਾ ਭਿਆਨਕ ਹੈ, ਇਸ ਲਈ ਇਹ ਲੋਕ ਅੰਨ੍ਹੀ ਖਾਈ ਵੱਲ ਵਧਦੇ ਚਲੇ ਗਏ ਸਨ। ਪਰ ਮੌਜੂਦਾ ਹਾਕਮਾਂ ਨੂੰ ਅੱਛੀ ਤਰ੍ਹਾਂ ਪਤਾ ਹੈ ਕਿ ਉਹ ਕੀ ਕਰ ਰਹੇ ਹਨ ਫਿਰ ਵੀ ਉਨ੍ਹਾਂ ਸਭਿਅਤਾਵਾਂ ਦੇ ਨਕਸ਼ੇ ਕਦਮ 'ਤੇ ਚਲ ਰਹੇ ਹਨ ਜਿਨ੍ਹਾਂ ਦਾ ਇਤਿਹਾਸ 'ਚ ਨਾਮੋ ਨਿਸ਼ਾਨ ਨਹੀਂ ਬਚਿਆ

ਬਸਤੀਵਾਦੀ ਦੌਰ : - ਨਾ ਬਰਾਬਰ, ਅਣਸਾਵਾਂ ਵਿਕਾਸ ਤੇ ਵਾਤਾਵਰਣ ਵਿਨਾਸ਼ ਦੀਆਂ ਵਿਸ਼ਵ ਵਿਆਪੀ ਸਮੱਸਿਆਵਾਂ ਲਈ ਯੂਰਪ ਦਾ ਉਭਾਰ ਤੇ ਪੂਰੀ ਦੁਨੀਆਂ ਦੇ ਦੇਸ਼ਾਂ ਨੂੰ ਗੁਲਾਮ ਬਣਾਉਣ ਦੀ ਉਸਦੀ ਮੁਹਿੰਮ ਦਾ ਵੀ ਵੱਡਾ ਹੱਥ ਰਿਹਾ ਹੈ। ਤੀਜੀ ਦੁਨੀਆਂ ਦੇ ਦੇਸ਼ਾਂ ਦੇ ਹਾਲਾਤ ਦਾ ਤਾਣਾ-ਬਾਣਾ ਦਾ ਭਾਰੀ ਵਿਨਾਸ਼ ਕਰਕੇ

ਉਹਨਾਂ ਨੂੰ ਨਰਕ ਵਿੱਚ ਬਦਲ ਦਿੱਤਾ ਗਿਆ ਤਾਂ ਕਿ ਸਾਮਰਾਜੀ ਦੇਸ਼ਾਂ ਦੇ ਸਵਰਗ ਦੀ ਰੌਣਕ ਬਣੀ ਰਹੇ। ਪੁਰਤਗਾਲ, ਸਪੇਨ ਤੇ ਬ੍ਰਿਟੇਨ ਨੇ ਪੂਰੀ ਦੁਨੀਆਂ 'ਚ ਆਪਣੀਆਂ ਬਸਤੀਆਂ ਬਣਾਈਆਂ ਤੇ ਉਥੇ ਜੰਗਲ ਕੱਟ ਕੇ ਪਲਾਂਟੇਸ਼ਨ ਸ਼ੁਰੂ ਕੀਤੀ। 400 ਸਾਲਾਂ ਤੱਕ ਆਪਣੀਆਂ ਸਨਅਤੀ ਲੋੜਾਂ ਤੇ ਐਸ਼ੋ-ਆਰਾਮ ਦੇ ਸਾਧਨਾਂ ਦੀ ਪੂਰਤੀ ਲਈ ਉਹਨਾਂ ਨੂੰ ਸਥਾਨਕ ਲੋਕਾਂ ਦੇ ਜੀਵਨ ਲਈ ਅਨਾਜ ਤੇ ਹੋਰ ਜ਼ਰੂਰੀ ਫਸਲਾਂ ਦੀ ਥਾਂ ਨੀਲ, ਗੰਨਾ, ਤੰਬਾਕੂ, ਰਬੜ, ਕੌਫੀ ਆਦਿ ਦੀ ਖੇਤੀ ਕਰਵਾਈ। ਕੁਦਰਤ ਤੇ ਮਨੁੱਖੀ ਕਿਰਤ ਦੀ ਬੇਰਹਿਮ ਲੁੱਟ-ਘਸੁੱਟ ਨੇ ਆਤਮ-ਨਿਰਭਰ ਤੇ ਖੁਸ਼ਹਾਲ ਸਥਾਨਾਂ ਨੂੰ ਅਕਾਲ, ਭੁਖਮਰੀ ਤੇ ਮਹਾਂਮਾਰੀ ਦਾ ਕੁੰਡ ਬਣਾ ਦਿੱਤਾ। ਖਣਿਜ ਪਦਾਰਥਾਂ ਨੂੰ ਧਰਤੀ 'ਚੋਂ ਕੱਢ-ਕੱਢ ਕੇ ਉਸ ਨੂੰ ਥੋਥਾ ਕਰ ਦਿੱਤਾ। ਜੰਗਲਾਂ ਨੂੰ ਕੱਟ-ਕੱਟ ਕੇ ਵੀਰਾਨ ਬਣਾ ਦਿੱਤਾ।

ਸਾਮਰਾਜਵਾਦੀ ਦੌਰ :- ਰਾਜਸੀ ਸੱਤਾ ਤਬਦੀਲੀ ਤੋਂ ਪਿੱਛੋਂ ਵੀ ਤੀਜੀ ਦੁਨੀਆਂ ਦੇ ਦੇਸ਼ਾਂ 'ਤੇ ਸਾਮਰਾਜੀਆਂ ਦਾ ਆਰਥਕ ਦਬ-ਦਬਾਅ ਕਾਇਮ ਰਿਹਾ। ਪਲਾਂਟੇਸ਼ਨ ਦਾ ਕੰਮ ਬਸਤੀਵਾਦੀਆਂ ਦੇ ਨਵੇਂ ਵਾਰਿਸ, ਬਹੁਕੌਮੀ ਕੰਪਨੀਆਂ ਤੇ ਦਲਾਲ ਨੌਕਰਸ਼ਾਹ ਸਰਮਾਏਦਾਰਾਂ ਨੇ ਹੋਰ ਵੱਡੇ ਪੈਮਾਨੇ 'ਤੇ ਲਾਗੂ ਕੀਤਾ। ਇਨਕਲਾਬ ਤੋਂ ਪਹਿਲਾਂ ਤੱਕ ਕਿਊਬਾ ਦੀ 60 ਫੀਸਦੀ ਜ਼ਮੀਨ ਤੇ ਗੰਨੇ ਦੀ ਖੇਤੀ ਹੁੰਦੀ ਸੀ ਜਦ ਕਿ ਆਪਣੀ ਅਨਾਜ ਪੂਰਤੀ ਲਈ ਉਸਨੂੰ 50 ਫੀਸਦੀ ਅਨਾਜ ਵਿਦੇਸ਼ਾਂ ਤੋਂ ਮੰਗਵਾਉਣਾ ਪੈਂਦਾ ਸੀ। ਫਾਇਰ ਸਟੋਨ ਰਬੜ ਕੰਪਨੀ ਦਾ ਛੋਟੇ ਜਿਹੇ ਦੇਸ਼ ਲਾਇਬੇਰਿਆ 'ਚ 1,2700 ਏਕੜ ਜ਼ਮੀਨ 'ਚ ਰਬੜ ਪਲਾਂਟੇਸ਼ਨ ਹੈ। ਯੂਨਾਈਟਡ ਫਰੂਟ ਕੰਪਨੀ ਨੇ ਕਈ ਲਾਤੀਨੀ ਅਮਰੀਕੀ ਦੇਸ਼ਾਂ ਵਿੱਚ ਸਿਰਫ ਕੇਲੇ ਦੀ ਖੇਤੀ ਸ਼ੁਰੂ ਕਰਵਾਈ। ਨੈਸਲੇ ਕੰਪਨੀ ਦੇ ਕਈ ਦੇਸ਼ਾਂ ਵਿੱਚ ਕੌਫੀ ਦੀ ਪਲਾਂਟੇਸ਼ਨ ਹੈ। ਅਨਾਜ ਪ੍ਰੋਸੈਸਿੰਗ ਦੇ ਵਪਾਰ 'ਤੇ ਵੀ ਇਹਨਾਂ ਹੀ ਕੰਪਨੀਆਂ ਦੀ ਅਜ਼ਾਰੇਦਾਰੀ ਹੈ। ਇੱਕ ਫਸਲੀ ਖੇਤੀ ਦੇ ਕਾਰਣ ਇਹਨਾਂ ਕੰਪਨੀਆਂ ਨੇ ਗਰੀਬ ਦੇਸ਼ਾਂ ਦੀ ਜੈਵ-ਵਿਭਿੰਨਤਾ ਨੂੰ ਖਤਮ ਕਰ ਦਿੱਤਾ ਤੇ ਕੁਦਰਤ ਦੇ ਸੰਤੁਲਿਨ ਨੂੰ ਤਹਿਸ-ਨਹਿਸ ਕਰ ਦਿੱਤਾ। ਦੇਸ਼ਾਂ ਵਿੱਚ ਨਾਬਰਾਬਰ ਵਿਕਾਸ ਤੇ ਭਿਅੰਕਰ ਗਰੀਬੀ ਨੂੰ ਜਨਮ ਦਿੱਤਾ ਕਿਉਂਕਿ 80 ਫੀਸਦੀ ਖੇਤੀ ਬਰਾਮਦ ਲਈ ਹੁੰਦੀ ਸੀ ਜਿਸ 'ਚ ਬਾਮੁਸ਼ਕਿਲ 20 ਪ੍ਰਤੀਸ਼ਤ ਲੋਕਾਂ ਨੂੰ ਰੁਜ਼ਗਾਰ ਮਿਲ ਸਕਦਾ ਸੀ। ਬਾਕੀ ਅਬਾਦੀ ਨੂੰ ਰੋਟੀ ਰੋਜ਼ੀ ਲਈ ਮੁਹਤਾਜ ਤੇ ਕੰਗਾਲ ਬਣਾ ਦਿੱਤਾ ਗਿਆ। ਬਸਤੀਵਾਦੀ ਦੌਰ ਵਿੱਚ ਪੈਦਾਵਾਰ ਤੇ ਕਿਰਤ ਵੰਡ ਦਾ ਜੋ ਵਿਸ਼ਵੀ ਢਾਂਚਾ ਤਿਆਰ ਹੋਇਆ ਸੀ ਉਸ ਨਾਲ ਤੀਜੀ ਦੁਨੀਆਂ ਦੇ ਦੇਸ਼ ਅੱਜ ਤੱਕ ਮੁਕਤ ਨਹੀਂ ਹੋਏ। ਕੱਚਾ ਮਾਲ, ਕੁਦਰਤੀ ਸਾਧਨ ਤੇ ਖੇਤੀ ਤੋਂ ਪੈਦਾ ਹੋਣ ਵਾਲੇ ਕੱਚੇ ਮਾਲ ਦੀ ਬਰਾਮਦ ਅਤੇ ਬਦਲੇ 'ਚ ਉਹਨਾਂ ਹੀ ਚੀਜ਼ਾਂ ਤੋਂ ਤਿਆਰ ਵਸਤਾਂ ਦੀ ਮਹਿੰਗੀ ਕੀਮਤ ਤੇ ਦਰਾਮਦ। ਸੱਤਾ ਬਦਲੀ ਪਿੱਛੋਂ ਇਹਨਾਂ ਦੇਸ਼ਾਂ ਦੀ ਹਾਕਮ ਜਮਾਤ ਸਾਮਰਾਜੀਆਂ ਦੇ ਦਲਾਲਾਂ ਦੀ ਭੂਮਿਕਾ 'ਚ ਸਾਹਮਣੇ ਆਏ ਤੇ ਉਹਨਾਂ ਦੀ ਲੁੱਟ 'ਚ ਹੱਥ ਵਟਾਉਣ ਲੱਗੇ। ਫ਼ਰਕ ਸਿਰਫ਼ ਏਨਾ ਹੀ ਸੀ ਕਿ ਜੋ ਕੰਮ ਪਹਿਲਾਂ ਵਿਦੇਸ਼ੀ ਤਾਕਤਾਂ ਆਪਣੀ ਫੌਜ ਦੇ ਦਮ 'ਤੇ ਕਰਦੀਆਂ ਸਨ, ਉਹ ਦੇਸ਼ੀ ਹੁਕਮਰਾਨਾ ਨੇ ਕਾਨੂੰਨ ਬਣਾ ਕੇ ਵਪਾਰ ਸਮਝੌਤਿਆਂ ਤੇ ਸੰਧੀਆਂ ਰਾਹੀਂ ਕਰਨਾ ਸ਼ੁਰੂ ਕੀਤਾ। ਨਾਲ ਹੀ ਸਾਮਰਾਜੀ ਦੌਰ 'ਚ ਅਮਰੀਕਾ ਤੇ ਉਸ ਦੇ ਮਾਧਿਅਮ ਨਾਲ ਕਰਨਾ ਸ਼ੁਰੂ ਕੀਤਾ। ਨਾਲ ਹੀ, ਸਾਮਰਾਜੀ ਦੌਰ 'ਚ ਅਮਰੀਕਾ ਤੇ

ਉਸਦੇ ਸੰਧੀਕਰਤਾਵਾਂ ਨੇ ਤੀਸਰੀ ਦੁਨੀਆਂ ਦੇ ਕੁਦਰਤੀ ਸਾਧਨਾਂ ਲਈ ਤਖਤਾ ਪਲਟ ਤੇ ਖ਼ੂਨ ਖਰਾਬੇ ਦਾ ਵੀ ਭਰਪੂਰ ਸਹਾਰਾ ਲਿਆ।

ਵਿਸ਼ਵੀਕਰਨ ਦੇ ਮੌਜੂਦਾ ਦੌਰ 'ਚ ਤੇਲ ਲਈ ਮਾਰੋਮਾਰੀ – ਬਸਤੀਵਾਦੀ ਤਾਕਤਾਂ ਵੱਲੋਂ ਕੁਦਰਤੀ ਸਾਧਨਾਂ ਤੇ ਕਬਜੇ ਲਈ ਜੰਗ ਤੇ ਖ਼ੂਨ ਖਰਾਬਾ ਸੈਂਕੜੇ ਸਾਲਾਂ ਤੋਂ ਜਾਰੀ ਹੈ। ਸਾਮਰਾਜੀ ਵਿਸ਼ਵੀਕਰਨ ਦੇ ਮੌਜੂਦਾ ਦੌਰ 'ਚ ਦੇਸ਼ਾਂ 'ਤੇ ਸਿੱਧੇ ਤੇ ਅਸਿੱਧੇ ਕਬਜੇ ਪਿੱਛੇ ਕੁਦਰਤੀ ਸਾਧਨਾਂ ਤੇ ਬਾਜ਼ਾਰ 'ਤੇ ਕਬਜ਼ੇ ਦੇ ਨਾਲ-ਨਾਲ ਖਣਿਜ ਤੇਲਾਂ ਦੇ ਸਰੋਤਾਂ ਨੂੰ ਹਥਿਆਉਣਾ ਇੱਕ ਮੁੱਖ ਕਾਰਨ ਹੈ। ਕਾਂਗੋ, ਨਾਈਜ਼ੀਰੀਆ, ਚਾਡ ਤੇ ਸੁਡਾਨ 'ਚ ਲੰਮੇ ਸਮੇਂ ਤੋਂ ਸਾਮਰਾਜੀ ਆਪਣੇ ਕੁਠਪੁਤਲੀ ਫੌਜੀ ਤਾਨਾਸ਼ਾਹਾਂ ਰਾਹੀਂ ਹਕੂਮਤ ਕਰ ਰਹੇ ਹਨ। ਉਥੋਂ ਦੇ ਲੋਕਾਂ ਨੂੰ ਭੁਖਮਰੀ, ਬੀਮਾਰੀ ਤੇ ਮੌਤ ਦਾ ਸ਼ਿਕਾਰ ਬਣਾਉਣ ਦੇ ਨਾਲ-ਨਾਲ ਉਥੋਂ ਦੇ ਵਾਤਾਵਰਣ ਦਾ ਵਿਨਾਸ਼ ਇਸ ਸਾਮਰਾਜੀ ਲੁੱਟ ਦਾ ਨਤੀਜਾ ਹੈ। ਕੁਦਰਤੀ ਸਾਧਨਾਂ ਦੀ ਲੁੱਟ ਨਾਲ ਕੰਗਾਲ ਬਣ ਚੁੱਕੇ ਅੰਗੋਲਾ 'ਚ ਘਰੇਲੂ ਜੰਗ ਛੇੜਣ ਦੇ ਕਾਰਨ ਲੱਖਾਂ ਲੋਕ ਮਾਰੇ ਗਏ। ਉਥੋਂ ਦੇ ਹਾਕਮਾਂ ਨੇ ਆਪਣੀ ਕਮਾਈ ਨੂੰ ਦੇਸ਼ ਦੇ ਵਿਕਾਸ 'ਚ ਲਾਉਣ ਦੀ ਬਜਾਏ ਵਿਦੇਸ਼ਾਂ 'ਚ ਜਮ੍ਹਾਂ ਕਰਾ ਦਿੱਤਾ। ਵਿਸ਼ਵੀਕਰਨ ਦੇ ਇਸ ਦੌਰ 'ਚ ਸਾਮਰਾਜੀ ਆਪਣਾ ਸੁਆਰਥ ਹੱਲ ਕਰਨ ਲਈ ਵਿਸ਼ਵ ਬੈਂਕ, ਮੁਦਰਾਕੋਸ਼ ਤੇ ਸੰਸਾਰ ਵਪਾਰ ਸੰਗਠਨ ਦੇ ਰਾਹੀਂ ਕੰਮ ਕਰਦੇ ਹਨ। ਕੁਦਰਤੀ ਤੇ ਸਾਧਨਾਂ ਨਾਲ ਖੁਸ਼ਹਾਲ ਪਰ ਕੰਗਾਲ ਬਣਾ ਦਿੱਤੇ ਗਏ ਇਹਨਾਂ ਇਲਾਕਿਆਂ ਦੇ ਹਾਕਮ ਇਹਨਾਂ ਸੰਸਥਾਵਾਂ ਦੇ ਨਾਲ ਗਠਜੋੜ ਕਰਕੇ ਆਪਣੇ ਦੇਸ਼ ਦੀ ਕੁਦਰਤ ਤੇ ਮੇਹਨਤਕਸ਼ਾਂ ਨੂੰ ਲੁਟਦੇ ਹਨ ਅਤੇ ਬਦਲੇ 'ਚ ਆਪਣਾ ਹਿੱਸਾ ਲੈਂਦੇ ਹਨ। ਇਹੀ ਕਾਰਨ ਹੈ ਕਿ ਅਫਰੀਕਾ ਦਾ ਚੌਥਾ ਤੇਲ ਉਤਪਾਦਕ ਦੇਸ਼ ਹੋਣ ਬਾਵਜੂਦ ਕਾਂਗੋ ਅੱਜ 6.4 ਅਰਬ ਡਾਲਰ ਦੇ ਕਰਜ਼ੇ ਵਿੱਚ ਹੈ।

ਕੁਝ ਦਹਾਕੇ ਪਹਿਲਾਂ ਕਈ ਦੇਸ਼ਾਂ ਦੇ ਹਾਕਮਾਂ ਨੇ ਤੇਲ ਪੈਦਾਵਾਰ 'ਚ ਆਪਣੇ ਦੇਸ਼ ਦੀਆਂ ਸਰਕਾਰੀ ਕੰਟਰੋਲ ਵਾਲੀਆਂ ਕੰਪਨੀਆਂ ਨੂੰ ਲਾਇਆ ਤੇ ਸਾਮਰਾਜੀ ਦੇਸ਼ਾਂ ਦੀਆਂ ਤੇਲ ਕੰਪਨੀਆਂ ਦੇ ਦਾਬੇ ਨੂੰ ਚੁਣੌਤੀ ਦਿੱਤੀ। ਇਸ ਨਾਲ ਤੇਲ ਮਹਿੰਗਾ ਹੋਇਆ ਤੇ ਨਾਲ ਹੀ ਤੇਲ ਲਈ ਜੰਗ ਤੇ ਸਾਜਿਸ਼ਾਂ ਦਾ ਨਵਾਂ ਦੌਰ ਸ਼ੁਰੂ ਹੋਇਆ। ਅਮਰੀਕੀ ਸਰਕਾਰ ਨੇ ਜਦ ਤੇਲ 'ਤੇ ਕਬਜਾ ਕਰਨ ਲਈ ਅਤਵਾਦ ਵਿਰੋਧੀ ਯੁੱਧ ਦੇ ਬਹਾਨੇ ਇਰਾਕ ਤੇ ਅਫ਼ਗਾਨਿਸਤਾਨ 'ਤੇ ਹਮਲਾ ਕੀਤਾ ਤਾਂ ਅਮਰੀਕੀ ਫੌਜਾਂ ਤੋਂ ਇਲਾਵਾ ਇਸ 'ਚ ਬਲੈਕਵਾਟਰ, ਵਰਲਡ ਵਾਈਡ ਵਰਗੀ ਨਿੱਜੀ ਫੌਜੀ ਕੰਪਨੀ ਨੇ ਵੀ ਉਸ 'ਚ ਠੇਕੇਦਾਰ ਵਜੋਂ ਹਿੱਸਾ ਲਿਆ। ਇਹ ਖ਼ੂਨੀ ਖੇਡ ਅੱਜ ਵੀ ਜਾਰੀ ਹੈ। ਇਸ ਮਾਰਧਾੜ ਵਿੱਚ ਨਾਟੋ ਤੇ ਅਰਮੀਕਾ ਦੇ ਨਾਲ-ਨਾਲ ਬਹੁਕੌਮੀ ਨਿਗਮਾਂ ਤੇ ਦਿਉ ਕੱਦ ਤੇਲ ਕੰਪਨੀਆਂ ਦੀ ਵੀ ਭੂਮਿਕਾ ਰਹੀ। ਮੱਧ ਪੂਰਬ ਤੋਂ ਇਲਾਵਾ ਤੇਲ ਉਤਪਾਦਿਕ ਲਾਤੀਨੀ ਅਮਰੀਕੀ ਦੇਸ਼ਾਂ 'ਤੇ ਵੀ ਸਾਮਰਾਜੀਆਂ ਦਾ ਕਾਲਾ ਪ੍ਰਛਾਵਾਂ ਮੰਡਰਾਉਂਦਾ ਰਹਿੰਦਾ ਹੈ। ਵੇਨਜ਼ਵੇਲਾ ਤੇ ਬੋਲੀਵੀਆ ਨੇ ਜਦ ਸਾਮਰਾਜ ਦੇ ਖਿਲਾਫ਼ ਖੜੇ ਹੋਣ ਦੀ ਕੋਸ਼ਿਸ਼ ਕੀਤੀ ਤੇ ਆਪਣੀ ਤੇਲ ਪੈਦਾਵਾਰ 'ਚ ਸਰਕਾਰੀ ਹਿੱਸੇਦਾਰੀ ਵਧਾਈ ਤਾਂ ਅਮਰੀਕਾ ਉਸ ਨੂੰ ਡਰਾਉਣ ਧਮਕਾਉਣ ਤੇ ਸਤਾ ਤੋਂ ਲਾਹੁਣ 'ਚ ਜੁਟ ਗਿਆ। ਕੋਲੰਬੀਆ ਦੇ ਸਾਮਰਾਜ ਵਿਰੋਧੀ ਛਾਪਾਮਾਰ ਜਦ ਵਿਦੇਸ਼ੀ ਤੇਲ ਪਾਈਪਾਂ ਲਈ ਖਤਰਾ ਬਣਨ ਲੱਗੇ ਤਾਂ ਸੀ. ਆਈ ਏ ਤੇ ਨਿੱਜੀ ਸੁੱਰਖਿਆ ਠੇਕੇਦਾਰਾਂ ਨੇ ਉਨ੍ਹਾਂ ਖਿਲਾਫ਼ ਮੋਰਚਾ ਖੋਲ

ਦਿੱਤਾ। ਤੇਲ ਕੰਪਨੀ ਸੇਲ ਵੱਲੋਂ ਇਨਕਲਾਬੀ ਕਵੀ ਸਾਰੇ ਵਿਵਾ ਦੀ ਹੱਤਿਆ ਪਿੱਛੇ ਵੀ ਤੇਲ ਦੀ ਲੁੱਟ ਹੀ ਸੀ। ਤੇਲ ਦੇ ਸਮੀਤ ਸਰੋਤਾਂ ਦਾ ਬਦਲ ਤਲਾਸ਼ਣ ਦੀ ਬਜਾਏ ਸਾਮਰਾਜੀ ਦੇਸ਼ ਕਿਸੇ ਵੀ ਕੀਮਤ ’ਤੇ ਉਹਨਾਂ ਨੂੰ ਹੜਪਣ ’ਤੇ ਬਜਿੱਦ ਹਨ। ਦੁਨੀਆਂ ’ਚ ਊਰਜਾ ਦਾ ਇੱਕ ਵੱਡਾ ਸਾਧਨ ਹੋਣ ਦੇ ਨਾਲ-ਨਾਲ ਖਣਿਜ ਊਰਜਾ ਹੀ ਗਲੋਬਲ ਵਾਰਮਿੰਗ ਦਾ ਸਭ ਤੋਂ ਵੱਡਾ ਕਾਰਨ ਹੈ। ਮਾਨਵ ਨਿਰਮਤ ਜਲਵਾਯੂ ਤਬਦੀਲੀ ਦੇ ਜਿਸ ਗੰਭੀਰ ਸੰਕਟ ਦਾ ਦੁਨੀਆਂ ਅੱਜ ਸਾਹਮਣਾ ਕਰ ਰਹੀ ਹੈ ਉਸ ਪਿੱਛੇ ਸਾਮਰਾਜੀ ਲੁਟ-ਘਸੁੱਟ ਤੇ ਦੁਨੀਆਂ ਦਾ ਵਿਨਾਸ਼ਕਾਰੀ ਵਿਕਾਸ ਹੈ। ਜਿਸ ਦੇ ਇੱਕ ਸਿਰੇ ’ਤੇ ਮੁਠੀਭਰ ਸਾਮਰਾਜੀ ਦੇਸ਼ਾਂ ਦੀ ਖੁਸ਼ਹਾਲੀ ਹੈ ਤਾਂ ਦੂਜੇ ਪਾਸੇ ਦੂਜੀ ਤੇ ਤੀਜੀ ਦੁਨੀਆਂ ਦੀ ਬਦਹਾਲੀ।

# ਜਲਵਾਯੂ ਸੰਕਟ ਬਾਰੇ ਕਾਨਕੁੰਨ ਸੰਮੇਲਨ ਦੀ ਕੀ ਸੀ ਅਸਲੀਅਤ?

ਕੋਪਨਹੇਗਨ ਜਲਵਾਯੂ ਸੰਮੇਲਨ ਦਾ ਜੋ ਸਿੱਟਾ ਸਾਹਮਣੇ ਆਇਆ ਸੀ ਉਸ ਨੂੰ ਵੇਖਦਿਆਂ ਸ਼ਾਇਦ ਹੀ ਕਿਸ ਨੂੰ ਇਹ ਉਡੀਕ ਹੋਵੇਗੀ ਕਿ ਕਾਨਕੁੰਨ ਸੰਮੇਲਨ 'ਚ ਕੋਈ ਰਾਹ ਨਿਕਲੇਗਾ। ਇਸ ਸੰਮੇਲਨ 'ਚ ਤਹਿ ਕੀਤੀ ਗਈ ਕਟੌਤੀ ਲਾਗੂ ਹੋ ਵੀ ਜਾਵੇ ਤਾਂ ਵੀ ਧਰਤੀ ਦਾ ਤਾਪਮਾਨ 3 ਤੋਂ 4 ਡਿਗਰੀ ਸੈਲਸੀਅਸ ਤੱਕ ਵਧ ਜਾਵੇਗਾ। ਜਦਕਿ ਵਿਗਿਆਨਕਾਂ ਮੁਤਾਬਿਕ ਇਸਦੀ ਵੱਧ ਤੋਂ ਵੱਧ ਸੀਮਾ 2 ਡਿਗਰੀ ਸੈਲਸੀਅਸ ਹੈ। ਸਾਮਰਾਜੀ ਦੇਸ਼ ਨੇ 2020 ਤੱਕ ਕਾਰਬਨ ਪੈਦਾਇਸ਼ (ਉਤਸਰਜਨ) 'ਚ ਆਪਣੀ ਮਰਜ਼ੀ ਨਾਲ 13 ਤੋਂ 16 ਫੀਸਦੀ ਤੱਕ ਕਟੌਤੀ ਕਰਨ ਦਾ ਵਾਇਦਾ ਕੀਤਾ ਹੈ ਜਦ ਕਿ ਤਤਕਾਲ 40 ਫੀਸਦੀ ਕਟੌਤੀ ਕਰਨਾ ਬੇਹੱਦ ਜ਼ਰੂਰੀ ਹੈ। ਅਮਰੀਕਾ ਜੋ ਧਰਤੀ ਨੂੰ ਤਬਾਹ ਕਰਨ ਵਿੱਚ ਇਕੱਲਾ ਇੱਕ ਚੌਥਾਈ ਹਿੱਸੇ ਲਈ ਜ਼ਿੰਮੇਵਾਰ ਹੈ, ਉਸ ਨੇ ਇਸ ਅਰਸੇ ਵਿੱਚ ਸਿਰਫ 4 ਫੀਸਦੀ ਦੀ ਕਟੌਤੀ ਦਾ ਵਚਨ ਦਿੱਤਾ ਹੈ। ਜਪਾਨ ਨੇ ਤਾਂ ਸਾਫ਼-ਸਾਫ਼ ਕਹਿ ਦਿੱਤਾ ਹੈ ਕਿ ਇਸ ਅਰਸੇ 'ਚ ਉਹ ਕਿਸੇ ਵੀ ਕਟੌਤੀ ਲਈ ਰਾਜੀ ਨਹੀਂ ਹੈ। ਕਵੇਟੋ ਪ੍ਰੋਟੋਕੋਲ ਦਾ ਪਹਿਲਾ ਅਰਸਾ (2012) ਖਤਮ ਹੋ ਗਿਆ ਹੈ ਪਰ 2000 ਤੋਂ 2010 ਵਿਚਕਾਰ ਇਹਨਾਂ ਦੇਸ਼ਾਂ ਲਈ 5.2 ਫੀਸਦੀ ਕਟੌਤੀ ਦਾ ਜੋ ਟੀਚਾ ਰੱਖਿਆ ਗਿਆ ਸੀ, ਉਸ 'ਚ ਕਮੀ ਲਿਆਉਣ ਦੀ ਬਜਾਏ 41 ਵਿੱਚੋਂ 17 ਦੇਸ਼ਾਂ ਨੇ ਉਤਸਰਜਨ ਵਧਾਇਆ ਹੈ। ਅਤੇ ਕਿਸੇ-ਕਿਸੇ ਮਾਮਲੇ ਵਿਚ ਤਾਂ 40 ਤੋਂ 100 ਫੀਸਦੀ ਤਕ ਵੱਧ ਉਤਸਰਜਨ ਕੀਤਾ ਹੈ। ਜਿਹਨਾਂ ਦੇਸ਼ਾਂ ਨੇ ਟੀਚਾ ਪੂਰਾ ਕੀਤਾ ਹੈ, ਉਥੇ ਵੀ ਉਤਸਰਜਨ 'ਚ ਅਸਲ ਕਟੌਤੀ ਨਹੀਂ ਕੀਤੀ ਗਈ ਬਲਕਿ ਦੂਜੇ ਦੇਸ਼ਾਂ ਤੋਂ ਕਾਰਬਨ ਵਪਾਰ ਕਰਕੇ ਆਪਣੇ ਦੇਸ਼ 'ਚ ਕੀਤੇ ਉਤਸਰਜਨ ਦਾ ਹਿਸਾਬ ਬਰਾਬਰ ਕੀਤਾ ਗਿਆ। ਇਸ ਸੰਮੇਲਨ ਨੇ ਪਹਿਲੀ ਵਾਰੀ ਭਾਰਤ ਸਮੇਤ ਵਿਕਾਸਸ਼ੀਲ ਦੇਸ਼ਾਂ ਲਈ ਇਹ ਜ਼ਰੂਰੀ ਬਣਾ ਦਿੱਤਾ ਕਿ ਉਹ ਆਪਣੇ ਦੇਸ਼ 'ਚ ਹੁੰਦੇ ਪ੍ਰਦੂਸ਼ਣ ਦੀ ਰੀਪੋਟ ਹਰ ਦੋ ਸਾਲਾਂ 'ਚ "ਕੌਮਾਂਤਰੀ ਸਲਾਹ ਤੇ ਵਿਸ਼ਲੇਸ਼ਣ" ਪ੍ਰੀਕ੍ਰਿਆ ਅੱਗੇ ਪੇਸ਼ ਕਰਨ। ਪਹਿਲਾਂ ਉਹਨਾਂ ਨੂੰ ਸਿਰਫ ਆਪਣੀਆਂ ਸਰਗਰਮੀਆਂ ਦੇ ਕੇਸ 'ਚ ਐਸੀ ਰੀਪੋਟ ਪੇਸ਼ ਕਰਨੀ ਜ਼ਰੂਰੀ ਹੁੰਦੀ ਸੀ ਜੋ ਧਨੀ ਦੇਸ਼ਾਂ ਦੀ ਆਰਥਕ ਸਹਾਇਤਾ ਨਾਲ ਚਲਾਈਆਂ ਜਾ ਰਹੀਆਂ ਹੋਣ। ਜ਼ਾਹਿਰ ਹੈ ਕਿ ਇਹ ਕਦਮ ਧਨੀ ਤੇ ਗਰੀਬ ਦੇਸ਼ਾਂ ਨੂੰ ਇਕ ਹੀ ਤਰਾਜ਼ੂ ਤੇ ਤੋਲਣ ਵਾਲਾ ਹੈ। ਅਮਰੀਕਾ ਜਿਵੇਂ ਚਾਹੁੰਦਾ ਸੀ ਉਵੇਂ ਹੋਇਆ ਉਸਨੇ ਵਿਕਾਸਸ਼ੀਲ ਦੇਸ਼ਾਂ ਦੇ ਆਪਣਾ ਪਿਠੂਆਂ ਤੇ ਦਲਾਲਾਂ ਨੂੰ ਨਾਲ ਲੈ ਕੇ ਆਪਣਾ ਮਨੋਰਥ ਪੂਰਾ ਕਰ ਲਿਆ। ਅਮਰੀਕਾ ਨੇ ਬ੍ਰਾਜੀਲ, ਦੱਖਣੀਆਂ ਅਫਰੀਕਾ, ਭਾਰਤ ਤੇ ਚੀਨ (ਬ੍ਰਿਕ) ਦੇ ਨਾਲ ਗੰਢਤੁਪ ਕਰਕੇ ਇਹ ਸਹਿਮਤੀ ਬਣਾਈ ਜਿਸ 'ਤੇ ਪਿੱਛੋਂ 20 ਹੋਰ ਦੇਸ਼ਾਂ ਨੇ ਵੀ ਦਸਖਤ ਕਰ ਦਿੱਤੇ। ਜੀ-77 ਦੀ ਇਸ ਤੇ ਸਹਿਮਤੀ ਨਹੀਂ ਬਣੀ ਅਤੇ ਇਸ ਲਈ ਇਸ ਸੰਮੇਲਨ 'ਚ ਮੰਜੂਰ ਨਹੀਂ ਕੀਤਾ ਗਿਆ। ਸਾਮਰਾਜੀ ਦੇਸ਼ ਇਹੀ ਚਾਹੁੰਦੇ ਸਨ ਕਿ ਸਹਿਮਤੀ ਨਾ ਹੋਵੇ ਤਾਂ ਉਹਨਾਂ ਦੀ ਜਿੱਤ, ਅਸਹਿਮਤੀ

ਹੋਵੇ ਤਾਂ ਤੀਜੀ ਦੁਨੀਆਂ ਦੀ ਹਾਰ। ਵਿਕੀ-ਲੀਕਸ ਦੇ ਪਰਦਾ ਚੁਕਣ ਨਾਲ ਇਹ ਗੱਲ ਸਾਹਮਣੇ ਆਈ ਕਿ ਧਨੀ ਦੇਸ਼ਾਂ ਨੇ ਕਈ ਗਰੀਬ ਦੇਸ਼ਾਂ ਨੂੰ ਡਰਾ ਧਮਕਾ ਕੇ ਤੇ ਸਹਾਇਤਾ ਰੋਕਣ ਦਾ ਡਰ ਵਿਖਾ ਕੇ ਉਹਨਾਂ ਨੂੰ ਕੋਪੇਨਹੇਗਨ ਸਮਝੌਤੇ 'ਤੇ ਸਹਿਮਤੀ ਦੇਣ ਲਈ ਮਜ਼ਬੂਰ ਕੀਤਾ ਸੀ। ਇਸ ਤਰ੍ਹਾਂ ਕੋਪੇਨਹੇਗਨ ਵਿੱਚ ਅਮਰੀਕੀ ਰਾਸ਼ਟਰਪਤੀ ਨੇ ਜੋ ਮੁੱਦੇ ਉਠਾਏ ਸਨ, ਕਾਨਕੂੰਨ 'ਚ ਉਹਨਾਂ ਨੂੰ ਹੋਰ ਵੀ ਦ੍ਰਿੜਤਾ ਨਾਲ ਰੱਖਿਆ ਗਿਆ।

* ਕੋਪੇਨਹੇਗਨ 'ਚ ਕੌਮਾਂਤਰੀ ਸਲਾਹ ਤੇ ਵਿਸਲੇਸ਼ਣ ਦੀ ਅਸਪੱਸ਼ਟ ਤੌਰ 'ਤੇ ਚਰਚਾ ਕੀਤੀ ਗਈ ਸੀ। ਤਦ ਭਾਰਤ ਨੇ ਇਸ ਦਾ ਵਿਰੋਧ ਕੀਤਾ ਸੀ ਪਰ ਕਾਨਕੂੰਨ 'ਚ ਉਹ ਇਸ ਮੁੱਦੇ 'ਤੇ ਰਾਜੀ ਹੋ ਗਿਆ।

* ਹਰੇ ਜਲਵਾਯੂ ਕੋਸ਼ ਦੀ ਗੱਲ ਨੂੰ ਫਿਰ ਤੋਂ ਠਕਰਾਇਆ ਗਿਆ। ਇਸ ਲਈ 100 ਅਰਬ ਡਾਲਰ ਦਾ ਕੋਸ਼ ਬਣਾਉਣ ਦਾ ਸੁਝਾਅ ਦਿੱਤਾ ਗਿਆ। ਪਰ ਪੈਸਾ ਕਿਥੋਂ ਆਊ ਤੇ ਕਿਹਨਾਂ ਵਿੱਚ ਵੰਡਿਆ ਜਾਵੇਗਾ। ਇਹ ਸਪੱਸ਼ਟ ਨਹੀਂ ਕੀਤਾ ਗਿਆ।

* ਕੋਵੇਟੋ ਸੰਮੇਲਨ 'ਚ ਪਰਿਸਿਸ਼ਟ-1 (ਵਿਕਸਤ ਦੇਸ਼) ਤੇ ਪ੍ਰੀਸਿਸ਼ਟ-2 (ਵਿਕਾਸਸ਼ੀਲ ਦੇਸ਼) 'ਚ ਫ਼ਰਕ ਕਰਦਿਆਂ ਉਹਨਾਂ ਲਈ ਉਤਸਰਜਨ ਕਟੌਤੀ ਦਾ ਵੱਖ-ਵੱਖ ਮਾਪਦੰਡ ਤੇ ਟੀਚਾ ਤਹਿ ਕੀਤਾ ਗਿਆ ਸੀ। ਇਸ ਫ਼ਰਕ ਨੂੰ ਪਹਿਲਾਂ ਪਹਿਲਾਂ ਕੋਪੇਨਹੇਗਨ 'ਚ ਹੀ ਧੁੰਦਲਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਕਾਨਕੂੰਨ ਸੰਮੇਲਨ ਵਿੱਚ ਇਸ ਫਰਕ ਨੂੰ ਮੇਟਣ ਦੀ ਦਿਸ਼ਾ 'ਚ ਅੱਗੇ ਕਦਮ ਵਧਾਇਆ ਗਿਆ।

* ਬਹਿਸਾਂ ਦੇ ਸ਼ੁਰੂਆਤੀ ਪੜਾਅ ਤੋਂ ਹੀ ਇਹ ਸਥਾਪਿਤ ਸੀ ਕਿ ਵਾਤਾਵਰਣ ਵਿਨਾਸ਼ ਲਈ ਵਿਕਸਤ ਦੇਸ਼ ਸਭ ਤੋਂ ਵੱਧ ਜ਼ਿੰਮੇਵਾਰ ਹਨ। ਇਸ ਲਈ ਉਸ ਨੂੰ ਸੁਧਾਰਨ ਵਿੱਚ ਉਹਨਾਂ ਦੀ ਜ਼ਿੰਮੇਵਾਰੀ ਵੱਧ ਹੋਵੇਗੀ। ਵਿਕਾਸਸ਼ੀਲ ਦੇਸ਼ ਗਰੀਬੀ ਤੇ ਪਿਛੜੀ ਤਕਨੀਕ ਕਾਰਨ ਜੇ ਪ੍ਰਦੂਸ਼ਣ ਫੈਲਾਉਂਦੇ ਹਨ ਤਾਂ ਵਿਕਸਤ ਦੇਸ਼ਾਂ ਦੀ ਇਹ ਜੁੰਮੇਵਾਰੀ ਬਣਦੀ ਹੈ ਕਿ ਉਹ ਗਰੀਬੀ ਹਟਾਓ ਤੇ ਤਕਨਾਲੋਜੀ ਦਾ ਵਿਕਾਸ ਕਰਨ ਵਿੱਚ ਗਰੀਬ ਦੇਸ਼ਾਂ ਦੀ ਸਹਾਇਤਾ ਕਰਨ। ਅਮਰੀਕਾ ਸ਼ੁਰੂ ਤੋਂ ਹੀ ਇਸ ਤੱਥ ਤੋਂ ਅੱਖਾਂ ਚਰਾਉਂਦਾ ਰਿਹਾ ਤੇ ਸਭ ਲਈ ਇੱਕ ਮਾਪਦੰਡ ਦੀ ਹੀ ਵਕਾਲਤ ਕਰਦਾ ਆ ਰਿਹਾ ਸੀ। ਕਾਨਕੂੰਨ ਵਿੱਚ ਉਹ ਇਸ ਗੱਲ ਨੂੰ ਠੋਸਣ 'ਚ ਕਾਫੀ ਹੱਦ ਤੱਕ ਸਫਲ ਰਿਹਾ।

* ਸ਼ੁਰੂਆਤੀ ਬਹਿਸਾਂ 'ਚ ਧਰਤੀ ਦਾ ਤਾਪਮਾਨ 1.5 ਡਿਗਰੀ ਸੈਲਸੀਅਸ ਤੋਂ ਵਧ ਨਾ ਵਧਣ ਦੇਣ 'ਤੇ ਲਗਭਗ 100 ਦੇਸ਼ ਰਾਜੀ ਸਨ। ਕੋਪਨਹੇਗਨ 'ਚ ਇਸ ਨੂੰ ਵਧਾ ਕੇ ਦੋ ਡਿਗਰੀ ਸੈਲਸੀਅਸ ਕਰਨ ਦਾ ਮਸੌਦਾ ਰੱਖਿਆ ਗਿਆ। ਕਾਨਕੂੰਨ ਤੱਕ ਆਉਂਦੇ-ਆਉਂਦੇ ਕਈ ਦੇਸ਼ ਇਸ 'ਤੇ ਸਹਿਮਤ ਹੁੰਦੇ ਗਏ। ਇਸ ਤਰ੍ਹਾਂ ਇਸ ਸੰਮੇਲਨ ਵਿੱਚ ਕਵੇਟੋ ਪ੍ਰੋਟੋਕੋਲ ਦੇ ਜ਼ਰੀਏ ਧਨੀ ਦੇਸ਼ਾਂ ਨੇ ਜੋ ਅੱਧੀ ਅਧੂਰੀ ਪ੍ਰਤੀਬੱਧਤਾ ਦੁਹਰਾਈ ਸੀ, ਉਸ ਤੋਂ ਵੀ ਉਹਨਾਂ ਨੇ ਪੱਲਾ ਝਾੜ ਦਿੱਤਾ। ਜੋ ਪਾੜੋ ਤੇ ਰਾਜ ਕਰੋ (ਸਾਮ-ਦਾਮ-ਦੰਡ-ਭੇਦ) ਦੀ ਅਮਰੀਕੀ ਨੀਤੀ ਦਾ ਸਿੱਟਾ ਹੈ। ਹੁਣ ਸਾਮਰਾਜੀ ਦੇਸ਼ਾਂ ਨੂੰ ਇਸ ਪ੍ਰੋਟੋਕੋਲ ਤੋਂ ਛੁਟਕਾਰਾ ਮਿਲ ਗਿਆ ਜਿਸ ਨਾਲ ਹਰ ਦੇਸ਼ ਲਈ ਨਿਸ਼ਚਿਤ ਮਾਤਰਾ ਤੇ ਨਿਸ਼ਚਿਤ ਸਮੇਂ 'ਚ ਉਤਸਰਜਨ ਕਟੌਤੀ ਕਰਨ ਦੀ ਕਾਨੂੰਨੀ ਬੰਦਸ਼ ਤਹਿ ਕੀਤੀ ਗਈ ਸੀ। ਮਨੁੱਖ ਧ੍ਰੋਹੀ, ਆਤਮਘਾਤੀ ਤੇ ਪਰ ਜੀਵੀ ਧਨੀ ਦੇਸ਼ ਘੱਟ ਕਾਰਬਨ ਤਕਨੋਲੋਜੀ ਦਾ ਵਿਕਾਸ ਕਰਨ, ਬੇਹਿਸਾਬ ਖਪਤ ਤੇ ਲਗਾਮ ਲਾਉਣ ਅਤੇ ਆਪਣੀ

ਐਸ਼ੋ ਇਸ਼ਰਤ ਦੀ ਜੀਵਨ ਸ਼ੈਲੀ ਨੂੰ ਬਦਲਣ ਲਈ ਤਿਆਰ ਨਹੀਂ ਹਨ ਤੇ ਉਹਨਾਂ ਨੂੰ ਕਿਸੇ ਦੀ ਪ੍ਰਵਾਹ ਵੀ ਨਹੀਂ ਹੈ। ਭਾਵੇਂ ਧਰਤੀ ਤਬਾਹ ਹੋ ਜਾਵੇ, ਜਲ ਕੇ ਸੁਆਹ ਬਣ ਜਾਵੇ। ਜੇ ਵਾਯੂ ਮੰਡਲ ਦਾ ਤਾਪਮਾਨ 2 ਡਿਗਰੀ ਸੈਲਸੀਅਸ ਤੋਂ ਵੱਧ-ਵੱਧ ਜਾਂਦਾ ਹੈ, ਜੋ ਸਥਿਤੀ ਕੋਪੇਟਹੇਗਨ ਸਮਝੌਤੇ ਦੇ ਕਾਰਨ ਪੈਦਾ ਹੋ ਸਕਦੀ ਹੈ ਤਾਂ 50 ਫੀਸਦੀ ਸੰਭਾਵਨਾ ਇਹੀ ਹੈ ਕਿ ਸਾਡੀ ਧਰਤੀ ਮਾਂ ਨੂੰ ਇਸ ਤੋਂ ਜੋ ਨੁਕਸਾਨ ਹੋਵੇਗਾ ਉਸ ਦੀ ਪੂਰਤੀ ਪੂਰੀ ਤਰ੍ਹਾਂ ਅਸੰਭਵ ਹੋਵੇਗੀ।

20 ਤੋਂ 30 ਫੀਸਦੀ ਪ੍ਰਜਾਤੀਆਂ ਦੇ ਅਲੋਪ ਹੋਣ ਦਾ ਖਤਰਾ ਪੈਦਾ ਹੋ ਜਾਵੇਗਾ। ਵੱਡੇ ਪੈਮਾਨੇ ’ਤੇ ਜੰਗਲ ਅਸਰਅੰਦਾਜ਼ ਹੋਣਗੇ ਹੜ੍ਹ ਤੇ ਸੋਕਾ ਇਸ ਗ੍ਰਹਿ ਦੇ ਵੱਖ-ਵੱਖ ਖੇਤਰਾਂ ਨੂੰ ਪ੍ਰਭਾਵਿਤ ਕਰਨਗੇ, ਰੇਗਿਸਤਾਨ ਦਾ ਫੈਲਾਅ ਹੋਵੇਗਾ ਅਤੇ ਧਰੁਵਾਂ ਦੇ ਹਿਮਸ਼ਿਖਰ ਅਤੇ ਹਿਮਾਲਿਆ ਤੇ ਇੰਡੀਜ਼ ਦੇ ਗਲੇਸ਼ੀਅਰ ਹੋਰ ਬੁਰੀ ਤਰ੍ਹਾਂ ਪਿਘਲਨ ਲੱਗਣਗੇ। ਬਹੁਤ ਸਾਰੇ ਦੀਪ-ਦੇਸ਼ ਗਾਇਬ ਹੋ ਜਾਣਗੇ ਤੇ ਅਫਰੀਕਾ ਨੂੰ ਤਿੰਨ ਡਿਗਰੀ ਸੈਲਸੀਅਸ ਤੋਂ ਵੀ ਵੱਧ ਤਾਪਮਾਨ ਵਾਧੇ ਦਾ ਸ਼ਿਕਾਰ ਹੋਣਾ ਪਵੇਗਾ। ਇਸ ਤਰ੍ਹਾਂ ਦੁਨੀਆਂ ਦੀ ਅਨਾਜ ਪੈਦਾਵਾਰ ਘਟ ਜਾਵੇਗੀ ਅਤੇ ਦੁਨੀਆਂ ’ਚ ਭੁਖਮਰੀ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਜੋ ਪਹਿਲਾਂ ਹੀ 1.02 ਅਰਬ ਦਾ ਅੰਕੜਾ ਪਾਰ ਕਰ ਚੁੱਕੀ ਹੈ, ਅਚਾਨਕ ਤੇਜ਼ੀ ਨਾਲ ਵਧ ਜਾਵੇਗੀ। ਮਨੁੱਖਤਾ ਅੱਜ ਇੱਕ ਭਾਰੀ ਦੁਚਿਤੀ ਦਾ ਸਾਹਮਣਾ ਕਰ ਰਹੀ ਹੈ। ਪੂੰਜੀਵਾਦ-ਲੁੱਟਮਾਰ ਤੇ ਮੌਤ ਦੇ ਰਾਹ ਉਪਰ ਅੱਗੇ ਵਧਣਾ ਜਾਰੀ ਰੱਖੇ ਜਾਂ ਕੁਦਰਤ ਦੇ ਨਾਲ ਦੋਸਤੀ ਤੇ ਜੀਵਨ ਪ੍ਰਤੀ ਮਾਨ ਸਨਮਾਨ ਦਾ ਰਾਹ ਅਪਣਾਵੇ। ਇੱਕ ਅਜਿਹੀ ਪ੍ਰਣਾਲੀ ਦੀ ਉਸਾਰੀ ਕਰਨੀ ਬੇਹੱਦ ਜ਼ਰੂਰੀ ਹੈ ਜੋ ਕੁਦਰਤ ਦੇ ਨਾਲ ਤੇ ਮਾਨਵ ਜਾਤੀ ਵਿਚਕਾਰ ਆਪਸੀ ਤਾਲਮੇਲ ਲਈ ਫਿਰ ਤੋਂ ਬਹਿਸ ਕਰੇ। ਕੁਦਰਤ ਨਾਲ ਸੰਤੁਲਨ ਕਾਇਮ ਕਰਨ ਲਈ ਮਨੁੱਖ ਜਾਤੀ ’ਚ ਬਰਾਬਰੀ ਦਾ ਹੋਣਾ ਲਾਜ਼ਮੀ ਹੈ। ਅਸੀਂ ਵਿਸ਼ਵ ਜਾਗਰਣ ਦੇ ਸਾਹਮਣੇ ਤੇ ਹਰ ਦੇਸ਼ ਦੇ ਮੂਲ ਨਿਵਾਸੀਆਂ ਦੇ ਗਿਆਨ, ਵਿਵੇਕ ਤੇ ਰੀਤੀ-ਰਿਵਾਜਾਂ ਨੂੰ ਹੋਰ ਵੱਧ ਖੁਸ਼ਹਾਲ ਕਰਨ ਤੇ ਮਜ਼ਬੂਤੀ ਮੁਹਈਆ ਕਰਨ ਦਾ ਪ੍ਰਸਤਾਵ ਰੱਖਦੇ ਹਾਂ। ਮੂਲ ਨਿਵਾਸੀ “ਅੱਛੀ ਜ਼ਿੰਦਗੀ” ਦੇ ਵਿਚਾਰ ਤੇ ਵਿਹਾਰ ’ਚ ਪੂਰੀ ਤਰ੍ਹਾਂ ਵਿਸਵਾਸ਼ ਰੱਖਦੇ ਹਨ। ਜਲਵਾਯੂ ਤਬਦੀਲੀ ਦਾ ਸਾਹਮਣਾ ਕਰਨ ਲਈ ਸਾਨੂੰ ਧਰਤੀ ਮਾਂ ਨੂੰ ਜੀਵਨ ਦਾ ਸ੍ਰੋਤ ਮੰਨਦੇ ਹੋਇਆਂ ਅਤੇ ਮਨੁੱਖ ਪੱਖੀ ਸਿਧਾਂਤ ’ਤੇ ਅਧਾਰਤ ਇੱਕ ਨਵੀਂ ਵਿਵਸਥਾ ਦੀ ਉਸਾਰੀ ਕਰਨੀ ਜ਼ਰੂਰੀ ਹੈ।

# ਗਾਇਬ ਹੁੰਦੇ ਗਲੇਸ਼ੀਅਰ ਤੇ ਮਰਦੀਆਂ ਨਦੀਆਂ

ਗਲੇਸ਼ੀਅਰ ਜਲਵਾਯੂ ਤਬਦੀਲੀ ਪ੍ਰਤੀ ਬੇਹੱਦ ਸੰਵੇਦਨਸ਼ੀਲ ਤੇ ਉਸ ਦੇ ਸਹੀ ਸੂਚਕ ਹੁੰਦੇ ਹਨ। ਜਦ ਜਲਵਾਯੂ ਠੰਡਾ ਹੋਵੇ ਤਾਂ ਇਹ ਫੈਲਦੇ ਹਨ ਤੇ ਜਦ ਗਰਮ ਹੋਵੇ ਤਾਂ ਇਹ ਸੁੰਗੜਦੇ ਹਨ। ਇੱਕ ਅਧਿਐਨ ਅਨੁਸਾਰ ਦੁਨੀਆਂ ਦੇ ਲਗਭਗ ਇੱਕ ਲੱਖ ਗਲੇਸ਼ੀਅਰਾਂ ਦਾ ਖੇਤਰਫਲ 1980 ਤੋਂ ਲਗਾਤਾਰ ਸੁੰਗੜਦਾ ਜਾ ਰਿਹਾ ਹੈ। ਹਿਮਾਚਲ ਦੇ ਗਲੇਸ਼ੀਅਰ ਪਿਘਲਨ ਨਾਲ ਆਸ ਪਾਸ ਦੇ ਇਲਾਕੇ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ। ਆਈ. ਪੀ. ਸੀ. ਸੀ. ਦੀ ਚੌਥੀ ਮੁਲ ਅੰਕਨ ਰੀਪੋਟ 'ਚ ਦੱਸਿਆ ਗਿਆ ਹੈ ਕਿ ਦੁਨੀਆਂ 'ਚ ਸਭ ਤੋਂ ਤੇਜ਼ੀ ਨਾਲ ਫੈਲਣ ਵਾਲੇ ਹਿਮਾਲਿਆ ਦੇ ਗਲੇਸ਼ੀਅਰ ਹਨ, ਜੇ ਇਹ ਇਸੇ ਰਫਤਾਰ ਨਾਲ ਪਿਘਲਦੇ ਰਹੇ ਤਾਂ ਸੰਨ 2085 ਤੱਕ ਜਾਂ ਤਾਂ ਅਲੋਪ ਹੋ ਜਾਣਗੇ ਜਾਂ ਸ਼ਾਇਦ 5 ਲੱਖ ਵਰਗ ਕਿਲੋ ਮੀਟਰ ਦੇ ਮੌਜੂਦਾ ਖੇਤਰਫਲ ਦਾ ਸਿਰਫ ਪੰਜਵਾ ਹਿੱਸਾ ਹੀ ਬਚਿਆ ਰਹਿ ਜਾਵੇਗਾ। ਨਤੀਜਾ ਇਹ ਹੈ ਕਿ ਅੱਗੇ ਚਲ ਕੇ ਇਸ ਇਲਾਕੇ ਦੀਆਂ ਸਦਾ ਨੀਮ ਨਦੀਆਂ ਬਰਸਾਤੀ ਨਾਲਿਆਂ 'ਚ ਬਦਲ ਜਾਣਗੀਆਂ, ਆਈ. ਪੀ. ਸੀ. ਸੀ. ਦੇ ਇਹ ਅਨੁਮਾਨ ਵਿਵਾਦਾਂ ਦੇ ਘੇਰੇ ਵਿੱਚ ਹਨ ਤੇ ਸ਼ਾਇਦ ਇਸ ਵਿੱਚ ਤੁਰੱਟੀਆਂ ਵੀ ਹੋਣ ਪਰ ਇਹ ਤੱਥ ਸਪੱਸ਼ਟ ਹੈ ਕਿ ਪਿਛਲੇ ਸੌ ਸਾਲਾਂ ਵਿੱਚ ਹਿਮਾਲਿਆ ਦੇ ਨਾਲ-ਨਾਲ ਭਾਰਤ ਦੇ ਹੋਰਨਾਂ ਭਾਗਾਂ ਦਾ ਔਸਤਨ ਤਾਪਮਾਨ 1.012 ਤੋਂ 0.57 ਡਿਗਰੀ ਸੈਲਸ਼ੀਅਸ ਵਧ ਚੁੱਕਿਆ ਹੈ। ਤੇ ਹਿਮਾਚਲ ਦੇ ਗਲੈਸੀਅਰ ਤੇਜੀ ਨਾਲ ਪਿਘਲ ਰਹੇ ਹਨ। ਪਿਛਲੇ 61 ਸਾਲਾਂ 'ਚ ਗੰਗੋਤਰੀ ਗਲੇਸ਼ੀਅਰ ਹਰ ਸਾਲ 18.8 ਮੀਟਰ ਦੀ ਦਰ ਨਾਲ ਪਿਘਲ ਰਿਹਾ ਹੈ। ਜਿਸ ਨਾਲ ਇਸ ਦਾ ਖੇਤਰਫਲ 1.147 ਵਰਗ ਕਿਲੋ ਮੀਟਰ ਘੱਟ ਹੋ ਗਿਆ ਹੈ। ਬਰਫ਼ ਪਿਘਲਨ ਦੀ ਤੇਜ ਰਫਤਾਰ ਕਾਰਣ ਹੀ ਗੰਗਾ ਨਦੀ ਗਲੇਸ਼ੀਅਰ ਦੇ ਹੇਠਾਂ ਤੋਂ ਨਹੀਂ ਬਲਕਿ ਸਤਹਿ ਦੇ ਉਪਰੋਂ ਵਗ ਰਹੀ ਹੈ। 50 ਕਰੋੜ ਲੋਕਾਂ ਲਈ ਇਹ ਜੀਵਨ ਦਾਨੀ ਹਿਮਾਲੀਆਂ ਦੀਆਂ ਨਦੀਆਂ ਹੋਂਦ ਦੇ ਸੰਕਟ ਨਾਲ ਜੂਝ ਰਹੀਆਂ ਹਨ। ਇਹਨਾਂ ਤੋਂ ਨਿਕਲਣ ਵਾਲੀ ਯਮੁਨਾ, ਗੰਗਾ, ਬ੍ਰਹੱਮਪੁਤਰਾ ਤੇ ਸਿੰਧੂ ਨਦੀਆਂ ਉਤਰ ਭਾਰਤ, ਬੰਗਲਾਦੇਸ਼ ਤੇ ਪਾਕਿਸਤਾਨ ਨੂੰ ਆਪਣੇ ਪਾਣੀ ਨਾਲ ਸਿੰਜਦੀਆਂ ਹਨ। ਪਰ ਤੇਜੀ ਨਾਲ ਪਿਘਲਦੇ ਗਲੇਸ਼ੀਅਰ ਤੇ ਵਧਦੇ ਪ੍ਰਦੂਸ਼ਣ ਨਾਲ ਨਦੀਆਂ ਦੇ ਪਾਣੀ ਦਾ ਪੱਧਰ ਤੇ ਗੁਣਵੰਣਤਾ 'ਚ ਕਮੀ ਆ ਰਹੀ ਹੈ। ਇਕ ਪੌਰਾਣਿਕ ਕਥਾ ਅਨੁਸਾਰ ਭਾਗੀਰਥ ਨੇ ਆਪਣੇ ਪੁਰਖਿਆਂ ਦਾ ਪਾਪ ਧੋਣ ਲਈ ਸ਼ਿਵਜੀ ਨੂੰ ਸਤਿਕਾਰਿਤ ਬੇਨਤੀ ਕਰਕੇ ਸਵਰਗ ਦੀ ਧੀ ਗੰਗਾ ਨੂੰ ਧਰਤੀ 'ਤੇ ਲਿਆਂਦਾ ਸੀ। ਅੱਜ ਉਸੇ ਗੰਗਾ ਦਾ ਪਵਿੱਤਰ ਪਾਣੀ ਪ੍ਰਦੂਸ਼ਣ ਦੀ ਮਾਰ ਹੇਠ ਆ ਕੇ ਪੀਣ ਲਾਇਕ ਵੀ ਨਹੀਂ ਰਹਿ ਗਿਆ ਹੈ। ਗੰਗਾ ਦੇ ਕੰਢੇ ਵਸੇ ਕਾਰਖਾਨਿਆਂ ਦਾ ਪ੍ਰਦੂਸ਼ਿਤ ਪਾਣੀ ਤੇ ਸ਼ਹਿਰਾਂ ਦੇ ਗੰਦੇ ਨਾਲੇ ਬਿਨਾਂ ਪਾਣੀ ਸੋਧਣ ਦੇ ਗੰਗਾ 'ਚ ਵਹਾ ਦਿੱਤੇ ਜਾਂਦੇ ਹਨ, ਜਿਸ ਕਾਰਨ ਇਹ ਗਟਰ ਵਿੱਚ ਤਬਦੀਲ ਹੁੰਦੀ ਜਾ ਰਹੀ ਹੈ। ਹੋਰ ਤਾਂ ਹੋਰ ਤੀਰਥ ਯਾਤਰੀਆਂ ਵੱਲੋਂ ਗੰਦਗੀ ਫੈਲਾਏ ਜਾਣ ਕਰਕੇ ਗੰਗਾ ਦਾ ਮੁਹਾਨਾ, ਗੰਗਤੋਰੀ ਵੀ ਸਾਫ਼-ਸੁਥਰਾ ਨਹੀਂ ਬਚਿਆ। ਹਿਮਾਚਲ ਦੀਆਂ ਨਦੀਆਂ 'ਤੇ ਬਣ ਰਹੇ ਵੱਡੇ-ਵੱਡੇ ਬੰਨ੍ਹਾਂ ਦੇ ਵਿਸ਼ਾਲ ਜਲਸਰੋਤਾਂ

ਨਾਲ ਪਹਾੜਾਂ ਦਾ ਸੰਤੁਲਨ ਵਿਗੜਨ ਲੱਗਿਆ ਹੈ ਜਿਸ ਨਾਲ ਧਰਤੀ ਦੇ ਅੰਦਰ ਉਥਲ ਪੁਥਲ ਦੀ ਸੰਭਾਵਨਾ ਵਧਦੀ ਜਾ ਰਹੀ ਹੈ। ਇੱਕ ਪਾਸੇ ਇਹ ਪੂਰਾ ਇਲਾਕਾ ਭੁਚਾਲ ਸੰਵੇਦੀ ਹੋ ਗਿਆ ਹੈ। ਦੂਜੇ ਪਾਸੇ ਪਾਲਾ ਮਨੇਰੀ, ਲੋਹਾਰੀ ਨਾਗ ਤੇ ਟਿਹਰੀ ਦੇ ਬੰਨ੍ਹਾਂ ਨੇ ਹਜ਼ਾਰਾਂ ਏਕੜ, ਜੰਗਲ, ਖੇਤ ਤੇ ਚਰਾਂਦਾਂ ਡੁਬੋ ਕੇ ਨਸ਼ਟ ਕਰ ਦਿੱਤੀਆਂ ਹਨ ਤੇ ਸਥਾਨਕ ਲੋਕਾਂ ਨੂੰ ਉਜਾੜ ਦਿੱਤਾ ਹੈ। ਸਰਕਾਰ ਨਾ ਤਾਂ ਉਜੜੇ ਲੋਕਾਂ ਦਾ ਕੋਈ ਸਹੀ ਮੁੜ ਵਸੇਬਾ ਕਰ ਰਹੀ ਹੈ ਅਤੇ ਨਾ ਹੀ ਅਜਿਹੀਆਂ ਸੈਂਕੜੇ ਪ੍ਰੋਜੈਕਟਾਂ ਤੇ ਰੋਕ ਲਾ ਰਹੀ ਹੈ।

ਜਰਮਨੀ ਵਰਗੇ ਕਈ ਦੇਸ਼ਾਂ ਵਿੱਚ ਲੋਕ ਵੱਡੇ ਬੰਨ੍ਹਾਂ ਤੋਂ ਪ੍ਰੇਸ਼ਾਨ ਹਨ। ਇਸ ਦਾ ਕਾਰਨ ਉਥੇ ਸਿਲਟ (ਗਾਰ) ਜਮ੍ਹਾ ਹੋਣਾ ਇੱਕ ਵੱਡੀ ਸਮੱਸਿਆ ਹੈ ਜਿਸ ਦੀ ਸਫਾਈ ਦੌਰਾਨ ਮੱਛੀਆਂ ਮਰ ਰਹੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਵੱਡੇ ਬੰਨ੍ਹ ਵਿਕਾਸ ਦੇ ਮਾਡਲ ਨਹੀਂ ਹੋ ਸਕਦੇ। ਇਸ ਦਾ ਜਬਰਦਸ਼ਤ ਵਿਰੋਧ ਹੋਇਆ ਹੈ। ਤੇ ਇਸ ਖਿਲਾਫ਼ ਵੱਡੇ-ਵੱਡੇ ਸੰਘਰਸ਼ ਵੀ ਹੋਏ ਹਨ। ਪਰ ਆਪਣੇ ਸੌੜੇ ਸੁਆਰਥਾਂ ਕਾਰਨ ਹਾਕਮ ਜਮਾਤ ਇਸ ਨੂੰ ਲਗਾਤਾਰ ਹੱਲਾਸ਼ੇਰੀ ਦੇ ਕੇ ਵਿਨਾਸ਼ ਨੂੰ ਸੱਦਾ ਦੇ ਰਹੀ ਹੈ। ਹਿਮਾਚਲ ਦੀਆਂ ਪਹਾੜੀਆਂ ’ਤੇ ਬਰਫ਼ ਬਾਰੀ ਘੱਟ ਹੋਣ ਕਰਕੇ ਪਾਣੀ ਦੇ ਚਸ਼ਮੇ, ਝਰਨੇ ਤੇ ਝੀਲਾਂ ਸੁਕਦੀਆਂ ਜਾ ਰਹੀਆਂ ਹਨ। ਵੱਡੇ ਗਲੇਸ਼ੀਅਰਾਂ ਦੇ ਮੁਕਾਬਲੇ ਛੋਟੇ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਭਾਰਤੀ ਅੰਤਰਿਕਸ਼ ਖੋਜ ਸੰਗਠਨ (ਇਸਰੋ) ਦੇ ਇੱਕ ਅਧਿਐਨ ਮੁਤਾਬਕ ਹਿਮਾਚਲ ਪ੍ਰਦੇਸ਼ ’ਚ ਸੰਨ 1962 ਤੋਂ 2006 ਵਿਚਕਾਰ ਚੇਨਾਬ, ਪਾਰਵਤੀ ਤੇ ਬਾਸਪਾ ਦੀ ਖਾੜੀ ਦੇ ਗਲੇਸ਼ੀਅਰਾਂ ਦਾ ਪੰਜਵਾਂ ਭਾਗ ਅਲੋਪ ਹੋ ਗਿਆ। ਜਿਸ ਨਾਲ 395 ਵਰਗ ਕਿਲੋਮੀਟਰ ਖੇਤਰ ਦੀ ਬਰਫ ਪਿਘਲ ਕੇ ਖਤਮ ਹੋ ਚੁੱਕੀ ਹੈ। ਘੱਟ ਸਰਦੀ ਹਲਕੀ ਬਰਫ਼ਬਾਰੀ ਤੇ ਖਾਰਦੂੰਗ ਗਲੇਸ਼ੀਅਰ ਦਾ ਪਤਲਾ ਹੋਣਾ ਲਦਾਖ ਵਿੱਚ ਗਲੋਬਲ ਵਾਰਮਿੰਗ ਦੇ ਵਧਦੇ ਮਾੜੇ ਅਸਰ ਵੱਲ ਸੰਕੇਤ ਕਰ ਰਹੇ ਹਨ। ਇੱਕ ਜ਼ਮਾਨਾ ਸੀ ਜਦ ਇੱਥੋਂ ਦੀਆਂ ਦੁਰਗਮ ਬਰਫੀਲੀਆਂ ਪਹਾੜੀਆਂ ’ਤੇ ਪੁੱਜਣਾ ਮੌਤ ਨੂੰ ਸੱਦਾ ਦੇਣ ਬਰਾਬਰ ਹੁੰਦਾ ਸੀ। ਉਥੇ ਪਹੁੰਚਦੇ-ਪਹੁੰਚਦੇ ਨਸਾਂ ਅੰਦਰਲਾ ਖ਼ੂਨ ਜੰਮਣ ਲੱਗਦਾ ਸੀ। ਜਦਕਿ ਅੱਜ ਉੱਥੇ ਲੋਕ ਅਸਾਨੀ ਨਾਲ ਟਰੇਨਿੰਗ ਕਰ ਰਹੇ ਹਨ। ਭਾਰਤ ਤੇ ਪਾਕਿਸਤਾਨ ਲਈ ਇਹ ਲੱਛਣ ਸ਼ੁਭ ਨਹੀਂ ਹਨ ਕਿਉਂਕਿ ਇਹਨਾਂ ਗਲੇਸ਼ੀਅਰਾਂ ਤੋਂ ਨਿਕਲਣ ਵਾਲੀਆਂ ਨਦੀਆਂ ਇਹਨਾਂ ਦੇਸ਼ਾਂ ਦੇ ਕਰੋੜਾਂ ਲੋਕਾਂ ਦੀ ਪਿਆਸ ਬੁਝਾਉਂਦੀਆਂ ਹਨ। ਕਾਰਾਕੋਰਮ ਦੇ ਗਲੇਸ਼ੀਅਰ 15-20 ਮੀਟਰ ਸਲਾਨਾ ਦੀ ਰਫ਼ਤਾਰ ਨਾਲ ਪਿੱਛੇ ਹਟ ਰਹੇ ਹਨ। ਇਥੇ ਪਾਣੀ ਦੀ ਉਪਲੱਭਤਾ 1947 ਵਿੱਚ 56 ਲੱਖ ਲਿਟਰ ਫੀ ਵਿਅਕਤੀ ਸੀ ਜੋ ਘੱਟ ਕੇ 2005 ’ਚ 12 ਲੱਖ ਲਿਟਰ ਹੀ ਰਹਿ ਗਈ। ਪਾਕਿਸਤਾਨ ਦੀਆਂ 45 ਨਹਿਰਾਂ ਦੀ ਹਾਲਤ ਖਸਤਾ ਹੈ ਅਤੇ ਸਿੰਧੂ ਨਦੀ ਦੇ ਬੰਨ੍ਹਾ ਦੇ ਪਾਣੀਆਂ ’ਚ ਗਾਰ ਜਮ੍ਹਾ ਹੋਣ ਕਰਕੇ ਉਹਨਾਂ ਝੀਲਾਂ ਦੀ ਪਾਣੀ ਸਾਂਭਣ ਦੀ ਸਮਰੱਥਾ ਅੱਧੀ ਰਹਿ ਗਈ ਹੈ।

ਪੰਜਾਬ ਤੇ ਹਰਿਆਣਾ ਦੇ ਧਰਤੀ ਹੇਠਲੇ ਪਾਣੀ ਦੀ ਲੁੱਟ ਕਾਰਨ ਸਥਿਤੀ ਕਾਫੀ ਖਰਾਬ ਹੈ। ਗਲੇਸ਼ੀਅਰ ਤੋਂ ਮਿਲਣ ਵਾਲੇ ਨਦੀ ਪਾਣੀ ਦੀ ਘਾਟ ਕਰਕੇ ਉਥੇ ਦੂਹਰੀ ਮਾਰ ਪਵੇਗੀ। ਇਸ ਨੂੰ ਦੇਖਦੇ ਹੋਇਆਂ ਕਿਹਾ ਜਾ ਰਿਹਾ ਹੈ ਕਿ ਆਉਣ ਵਾਲੇ ਸਮੇਂ ’ਚ ਪੀਣ ਵਾਲਾ ਪਾਣੀ ਸਭ ਤੋਂ ਦੁਰਲੱਭ ਚੀਜ਼ ਹੋਵੇਗੀ ਤੇ ਇਸ ’ਤੇ ਕਬਜੇ

ਲਈ ਲੋਕਾਂ ਦਰਮਿਆਨ ਦੰਗੇ ਹੋਇਆ ਕਰਨਗੇ। ਪਹਿਲਾਂ ਲਦਾਖ 'ਚ ਜੋ ਚੁਕੰਦਰ, ਨੋਲ-ਖੋਲ ਤੇ ਸ਼ਲਗਮ ਵਰਗੀਆਂ, ਸਬਜੀਆਂ ਹੀ ਉਗਦੀਆਂ ਸਨ ਪਰ ਜਲਵਾਯੂ ਗਰਮ ਹੋਣ ਕਰਕੇ ਹੁਣ ਉਥੇ ਬੈਂਗਣ, ਪਹਾੜੀ ਮਿਰਚ ਤੇ ਟਮਾਟਰ ਦੀ ਖੇਤੀ ਵੀ ਹੋਣ ਲੱਗੀ ਹੈ। ਇੱਥੋਂ ਤੱਕ ਕਿ 9000 ਫੁੱਟ ਦੀ ਉਚਾਈ 'ਤੇ ਉਗਣ ਵਾਲੇ ਸੇਬ ਤੇ ਖ਼ੁਬਾਨੀ ਹੁਣ ਲਦਾਖ ਦੇ 12000 ਫੁਟ ਉਚੇ ਪਹਾੜਾਂ 'ਤੇ ਵੀ ਉਗਾਏ ਜਾ ਰਹੇ ਹਨ। ਪ੍ਰਵਾਸੀ ਪੰਛੀਆਂ ਨੇ ਗਰਮੀ ਵਧਣ ਕਾਰਨ ਇੱਥੇ ਆਉਣ ਦਾ ਸਮਾਂ ਬਦਲ ਲਿਆ ਹੈ ਅਤੇ ਘੱਟ ਬਰਫਬਾਰੀ ਦੇ ਕਾਰਨ ਘਾਹ ਦੇ ਮੈਦਾਨ 'ਚ ਲੰਮੇ ਅਰਸੇ ਤਾਂ ਘਾਹ ਮਿਲਦਾ ਰਹਿੰਦਾ ਹੈ। ਏਸ਼ੀਆ ਦੇ ਖੂੰਖਾਰ ਭੂਰੇ ਬਦਲਾਂ 'ਚ ਕਾਰਖਾਨਿਆਂ 'ਚੋਂ ਨਿਕਲਣ ਵਾਲੇ ਧੂੰਏ ਦੇ ਕਾਲੇ ਤੇ ਛੋਟੇ ਕਣ ਹੁੰਦੇ ਹਨ ਜੋ ਸੂਰਜ ਦੀ ਤਪਸ਼ ਨੂੰ ਭਾਰਤ 'ਤੇ ਵਾਪਸ ਭੇਜ ਕੇ ਪੁਲਾੜ 'ਚ ਵਾਪਸ ਮੋੜਨ ਦੀ ਬਜਾਏ ਉਹਨਾਂ ਨੂੰ ਰੋਕ ਲੈਂਦੇ ਹਨ। ਇਸ ਨਾਲ ਸਰਦੀ ਦਾ ਮੌਸਮ ਗਰਮ ਹੋ ਜਾਂਦਾ ਹੈ ਅਤੇ ਗਲੇਸ਼ੀਅਰ ਦੇ ਪਿਘਲਨ 'ਚ ਸਹਾਈ ਹੁੰਦਾ ਹੈ। ਨੇਪਾਲ, ਭੂਟਾਨ ਤੇ ਤਿਬਤ ਵਿਚਕਾਰ ਸਥਿਤ ਕੰਚਨ ਜੰਗਾ ਦੀਆਂ ਖ਼ੂਬਸੂਰਤ ਪਹਾੜੀਆਂ ਨਾਲ ਘਿਰਿਆ ਸਿਕਮ ਵੀ ਜਲਵਾਯੂ ਦੀ ਭਿਅੰਕਰਤਾ ਤੋਂ ਨਹੀਂ ਬਚ ਸਕਿਆ ਹੈ। ਸੰਨ 2000 ਤੋਂ 2002 ਵਿਚਕਾਰ ਜਦੋਂ ਉਥੇ ਸੋਕਾ ਪਿਆ ਤਾਂ ਇਲਾਚੀਆਂ ਦੇ ਪੌਦਿਆਂ ਦੀਆਂ ਡਾਲੀਆਂ ਕੰਮਜ਼ੋਰ ਹੋ ਗਈਆਂ ਅਤੇ ਮੌਸਮ 'ਚ ਨਮੀ ਆਉਣ 'ਤੇ ਉਹਨਾਂ ਡਾਲੀਆਂ 'ਤੇ ਉਲ੍ਹੀ ਦਾ ਹਮਲਾ ਹੋ ਗਿਆ। ਅੰਗਸਾਰੀ ਦੀ ਇਸ ਬੀਮਾਰੀ ਕਾਰਨ ਇਲਾਚੀ ਦੀ ਪੈਦਾਵਾਰ 30 ਤੋਂ 50 ਫੀਸਦੀ ਤੱਕ ਘੱਟ ਗਈ। ਇਲਾਚੀ ਦੀ ਖੇਤੀ ਕਰਨ ਵਾਲੇ ਕਿਸਾਨ ਦਰ-ਦਰ ਦੀਆਂ ਠੋਹਕਰਾਂ ਖਾਣ ਤੇ ਦਿਹਾੜੀ ਮਜ਼ਦੂਰੀ ਕਰਨ ਲਈ ਮਜ਼ਬੂਰ ਹੋ ਗਏ। ਸੈਲਾਨੀਆਂ ਲਈ ਮਨੋਰਮ ਕੁਦਰਤ ਦਾ ਛਟਾ ਬਿਖੇਰਨ ਵਾਲੇ ਸਿਕਮ ਦੀ ਜੈਵ ਵਿਭੰਨਤਾ ਅੱਜ ਖਤਰੇ ਵਿੱਚ ਹੈ। ਪ੍ਰਕ੍ਰਿਤੀ ਤੇ ਸਹਿਚਰ ਸਿਕਮ ਨਿਵਾਸੀ ਲਾਚਾਰ ਹਨ। ਸਿਕਮ ਦੇ ਤਾਪਮਾਨ ਤੇ ਸਲਾਨਾ ਬਾਰਸ 'ਚ ਭਾਰੀ ਰੁਕਾਵਟ ਹੋਈ ਹੈ, 20 ਸਾਲ ਪਹਿਲਾਂ ਜਿਸ ਥਾਂ ਇੱਕ ਫੁੱਟ ਬਰਫ ਹੁੰਦੀ ਸੀ, ਅੱਜ ਉਥੇ ਬਰਫਬਾਰੀ ਦਾ ਨਾਮੋਨਿਸ਼ਾਨ ਨਹੀਂ ਹੈ। ਬਨਸਪਤੀਆਂ 'ਤੇ ਇਸ ਦਾ ਘਾਤਕ ਪ੍ਰਭਾਵ ਪੈ ਰਿਹਾ ਹੈ। ਪਹਿਲਾਂ ਹੌਲੀ-ਹੌਲੀ ਬਰਫ ਪਿਘਲਕੇ ਮਿੱਟੀ ਨੂੰ ਨਮ ਤੇ ਤਾਕਤਵਰ ਬਣਾਉਂਦੀ ਸੀ ਪਰ ਅੱਜ ਬਰਫ ਦੀ ਘਾਟ, ਤੇਜ਼ ਹਵਾ ਤੇ ਭਾਰੀ ਬਾਰਸ਼ ਦੇ ਕਾਰਨ ਮਿੱਟੀ ਨੂੰ ਖੋਰਾ ਲੱਗ ਰਿਹਾ ਹੈ ਅਤੇ ਉਸ ਦੀ ਉਪਜਾਊ ਸ਼ਕਤੀ ਘਟਦੀ ਜਾ ਰਹੀ ਹੈ। ਉਥੇ ਮੱਕੀ ਦੀ ਬਿਜਾਈ ਤੇ ਫੁਲਾਂ ਦਾ ਮੌਸਮ ਵੀ ਬਦਲ ਗਿਆ ਹੈ। ਠੰਡ ਘੱਟ ਹੋਣ ਕਰਕੇ ਉਨੀ ਕੱਪੜਿਆਂ ਦੀ ਮੰਗ ਤੇ ਉਸਦੀ ਪੈਦਾਵਾਰ 'ਚ ਗਿਰਾਵਟ ਆਈ ਹੈ। ਸਿਲ੍ਹ ਤੇ ਗਰਮ ਮੌਸਮ ਦਾ ਫਾਇਦਾ ਉਠਾ ਕੇ ਉਥੇ ਮੱਛਰ ਵੀ ਅੱਤ ਚੁੱਕ ਰਹੇ ਹਨ। ਇਸ ਤਰ੍ਹਾਂ ਗਰਮੀ ਵਧਣ ਨਾਲ ਉਥੋਂ ਦੀ ਜੀਵਨਸ਼ੈਲੀ ਸਭਿਆਚਾਰ ਪੈਦਾਵਾਰ ਦਾ ਕਾਰਜ ਤੇ ਵਪਾਰ ਵੀ ਪ੍ਰਭਾਵਿਤ ਹੋ ਰਿਹਾ ਹੈ। ਭਵਿੱਖ 'ਚ ਸਿਕਮ ਦੇ ਤੇਜੀ ਨਾਲ ਪਿਘਲਦੇ ਜਾ ਜੇ 84 ਗਲੇਸ਼ੀਅਰ ਤਬਾਹੀ ਤੇ ਬਰਾਬਾਦੀ ਦਾ ਸਵੱਬ ਬਣ ਸਕਦੇ ਹਨ। ਸੰਨ 1990 'ਚ ਜੇਮੂ ਗਲੇਸ਼ੀਅਰ ਦੇ ਪਿਘਲਨ ਨਾਲ ਆਏ ਹੜ੍ਹ ਨੇ ਪੂਰੀ ਘਾਟੀ 'ਚ ਤਬਾਹੀ ਮਚਾਈ ਸੀ।

# ਖੇਤੀ ਤੇ ਜਲਵਾਯੂ ਤਬਦੀਲੀ ਦਾ ਆਪਸੀ ਰਿਸ਼ਤਾ

ਖੇਤੀ 'ਚ ਰਸਾਇਣਕ ਖਾਦ ਤੇ ਡੀਜ਼ਲ ਦੀ ਵਰਤੋਂ ਤੇ ਫਸਲਾਂ ਤੋਂ ਨਿਕਲਦੀ ਕਾਰਬਨ ਡਾਈਅਸਾਈਡ ਦੀ ਮਾਤਰਾ ਕਾਰਨ ਗਲੋਬਲ ਵਾਰਮਿੰਗ 'ਚ ਬਹੁਤ ਵੱਧ ਵਾਧਾ ਹੋਇਆ ਹੈ ਕਿਉਂਕਿ ਦਰੱਖਤ-ਪੌਦੇ ਉਸ ਨੂੰ ਸੋਕ ਕੇ ਉਸ ਦੇ ਅਸਰ ਨੂੰ ਘੱਟ ਕਰ ਦਿੰਦੇ ਹਨ। ਨਾਲ ਹੀ ਇਨਸਾਨ ਦੀ ਹੋਂਦ ਦੀ ਸ਼ਰਤ ਹੋਣ ਕਰਕੇ ਖੇਤੀ ਤੋਂ ਨਿਕਲਣ ਵਾਲੇ ਕਾਰਬਨ ਡਾਈਕਸਾਈਡ ਰਸਾਅ ਨੂੰ ਪੂਰੀ ਤਰ੍ਹਾਂ ਰੋਕ ਸਕਣਾ ਸੰਭਵ ਨਹੀਂ ਹੈ। ਪਰ ਇਸ ਨੂੰ ਕਾਫ਼ੀ ਹੱਦ ਤੱਕ ਨਿਯੋਜਿਤ ਤੇ ਕੰਟਰੋਲ ਕੀਤਾ ਜਾ ਸਕਦਾ ਹੈ। ਖੇਤੀ 'ਤੇ ਜਲਵਾਯੂ ਤਬਦੀਲੀ ਦਾ ਮਾੜਾ ਅਸਰ ਸਾਫ ਤੌਰ 'ਤੇ ਦਿਸਣ ਲੱਗਿਆ ਹੈ। ਜਲਵਾਯੂ ਤਬਦੀਲੀ ਲਈ ਅੰਤਰ ਸਰਕਾਰੀ ਪੈਨਲ (ਆਈ. ਪੀ. ਸੀ. ਸੀ.) ਅਨੁਸਾਰ ਸਾਲ 2030 ਤੱਕ ਕੁਝ ਇਲਾਕਿਆਂ ਨੂੰ ਛੱਡ ਕੇ ਦੁਨੀਆਂ ਦੇ ਵੱਡੇ ਭੂ-ਭਾਗ ਦੀ ਖੇਤੀ ਪੈਦਾਵਾਰ 'ਚ 30 ਫੀਸਦੀ ਤੱਕ ਗਿਰਾਵਟ ਆਵੇਗੀ। ਦਹਾਕਿਆਂ ਤੋਂ ਜਾਰੀ ਸੋਕੇ ਤੇ ਰੇਗਿਸਤਾਨੀਕਰਨ ਨਾਲ ਗ੍ਰਸਿਤ ਅਫਰੀਕਾ ਦੇ ਦਾਰਫੁਰ 'ਚ ਉਦੋਂ ਖ਼ੂਨੀ ਸੰਘਰਸ਼ ਸ਼ੁਰੂ ਹੋ ਗਿਆ, ਜਦੋਂ ਉਥੋਂ ਦੇ ਅਗਰਾ ਆਦੀਵਾਸੀ ਆਪਣੇ ਪਸ਼ੂਆਂ ਦੇ ਨਾਲ ਪਾਣੀ ਦੀ ਤਲਾਸ਼ ਵਿੱਚ ਖੇਤੀ ਪੇਂਡੂ ਸਮੂਹਾਂ ਦੇ ਇਲਾਕੇ 'ਚ ਘੁਸ ਗਏ। ਰੀਪੋਟ ਮੁਤਾਬਕ ਵਾਯੂ ਮੰਡਲ 'ਚ ਕਾਰਬਨ ਡਾਈਕਸਾਈਡ ਦੀ ਮਾਤਰਾ ਵੱਧਣ ਨਾਲ ਕੁਝ ਫਸਲਾਂ ਦੀ ਪੈਦਾਵਾਰ 'ਚ ਵਾਧਾ ਹੋ ਸਕਦਾ ਹੈ। ਪਰ ਵੱਧ ਗਰਮੀ ਦੀ ਮਾਰ ਹੇਠ ਆ ਕੇ ਫਸਲਾਂ ਦਾ ਜੀਵਨ-ਚੱਕਰ ਛੋਟਾ ਹੋ ਜਾਵੇਗਾ ਜਿਸ ਨਾਲ ਉਤਪਾਦਿਕ 'ਚ ਬਹੁਤ ਜ਼ਿਆਦਾ ਗਿਰਾਵਟ ਹੋਵੇਗੀ। ਨਾਲ ਹੀ ਖਾਣ ਵਾਲੇ ਪਦਾਰਥਾਂ 'ਚ ਲੋਹਾ, ਜ਼ਿੰਕ ਤੇ ਪ੍ਰੋਟੀਨ ਵਰਗੇ ਪੌਸ਼ਟਿਕ ਤੱਤਾਂ ਦੀ ਮਾਤਰਾ ਘੱਟ ਜਾਵੇਗੀ, ਚਾਰੇ ਦੀ ਫਸਲ 'ਚ ਨਾਈਟ੍ਰੋਜਿਨ ਦੀ ਘਾਟ ਕਾਰਨ ਜਾਨਵਰਾਂ ਦੀਆਂ ਪਾਚਣ ਪ੍ਰਣਾਲੀਆਂ ਕੰਮਜ਼ੋਰ ਹੋ ਜਾਣਗੀਆਂ ਅਤੇ ਬੰਗਲਾ ਦੇਸ਼, ਭਾਰਤ ਤੇ ਵਿਅਤਨਾਮ ਦੇ ਸਮੁੰਦਰੀ ਤੱਟ ਡੁਬਣ ਨਾਲ ਝੋਨੇ ਦੇ ਖੇਤ ਉਜੜ ਜਾਣਗੇ। ਗਲੋਬਲ ਵਾਰਮਿੰਗ ਦੇ ਕਾਰਨ ਉਤਰ ਪ੍ਰਦੇਸ਼ 'ਚ ਹੁਣ ਹਰ ਸਾਲ ਮਾਨਸੂਨ 10-20 ਦਿਨ ਦੇਰੀ ਨਾਲ ਪੁਜੱਦੀ ਹੈ ਤੇ ਉਸ ਪਿੱਛੋਂ ਹੋਣ ਵਾਲੀ ਮੂਸਲਧਾਰ ਬਾਰਸ਼ ਕਾਰਨ ਛੋਟੀਆਂ ਨਦੀਆਂ 'ਚ ਹੜ੍ਹ ਆ ਜਾਂਦਾ ਹੈ। ਪਿੰਡਾਂ ਤੇ ਮੁਹੱਲਿਆਂ 'ਚ ਪਹਿਲਾਂ ਤਲਾਬ, ਟੋਏ, ਨਾਲੇ ਤੇ ਛੋਟੀਆਂ ਨਹਿਰਾਂ ਹੁੰਦੀਆਂ ਸਨ ਜਿਹਨਾਂ ਤੋਂ ਹੋ ਕੇ ਬਰਸਾਤ ਦਾ ਪਾਣੀ ਵਹਿ ਜਾਂਦਾ ਸੀ। ਇਸ ਨਾਲ ਕਰੋਪ ਕੁਦਰਤ ਤਬਾਹੀ ਨਹੀਂ ਮਚਾ ਸਕਦੀ ਸੀ। ਖੇਤੀ ਤੇ ਰਿਹਾਇਸ਼ ਲਈ ਜਲ ਨਿਕਾਸੀ ਦੇ ਸਾਧਨਾਂ ਨੂੰ ਭਰ ਦਿੱਤਾ ਗਿਆ ਜਿਸ ਕਾਰਨ ਬਰਸਾਤ ਦਾ ਪਾਣੀ ਸਿੱਧਾ ਖੇਤਾਂ ਨੂੰ ਡਬੋ ਕੇ ਫਸਲ ਤਬਾਹ ਕਰ ਦਿੰਦਾ ਹੈ ਅਤੇ ਕੱਚੇ ਘਰਾਂ ਨੂੰ ਹਰਜਾ ਪਹੁੰਚਾਉਂਦਾ ਹੈ। ਉਤਰ ਪ੍ਰਦੇਸ਼ ਦੇ 3.55 ਕਰੋੜ ਲੋਕ ਸਿੱਧੇ ਖੇਤੀ ਤੋਂ ਰੁਜ਼ਗਾਰ ਪਾਉਂਦੇ ਹਨ ਜਿਹਨਾਂ 'ਚ 90 ਫੀਸਦੀ ਛੋਟੀ ਜੋਤ ਵਾਲੇ ਕਿਸਾਨ ਤੇ ਭੂਮੀਹੀਣ ਮਜ਼ਦੂਰ ਹਨ। ਇਹਨਾਂ 'ਚੋਂ 70 ਫੀਸਦੀ ਲੋਕ ਵਾਤਾਵਰਣ ਦੀ ਕਰੋਪੀ ਝੱਲ ਰਹੇ ਹਨ। ਵਿਕਾਸ ਯੋਜਨਾਵਾਂ 'ਚ ਹੜ੍ਹ, ਤੇਜੀ ਨਾਲ ਦਰੱਖਤਾਂ ਦੀ ਕਟਾਈ, ਬੰਜਰ ਹੁੰਦੀ ਜ਼ਮੀਨ ਅਤੇ ਘਟਦੇ ਧਰਤੀ ਹੇਠਲੇ ਪਾਣੀ ਕਾਰਨ ਖੇਤੀ ਦੀ ਉਤਪਾਦਿਕਤਾ ਤੇਜ਼ੀ ਨਾਲ ਡਿੱਗ ਰਹੀ ਹੈ। 2009 'ਚ ਮੌਨਸੂਨ ਦੀ ਘਾਟ ਕਾਰਨ ਦੇਸ਼ ਦੇ ਕੁਝ ਭਾਗਾਂ 'ਚ ਸੋਕਾ ਤੇ ਅਕਾਲ ਪਿਆ। ਇਸ ਦੇ ਬਾਵਜੂਦ ਰਾਹਤ ਪੈਕੇਜ ਦੀ ਜਿੰਮੇਵਾਰੀ ਕੇਂਦਰ ਤੇ ਰਾਜ ਸਰਕਾਰਾਂ ਇੱਕ ਦੂਜੇ

ਉਪਰ ਸੁੱਟਦੀਆਂ ਰਹਿੰਦੀਆਂ ਹਨ ਖਾਦ, ਬੀਜ, ਡੀਜ਼ਲ ਦੀ ਤੇਜੀ ਨਾਲ ਵਧਦੀਆਂ ਕੀਮਤਾਂ ਨੇ ਕਿਸਾਨਾਂ ਦੀ ਕਮਰ ਤੋੜ ਦਿੱਤੀ ਹੈ। ਖੇਤੀ ਘਾਟੇ ਦਾ ਸੌਦਾ ਹੋ ਗਈ ਹੈ। ਕਈ ਕਿਸਾਨ ਖੇਤਾਂ ਤੋਂ ਉਜੜ ਕੇ ਹਮੇਸ਼ਾਂ ਲਈ ਉਜਰਤੀ ਮਜ਼ਦੂਰ ਬਣ ਗਏ ਹਨ ਅਤੇ ਕਈ ਕਿਸਾਨ ਸਾਹੂਕਾਰਾਂ ਦੇ ਚੁੰਗਲ 'ਚ ਫਸ ਕੇ ਆਤਮ ਹੱਤਿਆ ਕਰਨ ਨੂੰ ਮਜ਼ਬੂਰ ਹੋ ਗਏ ਹਨ।

ਹਰਾ ਇਨਕਲਾਬ – ਪੂੰਜੀਵਾਦੀ ਖੇਤੀ ਦਾ ਕਹਿਰ – ਇਹ 'ਤੇ ਕੋਈ ਦੋ ਰਾਵਾਂ ਨਹੀਂ ਹਨ। ਹਰੇ ਇਨਕਲਾਬ ਨੇ ਅਨਾਜ ਦੇ ਮਾਮਲੇ ਸਬੰਧੀ ਦੇਸ਼ ਨੂੰ ਇੱਕ ਹੱਦ ਤੱਕ ਆਤਮ ਨਿਰਭਰ ਬਣਾਇਆ ਪਰ ਉਸ ਤੋਂ ਵੀ ਵੱਡਾ ਸੱਚ ਇਹ ਹੈ ਕਿ ਹਰੇ ਇਨਕਲਾਬ ਦਾ ਆਗੂ ਸੂਬਾ ਪੰਜਾਬ ਅੱਜ ਇਸਦੇ ਬੁਰੇ ਸਿੱਟੇ ਭਗਤ ਰਿਹਾ ਹੈ। ਅਮਰੀਕਾ ਦੀ ਸਲਾਹ 'ਤੇ ਸਹਾਇਤਾ ਨੇ 1960 ਦੇ ਦਹਾਕੇ ਤੋਂ ਸ਼ੁਰੂ ਹੋਇਆ ਹਰਾ ਇਨਕਲਾਬ ਪੂੰਜੀਵਾਦੀ ਖੇਤੀ ਦਾ ਇੱਕ ਨਮੂਨਾ ਹੈ ਜਿਸ 'ਚ ਅਨਾਜ ਦੀ ਪੈਦਾਵਾਰ ਲੋਕਾਂ ਦੀ ਭੁੱਖ ਮਿਟਾਉਣ ਲਈ ਨਹੀਂ ਬਲਕਿ ਬਾਜ਼ਾਰ ਲਈ ਕੀਤੀ ਜਾਂਦੀ ਹੈ। ਇਸ ਦੇ ਤਹਿਤ ਵੱਧ ਮੁਨਾਫਾ ਦੇਣ ਵਾਲੀਆਂ ਕਣਕ, ਝੋਨਾ, ਕਪਾਹ ਤੇ ਗੰਨੇ ਦੀ ਇੱਕ ਫਸਲੀ ਖੇਤੀ ਨੂੰ ਹੱਲਾਸ਼ੇਰੀ ਦਿੱਤੀ ਗਈ ਜਦ ਕਿ ਦਾਲਾਂ ਤੇ ਮੋਟੇ ਅਨਾਜ ਦੀਆਂ ਰਵਾਇਤੀ ਫਸਲਾਂ ਦੀ ਅਣਦੇਖੀ ਕੀਤੀ ਗਈ। ਇਸ ਨਾਲ ਫਸਲੀ ਚੱਕਰ ਪ੍ਰਭਾਵਿਤ ਹੋਇਆ ਤੇ ਮਿੱਟੀ ਦੀ ਪੈਦਾਵਾਰੀ ਸ਼ਕਤੀ, ਨਮੀ ਤੇ ਭੁਰਪਰੇਪਣ 'ਚ ਕਮੀ ਆਈ। ਇਸ ਦੀ ਪੂਰਤੀ ਲਈ ਰਸਾਇਣਕ ਖਾਦ, ਕੀਟਨਾਸ਼ਕ ਤੇ ਧਰਤੀ ਹੇਠਲਾ ਪਾਣੀ ਦੀ ਬੇਹੱਦ ਵਰਤੋਂ ਕੀਤੀ ਗਈ ਜਿਸ ਨਾਲ ਧਰਤੀ ਹੇਠਲਾ ਪਾਣੀ ਖਤਰਨਾਕ ਪੱਧਰ ਤੱਕ ਹੇਠਾਂ ਡਿੱਗ ਪਿਆ, ਜ਼ਮੀਨ ਜ਼ਹਿਰੀਲੀ ਹੋ ਗਈ ਤੇ ਕਿਸਾਨਾਂ ਦੇ ਮਿੱਤਰ ਕਹੇ ਜਾਣ ਵਾਲੇ ਜੀਵ-ਜੰਤੂਆਂ ਅਤੇ ਖਪਤਕਾਰਾਂ ਦਾ ਭਰੀ ਪੈਮਾਨੇ 'ਤੇ ਵਿਨਾਸ਼ ਹੋਇਆ। ਮਿੱਟੀ ਦੇ ਜ਼ਰੂਰੀ ਤੱਤ – ਕਾਰਬਨਿਕ ਪਦਾਰਥ ਤੇ ਖਣਿਜ ਲਵਣ ਨਸ਼ਟ ਹੋ ਗਏ, ਮਿੱਟੀ ਦੀ ਉਪਰਲੀ ਪਰਤ ਕਠੋਰ ਹੋ ਗਈ। ਖੇਤੀ ਦਾ ਕੁਦਰਤੀ ਤੇ ਸੰਤੁਲਿਤ ਢਾਂਚਾ ਡਾਵਾਂ-ਡੋਲ ਹੋ ਗਿਆ ਅਤੇ ਵਾਤਾਵਰਣ ਨੂੰ ਨਾ ਪੂਰਾ ਹੋ ਸਕਣ ਵਾਲਾ ਘਾਟਾ ਪਿਆ। ਇਸ ਤੋਂ ਇਲਾਵਾ ਪੰਜਾਬ ਦੇ ਲੋਕ ਅੱਜ ਹਰੇ ਇਨਕਲਾਬ ਤੇ ਤਿੰਨ ਬੁਰੇ ਨਤੀਜਿਆਂ ਕਰਜਾ, ਕੈਂਸਰ ਤੇ ਪੀਣ ਵਾਲੇ ਪਾਣੀ ਦੀ ਮਾਰ ਝੱਲ ਰਹੇ ਹਨ। ਪੂੰਜੀ ਅਤੇ ਤਕਨੀਕ 'ਤੇ ਨਿਰਭਰ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਹਰੇ ਇਨਕਲਾਬ ਦਾ ਫਾਇਦਾ ਨਹੀਂ ਮਿਲਿਆ। ਪੇਂਡੂ ਖੇਤਰਾਂ 'ਚ ਕੁਝ ਖਾਂਦੇ-ਪੀਂਦੇ ਲੋਕਾਂ ਦੀ ਜਾਇਦਾਦ 'ਚ ਤਾਂ ਬੇਹੱਦ ਵਾਧਾ ਹੋਇਆ ਪਰ ਵੱਡੀ ਗਿਣਤੀ 'ਚ ਗਰੀਬ ਕਿਸਾਨੀ ਦਾ ਜੀਵਨ ਪੱਧਰ ਬਦ ਤੋਂ ਬਦਤਰ ਹੁੰਦਾ ਗਿਆ। ਇਸਨੇ ਇਕ ਨਵੀਂ ਜਮਾਤੀ ਵੰਡ ਨੂੰ ਜਨਮ ਦਿੱਤਾ। ਇਸ ਦਾ ਸਿੱਟਾ ਹੈ ਕਿ ਭਾਰਤ ਦਾ ਅੰਨ ਭੰਡਾਰ ਮੰਨਿਆ ਜਾਣ ਵਾਲਾ ਪੰਜਾਬ ਅੱਜ ਭੁੱਖ ਤੇ ਕੁਪੋਸ਼ਣ ਦੇ ਮਾਮਲੇ 'ਚ ਅਫਰੀਕਾ ਦੇ ਗਰੀਬ ਦੇਸ਼ਾਂ ਤੋਂ ਵੀ ਅੱਗੇ ਹੈ। ਇੱਥੋਂ ਤੱਕ ਕਿ ਪੇਟ ਭਰ ਕੇ ਖਾਣ ਵਾਲੇ ਲੋਕਾਂ ਨੂੰ ਵੀ ਲੋੜੀਂਦੀ ਮਾਤਰਾ 'ਚ ਪੌਸ਼ਟਿਕ ਤੱਕ ਨਹੀਂ ਮਿਲਦਾ ਜਿਸ ਨਾਲ ਉਹ ਕੁਪੋਸ਼ਣ ਦੇ ਸ਼ਿਕਾਰ ਹਨ। ਇੱਕ ਹੈਰਾਨ ਕਰ ਦੇਣ ਵਾਲੀ ਖਬਰ ਇਹ ਹੈ ਕਿ ਇੱਥੇ ਮਾਂ ਬਾਪ ਆਪਣੇ ਬੱਚਿਆਂ ਲਈ ਖਿਡੌਣਿਆਂ ਦੀ ਥਾਂ ਬੀਹਲ ਚੇਅਰ ਖਰੀਦਣ ਲਈ ਮਜ਼ਬੂਰ ਹਨ। ਇੱਕ ਅਧਿਐਨ ਅਨੁਸਾਰ ਉੱਤਰ ਭਾਰਤ ਦੇ ਸਭ ਤੋਂ ਵੱਧ ਉਪਜਾਊ ਖੇਤਰ ਗੰਗਾ-ਯਮਨਾ ਨੂੰ ਦੋਆਬਾ 'ਚ ਸਤਹਿ ਦੇ ਇੱਕ ਫੁੱਟ ਹੇਠਾਂ ਦੀ ਜ਼ਮੀਨ ਪਥਰੀਲੀ ਹੋਣ ਲੱਗੀ ਹੈ। ਤੇ ਪੂਰੇ ਦੇਸ਼ ਦੀ 14.6 ਕਰੋੜ ਏਕੜ ਉਪਜਾਊ

ਜ਼ਮੀਨ ਬੰਜਰ ਹੋ ਗਈ ਹੈ। ਹਰੇ ਇਨਕਲਾਬ ਦੇ ਅਦੂਰਦਰਸ਼ੀ, ਪਰੋਘਾਗਿਆਂ ਨੇ ਫੌਰੀ ਫਾਇਦੇ ਲਈ ਦੇਸ਼ ਨੂੰ ਵਾਤਾਵਰਣੀ ਸੰਕਟ 'ਚ ਧੱਕ ਦਿੱਤਾ ਹੈ ਅਤੇ ਮੌਜੂਦਾ ਹਾਕਮ ਵਿਸ਼ਵੀਕਰਨ ਦੇ ਤਹਿਤ ਖੇਤੀ ਨੂੰ ਸਾਮਰਾਜੀ ਦੇਸ਼ਾਂ ਦੀਆਂ ਦਿਉ ਕੱਦ ਕੰਪਨੀਆਂ ਦੇ ਹਵਾਲੇ ਕਰਦੇ ਜਾ ਰਹੇ ਹਨ। ਇਸੇ ਨੂੰ ਉਹ ਦੂਜੀ ਹਰੀ ਕ੍ਰਾਂਤੀ ਦਾ ਨਾਂ ਦੇ ਰਹੇ ਹਨ। ਜੈਵ ਵਿਭਿੰਨਤਾ ਦਾ ਨਾਸ਼ ਕਰਨ ਵਾਲੇ ਨਿਰਵੰਸਿਆ (ਬੀ. ਟੀ.) ਬੀਜ, ਜੀਨ ਤਕਨੋਲੋਜੀ ਤੇ ਕਾਰਪੋਰੇਟ ਖੇਤੀ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਦੇਸ਼ ਦੇ ਕਈ ਹੋਰ ਇਲਾਕਿਆਂ 'ਚ ਡਾਲਰ ਕਮਾਉਣ ਦੇ ਲਾਲਚ 'ਚ ਅਨਾਜ ਦੀ ਥਾਂ ਜ੍ਟੋਫਾ, ਕੇਲਾ, ਯੂਕਲਿਪਟਸ, ਸਫੈਦਾ, ਨਾਰੀਅਲ, ਫੁੱਲ, ਸਫੈਦ ਮੂਸਲੀ ਤੇ ਪੀਪਰਮੈਂਟ ਦੀ ਖੇਤੀ ਨੂੰ ਹੱਲਾਸ਼ੇਰੀ ਦੇ ਕੇ ਵਾਤਾਵਰਣ ਦਾ ਵਿਨਾਸ਼ ਕੀਤਾ ਜਾ ਰਿਹਾ ਹੈ। ਬੈਂਕ ਜਾਂ ਸਾਹੂਕਾਰਾਂ ਤੋਂ ਕਰਜਾ ਲੈ ਕੇ ਇਨ੍ਹਾਂ ਫਸਲਾਂ ਦੀ ਖੇਤੀ ਕਰਨ ਵਾਲੇ ਕਿਸਾਨ ਫਸਲ ਬਰਬਾਦ ਹੋਣ ਜਾਂ ਸਹੀ ਮੁੱਲ ਨਾ ਮਿਲਣ ਕਰਕੇ ਤਬਾਹ ਹੋ ਰਹੇ ਹਨ। ਦੇਸ਼ ਭਰ 'ਚ ਲੱਖਾਂ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ ਤੇ ਕਈ ਇਲਾਕਿਆਂ 'ਚ ਉਹ ਆਤਮ ਹੱਤਿਆ ਕਰਨ ਦੀ ਥਾਂ ਸ਼ਾਹੂਕਾਰਾਂ ਨਾਲ ਨਾਲ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਖਿਲਾਫ ਸੰਘਰਸ਼ ਕਰ ਰਹੇ ਹਨ। ਤਾਂ ਕਿ ਕਰਜ਼ ਵਸੂਲੀ ਦੇ ਡਰ ਤੋਂ ਭਵਿੱਖ 'ਚ ਕੋਈ ਹੋਰ ਕਿਸਾਨ ਆਤਮਹੱਤਿਆ ਕਰਨ ਲਈ ਮਜ਼ਬੂਰ ਨਾ ਹੋਣਾ।

## ਤੀਜੀ ਦੁਨੀਆਂ ਦੇ ਦੇਸ਼ਾਂ 'ਚ ਅਮੀਰ ਦੇਸ਼ਾਂ ਦਾ ਕੂੜਾਕਰਟ

ਪੂੰਜੀਵਾਦ ਵਾਤਾਵਰਣ ਦਾ ਵਿਨਾਸ਼ ਕਰਦਾ ਹੈ ਅਤੇ ਨਾਲ ਹੀ ਇਹ ਪਿਛੜੇ ਦੇਸ਼ਾਂ ਦੀ ਗਰੀਬ ਜਨਤਾ ਨੂੰ ਆਪਣੇ ਕੁਕਰਮਾਂ ਦਾ ਫਲ ਭੋਗਣ ਲਈ ਮਜਬੂਰ ਕਰਦਾ ਹੈ। ਵਿਸ਼ਵ ਬੈਂਕ ਦੇ ਮੁੱਖ ਅਰਥ ਸਾਸ਼ਤਰੀ ਲਾਰੇਂਸ ਸਾਮਰਸ ਨੇ ਦਸੰਬਰ 1991 'ਚ ਇੱਕ ਅੰਦਰੂਨੀ ਪੱਤਰ ਜਾਰੀ ਕੀਤਾ ਸੀ ਜਿਸ ਦਾ ਖੁਲਾਸਾ ਬ੍ਰਿਟਿਸ ਮੈਗਜ਼ੀਨ 'ਇਕਾਨੋਮਿਸਟ' ਵਲੋਂ 8 ਫਰਵਰੀ 1992 ਦੇ ਅੰਕ 'ਚ ਪ੍ਰਕਾਸ਼ਿਤ ਹੋਇਆ। ਉਸ ਵਿੱਚ ਕਿਹਾ ਗਿਆ ਸੀ ਕਿ ਵਿਸ਼ਵ ਬੈਂਕ ਨੂੰ ਧਨੀ ਦੇਸ਼ਾਂ ਦੀਆਂ ਪ੍ਰਦੂਸ਼ਣਕਾਰੀ ਸਨਅਤੀ ਇਕਾਈਆਂ ਨੂੰ ਨੀਮ ਵਿਕਸਿਤ ਦੇਸ਼ਾਂ 'ਚ ਤਬਦੀਲ ਕਰਨ ਲਈ ਹੱਲਾਸ਼ੇਰੀ ਦੇਣੀ ਚਾਹੀਦੀ ਹੈ। ਉਸ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਘੱਟ ਮਜ਼ਦੂਰੀ ਵਾਲੇ ਗਰੀਬ ਦੇਸ਼ਾਂ ਵਿੱਚ ਧਨੀ ਦੇਸ਼ਾਂ ਦਾ ਜ਼ਹਿਰੀਲਾ ਕਚਰਾ ਨਿਪਟਾਉਣ 'ਚ ਕੋਈ ਹਰਜ਼ ਨਹੀਂ ਹੈ। ਉਸ ਦਾ ਤਰਕ ਸੀ ਕਿ ਸਿਹਤ ਤੇ ਸੁੰਦਰਤਾਬੋਧ ਦੇ ਲਿਹਾਜ ਨਾਲ ਸਿਹਤਮੰਦ ਵਾਤਾਵਰਣ ਦੇ ਹੱਕਦਾਰ ਉਹ ਹੀ ਹਨ ਜਿਹਨਾਂ ਦੀ ਆਮਦਨ ਵੱਧ ਹੋਵੇ। ਇਸ ਦਾ ਸਿੱਧਾ ਅਰਥ ਇਹ ਹੈ ਕਿ ਸਾਮਰਾਜੀਆਂ ਦੀ ਨਿਗਾਹ 'ਚ ਤੀਜੀ ਦੁਨੀਆਂ ਦੀ ਗਰੀਬ ਜਨਤਾ ਦੀ ਜਾਨ ਬਹੁਤ ਸਸਤੀ ਹੈ, ਇਸ ਲਈ ਪੂੰਜੀਵਾਦੀ ਪ੍ਰਣਾਲੀ ਵੱਲੋਂ ਉਹਨਾਂ ਦੀ ਲੁੱਟ ਕਰਨੀ ਕਰਨਾ ਕੋਈ ਗੁਨਾਹ ਨਹੀਂ। ਆਪਣੇ ਦੇਸ਼ ਦੀ ਗਰੀਬੀ ਜਨਤਾ ਪ੍ਰਤੀ ਨਸ਼ਲਵਾਦੀ ਭੇਦਭਾਵ ਕਰਨ ਅਤੇ ਉਹਨਾਂ ਦੀ ਜ਼ਿੰਦਗੀ ਨਰਕ ਬਣਾਉਣ ਵਿੱਚ ਵੀ ਉਹਨਾਂ ਨੂੰ ਕੋਈ ਸੰਕੋਚ ਨਹੀਂ ਹੁੰਦਾ। ਅਮਰੀਕਾ ਦੇ ਲਾਸ਼ ਏਂਜਲਸ ਸ਼ਹਿਰ ਵਿੱਚ ਜੋ ਸਭ ਤੋਂ ਗੰਦੇ ਤੇ ਪ੍ਰਦੂਸ਼ਿਤ ਇਲਾਕੇ ਹਨ ਉਥੇ ਸ਼ਹਿਰ ਦੇ 70 ਫੀਸਦੀ ਅਫਰੀਕੀ ਅਤੇ 50 ਫੀਸਦੀ ਲਤੀਨੀ ਅਮਰੀਕੀ ਮੂਲ ਦੇ ਨਾਗਰਿਕ ਰਹਿੰਦੇ ਹਨ, ਜਦ ਕਿ ਸਿਰਫ਼ 34 ਫੀਸਦੀ ਕਾਲੇ ਅਮਰੀਕੀ ਉਹਨਾਂ ਗੰਦਿਆਂ ਇਲਾਕਿਆਂ 'ਚ ਵਸੇ ਹੋਏ ਹਨ।

# ਨਵੇਂ ਸਿਰੇ ਤੋਂ ਆਈ ਮੰਦੀ ਤੇ ਅਸੀਂ

ਧਨੀ ਦੇਸ਼ਾਂ 'ਚ ਫਿਰ ਤੋਂ ਆਇਆ ਵਿਤੀ ਸੰਕਟ, ਗੈਰ ਬਰਾਬਰੀ ਤੇ ਬੇਰੁਜ਼ਗਾਰੀ ਨੂੰ ਜਨਮ ਦੇ ਰਿਹਾ ਹੈ। ਭਾਰਤ 'ਚ ਵੀ ਨਿਜੀ ਕੰਪਨੀ ਖੇਤਰ ਦੀ ਪ੍ਰੇਸ਼ਾਨੀ ਵਧ ਰਹੀ ਹੈ। ਇਸ ਦਾ ਅਸਰ ਆਮ ਆਦਮੀ ਤੇ ਪੈਣਾ ਲਾਜਮੀ ਹੈ। ਛੇ ਫੀਸਦੀ ਦੇ ਲਗਭਗ ਬੇਰੁਜ਼ਗਾਰੀ ਨੂੰ ਉਦਯੋਗ ਧੰਦਿਆਂ ਤੇ ਫੀ ਵਿਅਕਤੀ ਕੌਮੀ ਆਮਦਨ 'ਚ ਮੋਹਰੀ ਦੇਸ਼ਾਂ 'ਚ ਪ੍ਰਵਾਨ ਨਹੀਂ ਕੀਤਾ ਜਾਂਦਾ। ਇਸ ਤਰ੍ਹਾਂ ਜ਼ਹਿਰ ਦਾ ਵਿਸਥਾਰ ਤੇ ਗਹਿਰਾਈ ਪੂੰਜੀਵਾਦ ਦੇ ਸੁਭਾਵਿਕ ਰੁਝਾਣ ਹਨ। ਜਿੱਥੇ ਗੈਰ ਬਰਾਬਰੀ ਤੇ ਬੇਰੁਜ਼ਗਾਰੀ ਹੋਵੇ, ਉਥੇ ਇਕ ਪਾਸੇ ਖੁਸ਼ਹਾਲੀ ਹੋਵੇਗੀ ਅਤੇ ਦੂਜੇ ਲਗਾਤਾਰ ਵਧਦੀ ਗਰੀਬੀ। ਅੱਜ ਸੰਸਾਰ ਪੂੰਜੀਵਾਦ (ਸਾਮਰਾਜ) ਦੇ ਉਚ ਸਿਖਰਾਂ 'ਤੇ ਪਹੁੰਚੇ ਦੇਸ਼ਾਂ 'ਚ ਉਹਨਾਂ ਦੇਸ਼ਾਂ ਨੇ ਜਿਹਨਾਂ ਨੇ ਤੀਜੀ ਦੁਨੀਆਂ 'ਚ ਰਹਿਣ ਵਾਲਿਆਂ 'ਤੇ ਸਦੀ ਤਕ ਰਾਜ ਕੀਤਾ ਹੈ ਅਤੇ ਉਦੋਂ ਤੋਂ ਅੱਜ ਤੱਕ ਉਹਨਾਂ 'ਤੇ ਪ੍ਰਮੁੱਖਤਾ ਦੇ ਅਧਾਰ 'ਤੇ ਆਪਣੀ ਖੁਸ਼ਹਾਲੀ ਵਧਾਈ ਹੈ। ਉਹਨਾਂ 'ਚ ਅੱਜ ਆਰਥਕ ਸੰਕਟ ਦੇ ਡੂੰਘੇ ਹੋਣ ਦੀ ਗੱਲ ਹੈ। ਸਪੱਸ਼ਟ ਹੈ ਗਰੀਬੀ, ਬੇਰੁਜ਼ਗਾਰੀ, ਕੜੱਤਣ ਆਦਿ ਸੰਕਟ ਨਹੀਂ ਮੰਨੇ ਜਾਂਦੇ। ਇਸ ਵਿਵਸਥਾ ਦੀ ਖਾਸੀਅਤ ਹੈ ਇਹਨਾਂ ਦੇਸ਼ਾਂ ਦੀਆਂ ਵਿਸ਼ਾਲ ਕੰਪਨੀਆਂ ਦੇ ਪੂੰਜੀ ਢਾਂਚੇ ਤੇ ਮੁਨਾਫੇ 'ਚ ਲਗਾਤਾਰ ਵਾਧਾ। ਇਸ ਤਰ੍ਹਾਂ ਇਹਨਾਂ ਦੀ ਮਾਲਕੀ 'ਚ ਮਿਲੀ ਕੌਮੀ ਪੈਦਾਵਾਰ ਵਾਧੇ ਦੀ ਤੇਜ ਰਫਤਾਰ ਨੂੰ ਕੌਮੀ ਖੁਸ਼ਹਾਲੀ ਪ੍ਰਾਪਤੀ ਤੇ ਵਾਧੇ ਦੇ ਅਧਾਰ 'ਤੇ ਸਮਾਜਕ ਸੁਰਖਿਆ ਤੇ ਲੋਕ ਭਲਾਈ ਦੇ ਭਿੰਨ-ਭਿੰਨ ਉਪਾਵਾਂ ਨਾਲ ਦੇਸ਼ ਆਪਣੇ ਵਾਂਝਿਆਂ, ਊਣਿਆਂ ਤੇ ਨਤਾਣਿਆਂ ਦੀਆਂ ਮਨੁੱਖੀ ਜ਼ਰੂਰਤਾਂ ਦੇ ਘੱਟੋ-ਘੱਟ ਜ਼ਰੂਰੀ ਪੱਧਰ ਦੀ ਪੂਰਤੀ 'ਚ ਸਮਰੱਥ ਹੈ। ਇਸ ਲਈ ਇਹਨਾਂ ਦੇਸ਼ਾਂ 'ਚ ਆਰਥਕ ਵਿੱਤੀ ਸੰਕਟ ਦਾ ਮਤਲਬ ਹੁੰਦਾ ਹੈ ਇਹਨਾਂ ਦੇਸ਼ਾਂ ਦੇ ਪੂੰਜੀ ਢਾਂਚੇ, ਮੁਨਾਫਾ ਕਮਾਉਣ, ਉਹਨਾਂ ਦੇ ਮੁੜ ਨਿਵੇਸ਼ ਪੈਦਾਵਾਰ ਵਾਧੇ ਦੇ ਅਮਲਾਂ 'ਚ ਭਾਰੀ ਰੁਕਾਵਟਾਂ ਦਾ ਆਉਣਾ। ਇਹਨਾਂ ਦਾ ਵਾਧਾ ਤੇ ਖੁਸ਼ਹਾਲੀ ਦੀਆਂ ਤਾਕਤਾਂ, ਆਪਸੀ ਵਿਰੋਧਤਾਈਆਂ ਦੇ ਜਾਲ 'ਚ ਫਸ ਜਾਣਾ। ਇਸ ਦੇ ਵਿਕਾਸ ਅਮਲ, ਖੇਤੀ ਤੇ ਸਨਅਤ ਦੂਜੇ ਦਰਜੇ ਦੇ ਹੋ ਚੁੱਕੇ ਹਨ। ਵੱਖ-ਵੱਖ ਸੇਵਾਵਾਂ ਅਤੇ ਵਿਤੀ ਲੈਣ-ਦੇਣ ਤੇ ਵਿਤੀ ਸੰਸਥਾਵਾਂ ਇਸ ਦੇ ਮੁੱਖ ਖੇਤਰ ਹਨ। ਇਹਨਾਂ ਦੇ ਜ਼ਰੀਏ ਇਹ ਵਿਸ਼ਵੀ ਅਰਥਚਾਰੇ 'ਤੇ ਛਾਏ ਰਹਿੰਦੇ ਹਨ। ਤਕਨੀਕ ਦਾ ਲਗਾਤਾਰ ਵਾਧਾ ਇਸ ਦੀ ਸ਼ਕਤੀ ਦਾ ਅਧਾਰ ਹੁੰਦਾ ਹੈ। ਸੱਚ ਹੈ ਕਿ ਇਹਨਾਂ ਦੇਸ਼ਾਂ 'ਚ ਪਿਛਲੇ ਤਿੰਨ ਚਾਰ ਦਹਾਕਿਆਂ ਬੇਰੁਜ਼ਗਾਰੀ ਬਹੁਤ ਵਧੀ ਹੈ। ਆਰਥਕ ਤੇਜੀ ਦੇ ਦੌਰ 'ਚ ਬੇਰੁਜ਼ਗਾਰੀ ਹੱਦ ਤੋਂ ਜ਼ਿਆਦਾ ਨਹੀਂ ਵਧੀ ਸੀ। ਆਰਥਕ ਵਾਧੇ ਦੇ ਦੌਰ 'ਚ ਪਿਛਲੇ ਤਿੰਨ ਚਾਰ ਦਹਾਕਿਆਂ 'ਚ ਬੇਰੁਜ਼ਗਾਰੀ ਬਹੁਤ ਵਧੀ ਹੈ। ਆਰਥਕ ਵਾਧੇ ਦੇ ਦੌਰ 'ਚ ਕਿਰਤੀਆਂ ਦੀ ਮੰਗ ਵਧਣ ਨਾਲ ਮਜ਼ਦੂਰੀ ਦੀ ਦਰ ਵਧਦੀ ਹੈ। ਆਪਣੇ ਮੁਨਾਫੇ 'ਚ ਕੋਈ ਵੀ ਕਟੌਤੀ ਨਾ ਬਰਦਾਸ਼ਿਤ ਕਰਨ ਵਾਲੀਆਂ ਅਜ਼ਾਰੇਦਾਰ ਅਲਪਾਧਿਕਾਰੀ ਕੰਪਨੀਆਂ ਅਜਿਹੀ ਹਾਲਤ 'ਚ ਅਰਥਚਾਰੇ, ਨੂੰ ਮੁੱਲਾਂ ਦੇ ਫੈਲਾਅ (ਇਨਫਲੇਸ਼ਨ) ਦੇ ਜਾਲ 'ਚ ਧੱਕ ਦਿੰਦੀ ਹੈ। ਬੇਰੁਜ਼ਗਾਰੀ ਤੇ ਨਾਬਰਾਬਰੀਆਂ ਦੇ ਕਾਰਨ ਕੰਪਨੀਆਂ ਐਸੀ ਹਾਲਤ 'ਚ ਵਿਤੀ ਲੈਣ-ਦੇਣ ਨੂੰ

ਤਰਜੀਹ ਦੇਣ ਲੱਗਦੀਆਂ ਹਨ। ਇਹਨਾਂ ਸਾਰੇ ਖੇਤਰਾਂ ਵਿੱਚ ਕੰਟਰੋਲ ਤੇ ਨਿਯਮ ਤੋਂ ਰਹਿਤ, ਘੱਟ ਟੈਕਸ ਦਰਾਂ ਤੇ ਖੁਲ੍ਹੀ ਸੰਸਾਰ ਬਾਜ਼ਾਰ ਵਿਵਸਥਾ ਦੇ ਕਾਰਨ ਵਿਤੀ ਖੇਤਰ (ਬੈਕਾਂ, ਸ਼ੇਅਰ ਬਾਜ਼ਾਰਾਂ ਬੀਮਾ ਕੰਪਨੀਆਂ, ਬੈਂਕ ਤੇ ਨਿਵੇਸ਼ ਦੇ ਕੰਮ ਨੂੰ ਨਾਲ-ਨਾਲ ਕਰਨ ਵਾਲੀਆਂ ਕੰਪਨੀਆਂ, ਸੱਟੇਬਾਜ਼ੀ ਦੀਆਂ ਕੰਪਨੀਆਂ ਆਦਿ) ਦਾ ਬਹੁਤ ਤੇਜੀ ਨਾਲ ਵਿਸਥਾਰ ਹੋਇਆ। ਖੁਦ ਰਾਜ ਨੂੰ ਇਹਨਾਂ ਖੇਤਰਾਂ ਤੋਂ ਭਾਰੀ ਕਰਜੇ ਲੈਣੇ ਪਏ। ਵਿਤੀ ਖੇਤਰ 'ਚ ਸਾਰੇ ਲੈਣ ਦੇਣ ਆਪਸੀ ਵਿਸਵਾਸ਼ 'ਤੇ ਸਾਰੇ ਲੈਣ ਦੇਣ ਦੇ ਵਾਅਦਿਆਂ ਨੂੰ ਸਮੇਂ ਸਿਰ ਪੂਰਾ ਤੇ ਇਮਾਨਦਾਰੀ ਨਾਲ ਨਿਭਾਉਣ ਦੇ ਯਕੀਨ ਦੇ ਅਧਾਰ 'ਤੇ ਹੁੰਦੇ ਹਨ। ਸਰਕਾਰ ਕੰਟਰੋਲ ਮੁਕਤ ਵਿਤੀ ਖੇਤਰ ਨੇ ਇਸ ਵਿਸਵਾਸ਼ ਦੀ ਦੁਰ ਵਰਤੋਂ ਕੀਤੀ। ਇਸ ਤਰ੍ਹਾਂ ਵਿਤੀ ਖੇਤਰ ਦਾ ਵਾਧੂ, ਗੈਰ ਜਿੰਮੇਦਾਰਾਨਾ, ਇਮਾਨਦਾਰੀਹੀਣ ਵਿਸਥਾਰ ਤੇ ਭਿੰਨਤਾ ਸੰਨ 2008 ਤੋਂ ਹੁਣ ਤੱਕ ਚਲ ਰਹੇ, ਬੈਕਾਂ ਕੰਪਨੀਆਂ ਆਦਿ ਤੋਂ ਵੱਧ ਕੇ ਸਰਕਾਰਾਂ ਤਕ ਨੂੰ ਆਪਣੀ ਮਾਰ ਹੇਠ ਲੈਣ ਵਾਲਾ ਆਰਥਕ-ਵਿਤੀ ਸੰਕਟ ਅਮਰੀਕਾ ਤੋਂ ਸ਼ੁਰੂ ਹੋ ਕੇ ਸੰਸਾਰ ਦੇ ਸਾਰੇ ਧਨੀ ਅਰਥਚਾਰਿਆਂ ਤਕ ਆਪਣਾ ਛੂਤ ਫੈਲਾਅ ਚੁੱਕਿਆ ਹੈ। ਇਸ ਸੰਕਟ ਨੇ ਬੇਰੁਜ਼ਗਾਰੀ ਤੇ ਬਾਜ਼ਾਰ ਦੀ ਮੰਗ ਦੇ ਘਟਣ ਨੂੰ 1930 ਦੇ ਦਹਾਕੇ ਦੀ ਮਹਾਂਮੰਦੀ ਦੀ ਮੁੜ ਵਾਪਸੀ ਦੇ ਖਤਰੇ ਦੀ ਦੇਹਲੀ ਤਕ ਪਹੁੰਚਾ ਦਿੱਤਾ ਹੈ। ਵੱਡੇ ਬੈਕਾਂ ਨੇ ਯੂਰਪ ਦੇ ਦੇਸ਼ਾਂ ਨੂੰ ਆਪਣੀ ਪੂੰਜੀ ਤੋਂ 30 ਗੁਣਾਂ ਵਧ ਤਕ ਕਰਜਾ ਦੇ ਰਖਿਆ ਹੈ। ਟੈਕਸ-ਦਰ ਤੇ ਮਾਲੀਆ ਘਟੇ ਹਨ। ਸਰਕਾਰਾਂ ਇਸ ਕਰਜੇ ਨੂੰ ਮੋੜ ਨਹੀਂ ਸਕੀਆਂ ਹਨ। ਕੁਝ ਦੇਸ਼ਾਂ ਨੂੰ ਦਿਵਾਲੀਆਪਣ ਤੋਂ ਬਚਣ ਲਈ ਜਰਮਨੀ ਵਰਗੇ ਦੇਸ਼ਾਂ 'ਤੇ ਦਬਾਅ ਵਧ ਰਿਹਾ ਹੈ। ਪਰ ਇਸ ਹਮਾਇਤ ਦੀ ਹੱਦ ਨੂੰ ਲੰਘਣਾ ਸੰਭਵ ਨਹੀਂ ਲੱਗਦਾ ਹੈ। ਬਾਜ਼ਾਰ 'ਚ ਮਜ਼ਬੂਤ ਕੰਪਨੀਆਂ ਆਪਣੇ ਪੱਖ 'ਚ ਦਬਾਅ ਵਧਾ ਰਹੀਆਂ ਹਨ। ਆਰਥਕ ਵਾਧੇ ਨੂੰ ਬਣਾਈ ਰੱਖਣ ਲਈ ਇਹਨਾਂ ਦੀ ਨਿਵੇਸ਼ ਇੱਛਾ ਨੂੰ ਬਣਾਈ ਰੱਖਣਾ ਜ਼ਰੂਰੀ ਹੈ। ਬਾਜ਼ਾਰ 'ਚ ਮੰਗ ਦੀ ਘਾਟ ਅਤੇ ਪੈਦਾਵਾਰ ਸਮਰੱਥਾ ਤੋਂ ਘੱਟ ਪੱਧਰ ਦੀ ਪੈਦਾਵਾਰ ਆਰਥਕ ਵਾਧੇ 'ਤੇ ਰੋਕਾਂ ਲਾ ਰਹੀ ਹੈ। ਸੰਖੇਪ 'ਚ ਬੇਹੱਦ ਵਿਸਥਾਰ, ਅਤੀ-ਲੋਭ, ਅਤੀ-ਗੈਰਬਰਾਬਰੀ, ਅਤੀ-ਬੇਰੁਜ਼ਗਾਰੀ, ਅਤੀ ਸਰਕਾਰੀ ਕਰਜ਼ਾ ਬੇਹੱਦ ਵਿਤੀਕਰਣ ਤੇ ਵੱਖ-ਵੱਖ ਦੇਸ਼ਾਂ ਦੀ ਅਤੀ-ਰਵਾਇਤੀ ਨਿਰਭਰਤਾ ਆਦਿ ਦੀ ਬੁਰੀ ਘੁੰਮਣਘੇਰੀ 'ਚ ਫਸਿਆ ਵਿਸ਼ਵੀਕ੍ਰਿਤ ਪੂੰਜੀਵਾਦ ਇਸ ਗਧੀਗੇੜ ਤੋਂ ਨਿਕਲ ਨਹੀਂ ਸਕਿਆ ਹੈ। ਇਸ ਸਥਿਤੀ ਦੇ ਪੈਦਾ ਹੋਣ 'ਚ 1975 ਦੇ ਆਸਪਾਸ ਸ਼ੁਰੂ ਹੋਏ ਰੀਗਨ-ਥੈਚਰ ਬਾਜ਼ਾਰ ਕੱਟੜਵਾਦ, ਬੇਲਗਾਮ ਪੂੰਜੀਵਾਦ ਤੇ ਕੰਪਨੀ ਖੇਤਰ ਦੇ ਮੁਨਾਫਿਆਂ ਨੂੰ ਬਣਾਈ ਰੱਖਣ ਤੇ ਮੁਹਿੰਮ 'ਚ ਲੱਗ ਜਾਣ ਦਾ ਅਹਿਮਬਕਾਇਆ ਅਰਥਚਾਰੇ ਤੇ ਸੰਸਾਰ ਲਈ ਖਤਰਨਾਕ ਰਿਹਾ ਹੈ। ਭਾਰਤ, ਚੀਨ, ਰੂਸ, ਦੱਖਣੀ ਅਫਰੀਕਾ ਆਦਿ ਦੇ ਸੰਸਾਰ ਪੂੰਜੀਵਾਦ ਨਾਲ ਸੰਪਰਕ ਸੰਘਣੇ ਹੋਏ ਹਨ। ਪੂਰਬੀ ਏਸ਼ੀਆ ਸੰਨ 1997 ਦੇ ਸੰਕਟ ਪਿੱਛੋਂ ਕੁਝ ਸੁਚੇਤ ਹੋਇਆ ਹੈ, ਪਰ ਖਾਸ ਕਰਕੇ ਦੱਖਣੀ ਕੋਰੀਆ, ਇੰਡੋਨੇਸ਼ੀਆ, ਥਾਈਲੈਂਡ ਆਦਿ ਇਸ ਸੰਕਟ ਦੇ ਮਾੜੇ ਅਸਰਾਂ, ਅਸਥਿਰਤਾ ਆਦਿ ਤੋਂ ਬਚ ਨਹੀਂ ਸਕੇ ਹਨ। ਖਾਸ ਕਰਕੇ ਲੰਮੀ ਮੰਦੀ ਤੇ ਉਸ ਤੋਂ ਬੇਹੱਦ-ਮੁਲਤਵੀ ਤੇ ਨਾਕਾਫ਼ੀ ਸਿੱਟੇ।

ਇਸ ਵਿਸ਼ਵੀ ਸੰਕਟ 'ਚ ਅੱਜਕੱਲ ਜਾਰੀ ਵਿਸ਼ਵੀਕਰਣ ਦੀ ਭੂਮਿਕਾ 'ਤੇ ਨਜ਼ਰ ਮਾਰੇ ਬਿਨਾਂ ਇਸ ਨੂੰ ਭਲੀਭਾਂਤ ਸਮਝ ਸਕਣਾ ਅਸੰਭਵ ਹੈ। ਮਹਾਂਯੁੱਧ ਪਿੱਛੋਂ

ਦੇ ਅਰਸੇ 'ਚ ਬ੍ਰਟੇਨਵੁਡਸ ਸੰਸਥਾਵਾਂ ਤੇ ਅਮਰੀਕੀ ਛੱਤਰ ਛਾਇਆ 'ਚ ਇਕ ਨਵਾਂ ਕੌਮਾਂਤਰੀ ਅਰਥਚਾਰਾ ਸ਼ੁਰੂ ਹੋਇਆ। ਡਾਲਰ ਨੂੰ ਦੁਨੀਆਂ ਦੇ ਸਭ ਪੂੰਜੀਵਾਦੀ ਦੇਸ਼ਾਂ ਦੀ ਪ੍ਰਵਾਨਿਤ ਕਰੰਸੀ ਵਜੋਂ ਮੰਜ਼ੂਰ ਕੀਤਾ ਜਾਣ ਲੱਗਿਆ। ਸਾਰੀ ਦੁਨੀਆਂ ਨੂੰ ਡਾਲਰ ਦੇ ਸੁਰਖਿਅਤ ਸਟੋਰ ਬਣਾਉਣ ਲਈ ਅਮਰੀਕਾ ਤੋਂ ਵਿਦੇਸ਼ੀ ਵਪਾਰ ਤੇ ਰਾਜਕੋਸ਼ੀ ਘਾਟੇ ਨੂੰ ਸਵੈਇੱਛਾ, ਘੱਟ ਵਿਆਜ ਦਰ 'ਤੇ ਉਥੋਂ ਦੇ ਬਾਂਡ ਖਰੀਦਣੇ ਪਏ। ਇਸ ਦੌਰਾਨ ਸ਼ੀਤ ਯੁੱਧ ਦੇ ਸਫਲ ਸੰਚਾਲਣ ਨਾਲ ਸੋਵੀਅਤ ਰੂਸ ਦੇ ਖੇਮੇ ਨੂੰ ਵੀ ਆਪਣਾ ਵੱਖਰਾ ਰਾਹ ਛੱਡਣ ਲਈ ਮਜ਼ਬੂਰ ਹੋਣਾ ਪਿਆ। ਨਾਲ ਹੀ ਬਸਤੀਵਾਦੀ ਚੁੰਗਲ ਤੋਂ ਅਖੌਤੀ ਅਜ਼ਾਦ (ਭਾਰਤ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ) ਭਾਰਤ ਵਰਗੇ ਦੇਸ਼ਾਂ ਆਰਥਕ ਵਿਕਾਸ ਦੇ ਨਾਂ ਕਰਜੇ ਦੇ ਸਨਅਤੀਕਰਣ ਤੇ ਤਕਨੀਕ ਅਤੇ ਕਰਜੇ ਦੀ ਵੱਡੀ ਭੂਮਿਕਾ ਆਦਿ ਦੇ ਕਾਰਣ ਭਾਰਤ ਦੀ ਆਰਥਕ ਵਾਧਾ ਨੀਤੀ ਨਾ ਤਾਂ ਤੇਜ਼ ਆਰਥਕ ਵਾਧਾ ਦੇ ਸਕੀ ਤੇ ਨਾ ਹੀ ਵਿਦੇਸ਼ੀ ਸਾਧਨਾ ਤੋਂ ਮੁਕਤ ਹੋ ਕੇ ਆਤਮ-ਨਿਰਭਰ ਮਹੱਤਵਪੂਰਨ ਵਾਧਾ ਹੀ ਹਾਸਲ ਕਰ ਸਕੀ। ਵੱਡੀ ਜਥੇਬੰਦ ਪੂੰਜੀ ਦੀ ਤਾਕਤ ਵੀ ਵਧੀ। ਅਜਿਹੇ ਪ੍ਰਭਾਵਾਂ ਦੇ ਕਾਰਨ ਭਾਰਤ ਦੀਆਂ ਆਰਥਕ ਨੀਤੀਆਂ 1990 ਤੋਂ ਪਿੱਛੋਂ ਪੂਰੀ ਤਰ੍ਹਾਂ ਪੱਛਮੀ ਵਿਚਾਰਧਾਰਾ ਦੇ ਨਵਉਦਾਰਵਾਦੀ ਮਾਡਲ ਦੇ ਅਧਾਰ 'ਤੇ ਤਹਿ ਕੀਤੀਆਂ ਜਾਣ ਲੱਗੀਆਂ। ਭਾਰਤ ਵਿੱਚ ਅੱਜ ਵਿਦੇਸ਼ੀ ਨਿਵੇਸ਼, ਵਿਦੇਸ਼ੀ ਵਪਾਰ ਤੇ ਜੀਵਨਸ਼ੈਲੀ ਦਾ ਪ੍ਰਭਾਵ ਪਹਿਲੇ ਪੱਧਰ 'ਤੇ ਪੁੱਜ ਚੁੱਕਿਆ ਹੈ। ਬਿਨਾਂ ਲੋੜੀਂਦੀ ਤਕਨੀਕ, ਵਿਤੀ ਮੁਕਾਬਲੇ ਵਾਲੀ ਸਮਰੱਥਾ ਦੇ ਵਿਸ਼ਵੀਕਰਣ ਦੀਆਂ ਖੁੱਲ੍ਹੀਆਂ ਨੀਤੀਆਂ ਕਾਰਨ ਭਾਰਤ ਦਾ ਵਿਦੇਸ਼ੀ ਆਰਥਕ-ਵਿਤੀ-ਲੈਣ-ਦੇਣ ਬਹੁਤ ਅਸੁਤੰਲਿਤ ਹੋ ਗਿਆ ਹੈ। ਸਾਡੇ ਭੁਗਤਾਨ ਸੰਤੁਲਨ 'ਚ ਘਾਟਾ ਏਨਾ ਵਧਿਆ ਹੈ ਅਤੇ ਸਾਡੀਆਂ ਦਰਾਮਦਾਂ ਸਾਡੀਆਂ ਬਰਾਮਦਾਂ ਤੋਂ ਕਿੰਨੀਆਂ ਘੱਟ ਹੋ ਗਈਆਂ ਹਨ ਕਿ ਵਿਦੇਸ਼ੀ ਪੂੰਜੀ ਨਿਵੇਸ਼ ਤੇ ਕਰਜਾ ਤੇ ਉਥੋਂ ਹਾਸਲ ਹੋਰ ਆਮਦਨ ਨਾਲ ਭਾਰਤ ਦਾ ਅਰਥਚਾਰਾ ਡਗਮਗਾ ਜਾਵੇਗਾ। ਸਰਕਾਰ ਅਜਿਹੀਆਂ ਨੀਤੀਆਂ ਅਪਣਾ ਰਹੀ ਹੈ ਕਿ ਸਾਡੇ ਚਾਲੂ ਵਿਦੇਸ਼ੀ ਖਾਤੇ ਦਾ ਘਾਟਾ ਵਿਦੇਸ਼ੀ ਪੂੰਜੀਗਤ ਸਪਲਾਈ ਦੇ ਲਗਾਤਾਰ ਆਉਣ ਨਾਲ ਹੀ ਭਰਿਆ ਜਾ ਸਕਦਾ ਹੈ। ਸਾਡਾ ਆਮਦਨ ਵਾਧਾ ਦਰਾਮਦ 'ਤੇ ਨਿਰਭਰ ਹੈ। ਇਸ ਹਾਲਤ 'ਚ ਧਨੀ ਦੇਸ਼ਾਂ ਦਾ ਆਰਥਕ-ਵਿਤੀ ਸੰਕਟ ਭਾਰਤ ਲਈ ਨਾ ਸਿਰਫ ਵੱਡੀ ਸਿਰਦਰੀ ਬਲਕਿ ਖਤਰੇ ਦੀ ਘੰਟੀ ਵੀ ਹੈ। ਕਿਸੇ ਨਾ ਕਿਸੇ ਤਰ੍ਹਾਂ, ਬਾਹਰੀ ਪੂੰਜੀ ਖਿਚਣਾ ਸੰਕਟ ਗ੍ਰਸਿਤ ਦੇਸ਼ਾਂ, ਖਾਸ ਕਰਕੇ ਵਿਤੀ ਖੇਤਰ ਦੇ ਮੂਧੇ ਮੂੰਹ ਡਿੱਗਣ ਕਾਰਨ ਕਾਫ਼ੀ ਮਹਿੰਗਾ ਹੁੰਦਾ ਜਾ ਰਿਹਾ ਹੈ। ਵਿਦੇਸ਼ਾਂ 'ਚ ਜਮ੍ਹਾਂ ਭਾਰਤੀਆਂ ਦਾ ਕਾਲਾ ਧਨ ਬਾਹਰੀ ਪੂੰਜੀ ਖਿਚਣ ਦੇ ਰਾਹਾਂ ਦੀ ਵਰਤੋਂ ਕਰਕੇ ਸੰਨ 1990 ਵਰਗੇ ਆਰਥਕ ਸੰਕਟ ਨੂੰ ਸਾਡੇ ਬੂਹੇ 'ਤੇ ਦਸਤਕ ਦੇਣ ਤੋਂ ਰੋਕ ਰਿਹਾ ਹੈ। ਪਰ ਇਹ ਅਸੁਭਾਵਿਕ ਹਾਲਤ ਹੈ। ਆਰਥਕ ਵਾਧੇ ਨੇ ਭਾਰਤ ਦੀਆਂ ਬੁਨਿਆਦੀ ਦਿੱਕਤਾਂ ਤੇ ਆਮ ਆਦਮੀ ਨੂੰ ਹਾਸ਼ੀਏ 'ਤੇ ਪਾਉਣ ਦੇ ਅਮਲ ਨੂੰ ਹੱਲਾਸ਼ੇਰੀ ਦਿੱਤੀ ਹੈ। ਇਸ ਵਾਧੇ 'ਚ ਗਿਰਾਵਟ ਨਾਲ ਆਮ ਆਦਮੀ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ, ਇਸ ਦੀ ਸੰਭਾਵਨਾ ਸੀਮਤ ਹੈ। ਪਰ ਸਾਡਾ ਨਿਜੀ ਕੰਪਨੀ ਖੇਤਰ ਪ੍ਰੇਸ਼ਾਨ ਹੈ। ਉਹ ਚਾਹੁੰਦਾ ਹੈ ਇਹ ਵਾਧਾ ਦਰ 9 ਤੋਂ 10 ਫੀਸਦੀ ਤਕ ਬਣੀ ਰਹੇ। ਇਹ ਬਿਨਾਂ ਦਰਾਮਦ ਵਾਧੇ, ਵਿਦੇਸ਼ੀ ਪੂੰਜੀ ਵੱਲੋਂ ਚਾਲੂ ਘਾਟੇ ਨੂੰ ਪੂਰਾ ਕੀਤੇ ਬਿਨਾਂ ਸੰਭਵ ਨਹੀਂ ਹੈ। ਆਖਰ ਉਹ ਦਬਾਅ ਵਧਾ ਰਹੇ ਹਨ ਕਿ ਵਿਦੇਸ਼ੀ

ਪੂੰਜੀ ਅਤੇ ਬਹੁਕੌਮੀ ਸਾਮਰਾਜੀ ਕੰਪਨੀਆਂ ਦੀ ਹਰ ਖਾਹਿਸ਼ ਪੂਰੀ ਹੋਵੇ। ਪ੍ਰਚੂਣ ਵਪਾਰ 'ਚ ਵਿਦੇਸ਼ੀ ਸਿੱਧੇ ਪੂੰਜੀ ਨਿਵੇਸ਼ ਦੀ ਇਜਾਜ਼ਤ 2500 ਕਰੋੜ ਰੁਪਏ ਤੋਂ ਵੱਧ ਨਿਵੇਸ਼ ਕਰਨ ਵਾਲੀ ਕੰਪਨੀ ਨੂੰ ਦੇਣ ਦਾ ਮੁੱਖ ਮਕਸਦ ਇਹੀ ਹੈ। ਜੇ ਮੋਟਰ ਕਾਰਾਂ, ਮੋਬਾਇਲ ਫੋਨਾਂ, ਸ਼ੇਅਰ ਤੇ ਵਾਅਦਾ ਬਾਜ਼ਾਰਾਂ (ਜਿੱਥੇ ਰੋਜ਼ਾਨਾ ਇਕ ਲੱਖ ਤੋਂ ਵੱਧ ਦੀ ਸੱਟੇਬਾਜ਼ੀ ਹੁੰਦੀ ਹੈ) ਮਾਲਾਂ, ਵਿਸ਼ਾਲ ਆਰਟ ਲਬਾਟਰੀਆਂ ਅਤੇ ਹੋਰ ਐਸ਼ੋ-ਇਸ਼ਰਤ ਤੇ ਵਿਖਾਵੇ ਦੇ ਖਪਤਕਾਰੀ ਅਮਲਾਂ, ਵਿਤੀ ਬਾਜ਼ਾਰਾਂ ਨੂੰ ਛੱਡ ਕੇ ਬਾਕੀ ਬਚੇ ਅਰਥਚਾਰੇ ਤੇ ਨਜ਼ਰ ਮਾਰੀਏ ਤਾਂ ਲੱਗਦਾ ਹੈ ਕਿ ਭਾਰਤ 'ਚ ਖਤਰਨਾਕ ਆਰਥਕ ਸੰਕਟ ਆ ਚੁੱਕਿਆ ਹੈ। ਹੁਣ ਵਿਸ਼ਵੀਕਰਣ, ਵਿਤੀਕਰਣ, ਉਪਭੋਗਤਾਵਾਦ ਤੇ ਰਾਜਕੀ ਹਮਾਇਤ ਤੇ ਕੰਪਨੀ ਖੇਤਰ ਦੀ ਨਿਰਭਰਤਾ ਏਨੀ ਵਧ ਗਈ ਹੈ ਕਿ ਇਹ ਗਿਰਾਵਟ ਮਹਾਂਮੰਦੀ 'ਚ ਆ ਕੇ ਭਾਵੇਂ ਹੀ ਨਾ ਬਦਲੇ, ਪ੍ਰੰਤੂ ਰਾਜ ਮੁਦਰਿਕ ਵਿਵਸਥਾ, ਵਿਤੀ ਖੇਤਰ ਤੇ ਸਮਾਜਕ ਸੁਰਖਿਆ ਤਕ ਦੀਆਂ ਜੜ੍ਹਾਂ ਤਕ ਹਿਲਾ ਦਿੰਦੀ ਹੈ। ਅਜਿਹੇ ਬੁਰੇ ਚੱਕਰਾਂ ਦਾ ਗਧੀਗੇੜ ਤੋੜਨਾ ਮੁਸ਼ਕਿਲ ਹੋ ਜਾਂਦਾ ਹੈ। ਲੋਕਰਾਜੀ ਮੋੜਵਾਂ ਵਿਰੋਧ ਤੇ ਵਿਚਾਰਕ ਪੱਧਰ ਤੇ ਗੈਰ ਪਾਬੰਦਕਾਰੀ ਵਿਕਲਪਾਂ ਦਾ ਉਭਾਰ ਹੋਣ ਲੱਗਦਾ ਹੈ। ਆਖਰਕਾਰ ਇਹ ਪੂੰਜੀਵਾਦ ਦੇ ਪੂਰਣ ਪ੍ਰਭਾਵ ਦੀ ਦਸਤਕ ਦੇਣ ਵਾਲਾ ਤਾਂ ਨਹੀਂ ਲੱਗਦਾ ਹੈ, ਪਰ ਕੁਝ ਵੱਡੀਆਂ ਦੂਰਗਾਮੀ ਤਬਦੀਲੀਆਂ ਲਿਆਂਦੇ ਬਿਨਾਂ ਵੀਹਵੀਂ ਸਦੀ ਦੇ ਵਿਸ਼ਵੀਕ੍ਰਿਤ ਪੂੰਜੀਵਾਦ ਨੂੰ ਜਿਉਂ ਦਾ ਤਿਉਂ ਵੀ ਨਹੀਂ ਛੱਡਣ ਵਾਲਾ ਹੈ।

✪✪✪